


Twenty-Sixth Year of Publication
ਨਿਊਯਾਰਕ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 27, Issue 29; July 18, 2026 | 20451 N. Plum Grove Rd., Palatine, IL 60074 | Ph:847-359-0746, Fax:847-705-9388

## ਬੇਅਦਬੀ ਖ਼ਿਲਾਫ਼ ਕਾਨੂੰਨ 'ਚ ਸੋਧ ਕਰੇਗੀ ਪੰਜਾਬ ਸਰਕਾਰ !



**ਚੰਡੀਗੜ੍ਹ :** ਆਖ਼ਰ ਪੰਜਾਬ ਸਰਕਾਰ ਨੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ 'ਚ ਸੋਧ ਕਰਨ ਦਾ ਫ਼ੈਸਲਾ ਕਰ ਲਿਆ ਹੈ। ਪੰਜਾਬ ਸਰਕਾਰ ਇਸ ਮਹੀਨੇ ਦੇ ਤੀਸਰੇ ਜਾਂ ਚੌਥੇ ਹਫ਼ਤੇ 'ਚ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾ ਸਕਦੀ ਹੈ। ਹਾਲਾਂਕਿ ਸੈਸ਼ਨ ਦੀ ਤਰੀਕ ਅਜੇ ਤੈਅ ਨਹੀਂ ਕੀਤੀ ਗਈ ਪਰ ਕਈ ਵਿਧਾਇਕਾਂ ਨੇ ਸੈਸ਼ਨ ਬੁਲਾਉਣ ਬਾਰੇ ਸਰਕਾਰ ਵੱਲੋ ਵਿਚਾਰ ਕਰਨ ਬਾਰੇ ਪੁਸ਼ਟੀ ਕੀਤੀ ਹੈ।ਸਭ ਤੋਂ ਅਹਿਮ ਗੱਲ ਹੈ ਕਿ ਸਰਕਾਰ ਇਸ ਮਾਮਲੇ 'ਚ ਹੁਣ ਕਿਸੇ ਤਰ੍ਹਾਂ ਦੀ ਢਿੱਲ ਨਹੀ ਵਰਤਣਾ ਚਾਹੁੰਦੀ ਤੇ ਐਕਟ 'ਚ ਸੋਧ ਕਰਨ ਬਾਰੇ ਤਿਆਰ ਕੀਤੇ ਜਾ ਰਹੇ ਮਸੌਦੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਵਿਦਵਾਨਾਂ ਨਾਲ ਸਲਾਹ ਮਸ਼ਵਰਾਂ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਦੀ ਸਹਿਮਤੀ ਮਿਲਣ ਬਾਅਦ ਹੀ ਸਰਕਾਰ ਐਕਟ 'ਚ ਸੋਧ ਕਰੇਗੀ।

ਇੱਥੇ ਦੱਸਿਆ ਜਾਂਦਾ ਹੈ ਕਿ ਸੂਬਾ ਸਰਕਾਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਖ਼ਿਲਾਫ਼ ਸਖ਼ਤੀ ਵਰਤਣ ਤੇ ਸਜ਼ਾਵਾ ਦੇਣ ਲਈ ਵਿਸਾਖੀ ਵਾਲੇ ਦਿਨ 14 ਅਪ੍ਰੈਲ ਨੂੰ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ 2026' 'ਚ ਸੋਧ ਕੀਤੀ ਸੀ। ਐਕਟ 'ਚ ਭਾਸ਼ਾ, ਸ਼ਬਦਾਂ ਤੇ ਕਈ ਧਰਾਵਾਂ ਨੂੰ ਲੈ ਕੇ ਸ਼੍ਰੋਮਣੀ ਕਮੇਟੀ, ਸਿੱਖ ਵਿਦਵਾਨਾਂ ਨੇ ਇਤਰਾਜ਼ ਉਠਾਏ ਸਨ। ਜਥੇਦਾਰ ਅਕਾਲ ਤਖ਼ਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵਿਧਾਨ ਸਭਾ ਦੇ ਸਪੀਕਰ ਨੂੰ ਤਲਬ ਕਰ ਕੇ ਇਤਰਾਜ਼ ਮੱਦਾਂ ਤੇ ਸ਼ਬਦ ਹਟਾਉਣ ਦੀ ਗੱਲ ਕਹੀ, ਪਰ ਮੁੱਖ ਮੰਤਰੀ ਨੇ ਐਕਟ 'ਚ ਸੋਧ ਕਰਨ ਤੋਂ ਸਪਸ਼ਟ ਮਨ੍ਹਾਂ ਕਰ ਦਿੱਤਾ ਸੀ।

ਇਸ ਤੋਂ ਬਾਅਦ ਸਾਰੇ ਸਿੱਖ ਵਿਧਾਇਕਾਂ ਤੇ ਮੰਤਰੀਆਂ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕੀਤਾ ਗਿਆ। ਬਹੁਤ ਸਾਰੇ ਵਿਧਾਇਕਾਂ ਨੇ ਮੰਨਿਆਂ ਕਿ ਉਨ੍ਹਾਂ ਨੇ ਐਕਟ ਪੜ੍ਹਿਆ ਨਹੀ ਸੀ। ਪੰਜ ਸਿੰਘ ਸਾਹਿਬਾਨ ਨੇ ਵਿਧਾਇਕਾਂ ਨੂੰ ਇਕ ਮਹੀਨੇ ਦੇ ਅੰਦਰ ਅੰਦਰ ਐਕਟ 'ਚ ਸੋਧ ਕਰਨ ਦੇ ਹੁਕਮ ਦਿੱਤੇ ਸਨ।

ਜਾਣਕਾਰੀ ਅਨੁਸਾਰ ਹੁਣ ਸਰਕਾਰ ਸਿੱਖ ਧਾਰਮਿਕ ਮਰਿਆਦਾ ਅਨੁਸਾਰ ਕਾਨੂੰਨ 'ਚ ਸੋਧ ਕਰਨ ਲਈ ਸਹਿਮਤ ਹੋ ਗਈ ਹੈ। ਰਾਜ ਸਰਕਾਰ ਨੇ ਸਿੱਖ ਸੰਗਠਨਾਂ ਵੱਲੋਂ ਉਠਾਏ ਗਏ ਸੁਝਾਵਾਂ ਤੇ ਇਤਰਾਜ਼ਾਂ ਅਨੁਸਾਰ ਕਾਨੂੰਨ 'ਚ ਸੋਧ ਦਾ ਖਰੜਾ ਤਿਆਰ ਕਰਨ ਲਈ ਵਿਸ਼ੇਸ਼ ਤੌਰ 'ਤੇ ਕਾਨੂੰਨੀ ਮਾਹਿਰਾਂ ਨੂੰ ਸ਼ਾਮਲ ਕੀਤਾ ਹੈ। ਇਹ ਖਰੜਾ ਆਉਣ ਵਾਲੇ ਵਿਧਾਨ ਸਭਾ ਸੈਸ਼ਨ ਵਿਚ ਪੇਸ਼ ਕੀਤਾ ਜਾਵੇਗਾ।

### ਚਾਰਜਸ਼ੀਟ 'ਚ 52 ਸ਼ਬਦਾਂ ਨੂੰ ਮਰਿਆਦਾ ਅਨੁਸਾਰ ਲਿਖਣ ਦੇ ਹੋ ਚੁੱਕੇ ਹਨ ਹੁਕਮ

ਅਕਾਲ ਤਖ਼ਤ ਸਾਹਿਬ ਵੱਲੋ ਕਾਨੂੰਨ 'ਚ ਸੋਧ ਕੀਤੇ ਜਾਣ ਦੇ ਹੁਕਮ ਤੋਂ ਬਾਅਦ ਪੰਜਾਬ ਪੁਲਿਸ ਨੇ ਸਮਹੂ ਜ਼ਿ੍ਹਆਂ ਦੇ ਐੱਸਐੱਸਪੀਜ਼ ਤੇ ਪੁਲਿਸ ਕਮਿਸ਼ਨਰਾਂ ਨੂੰ ਸਿੱਖ ਮਰਿਆਦਾ ਨਾਲ ਸਬੰਧਤ 52 ਸ਼ਬਦਾਂ ਦੀ ਸੂਚੀ ਭੇਜ ਕੇ ਹੁਕਮ ਦਿੱਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਿਤ ਮਾਮਲਿਆਂ 'ਚ ਚਾਰਜਸ਼ੀਟ ਦਾਖ਼ਲ ਕਰਨ ਵੇਲੇ ਇਹਨਾਂ ਸ਼ਬਦਾਂ (ਸਿੱਖ ਮਰਿਆਦਾ ਵਾਲੇ ਸ਼ਬਦ) ਦਾ ਅੰਗਰੇਜ਼ੀ ਵਿਚ ਅਨੁਵਾਦ ਕਰਦੇ ਹੋਏ ਵੀ ਪੰਜਾਬੀ ਵਾਂਗ ਲਿਖਣਾ ਹੈ। ਭਾਵ ਪੰਜਾਬੀ ਦਾ ਅੰਗਰੇਜ਼ੀ ਵਿਚ ਲਿਪੀਅੰਤਰ ਕੀਤਾ ਜਾਵੇਗਾ ਅਨੁਵਾਦ ਨਹੀਂ।

## ਹੋਰਮੁਜ਼ 'ਤੇ ਲਵਾਂਗੇ 20% ਟੈਕਸ: ਟਰੰਪ

**ਨਵੀਂ ਦਿੱਲੀ:** ਅਮਰੀਕਾ ਤੇ ਈਰਾਨ ਵਿਚਕਾਰ ਐਤਵਾਰ ਨੂੰ ਸ਼ੁਰੂ ਹੋਇਆ ਫ਼ੌਜੀ ਟਕਰਾਅ ਲਗਾਤਾਰ ਜਾਰੀ ਹੈ। ਇਕ ਦੂਜੇ 'ਤੇ ਹਮਲਿਆਂ ਵਿਚਾਲੇ ਦੋਵਾਂ ਦੇਸ਼ਾਂ ਨੇ ਸਟ੍ਰੇਟ ਆਫ ਹੋਰਮੁਜ਼ 'ਤੇ ਆਪੋ-ਆਪਣੇ ਅਧਿਕਾਰ ਦਾ ਦਾਅਵਾ ਕਰਦੇ ਹੋਏ ਤਿੱਖੀ ਬਿਆਨਬਾਜ਼ੀ ਕੀਤੀ।



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਅਮਰੀਕਾ ਜਲਡਮਰੂਮੱਧ ਦਾ ਕੰਟਰੋਲ ਸੰਭਾਲੇਗਾ ਤੇ ਇਸ ਮਾਰਗ 'ਤੋਂ ਲੰਘਣ ਵਾਲੇ ਮਾਲ 'ਤੇ 20 ਫ਼ੀਸਦ ਫੀਸ ਵਸੂਲੇਗਾ। ਉਨ੍ਹਾਂ ਕਿਹਾ ਕਿ ਈਰਾਨ 'ਤੇ ਅਮਰੀਕੀ ਨਾਕੇਬੰਦੀ ਮੁੜ ਲਾਗੂ ਕੀਤੀ ਜਾਵੇਗੀ। ਇਸ ਦੇ ਜਵਾਬ 'ਚ ਈਰਾਨ ਨੇ ਕਿਹਾ ਕਿ ਹੋਰਮੁਜ਼ 'ਤੇ ਉਸ ਦਾ ਪੂਰਾ ਅਧਿਕਾਰ ਹੈ ਤੇ ਅਮਰੀਕੀ ਦਖ਼ਲ ਖ਼ਤਮ ਹੋਣ ਤੱਕ ਉੱਥੋਂ ਜਹਾਜ਼ਾਂ ਦੀ ਆਵਾਜਾਈ ਬੰਦ ਰਹੇਗੀ।

ਹਾਲਾਂਕਿ ਸੇਂਟਕਾਮ ਨੇ ਈਰਾਨੀ ਦਾਅਵੇ ਨੂੰ ਖ਼ਾਰਜ ਕਰਦੇ ਹੋਏ ਕਿਹਾ ਕਿ ਇਹ ਰਣਨੀਤੀ ਸਮੁੰਦਰੀ ਮਾਰਗ ਖੁੱਲ੍ਹਾ ਹੈ ਤੇ ਪਿਛਲੇ 24 ਘੰਟਿਆਂ 'ਚ 20 ਜਹਾਜ਼ ਹੋਰਮੁਜ਼ ਪਾਰ ਕਰ ਚੁੱਕੇ ਹਨ। ਉੱਥੇ ਹੀ ਮਰੀਨ ਟ੍ਰੈਫਿਕ ਮੁਤਾਬਕ 10 ਤੋਂ 12 ਜੁਲਾਈ ਵਿਚਾਲੇ ਜਹਾਜ਼ਾਂ ਦੀ ਆਵਾਜਾਈ 'ਚ 52 ਫ਼ੀਸਦ ਦੀ ਗਿਰਾਵਟ ਦਰਜ ਕੀਤੀ ਗਈ। ਤਣਾਅ ਵਿਚਾਲੇ ਕੱਚੇ ਤੇਲ ਦੀ ਕੀਮਤ ਕਰੀਬ ਚਾਰ ਫ਼ੀਸਦ ਵਧ ਕੇ 1 80 ਡਾਲਰ ਪ੍ਰਤੀ ਬੈਰਲ ਪਹੁੰਚ ਗਈ ਹੈ।

ਟਰੰਪ ਨੇ ਦਾਅਵਾ ਕੀਤਾ ਹੈ ਕਿ ਈਰਾਨ ਨੇ ਅਮਰੀਕਾ ਨਾਲ ਹੋਇਆ ਇਕ ਤੈਅ ਸਮਝੌਤਾ ਤੋੜ ਦਿੱਤਾ ਹੈ। ਹਾਲਾਂਕਿ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਸਮਝੌਤਾ ਕਦੋਂ ਤੇ ਕਿਸ ਵਿਸ਼ੇ 'ਤੇ ਹੋਇਆ ਸੀ। ਟਰੰਪ ਨੇ ਟਰੁੱਥ ਸੋਸ਼ਲ 'ਤੇ ਐਲਾਨ ਕੀਤਾ ਕਿ ਅਮਰੀਕਾ ਹੁਣ ਆਪਣੇ ਆਪ ਨੂੰ ਗਾਰਜੀਅਨ ਆਫ ਦਿ ਹੋਰਮੁਜ਼ ਸਟ੍ਰੇਟ ਦੇ ਰੂਪ 'ਚ ਸਥਾਪਤ ਕਰੇਗਾ।

ਇਸ ਬਦਲੇ ਅਸੀਂ ਇਸ ਮਾਰਗ 'ਤੋਂ ਲੰਘਣ ਵਾਲੇ ਸਾਰੇ ਮਾਲ 'ਤੇ ਸੁਰੱਖਿਆ ਤੇ ਨਿਗਰਾਨੀ ਦੀ ਲਾਗਤ ਦੀ ਭਰਪਾਈ ਲਈ 20 ਫ਼ੀਸਦ ਫੀਸ ਲਵਾਂਗੇ। ਉਨ੍ਹਾਂ ਕਿਹਾ ਕਿ ਇਸ ਵਿਵਸਥਾ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਫ਼ੌਰੀ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਮਾਰਗ ਪੂਰੀ ਤਰ੍ਹਾਂ ਖੁੱਲ੍ਹਾ ਹੈ ਤੇ ਅੱਗੇ ਵੀ ਖੁੱਲ੍ਹਾ ਹੀ ਰਹੇਗਾ। ਭਾਵੇਂ ਈਰਾਨ ਇਸਦਾ ਸਮਰਥਨ ਕਰੇ ਜਾਂ ਨਾ। ਉਨ੍ਹਾਂ ਨੇ ਐਲਾਨ ਕੀਤਾ ਕਿ ਅਮਰੀਕਾ

(ਬਾਕੀ ਸਫ਼ਾ 4 'ਤੇ)






# ਚੜ੍ਹਾਵਾ ਚੋਰੀ ਵਿਰੁੱਧ 'ਆਪ' ਦੀ ਹਸਤਾਖਰ ਮੁਹਿੰਮ

**ਨਵੀਂ ਦਿੱਲੀ:**ਭਗਵਾਨ ਸ਼੍ਰੀ ਰਾਮ ਦੇ ਮੰਦਰ 'ਚ ਚੜ੍ਹਾਵਾ ਚੋਰੀ ਮਾਮਲੇ ਦੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦਿਵਾਉਣ ਲਈ ਆਮ ਆਦਮੀ ਪਾਰਟੀ ਨੇ ਐਤਵਾਰ ਨੂੰ ਸੁੰਦਰਕਾਂਡ ਪਾਠ ਤੇ ਹਨੂਮਾਨ ਆਰਤੀ ਦੇ ਨਾਲ ਦੇਸ਼ ਪੱਧਰੀ ਹਸਤਾਖਰ ਮੁਹਿੰਮ ਦਾ ਆਗਾਜ਼ ਕਰ ਦਿੱਤਾ। ਦਿੱਲੀ ਦੇ ਰੋਹਿਣੀ ਸੈਕਟਰ-10 ਸਥਿਤ ਜਾਪਾਨੀ ਪਾਰਕ 'ਚ ਸੁੰਦਰਕਾਂਡ ਦੇ ਪਾਠ 'ਚ ਵੱਡੀ ਗਿਣਤੀ 'ਚ ਰਾਮ ਭਗਤ ਇਕੱਠੇ ਹੋਏ। ਸਾਰਿਆਂ ਨੇ ਰਾਮ ਮੰਦਰ 'ਚ ਡਾਕਾ ਮਾਰਨ ਵਾਲੇ ਮਹਾਂਪਾਪੀਆਂ ਨੂੰ ਫਾਂਸੀ ਦੀ ਸਜ਼ਾ ਦਿਵਾਉਣ ਦੀ ਸਹੁੰ ਚੁੱਕੀ। ਇਸ ਦੌਰਾਨ ਰਾਮ ਭਗਤਾਂ ਵੱਲੋਂ ਪ੍ਰਧਾਨ ਮੰਤਰੀ ਨੂੰ ਭੇਜੀ ਜਾਣ ਵਾਲੀ ਚਿੱਠੀ 'ਤੇ ਪਹਿਲਾਂ 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਫਿਰ ਰਾਮ ਭਗਤਾਂ ਨੇ ਹਸਤਾਖਰ ਕੀਤੇ।ਪ੍ਰੋਗਰਾਮ ਦੌਰਾਨ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪਿਛਲੇ ਕੁਝ ਹਫ਼ਤਿਆਂ ਤੇ ਮਹੀਨਿਆਂ ਤੋਂ ਦੇਸ਼-ਦੁਨੀਆ ਦੇ ਰਾਮ ਭਗਤ ਇਸ ਗੱਲ ਤੋਂ ਦੁਖੀ ਹਨ ਕਿ ਅਯੁੱਧਿਆ ਸਥਿਤ ਸ੍ਰੀ ਰਾਮ ਮੰਦਰ ਦੇ ਚੜ੍ਹਾਵੇ 'ਚ ਚੋਰੀ, ਡਾਕਾ ਤੇ ਜ਼ਮੀਨਾਂ ਦੇ ਅੰਦਰ ਘੁਟਾਲੇ ਹੋਏ ਹਨ। ਲੱਖਾਂ-ਕਰੋੜਾਂ ਭਗਤਾਂ ਨੇ ਭਗਵਾਨ ਦੇ ਨਾਮ 'ਤੇ ਜੋ ਪੈਸੇ ਦਿੱਤੇ ਸਨ, ਉਨ੍ਹਾਂ ਨਾਲ ਸਸਤੀ ਜ਼ਮੀਨ ਮਹਿੰਗੀ ਖ਼ਰੀਦ ਕੇ ਪੈਸਿਆਂ. ਦੀ ਚੋਰੀ ਕਰ ਲਈ ਗਈ ਅਤੇ ਮੰਦਰ ਨਿਰਮਾਣ ਦੌਰਾਨ 40 ਫ਼ੀਸਦੀ ਦੀ ਭਾਰੀ ਕਮਿਸ਼ਨਖੋਰੀ ਦੇ ਦੋਸ਼ ਲੱਗ ਰਹੇ ਹਨ। ਮੰਦਰ 'ਚ ਆਉਣ ਵਾਲੇ ਚੜ੍ਹਾਵੇ 'ਚੋਂ 40 ਦਿਨਾਂ ਦੇ ਅੰਦਰ ਸੀਸੀਟੀਵੀ 'ਚ 70 ਵਾਰ ਚੋਰੀ ਦੀਆਂ ਘਟਨਾਵਾਂ ਫੜੀਆਂ ਗਈਆਂ ਤੇ ਇਨ੍ਹਾਂ ਨੇ ਚੋਰਾਂ ਨੂੰ ਬਚਾਉਣ ਲਈ 8 ਮਹੀਨਿਆਂ ਦੀ ਸੀਸੀਟੀਵੀ ਰਿਕਾਰਡਿੰਗ ਵੀ ਡਿਲੀਟ ਕਰ ਦਿੱਤੀ।



ਕੇਜਰੀਵਾਲ ਨੇ ਕਿਹਾ ਕਿ ਲੋਕਾਂ ਨੂੰ ਇਹ ਉਮੀਦ ਸੀ ਕਿ ਜਿਸ ਪ੍ਰਧਾਨ ਮੰਤਰੀ ਨੇ ਖ਼ੁਦ ਅੱਗੇ ਵਧ ਕੇ ਇਹ ਟ੍ਰਸਟ ਬਣਾਇਆ ਤੇ ਆਪਣੇ ਖਾਸ ਲੋਕਾਂ ਨੂੰ ਨਿਯੁਕਤ ਕੀਤਾ, ਉਹ ਕਿਸੇ ਵੀ ਚੋਰ ਜਾਂ ਡਾਕੂ ਨੂੰ ਛੱਡਣਗੇ ਨਹੀਂ। ਉਨ੍ਹਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿਵਾਉਣਗੇ। ਪਰ ਲੋਕਾਂ ਦੇ ਭਰੋਸੇ ਨੂੰ ਝਟਕਾ ਲੱਗਾ ਹੈ। ਕਿਉਂਕਿ ਜ਼ਮੀਨਾਂ ਦੇ ਘੁਟਾਲੇ ਤੇ ਕਮਿਸ਼ਨਖੋਰੀ 'ਤੇ ਕੋਈ ਜਾਂਚ ਹੀ ਨਹੀਂ ਚੱਲ ਰਹੀ ਹੈ। ਚੜ੍ਹਾਵਾ ਚੋਰੀ ਦੇ ਮਾਮਲੇ 'ਚ ਵੀ ਸਿਰਫ਼ ਲੋਕਾਂ ਦੀਆਂ ਅੱਖਾਂ 'ਚ ਘੱਟਾ ਪਾਇਆ ਜਾ ਰਿਹਾ ਹੈ। ਸਿਰਫ਼ ਛੋਟੇ ਮੁਲਾਜ਼ਮਾਂ ਨੂੰ ਫੜ ਕੇ ਵੱਡੇ ਲੋਕਾਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।ਅਸੀਂ ਸਾਰੇ ਲਗਾਤਾਰ ਮੰਗ ਕਰਦੇ ਰਹੇ ਕਿ. ਉੱਪਰ ਬੈਠੇ ਲੋਕ ਕੁਝ ਨਾ ਕੁਝ ਕਾਰਵਾਈ ਜ਼ਰੂਰ ਕਰਨਗੇ। ਪਰ ਹੁਣ ਇਹ ਸਾਫ਼ ਹੋ ਗਿਆ ਹੈ ਕਿ ਉਹ ਕੁਝ ਨਹੀਂ ਕਰੇਨਗੇ ਕਿਉਂਕਿ ਉਨ੍ਹਾਂ ਦੀ ਹੀ ਪਾਰਟੀ, ਉਨ੍ਹਾਂ ਦੇ ਸੰਗਠਨ ਤੇ ਆਲੇ-ਦੁਆਲੇ ਦੇ ਜਿੰਨੇ ਵੀ ਸਾਥੀ ਤੇ ਭਰਾ ਸੰਗਠਨ ਹਨ, ਉਹ ਸਾਰੇ ਇਸ 'ਚ ਮਿਲੇ ਹੋਏ ਹਨ। ਪੂਰਾ ਦਾ ਪੂਰਾ ਢਾਂਚਾ ਡਾਕੂਆਂ ਅਤੇ ਚੋਰਾਂ ਨੂੰ ਬਚਾਉਣ ਵਿੱਚ ਲੱਗਾ ਹੋਇਆ ਹੈ। ਇਸ ਵਜ੍ਹਾ ਕਰਕੇ ਸਾਰੇ ਰਾਮ ਭਗਤ ਬਹੁਤ ਪੀੜਤ ਹਨ। ਕੇਜਰੀਵਾਲ ਨੇ ਕਿਹਾ ਕਿ ਜੋ ਲੋਕ ਚੋਰੀ ਕਰ ਰਹੇ ਸਨ, ਉਹ ਰਾਮ ਨੂੰ ਭਗਵਾਨ ਨਹੀਂ ਮੰਨਦੇ। ਉਨ੍ਹਾਂ ਨੂੰ ਕੇਵਲ ਰਾਮ ਦੇ ਨਾਮ 'ਤੇ ਵੋਟਾਂ ਚਾਹੀਦੀਆਂ ਹਨ। ਉਹ ਰਾਮ ਦੇ ਨਾਂਮ ਤੇ ਦੇਸ਼, ਜਨਤਾ ਅਤੇ ਸਰਕਾਰ ਨੂੰ ਲੁੱਟਦੇ ਹਨ। ਪਰ ਉਹ ਰਾਮ ਨੂੰ ਭਗਵਾਨ ਨਹੀਂ/ ਮੰਨਦੇ। ਸਾਰੇ ਰਾਮ ਭਗਤ ਅੱਜ ਤੋਂ ਇਹ ਸਹੁੰ ਲੈਣ ਕਿ ਸਾਨੂੰ ਉਨ੍ਹਾਂ ਸਾਰੇ ਲੋਕਾਂ ਨੂੰ ਫਾਂਸੀ ਚੜ੍ਹਾਉਣਾ ਹੈ ਜਿਨ੍ਹਾਂ-ਜਿਨ੍ਹਾਂ ਲੋਕਾਂ ਨੇ ਭਗਵਾਨ ਰਾਮ ਦੇ ਇੱਥੇ ਡਾਕਾ ਮਾਰਨ ਦੀ ਹਿੰਮਤ ਕੀਤੀ। ਉਨ੍ਹਾਂ ਕਿਹਾ ਕਿ ਅੱਜ ਤੋਂ ਸ਼ੁਰੂ ਕੀਤੀ ਜਾ ਰਹੀ ਹਸਤਾਖਰ ਮੁਹਿੰਮ ਕਿਸੇ ਇੱਕ ਪਾਰਟੀ ਦੀ ਕੋਸ਼ਿਸ਼ ਨਹੀਂ ਹੈ, ਬਲਕਿ ਇਸ 'ਚ ਹਰ ਪਾਰਟੀ ਤੇ ਹਰ ਵਿਚਾਰਧਾਰਾ ਦੇ ਰਾਮ ਭਗਤਾਂ ਨੂੰ ਸ਼ਾਮਲ ਹੋਣਾ ਪਵੇਗਾ, ਤਾਂ ਜੋ ਜਦੋਂ ਲੱਖਾਂ-ਕਰੋੜਾਂ ਦੀ ਗਿਣਤੀ 'ਚ ਦਸਤਖ਼ਤ ਕੀਤੇ ਗਏ ਪੱਤਰ ਪ੍ਰਧਾਨ ਮੰਤਰੀ ਜੀ ਕੋਲ ਪਹੁੰਚਣ, ਤਾਂ ਭਗਵਾਨ ਦੇ ਆਸ਼ੀਰਵਾਦ ਨਾਲ ਦੋਸ਼ੀਆਂ ਨੂੰ ਸਜ਼ਾ ਮਿਲ ਸਕੇ। ਉਨ੍ਹਾਂ ਕਿਹਾ ਕਿ ਹਰ ਰਾਮ ਭਗਤ ਤੋਂ ਇਸ ਚਿੱਠੀ 'ਤੇ ਦਸਤਖਤ ਕਰਵਾਏ ਜਾਣ।

# ਇਜ਼ਰਾਇਲੀ ਹਮਲੇ 'ਚ 6 ਫ਼ਲਸਤੀਨੀ ਮਰੇ

**ਕਾਹਿਰਾ:**ਗਾਜ਼ਾ 'ਚ ਇਜ਼ਰਾਇਲੀ ਫ਼ੌਜ ਦੇ ਹਮਲੇ ਜਾਰੀ ਹਨ। ਹਮਲਿਆਂ 'ਚ ਛੇ ਫ਼ਲਸਤੀਨੀ ਮਾਰੇ ਗਏ। ਮ੍ਰਿਤਕਾਂ 'ਚ ਨੌਂ ਸਾਲ ਦੀ ਬੱਚੀ ਵੀ ਸ਼ਾਮਲ ਹੈ। ਗਾਜ਼ਾ 'ਚ ਇਜ਼ਰਾਇਲੀ ਫ਼ੌਜ ਦੇ ਇਹ ਹਮਲੇ ਅਕਤੂਬਰ 2025 'ਚ ਅਮਰੀਕਾ ਦੀ ਵਿਚੋਲਗੀ 'ਚ ਹੋਈ ਜੰਗਬੰਦੀ ਦੇ ਬਾਵਜੂਦ ਜਾਰੀ ਹਨ। ਇਨ੍ਹਾਂ ਨੌਂ ਮਹੀਨਿਆਂ 'ਚ ਇਕ ਹਜ਼ਾਰ ਤੋਂ ਜ਼ਿਆਦਾ ਫ਼ਲਸਤੀਨੀ ਮਾਰੇ ਗਏ ਹਨ ਜਦਕਿ ਚਾਰ ਇਜ਼ਰਾਇਲੀ ਫ਼ੌਜੀਆਂ ਦੀ ਮੌਤ ਹੋਈ ਹੈ। ਤਾਜ਼ਾ ਹਮਲੇ 'ਚ ਅਲ ਬੁਰੇਜ ਸ਼ਰਨਾਰਥੀ ਕੈਂਪ 'ਤੇ ਫਾਇਰਿੰਗ ਹੋਈ ਹੈ। ਇਸੇ ਫਾਇਰਿੰਗ 'ਚ ਨੌਂ ਸਾਲਾ ਬੱਚੀ ਤਾਲਾ ਅਬੂ ਮਤਰ ਦੀ ਮੌਤ ਹੋਈ ਹੈ। ਇਸ ਤੋਂ ਇਲਾਵਾ ਗਾਜ਼ਾ ਸਿਟੀ ਦੇ ਨੇੜੇ ਵੱਸੇ ਸਾਬਕਾ ਇਲਾਕੇ 'ਚ ਹਵਾਈ ਹਮਲਾ ਹੋਇਆ। ਇਸ ਹਮਲੇ 'ਚ ਚਾਰ ਲੋਕਾਂ ਦੀ ਮੌਤ ਹੋਈ ਹੈ।ਇਜ਼ਰਾਇਲੀ ਫ਼ੌਜ ਨੇ ਕਿਹਾ ਹੈ ਕਿ ਇਹ ਕਾਰਵਾਈ ਅੱਤਵਾਦੀ ਢਾਂਚੇ ਨੂੰ ਖ਼ਤਮ ਕਰਨ ਲਈ ਕੀਤੀ ਗਈ।



# ਪਿਛਲੇ ਸਮੇਂ ਦੇ ਮਾੜੇ ਦੌਰ ਲਈ ਸਰਕਾਰਾਂ ਜ਼ਿੰਮੇਵਾਰ: ਲਾਲਪੁਰਾ

**ਰੂਪਨਗਰ**:ਭਾਜਪਾ ਸੰਸਦੀ ਬੋਰਡ ਦੇ ਮੈਂਬਰ ਤੇ ਸਾਬਕਾ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਪੱਤਰਕਾਰਾਂ ਨਾਲਅ ਗੱਲਬਾਤ ਕਰਦਿਆਂ ਕਿਹਾਕਿ ਪੰਜਾਬ ਨੇ ਪਿਛਲੇ ਸਮੇਂ ਦੌਰਾਨ ਬੜਾ ਸੰਤਾਪ ਭੋਗਿਆ ਹੈ ਜਿਸ ਦੌਰਾਨ ਕਈ ਘਰਾਂ ਦੇ ਚਿਰਾਂਗ ਬੁੱਝ ਗਏ ਜਿਸ ਦੀਆ ਜਿੰਮੇਵਾਰ ਸਮੇਂ ਦੀਆ ਸਰਕਾਰਾਂ ਸਨ ਭਾਵੇਂ ਉਹ ਕੇਂਦਰ ਦੀ ਹੋਵੇ ਭਾਵੇ ਉਹ ਪੰਜਾਬ ਦੀ।



ਉਨ੍ਹਾਂ ਪਿਛਲੇ ਦਿਨੀਂ ਪੰਜਾਬੀ ਗਾਇਕ ਦਲਜੀਤ ਦੀ ਆਈ ਫਿਲਮ ਸਤਲੁੱਜ ਬਾਰੇ ਸੋਸ਼ਲ ਮੀਡੀਆਂ 'ਤੇ ਕਾਫੀ ਪ੍ਰਚਾਰ ਹੋ ਰਿਹਾ ਹੈ। ਉਨ੍ਹਾਂ ਕਿਹਾ ਜਦੋਂ ਮੈ ਕਮਿਸ਼ਨ ਦਾ ਚੇਅਰਮੈਨ ਸੀ ਤਾਂ ਮੇਰੇ ਕੋਲ ਵੀ ਇਸ ਫਿਲਮ ਬਾਰੇ ਕੁੱਝ ਲੋਕ ਆਏ ਸਨ ਤਾਂ ਮੈਂ ਉਦੋਂ ਕਿਹਾ ਕਿ ਸੀ ਫਿਲਮ ਬਾਰੇ ਸੈਂਸਰ ਬੋਰਡ ਨੂੰ ਜੋ ਇਤਰਾਜ਼ ਹਨ ਉਸ ਨੂੰ ਦੂਰ ਕਰ ਕਰਨ ਲਈ ਕਿਹਾ ਸੀ। ਉਨ੍ਹਾਂ ਕਿਹਾ ਕਿ ਜੋ ਕੁੱਝ ਫਿਲਮ ਵਿਚ ਦਿਖਾਇਆ ਗਿਆ ਹੈ ਉਸ ਬਾਰੇ ਸਾਨੂੰ ਜਾਂਚਣ ਦੀ ਲੋੜ ਹੈ ਕਿ ਇਸ ਬਾਰੇ ਜ਼ਿੰਮੇਵਾਰ ਕੌਣ ਸੀ ਇੱਕਲੀ ਪੁਲਿਸ ਕਿ ਕੋਈ ਹੋਰ ਵੀ। ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਬਿਆਨਬਾਜ਼ੀ ਕਰਨ ਦੀ ਥਾਂ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਤੋਂ ਰਿਪੋਰਟ ਮੰਗਣੀ ਚਾਹੀਦੀ ਹੈ ਕਿ ਉਸ ਸਮੇਂ ਕਿੰਨੇ ਬੰਦੇ ਮਾਰੇ ਗਏ ਸਨ ਸਭ ਰਿਕਾਰਡ ਮੌਜੂਦ ਹੈ। ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਪਿਛਲੇ ਸਮੇਂ ਦੌਰਾਨ ਪੰਜਾਬ ਵਿਚ ਕਈ ਘਟਨਾਵਾਂ ਵਾਪਰੀਆਂ ਜਿਸ ਵਿਚ ਵੱਡਾ ਨੁਕਸਾਨ ਪੰਜਾਬ ਦਾ ਹੋਇਆ ਪ੍ਰੰਤੂ ਉਨ੍ਹਾਂ ਬਾਰੇ ਕਿਸੇ ਨੇ ਰਿੱਟ ਪਟੀਸ਼ਨ ਨਹੀਂ ਪਾਈ ਸੱਚ ਸਾਹਮਣੇ ਲਿਆਉਣ ਲਈ, ਬੱਸ ਬਿਆਨਬਾਜ਼ੀ ਅਜੇ ਤੱਕ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਕਈ ਘਟਨਾਂਵਾ ਅਜਿਹੀਆਂ ਹਨ ਕਿ ਕੇਂਦਰ ਸਰਕਾਰ ਹੱਲ ਲਈ ਤਿਆਰ ਹੈ ਪ੍ਰੰਤੂ ਮਾਮਲੇ ਨੂੰ ਖੜ੍ਹਾ ਰੱਖਣ ਲਈ ਧਰਨੇ ਲਗਾਏ ਜਾ ਰਹੇ ਹਨ। ਉਨਾਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਤੇ ਪੰਜਾਬੀਅਤ ਲਈ ਕੰਮ ਕਰ ਰਹੀ ਹੈ।

# ਕੈਨੇਡਾ ਨੇ ਫਰਾਂਸ 'ਚੋਂ ਫੜਿਆ ਪੰਜਾਬੀ ਮੂਲ ਦਾ ਗੈਂਗਸਟਰ

**ਚੰਡੀਗੜ੍ਹ:**ਕੈਨੇਡਾ ਦੀ ਰਾਇਲ ਕੈਨੇਡੀਅਨ ਮਾਊਂਟੇਡ ਪੁਲਿਸ (ਆਰਸੀਐੱਮਪੀ) ਨੇ ਆਪ੍ਰੇਸ਼ਨ ਹਾਰਡ ਬਾਲ ਦੇ ਤਹਿਤ ਵੈਨਕੂਵਰ ਦੇ 40 ਸਾਲਾ ਗਰਿੰਦਰ ਦੇਵ ਨੂੰ ਗ੍ਰਿਫ਼ਤਾਰ ਕੀਤਾ। ਇਹ ਕਾਰਵਾਈ ਅਮਰੀਕੀ ਨਿਆ ਵਿਭਾਗ (ਡੀਓਜੇ) ਵੱਲੋਂ 1 37 ਲੋਕਾਂ ਖ਼ਿਲਾਫ਼ ਦੋਸ਼ ਪੱਤਰ ਦਾਖ਼ਲ ਕੀਤੇ ਜਾਣ ਤੋਂ ਬਾਅਦ ਹੋਈ ਹੈ। ਮੁਲਜ਼ਮਾਂ 'ਚ 1 ਗੈਂਗਸਟਰ ਲਾਰੈਂਸ ਬਿਸ਼ਨੋਈ ਤੇ ਉੱਤਰੀ ਅਮਰੀਕਾ 'ਚ ਉਸ ਦਾ ਸਾਬਕਾ ਸਹਿਯੋਗੀ ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ ਵੀ ਸ਼ਾਮਲ ਹੈ। ਗਰਿੰਦਰ ਦੇਵ ਦਾ ਨਾਂ ਜੱਗੂ ਭਗਵਾਨਪੁਰੀਆ ਗੈਂਗ ਨਾਲ ਜੁੜੇ ਦੋਸ਼ ਪੱਤਰ 'ਚ ਸ਼ਾਮਲ ਹੈ। ਉਹ ਇਸ ਮਾਮਲੇ 'ਚ ਗ੍ਰਿਫ਼ਤਾਰ ਹੋਣ ਵਾਲਾ ਚੌਥਾ ਕੈਨੇਡੀਅਨ ਨਾਗਰਿਕ ਹੈ। ਜਾਂਚ ਏਜੰਸੀਆਂ ਮੁਤਾਬਕ, ਉਹ ਗੈਂਗ ਦਾ ਪ੍ਰਤੱਖ ਮੈਂਬਰ ਨਹੀਂ ਸੀ, ਪਰ ਸੰਗਠਨ ਨੂੰ ਆਰਥਕ ਰੂਪ ਨਾਲ ਮਜ਼ਬੂਤ ਕਰਨ 'ਚ ਅਹਿਮ ਭੂਮਿਕਾ ਨਿਭਾਉਂਦਾ ਸੀ। ਉਸ ਨੂੰ ਡਾਕਟਰ, ਰਾਕਟ ਤੇ ਰਿਟਜ ਕਾਰਲਟਨ ਵਰਗੇ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ।



ਓਜੇ ਮੁਤਾਬਕ, ਗਰਿੰਦਰ ਦੇਵ ਨੇ ਦੱਖਣੀ ਕੈਲੀਫੋਰਨੀਆ ਤੋਂ ਵੱਡੀ ਮਾਤਰਾ 'ਚ ਕੋਕੀਨ ਤੇ ਹੈਰੋਈਨ ਖ਼ਰੀਦ ਕੇ ਭਗਵਾਨਪੁਰੀਆ ਗੈਂਗ ਦੇ ਮੈਂਬਰਾਂ ਤੇ ਸਹਿਯੋਗੀਆਂ ਦੀ ਮਦਦ ਨਾਲ ਇਨ੍ਹਾਂ ਨੂੰ ਅਮਰੀਕਾ ਦੇ ਪੂਰਬੀ ਹਿੱਸੇ ਤੱਕ ਪਹੁੰਚਾਉਣ 'ਚ ਮਦਦ ਕੀਤੀ। ਜੂਨ 2025 'ਚ 99.2 ਕਿਲੋ ਕੋਕੀਨ ਤੇ ਇਕ ਕਿਲੋ ਹੈਰੋਈਨ ਦੀ ਖੇਪ ਭੇਜਣ ਦੀ ਕੋਸ਼ਿਸ਼ ਕੀਤੀ ਸੀ, ਜਿਸ ਨੂੰ ਕਾਨੂੰਨ ਇਨਫੋਰਸਮੈਂਟ ਏਜੰਸੀਆਂ ਨੇ ਰਾਹ 'ਚ ਹੀ ਜ਼ਬਤ ਕਰ ਲਿਆ। ਜੱਗੂ ਭਗਵਾਨਪੁਰੀਆ, ਜੋ ਫ਼ਿਲਹਾਲ ਪੰਜਾਬ ਦੀ ਜੇਲ੍ਹ 'ਚ ਬੰਦ ਹੈ, ਕਦੀ ਲਾਰੈਂਸ ਬਿਸ਼ਨੋਈ ਦਾ ਸਹਿਯੋਗੀ ਸੀ। ਬਾਅਦ 'ਚ ਦੋਵਾਂ ਦੇ ਰਾਹ ਵੱਖ ਹੋ ਗਏ ਤੇ ਭਗਵਾਨਪੁਰੀਆ ਨੇ ਪੰਜਾਬ 'ਚ ਆਪਣਾ ਵੱਖ ਅਪਰਾਧਕ ਨੈੱਟਵਰਕ ਖੜ੍ਹਾ ਕਰ ਲਿਆ।

ਇਸ ਵਿਚਾਲੇ, ਬ੍ਰਿਟਿਸ਼ ਕੋਲੰਬੀਆ ਦੇ ਡਾਇਰੈਕਟਰ ਆਫ ਸਿਵਿਲ ਫਾਰਫਿਚਰ ਨੇ ਗਰਿੰਦਰ ਦੇਵ ਦੀਆਂ ਗ੍ਰੇਟਰ ਵੈਨਕੂਵਰ ਖੇਤਰ 'ਚ ਸਥਿਤ ਕਰੀਬ 1.1 ਕਰੋੜ ਕੈਨੇਡੀਅਨ ਡਾਲਰ ਕੀਮਤ ਦੀਆਂ ਤਿੰਨ ਜਾਇਦਾਦਾਂ ਜ਼ਬਤ ਕਰਨ ਲਈ ਅਦਾਲਤ 'ਚ ਮੁਕੱਦਮਾ ਦਾਇਰ ਕੀਤਾ ਹੈ। ਦਾਅਵਾ ਕੀਤਾ ਗਿਆ ਹੈ ਕਿ ਗਰਿੰਦਰ ਦੇਵ ਦੇ ਸਬੰਧ ਅੰਤਰਰਾਸ਼ਟਰੀ ਸੰਗਠਤ ਅਪਰਾਧ ਸਿੰਡੀਕੇਟ, ਡਰੱਗ ਤਸਕਰੀ, ਹਥਿਆਰਾਂ ਦੀ ਤਸਕਰੀ, ਮਨੀ ਲਾਂਡਿੰਗ ਤੇ ਹਿੰਸਕ ਅਪਰਾਧਕ ਸਰਗਰਮੀਆਂ ਨਾਲ ਰਹੇ ਹਨ। ਉਸ 'ਤੇ ਅੰਤਰਰਾਸ਼ਟਰੀ ਅਪਰਾਧਕ ਸੰਗਠਨਾਂ ਤੇ ਅੱਤਵਾਦੀ ਸਮੂਹਾਂ ਨੂੰ ਆਰਥਕ ਲਾਭ ਪਹੁੰਚਾਉਣ ਦਾ ਵੀ ਦੋਸ਼ ਹੈ। ਆਪ੍ਰੇਸ਼ਨ ਹਾਰਡ ਬਾਲ ਦੇ ਤਹਿਤ ਕੈਨੇਡਾ ਸਥਿਤ ਧਾਂਧਾ ਗੈਂਗ ਖ਼ਿਲਾਫ਼ ਵੀ ਕਾਰਵਾਈ ਤੇਜ਼ ਹੋਈ ਹੈ। ਆਰਸੀਐੱਮਪੀ ਨੇ ਗੈਂਗ ਦੇ ਸਰਗਨਾ ਰਵਿੰਦਰ ਸਿੰਘ ਧਾਂਧਾ, ਜਸਕਰਨ ਵਾਘਰੀ ਤੇ ਗੁਰਤੇਜ ਸਿੰਘ ਸਮਾਘ ਨੂੰ ਗ੍ਰਿਫ਼ਤਾਰ ਕੀਤਾ ਹੈ

# ਅਮਰੀਕਾ 'ਚ ਭਾਰਤਵੰਸ਼ੀ ਔਰਤ ਦੀ ਪਤੀ ਵਲੋਂ ਗੋਲੀ ਮਾਰ ਕੇ ਹੱਤਿਆ

**ਵਾਸ਼ਿੰਗਟਨ:**ਅਮਰੀਕਾ ਦੇ ਜਾਰਜੀਆ 'ਚ ਭਾਰਤੀ-ਅਮਰੀਕੀ ਸ਼ੀਤਲ ਵਜੀਏਨ ਦੀ ਉਨ੍ਹਾਂ ਦੇ ਪਤੀ 'ਨੇ ਗੋ.ਲੀ ਮਾਰ ਕੇ ਹੱਤਿਆ ਕਰ ਦਿੱਤੀ। ਉਹ ਗੂਗਲ ਦੀ ਸਾਬਕਾ ਐਗਜ਼ੀਕਿਊਟਿਵ ਸੀ। ਘਰ 'ਚ ਅੰਜਾਮ ਦਿੱਤੀ ਗਈ ਵਾਰਦਾਤ 'ਚ ਵਰਜੀਏਨ ਦਾ ਪੁੱਤਰ ਜੇਸਨ ਜ਼ਖ਼ਮੀ ਹੋ ਗਿਆ। ਮੁਲਜ਼ਮ 56 ਸਾਲਾ ਕਿਰਕ ਬੀ ਵਰਜੀਏਨ ਨੂੰ ਮੰਗਲਵਾਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।



ਕਾਬ ਕਾਊਂਟੀ ਪੁਲਿਸ ਵਿਭਾਗ ਮੁਤਾਬਕ ਅਧਿਕਾਰੀਆਂ ਨੂੰ ਸ਼ਾਮ ਅੱਠ ਵਜੇ ਤੋਂ ਕੁਝ ਸਮਾਂ ਪਹਿਲਾਂ ਘਰ 'ਚ ਗੋ.ਲੀਬਾਰੀ ਦੀ ਸੂਚਨਾ ਮਿਲੀ। ਮੌਕੇ 'ਤੇ ਪੁੱਜਣ 'ਤੇ ਪੁਲਿਸ ਨੂੰ 58 ਸਾਲਾ ਸ਼ੀਤਲ ਵਰਜੀਏਨ ਘਰ ਦੇ ਅੰਦਰ ਮਿਲੀ, ਜਿਨ੍ਹਾਂ ਨੂੰ ਗੋ.ਲੀਆਂ ਲੱਗੀਆਂ ਹੋਈਆਂ ਸਨ। ਬਾਅਦ 'ਚ ਉਨ੍ਹਾਂ ਨੂੰ ਮ੍ਰਿਤ ਐਲਾਨ ਦਿੱਤਾ ਗਿਆ। ਕਿਰਕ 'ਤੇ ਹੱਤਿਆ ਤੇ ਹਥਿਆਰ ਰੱਖਣ ਦਾ ਦੋਸ਼ ਹੈ। ਉਨ੍ਹਾਂ ਨੂੰ ਅਜੇ ਕਾਬ ਕਾਊਂਟੀ ਐਡਲਟ ਡਿਟੈਂਸ਼ਨ ਸੈਂਟਰ 'ਚ ਬਗ਼ੈਰ ਜ਼ਮਾਨਤ ਦੇ ਰੱਖਿਆ ਗਿਆ ਹੈ।

# 25000 ਲਾਪਤਾ ਲੋਕਾਂ ਦਾ ਰਿਕਾਰਡ ਦਿਉ: ਰਵਨੀਤ ਬਿੱਟੂ

**ਚੰਡੀਗੜ੍ਹ**:ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਫਿਲਮ 'ਸਤਲੁਜ' 'ਚ 25 ਹਜ਼ਾਰ ਲੋਕਾਂ ਦੇ ਲਾਪਤਾ ਹੋਣ ਜਾਂ ਗ਼ੈਰਕਾਨੂੰਨੀ ਰੂਪ ਨਾਲ ਅੰਤਿਮ ਸੰਸਕਾਰ ਕੀਤੇ ਜਾਣ ਦੇ ਦਾਅਵੇ ਨੂੰ ਲੈ ਕੇ ਨਿਰਮਾਤਾ ਤੇ ਨਿਰਦੇਸ਼ਕ ਨੂੰ ਖੁੱਲ੍ਹੀ ਚੁਣੌਤੀ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਇਸ ਦਾਅਵੇ ਦੇ ਸਮਰਥਨ 'ਚ ਸਰਕਾਰੀ ਰਿਕਾਰਡ, ਦਸਤਾਵੇਜ਼ੀ ਸਬੂਤ ਤੇ ਪ੍ਰਮਾਣਿਤ ਅੰਕੜੇ ਜਨਤਕ ਕੀਤੇ ਜਾਣ। ਜੇ ਅਜਿਹਾ ਨਹੀਂ ਕੀਤਾ ਗਿਆ ਤਾਂ ਸਾਰੇ ਸੰਵਿਧਾਨਕ ਤੇ ਕਾਨੂੰਨੀ ਕਾਰਵਾਈ ਦੇ ਬਦਲਾਂ 'ਤੇ ਵਿਚਾਰ ਕੀਤਾ ਜਾਵੇਗਾ। ਬਿੱਟੂ ਨੇ ਕਿਹਾ ਕਿ ਫਿਲਮ 'ਚ ਉਨ੍ਹਾਂ ਦੇ ਦਾਦਾ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਿਰਦਾਰ ਦੇ ਬਾਰੇ ਗ਼ਲਤ ਜਾਣਕਾਰੀ ਦਿੱਤੀ ਗਈ ਹੈ, ਜਦਕਿ ਪੰਜਾਬ 'ਚ ਅੱਤਵਾਦ ਨੂੰ ਖ਼ਤਮ ਕਰਨ ਲਈ ਉਨ੍ਹਾਂ ਦੀ ਸ਼ਹੀਦੀ ਨੂੰ ਕਦੀ ਭੁਲਾਇਆ ਨਹੀਂ ਜਾ ਸਕਦਾ। ਬਿੱਟੂ ਨੇ ਸਪੱਸ਼ਟ ਕੀਤਾ ਕਿ ਜੇ ਨਿਰਮਾਤਾ-ਨਿਰਦੇਸ਼ਕ ਆਪਣੇ ਦਾਅਵੇ ਨੂੰ ਪ੍ਰਮਾਣਿਤ ਦਸਤਾਵੇਜ਼ਾਂ ਦੇ ਆਧਾਰ 'ਤੇ ਸਾਬਤ ਕਰ ਦਿੰਦੇ ਹਨ ਤਾਂ ਉਹ ਜਨਤਕ ਰੂਪ ਨਾਲ ਮਾਫ਼ੀ ਮੰਗਣਗੇ। ਜੇ ਇਹ ਅੰਕੜਾ ਸਿਰਫ਼ ਅੰਦਾਜ਼ੇ ਜਾਂ ਦੋਸ਼ਾਂ 'ਤੇ ਆਧਾਰਿਤ ਹੈ, ਤਾਂ ਇਸ ਨੂੰ ਇਤਿਹਾਸਕ ਤੱਥ ਦੇ ਰੂਪ 'ਚ ਪੇਸ਼ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨੇ ਕਿਹਾ ਕਿ ਜੇ ਲਾਪਤਾ ਲੋਕਾਂ ਦੀ ਗਿਣਤੀ ਪ੍ਰਮਾਣਿਤ ਨਹੀਂ ਸੀ ਤਾਂ ਇਸ ਦੀ ਜਾਣਕਾਰੀ ਦਰਸ਼ਕਾਂ ਨੂੰ ਕਿਉਂ ਨਹੀਂ ਦਿੱਤੀ ਗਈ। ਰੇਲ ਰਾਜ ਮੰਤਰੀ ਨੇ ਕਿਹਾ ਕਿ ਅੱਤਵਾਦ ਦੇ ਦੌਰ ਦਾ ਇਤਿਹਾਸ ਇਕਤਰਫ਼ਾ ਨਹੀਂ ਦਿਖਾਇਆ ਜਾ ਸਕਦਾ। ਅੱਤਵਾਦ ਨਾਲ ਤਬਾਹ ਹੋਏ ਹਜ਼ਾਰਾਂ ਪਰਿਵਾਰਾਂ ਦੇ ਦਰਦ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਨਿਰਦੋਸ਼ ਹਿੰਦੂਆਂ, ਬੱਸ ਯਾਤਰੀਆਂ, ਦੁਕਾਨਦਾਰਾਂ ਤੇ ਪੰਜਾਬ ਪੁਲਿਸ ਦੇ ਸ਼ਹੀਦ ਜਵਾਨਾਂ ਦੇ ਬਲਿਦਾਨ ਨੂੰ ਵੀ ਬਰਾਬਰ ਅਹਿਮੀਅਤ ਮਿਲਣੀ ਚਾਹੀਦੀ ਹੈ।



**ਬੱਟੂ ਨੇ ਕਿਹਾ ਕਿ ਫਿਲਮ 'ਚ ਉਨ੍ਹਾਂ ਦੇ ਦਾਦਾ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਿਰਦਾਰ ਦੇ ਬਾਰੇ .ਗਲਤ ਜਾਣਕਾਰੀ ਦਿੱਤੀ ਗਈ ਹੈ, ਜਦਕਿ ਪੰਜਾਬ 'ਚ ਅੱਤਵਾਦ ਨੂੰ ਖ਼ਤਮ ਕਰਨ ਲਈ ਉਨ੍ਹਾਂ ਦੀ ਸ਼ਹੀਦੀ ਨੂੰ ਕਦੀ ਭੁਲਾਇਆ ਨਹੀਂ ਜਾ ਸਕਦਾ।**

# ਬੇਕਰਸਫੀਲਡ ਵਿਚ ਐਸ ਅਸ਼ੋਕ ਭੌਰਾ ਨਾਲ ਰੂ-ਬ-ਰੂ ਸਮਾਗਮ

**ਲਾਸ ਏਂਜਲਸ:** ਇਥੋਂ ਨਜ਼ਦੀਕ ਬੇਕਰਸਫੀਲਡ ਸ਼ਹਿਰ ਵਿਚ ਜਤਿੰਦਰ ਤੂਰ, ਗੁਰਪ੍ਰੀਤ ਤੂਰ ਤੇ ਉਨ੍ਹਾਂ ਦੀ ਕਾਰੋਬਾਰੀ ਸੰਸਥਾ ਵੱਲੋਂ ਪੰਜਾਬੀ ਦੇ ਨਾਮਵਰ ਲੇਖਕ ਤੇ ਪੱਤਰਕਾਰ ਐਸ ਅਸ਼ੋਕ ਭੌਰਾ ਨਾਲ ਹਾਰਟ ਆਫ ਇੰਡੀਆ ਵਿਖੇ ਰੂ-ਬ-ਰੂ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸ੍ਰੀ ਭੌਰਾ ਨੇ ਆਪਣੀ ਲੇਖਣੀ ਦੇ ਕਰੀਬ 49 ਸਾਲਾਂ ਦੇ ਸਾਹਿਤਕ ਤੇ ਪੱਤਰਕਾਰੀ ਸਫਰ ਤੇ ਰੋਜ਼ਾਨਾ 'ਅਜੀਤ' ਨਾਲ ਏਨਾ ਹੀ ਸਮਾਂ ਗੁਜ਼ਾਰਨ ਬਾਰੇ ਮਾਣ ਨਾਲ ਦੱਸਿਆ ਤੇ ਹਾਲ ਹੀ ਵਿਚ ਰਿਲੀਜ਼ ਹੋਈ ਆਪਣੀ ਪੁਸਤਕ 'ਪੰਜਾਬੀ ਰੂਟਸ ਅਮਰੀਕਨ ਡਰੀਮਸ' ਬਾਰੇ ਵੀ ਵਿਸਥਾਰ 'ਚ ਗੱਲ ਕੀਤੀ। ਉਨ੍ਹਾਂ ਕਿਹਾ ਕਿ ਅਮਰੀਕਾ ਦੇ ਸਫਲ ਕਾਰੋਬਾਰੀਆਂ ਬਾਰੇ ਇਹ ਸਚਿੱਤਰ ਪੁਸਤਕ ਇੱਕ ਇਤਿਹਾਸਕ ਦਸਤਾਵੇਜ਼ ਹੈ।











ਸ੍ਰੀ ਭੌਰਾ ਨੇ ਆਪਣੇ ਗੀਤਾਂ, ਕਵਿਤਾਵਾਂ ਤੇ ਚੋਣਵੇਂ ਵਾਰਤਕ ਰੰਗ ਪੇਸ਼ ਕਰਕੇ ਹਾਜ਼ਰ ਪੰਜਾਬੀਆਂ ਦਾ ਦਿਲ ਜਿੱਤ ਲਿਆ। ਇਸ ਮੌਕੇ ਸੰਤ ਰਾਮ ਉਦਾਸੀ ਦੀ ਬੇਟੀ ਪ੍ਰਿਤਪਾਲ ਕੌਰ ਉਦਾਸੀ ਨੇ 'ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ' ਗਾ ਕੇ ਮਾਹੌਲ ਨੂੰ ਗੰਭੀਰ ਬਣਾਇਆ। ਗੀਤਕਾਰ ਜਰਨੈਲ ਘੋਲੀਆ ਦੇ ਗੀਤਾਂ ਦੀ ਵੀ ਖ਼ੂਬ ਚਰਚਾ ਰਹੀ। ਪ੍ਰੋਗਰਾਮ ਦੇ ਮੇਜ਼ਬਾਨ ਜਤਿੰਦਰ ਤੂਰ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਤੇ ਸ੍ਰੀ ਭੌਰਾ ਦੇ ਜੀਵਨ ਤੇ ਆਪਣੀ ਸਾਂਝੀ ਪਾਕਿਸਤਾਨ ਯਾਤਰਾ ਬਾਰੇ ਵਿਸਤਾਰ 'ਚ ਦੱਸਿਆ।

ਇਸ ਮੌਕੇ ਹਾਜ਼ਰ ਸ਼ਖਸੀਅਤਾਂ ਵਿਚ ਗੁਰਤੇਜ ਖੋਸਾ, ਜਰਨੈਲ ਘੋਲੀਆ, ਇੰਦਰਜੀਤ ਦਿਓਲ, ਕੁਲਵੰਤ ਸਿੰਘ ਸੁੰਨੜ, ਅਮਰਜੀਤ ਸਿੰਘ ਗਿੱਲ, ਬਲਜੀਤ ਗਿੱਲ, ਸੁਖਦੇਵ ਬਦੇਸ਼ਾ, ਕਿਰਨਦੀਪ ਚਾਹਲ ਸਰਪੰਚ, ਲਖਵਿੰਦਰ ਬਰਾੜ, ਰਾਜਾ ਸੰਘਾ, ਇਕਬਾਲ ਗਿੱਲ, ਅਵਤਾਰ ਬਰਾੜ, ਅੰਗਰੇਜ਼ ਬਰਾੜ, ਕਨਵਰਪਾਲ ਬਰਾੜ, ਜਸਵੰਤ ਤੂਰ, ਲਖਵਿੰਦਰ ਕੋਟਕਪੂਰਾ, ਹਰਪ੍ਰੀਤ ਕੰਗ, ਸਵਰਨਜੀਤ ਸਿੰਘ, ਗਗਨਦੀਪ ਗਿੱਲ, ਜਗਸੀਰ ਸਰਾਂ ਤੋਂ ਇਲਾਵਾ ਬਲਵਿੰਦਰ ਕੌਰ ਤੂਰ, ਕੁਲਵਿੰਦਰ ਕੌਰ ਤੂਰ, ਸਵਰਨਜੀਤ ਕੌਰ, ਮਨਦੀਪ ਕੌਰ ਖੋਸਾ, ਮਨਜੀਤ ਕੌਰ ਤੂਰ, ਅਮਰਜੀਤ ਕੌਰ ਸਿਵੀਆ ਅਤੇ ਪਰਮਜੀਤ ਕੌਰ ਕਾਹਲੋਂ ਹਾਜ਼ਰ ਸਨ। ਮੰਚ ਸੰਚਾਲਨ ਜਤਿੰਦਰ ਤੂਰ ਨੇ ਕੀਤਾ।

## ਨਹੀਂ ਰਹੇ ਪ੍ਰਮੁੱਖ ਭਾਸ਼ਾ ਵਿਗਿਆਨੀ ਡਾ. ਇਕਬਾਲ ਕੌਰ ਸੌਂਧ



**ਅੰਮ੍ਰਿਤਸਰ:** ਸਾਹਿਤਕ ਹਲਕਿਆਂ ਵਿਚ ਇਹ ਖ਼ਬਰ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਉੱਘੇ ਪੰਜਾਬੀ ਵਿਦਵਾਨ, ਆਲੋਚਕ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪੰਜਾਬੀ ਵਿਭਾਗ ਦੇ ਸਾਬਕਾ ਪ੍ਰੋਫ਼ੈਸਰ ਡਾ. ਇਕਬਾਲ ਕੌਰ ਸੌਂਧ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦੀ ਸਿਹਤ ਪਿਛਲੇ ਕੁਝ ਦਿਨਾਂ ਤੋਂ ਢਿਲੀ ਮੱਠੀ ਸੀ ਅਤੇ ਉਹ ਜੇਰੇ ਇਲਾਜ਼ ਸਨ।

ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਦੁੱਖ ਦਾ ਇਜ਼ਹਾਰ ਕਰਦਿਆਂ ਪ੍ਰਧਾਨ ਦਰਸ਼ਨ ਬੁੱਟਰ, ਸੁਸ਼ੀਲ ਦੁਸਾਂਝ, ਮੱਖਣ ਕੁਹਾੜ ਅਤੇ ਦੀਪ ਦੇਵਿੰਦਰ ਸਿੰਘ ਨੇ ਦਸਿਆ ਕਿ 1939 ਨੂੰ ਦੇਸ਼ ਭਗਤ ਪਰਿਵਾਰ ਵਿਚ ਜਨਮੇ ਡਾ. ਸੌਂਧ ਨੇ ਕਹਾਣੀ ਸੰਗ੍ਰਿਹ 'ਬਟਵਾਰਾ', 'ਬੁੱਢੇ ਥੇਹ ਦੀ ਹੂਕ','ਦਿਲ ਦੀਆਂ ਬਾਤੀਂ", ਭਗਤ ਨਾਮਦੇਵ ਰਚਨਾ ਸੰਸਾਰ ਸਮੇਤ ਅਨੇਕਾਂ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ 'ਭਗਤ ਨਾਮਦੇਵ ਚੇਅਰ' ਦੇ ਪਹਿਲੇ ਮੁਖੀ ਵਜੋਂ ਸੇਵਾ ਨਿਭਾਉਂਦੇ ਹੋਏ ਉਨ੍ਹਾਂ ਨੇ ਭਗਤੀ ਲਹਿਰ, ਭਗਤਾਂ ਦੀ ਬਾਣੀ ਅਤੇ ਮੱਧਕਾਲੀਨ ਪੰਜਾਬੀ ਸਾਹਿਤ 'ਤੇ ਵਿਸ਼ੇਸ਼ ਕੰਮ ਕਰਵਾਇਆ ਅਤੇ ਉਹ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿੱਚ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਭਵਿੱਖ ਬਾਰੇ ਆਪਣੇ ਖੋਜ-ਪੱਤਰ ਪੜ੍ਹਦੇ ਰਹਿੰਦੇ ਸਨ। ਸਾਹਿਤ ਪ੍ਰੇਮੀਆਂ ਵਲੋਂ ਉਨ੍ਹਾਂ ਦੇ ਬੇਟੇ ਡਾ. ਸਰਤਾਜ ਸਿੰਘ ਨਾਲ ਦੁਖ ਸਾਂਝਾ ਕੀਤਾ ਗਿਆ।

# Matrimonials

## ਲੜਕੇ ਦੀ ਲੋੜ ਹੈ

ਯੂ.ਐੱਸ. ਸਿਟੀਜ਼ਨ 27 ਸਾਲਾ, ਲੜਕੀ ਲਈ ਇੰਡੀਆ ਵਿਚ 15-20 ਏਕੜ ਜ਼ਮੀਨ ਵਾਲੇ ਪੜ੍ਹੇ-ਲਿਖੇ ਲੜਕੇ ਦੀ ਲੋੜ ਹੈ। ਅਮਰੀਕਾ ਵਿਚ ਸਟੂਡੈਂਟ ਵੀਜ਼ੇ 'ਤੇ ਆਏ ਅਤੇ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਤ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ। ਚਾਹਵਾਨ +91 77105-18103 ਜਾਂ 734-444-5774 'ਤੇ ਸੰਪਰਕ ਕਰਨ।

27-30

## ਲੜਕੀ ਦੀ ਲੋੜ ਹੈ

"USA ਵਿਚ ਗੁਰਸਿੱਖ ਪਰਿਵਾਰ ਦੇ Well Qualified, ਅੰਮ੍ਰਿਤਧਾਰੀ, ਉਮਰ 38 ਸਾਲ, 5'-11" ਲੰਬਾ, USA ਤੋਂ Master Degree Holder, ਸਨਫਰਾਂਸਿਸਕੋ ਬੇ ਏਰੀਆ ਕੈਲੀਫੋਰਨੀਆ ਵਿੱਚ ਆਪਣੇ ਘਰ ਦੇ ਮਾਲਿਕ, Senior Software Product Leader ਵਜੋਂ ਜੋਬ, Green Card Filed, issueless divorcee (4 ਮਹੀਨੇ ਦਾ ਵਿਆਹ) ਲੜਕੇ ਲਈ ਪੜ੍ਹੀ ਲਿਖੀ, ਵੈਸ਼ਨੋ, ਪਰਿਵਾਰਿਕ, ਅੰਮ੍ਰਿਤਧਾਰੀ ਲੜਕੀ ਜੋ ਕੇਸਕੀ ਸਜਾਉਂਦੀ ਹੋਵੇ (ਜਾਂ ਸਜਾਣ ਲਈ ਤਿਆਰ ਹੋਵੇ), ਦੀ ਲੋੜ ਹੈ। ਲੜਕਾ well settled ਹੈ ਅਤੇ 2009 ਤੋਂ ਅਮਰੀਕਾ ਵਿੱਚ ਰਹਿ ਰਿਹਾ ਹੈ। USA/Canada ਦੇ ਰਿਸ਼ਤੇ ਨੂੰ ਪਹਿਲ ਦਿੱਤੀ ਜਾਵੇਗੀ, ਦੂਜੇ ਦੇਸ਼ਾਂ ਤੋਂ ਸਹੀ ਰਿਸ਼ਤੇ ਲਈ Sponsorship 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ/ਵਿਧਵਾ ਰਿਸ਼ਤੇ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ. ਵਧੇਰੇ ਜਾਣਕਾਰੀ ਲਈ ਅੱਜ ਹੀ+1 (510) 558-5650 'ਤੇ ਕਾਲ ਕਰੋ ਜਾਂ +91 98993 79442 'ਤੇ ਵਟਸਐਪ ਕਰੋ ਜਾਂ singhmat001@gmail.com 'ਤੇ ਈਮੇਲ ਕਰੋ।

---

Ramgarhia Family seeks a suitable match for their USA Born and Raised Non-vegetarian 32 year 5'7" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.

ਮਿਲਵਾਕੀ (ਵਿਸਕਾਨਸਿਨ) ਵਿਚ ਗਰੋਸਰੀ ਸਟੋਰ ਲਈ ਕੈਸ਼ੀਅਰ ਦੀ ਲੋੜ ਹੈ

ਮਿਲਵਾਕੀ ਸਥਿਤ ਇੰਡੀਅਨ ਗਰੋਸਰੀ ਅਤੇ ਲਿਕਰ ਸਟੋਰ ਲਈ ਕੈਸ਼ੀਅਰ ਦੀ ਲੋੜ ਹੈ।
*ਚੰਗੀ ਤਨਖਾਹ
ਚਾਹਵਾਨ ਸੰਪਰਕ ਕਰੋ:
ਗੁਰਮੁਖ ਸਿੰਘ:
414-339-3689



UMA TRAVELS
2541 W. Devon Ave.,
Chicago, IL 60659
For Delhi Amritsar-Bombay Ahmedabad, Hydrabad-Madras
Call For Special Sale Fares
Call: 773-338-5603

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways
For Emergency
Call anytime at
847-673-3825



EARLY BIRD SALE!!!!
Etihad, Air India,
KLM, Lufthansa,
Delta, Qatar Airlines.
Domestic fares
available

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 140 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਈਰਾਨ ਦੀ ਰਿਵੈਂਜ ਲਿਸਟ 'ਚ ਟਰੰਪ ਸਣੇ 12 ਲੀਡਰ

ਏ.ਐੱਨ.ਆਈ. ਮੁਤਾਬਕ, ਈਰਾਨ ਦੇ ਸੁਪਰੀਮ ਲੀਡਰ ਮੋਜ਼ਤਬਾ ਖਾਮਨੇਈ ਨੇ ਆਪਣੇ ਪਹਿਲੇ ਜਨਤਕ ਸੰਬੋਧਨ 'ਚ 12 ਕੌਮਾਂਤਰੀ ਨੇਤਾਵਾਂ ਦੀ ਇਕ ਰਿਵੈਂਜ ਲਿਸਟ ਜਾਰੀ ਕੀਤੀ। ਇਸ 'ਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਇਜ਼ਰਾਈਲ ਦੇ ਪ੍ਰਧਾਨਮੰਤਰੀ ਬੇਂਜਾਮਿਨ ਨੇਤਨਯਾਹੂ, ਬਰਤਾਨੀ ਦੇ ਪ੍ਰਧਾ ਮੰਤਰੀ ਕੀਰ ਸਟਾਰਮਰ, ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਂ, ਇਟਰੀ ਦੀ ਪ੍ਰਧਾਨ ਮੰਤਰੀ ਜਾਰਜੀਆ ਮੇਲੋਨੀ, ਜਰਮਨੀ ਦੇ ਚਾਂਸਲਰ ਫ੍ਰੈਡਰਿਕ ਮਰਜ, ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ, ਰੱਖਿਆ ਮੰਤਰੀ ਹੋਗਸੇਥ, ਸੇਂਟਕਾਮ ਬੈਡ ਕੂਪਰ, ਇਜ਼ਰਾਈਲ 'ਚ ਅਮਰੀਕੀ ਰਾਜਦੂਤ ਮਾਈਕ ਹਕਾਬੀ, ਇਜ਼ਰਾਇਲੀ ਫ਼ੌਜ ਮੁਖੀ ਏਆਲ ਜਾਮਿਰ ਤੇ ਵਿਦੇਸ਼ ਮੰਤਰੀ ਗਿਦੀਓਯਨ ਸਾਰ ਦੇ ਨਾਂ ਸ਼ਾਮਲ ਹਨ।




## ਹੋਰਮੁਜ਼ 'ਤੇ ਲਵਾਂਗੇ...

**(ਪਹਿਲੇ ਸਫ਼ੇ ਦਾ ਬਾਕੀ)**

ਹੁਣ ਈਰਾਨੀ ਨਾਕਾਬੰਦੀ ਮੁੜ ਲਾਗੂ ਕਰੇਗਾ ਜਿਸ ਤਹਿਤ ਸਿਰਫ਼ ਈਰਾਨ ਦੇ ਜਹਾਜ਼ਾਂ ਤੇ ਉਸ ਦੇ ਗਾਹਕਾਂ ਦੇ ਜਹਾਜ਼ਾਂ ਨੂੰ ਆਉਣ ਜਾਣ ਤੋਂ ਰੋਕਿਆ ਜਾਵੇਗਾ, ਜਦਕਿ ਹੋਰ ਸਾਰੇ ਦੇਸ਼ਾਂ ਲਈ ਇਹ ਸਮੁੰਦਰੀ ਰਸਤਾ ਖੁੱਲ੍ਹਾ ਰਹੇਗਾ। ਓਧਰ ਈਰਾਨ ਦੀ ਸੰਯੁਕਤ ਫ਼ੌਜੀ ਕਮਾਨ ਖ਼ਾਤਮ ਅਲ ਅਨਬੀਆ ਸੈਂਟ੍ਰਲ ਹੈੱਡਕੁਆਰਟਰਸ ਨੇ ਕਿਹਾ ਕਿ ਸਟ੍ਰੇਟ ਹੋਰਮੁਜ਼ ਦੇ ਪ੍ਰਬੰਧਨ 'ਚ ਅਮਰੀਕੀ ਦਖ਼ਲ ਕਿਸੇ ਵੀ ਕੀਮਤ 'ਤੇ ਸਵੀਕਾਰ ਨਹੀਂ ਕੀਤਾ ਜਾਵੇਗਾ। ਜੇਕਰ ਅਮਰੀਕਾ ਬਦਲਵੇਂ ਸਮੁੰਦਰੀ ਮਾਰਗ ਬਣਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਸਖ਼ਤ ਮੁਕਾਬਲੇ ਦਾ ਸਾਹਮਣਾ ਕਰਨਾ ਪਵੇਗਾ। ਈਰਾਨ ਦੇ ਵਿਦੇਸ਼ ਮੰਤਰਾਲੇ ਨੇ ਅਮਰੀਕੀ ਹਮਲਿਆਂ ਦੀ ਨਿੰਦਾ ਕਰਦੇ ਹੋਏ ਦੱਸਿਆ ਕਿ ਹੋਰਮੁਜ਼ ਤੇ ਟ੍ਰਾਂਜ਼ਿਟ ਰੂਟ ਦੇ ਪ੍ਰਬਧਨ ਬਾਰੇ ਓਮਾਨ ਨਾਲ ਗੱਲਬਾਤ ਹੋਈ ਹੈ, ਪਰ ਅਮਰੀਕੀ ਦਬਾਅ ਕਾਰਨ ਆਖ਼ਰੀ ਫ਼ੈਸਲਾ ਨਹੀਂ ਹੋ ਸਕਿਆ।

## ਹੋਰਮੁਜ਼ ਜਲਮਾਰਗ 'ਤੇ ਫੀਸ ਨਾ ਦੇਣ ਦੀ ਨੀਤੀ 'ਤੇ ਕਾਇਮ ਰਹੇਗਾ ਭਾਰਤ

**ਨਵੀਂ ਦਿੱਲੀ:** ਹੋਰਮੁਜ਼ ਜਲਡਮਰੂਮੱਧ ਨੂੰ ਲੈ ਕੇ ਵਧਦੇ ਆਲਮੀ ਤਣਾਅ ਵਿਚਾਲੇ ਭਾਰਤ ਆਪਣੀ ਪੁਰਾਣੀ ਤੇ ਸਪੱਸ਼ਟ ਨੀਤੀ 'ਤੇ ਕਾਇਮ ਹੈ। ਸਰਕਾਰੀ ਸੂਤਰਾਂ ਮੁਤਾਬਕ ਭਾਰਤ ਹੋਰਮੁਜ਼ ਮਾਰਗ ਦੇ ਇਸਤੇਮਾਲ ਲਈ ਕਿਸੇ ਵੀ ਧਿਰ ਨੂੰ ਕੋਈ ਫੀਸ ਨਹੀਂ ਦੇਵੇਗਾ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜਦ ਪਹਿਲਾਂ ਈਰਾਨ ਵੱਲੋਂ ਜਹਾਜ਼ਾਂ 'ਤੇ ਫੀਸ ਵਸੂਲਣ ਦੀ ਗੱਲ ਕਹੀ ਗਈ ਸੀ, ਤਦ ਵੀ ਭਾਰਤ ਦਾ ਇਹੀ ਰੁਖ਼ ਸੀ ਤੇ ਹੁਣ ਵੀ ਇਸ 'ਚ ਕੋਈ ਤਬਦੀਲੀ ਨਹੀਂ ਹੋਈ ਹੈ।

# ਸਿੱਖ ਧਰਮ ਨੂੰ ਅੱਤਵਾਦ ਨਾਲ ਜੋੜਨਾ ਗਲਤ: ਬਿੱਟੂ

**ਨਵੀਂ ਦਿੱਲੀ:** ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਉਨ੍ਹਾਂ ਦਾ ਵਿਰੋਧ ਕਿਸੇ ਧਰਮ ਜਾਂ ਭਾਈਚਾਰੇ ਨਾਲ ਨਹੀਂ, ਸਗੋਂ ਅੱਤਵਾਦ ਅਤੇ ਹਿੰਸਾ ਨਾਲ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮ ਸ਼ਾਂਤੀ, ਹਿੰਮਤ, ਕੁਰਬਾਨੀ ਅਤੇ ਮਨੁੱਖਤਾ ਦੀ ਸੇਵਾ ਦਾ ਸੰਦੇਸ਼ ਦਿੰਦਾ ਹੈ, ਇਸ ਲਈ ਇਸ ਨੂੰ ਅੱਤਵਾਦ ਨਾਲ ਜੋੜਨਾ ਗਲਤ ਹੈ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਨੇ ਹਰ ਖੇਤਰ ਵਿੱਚ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ, ਜਦਕਿ ਅੱਤਵਾਦ ਦੇ ਦੌਰ ਵਿੱਚ ਹਜ਼ਾਰਾਂ ਬੇਕਸੂਰ ਲੋਕ ਮਾਰੇ ਗਏ, ਜਿਨ੍ਹਾਂ ਨੂੰ ਵੀ ਬਰਾਬਰ ਸਨਮਾਨ ਮਿਲਣਾ ਚਾਹੀਦਾ ਹੈ। ਬਿੱਟੂ ਨੇ ਬੀਬੀ ਪਰਮਜੀਤ ਕੌਰ ਖਾਲੜਾ ਵੱਲੋਂ ਸੁਤੰਤਰ ਜਾਂਚ ਕਮਿਸ਼ਨ ਦੀ ਮੰਗ ਦਾ ਸਮਰਥਨ ਕਰਦਿਆਂ ਕਿਹਾ ਕਿ ਜਸਵੰਤ ਸਿੰਘ ਖਾਲੜਾ ਮਾਮਲੇ ਸਮੇਤ ਉਸ ਦੌਰ ਦੀਆਂ ਸਾਰੀਆਂ ਘਟਨਾਵਾਂ ਦੀ ਨਿਰਪੱਖ ਅਤੇ ਸਮੇਂਬੱਧ ਜਾਂਚ ਹੋਣੀ ਚਾਹੀਦੀ ਹੈ।



ਉਨ੍ਹਾਂ ਕਿਹਾ ਕਿ ਫ਼ਿਲਮ ਸਤਲੁਜ ਵਿੱਚ ਦਰਸਾਏ ਕੁਝ ਅੰਕੜਿਆਂ ਅਤੇ ਇਤਿਹਾਸਕ ਤੱਥਾਂ ਦੀ ਵੀ ਨਿਰਪੱਖ ਜਾਂਚ ਹੋਣੀ ਲਾਜ਼ਮੀ ਹੈ। ਬਿੱਟੂ ਨੇ ਕਿਹਾ ਕਿ ਉਨ੍ਹਾਂ ਦੇ ਦਾਦਾ ਬੇਅੰਤ ਸਿੰਘ ਅਤੇ ਜਸਵੰਤ ਸਿੰਘ ਖਾਲੜਾ ਦੋਵੇਂ ਉਸ ਦੌਰ ਦੀ ਹਿੰਸਾ ਦੇ ਪੀੜਤ ਰਹੇ ਹਨ, ਇਸ ਲਈ ਕਿਸੇ ਵੀ ਪੀੜਤ ਦੇ ਦੁੱਖ ਨੂੰ ਰਾਜਨੀਤੀ ਦਾ ਸਾਧਨ ਨਹੀਂ ਬਣਾਇਆ ਜਾਣਾ ਚਾਹੀਦਾ।

# ਫਲਿਪਕਾਰਟ ਦੀ ਵਰਦੀ 'ਚ ਅਸਲੇ ਦੀ ਤਸਕਰੀ ਕਰਦੇ 4 ਕਾਬੂ

**ਪਟਿਆਲਾ:** ਪੰਜਾਬ ਪੁਲਿਸ ਨੇ ਇਕ ਅਜਿਹੇ, ਅੰਤਰਰਾਜੀ ਅਸਲਾ ਤਸਕਰੀ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਜੋ ਫਲਿੱਪਕਾਰਟ ਤੇ



Binder Batish

ਆਨਲਾਈਨ ਸ਼ਾਪਿੰਗ ਡਿਲਿਵਰੀ ਬੁਆਏ ਦੀ ਵਰਦੀ ਪਾ ਕੇ ਹਥਿਆਰਾਂ ਦੀ ਤਸਕਰੀ ਕਰਦਾ ਸੀ। ਪੁਲਿਸ ਨੇ ਗਿਰੋਹ ਦੇ ਚਾਰ ਸਰਗਰਮ ਮੈਂਬਰਾਂ ਨੂੰ 15 ਨਾਜਾਇਜ਼ ਪਿਸਤੌਲਾਂ .32 ਬੋਰ ਤੇ 30 ਜ਼ਿੰਦਾ ਕਾਰਤੂਸਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਹ ਮੁਲਜ਼ਮ ਮੱਧ ਪ੍ਰਦੇਸ਼ ਦੇ ਅੰਦਰੂਨੀ ਇਲਾਕਿਆਂ 'ਚੋਂ ਸਸਤੇ ਭਾਅ 'ਤੇ ਅਸਲਾ ਲਿਆ ਕੇ ਪੰਜਾਬ ਦੇ ਵੱਖ-ਵੱਖ ਗੈਂਗਸਟਰਾਂ ਤੇ ਅਪਰਾਧਿਕ ਅਨਸਰਾਂ ਨੂੰ ਮਹਿੰਗੇ ਮੁੱਲ 'ਤੇ ਸਪਲਾਈ ਕਰਦੇ ਸਨ। ਇਹ ਗਿਰੋਹ ਨਾਮੀ ਗੈਂਗਸਟਰ ਸੋਨੂੰ ਖੱਤਰੀ ਦੇ ਸਿੱਧੇ ਸੰਪਰਕ 'ਚ ਸੀ ਤੇ ਪੰਜਾਬ 'ਚ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਫ਼ਿਰਾਕ 'ਚ ਸੀ। ਫੜੇ ਗਏ ਸਾਰੇ ਮੁਲਜ਼ਮ 20 ਤੋਂ 21 ਸਾਲ ਦੀ ਉਮਰ ਦੇ ਨੌਜਵਾਨ ਹਨ।

ਐੱਸਐੱਸਪੀ ਵਰੁਣ ਸ਼ਰਮਾ ਨੇ ਦੱਸਿਆ ਕਿ ਇੰਚਾਰਜ ਸੀਆਈਏ ਪਟਿਆਲਾ ਪ੍ਰਦੀਪ ਸਿੰਘ ਬਾਜਵਾ ਤੇ ਥਾਣਾ ਸਦਰ ਰਾਜਪੁਰਾ ਦੇ ਮੁੱਖ ਅਫ਼ਸਰ ਕਿਰਪਾਲ ਸਿੰਘ ਦੀ ਅਗਵਾਈ ਵਾਲੀ ਟੀਮ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਰਾਜਪੁਰਾ ਦੇ ਨੈਸ਼ਨਲ ਹਾਈਵੇ ਨੇੜੇ ਬਸੰਤਪੁਰਾ ਤੋਂ ਇਨ੍ਹਾਂ ਮੁਲਜ਼ਮਾਂ ਨੂੰ ਦਬੋਚਿਆ।

## ਹਥਿਆਰਾਂ 'ਤੇ ਚੜ੍ਹਾਉਂਦੇ ਸਨ ਫਲਿਪਕਾਰਟ ਦੇ ਰੈਪਰ

ਐੱਸ.ਐੱਸ.ਪੀ. ਵਰੁਣ ਸ਼ਰਮਾ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਚਾਰੇ ਮੁਲਜ਼ਮ ਹਥਿਆਰ ਫਲਿੱਪਕਾਰਟ ਦੀ ਪੈਕਿੰਗ 'ਚ ਰੱਖਦੇ ਸਨ ਤਾਂ ਜੋ ਕਿਸੇ ਨੂੰ ਸ਼ੱਕ ਨਾ ਹੋਵੇ। ਮੁਲਜ਼ਮ ਆਨਲਾਈਨ ਡਿਲਿਵਰੀ ਕਰਨ ਵਾਲੀਆਂ ਵੱਖ-ਵੱਖ ਕੰਪਨੀਆਂ 'ਚ ਕੰਮ ਕਰ ਚੁੱਕੇ ਸਨ, ਜਿਸ ਕਾਰਨ ਉਨ੍ਹਾਂ ਕੋਲ ਵਰਦੀ, ਟੇਪਿੰਗ ਤੇ ਪੈਕਿੰਗ ਸਮੱਗਰੀ ਸੀ। ਪੁਲਿਸ ਤੇ ਕਾਨੂੰਨ ਦੀਆਂ ਅੱਖਾਂ 'ਚ ਧੂੜ ਪਾਉਣ ਲਈ ਇਹ ਗਾਉਣ ਲਈ ਇਹ ਮੁਲਜ਼ਮ ਬੱਸਾਂ ਤੇ ਰੇਲ ਗੱਡੀਆਂ ਰਾਹੀਂ ਸਫ਼ਰ ਕਰਦੇ ਸਨ, ਤਾਂ ਜੋ ਕੋਈ ਇਨ੍ਹਾਂ 'ਤੇ ਸ਼ੱਕ ਨਾ ਕਰ ਸਕੇ।




## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਰਿੰਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਬਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੁਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਭਾਰਤ ਦੇ ਕੱਟੜ ਆਲੋਚਕ ਅਮਰੀਕੀ ਸੀਨੇਟਰ ਦਾ ਦੇਹਾਂਤ

**ਵਾਸ਼ਿੰਗਟਨ:**ਰੂਸੀ ਤੇਲ ਖਰੀਦਣ ਨੂੰ ਲੈ ਕੇ ਭਾਰਤ ਦੇ ਵੱਡੇ ਆਲੋਚਕ ਰਹੇ ਅਮਰੀਕੀ ਰਿਪਬਲੀਕਨ ਸੀਨੇਟਰ ਲਿੰਡਸੇ ਗ੍ਰਾਹਮ ਦਾ 71 ਸਾਲ ਦੀ ਉਮਰ 'ਚ ਦੇਹਾਂਤ ਹੋ ਗਿਆ। ਉਹ ਅਣਵਿਆਹੇ ਸਨ। ਅਮਰੀਕੀ ਮੀਡੀਆ ਦੇ ਅਨੁਸਾਰ ਸ਼ਨੀਵਾਰ ਰਾਤ ਕੈਪੀਟਲ ਹਿਲਸ ਸਥਿਤ ਉਨ੍ਹਾਂ ਦੇ ਘਰ 'ਚ ਕਾਰਡੀਅਕ ਅਰੈਸਟ ਦੀ ਸੂਚਨਾ ਮਿਲਨ 'ਤੋਂ ਬਾਅਦ ਐਮਰਜੈਂਸੀ ਟੀਮ ਉਥੇ ਪਹੁੰਚੀ ਸੀ। ਉਨ੍ਹਾਂ ਦੇ ਕਾਰਜਕਾਲ ਨੇ ਐਕਸ ਪੋਸਟ 'ਚ ਕਿਹਾ,'ਸਾਊਥ ਕੈਰੋਲੀਨਾ ਦੇ ਸੰਸਦ ਮੈਂਬਰ ਅਚਾਨਕ ਬਿਮਾਰ ਹੋਏ ਤੇ ਉਨ੍ਹਾਂ ਦੀ ਮੌਤ ਹੋ ਗਈ।



ਉਹ ਇਜ਼ਰਾਈਲ ਤੇ ਯੂਕਰੇਨ ਦੇ ਸਮਰਥਕ ਤੇ ਈਰਾਨ ਦੇ ਵਿਰੋਧੀ ਸਨ। ਯੂਕਰੇਨ ਦੀ ਹਾਲੀਆ ਯਾਤਰਾ ਤੋਂ ਬਾਅਦ ਗ੍ਰਾਹਮ ਨੇ ਐਤਵਾਰ ਨੂੰ ਉਨ੍ਹਾਂ ਦੇ ਮੀਟ ਦਿ ਪ੍ਰੈੱਸ ਪ੍ਰੋਗਰਾਮ 'ਚ ਸ਼ਾਮਲ ਹੋਣਾ ਸੀ। ਟਰੰਪ ਨੇ ਲਿੰਡਸੇ ਗ੍ਰਾਹਮ ਦੇ ਦੇਹਾਂਤ 'ਤੇ ਦੁੱਖ ਜਤਾਉਂਦੇ ਹੋਏ ਕਿਹਾ ਕਿ ਉਹ ਮੇਰੇ ਹੁਣ ਤੱਕ ਦੇ ਸਭ ਤੋਂ ਸ਼ਾਨਦਾਰ ਲੋਕਾਂ ਤੇ ਸੀਨੇਟਰਾਂ 'ਚੋਂ ਇਕ ਸਨ। ਉਨ੍ਹਾਂ ਦੇ ਦੇਹਾਂਤ 'ਤੇ ਇਜ਼ਰਾਈਲੀ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਨਯਾਹੂ ਨੇ ਵੀ ਦੁੱਖ ਜਤਾਇਆ ਹੈ।

ਉਹ ਭਾਰਤ ਵੱਲੋਂ ਰੂਸੀ ਤੇਲ ਦੀ ਖਰੀਦ ਦੇ ਵੱਡੇ ਆਲੋਚਕ ਰਹੇ। ਉਨ੍ਹਾਂ ਨੇ ਵਾਰ-ਵਾਰ ਭਾਰਤ ਸਮੇਤ ਰੂਸੀ ਊਰਜਾ ਖਰੀਦਣ ਵਾਲੇ ਦੇਸ਼ਾਂ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਸੀ। ਇਸ ਸਾਲ ਦੀ ਸ਼ੁਰੂਆਤ 'ਚ ਗ੍ਰਾਹਮ ਨੇ ਕਿਹਾ ਸੀ ਕਿ ਟਰੰਪ ਨੇ ਉਸ ਦੋ-ਪਾਰਟੀ ਕਾਨੂੰਨ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸ 'ਤੇ ਉਨ੍ਹਾਂ ਨੇ ਮਹੀਨਿਆਂ ਤੱਕ ਕੰਮ ਕੀਤਾ ਸੀ। ਇਹ ਕਾਨੂੰਨ ਅਮਰੀਕੀ ਰਾਸ਼ਟਰਪਤੀ ਨੂੰ ਭਾਰਤ ਸਮੇਤ ਉਨ੍ਹਾਂ ਦੇਸ਼ਾਂ 'ਤੇ 500 ਫ਼ੀਸਦ ਤੱਕ ਟੈਰਿਫ ਲਗਾਉਣ ਦਾ ਅਧਿਕਾਰ ਦੇਵੇਗਾ, ਜੋ ਰੂਸ ਤੋਂ ਤੇਲ ਖਰੀਦਦੇ ਹਨ।

# ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵੱਲੋਂ ਸਾਹਿਤਕ ਸਮਾਗਮ

**ਨਵੀਂ ਦਿੱਲੀ:**ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵੱਲੋਂ ਪੰਜਾਬੀ ਭਵਨ ਵਿਖੇ ਇੱਕ ਵਿਸ਼ੇਸ਼ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸਾਹਿਤ ਜਗਤ ਦੀਆਂ ਨਾਮਵਰ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਇਸ ਸਮਾਗਮ ਦੀ ਪ੍ਰਧਾਨਗੀ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਪ੍ਰੋਫੈਸਰ ਜਸਪਾਲ ਕੌਰ ਨੇ ਕੀਤੀ। ਸਭਾ ਦੇ ਡਾਇਰੈਕਟਰ ਕੇਸਰਾ ਰਾਮ ਨੇ ਆਏ ਹੋਏ ਮਹਿਮਾਨਾਂ ਦਾ ਰਸਮੀ ਸਵਾਗਤ ਕਰਦਿਆਂ ਸਮਾਗਮ ਵਿੱਚ ਸ਼ਾਮਿਲ ਸਾਹਿਤਕਾਰਾਂ ਦੀ ਜਾਣ-ਪਛਾਣ ਕਰਵਾਈ।




ਉਪਰੰਤ ਕਾਵਿ-ਮਹਿਫ਼ਲ ਅਤੇ ਕਹਾਣੀ-ਪਾਠ ਦਾ ਦੌਰ ਚੱਲਿਆ। ਸਮਾਗਮ ਦੀ ਸ਼ੁਰੂਆਤ ਮਿਸਰਦੀਪ ਭਾਟੀਆ ਨੇ ਆਪਣੀਆਂ ਗ਼ਜ਼ਲਾਂ ਅਤੇ ਕਵਿਤਾਵਾਂ ਨਾਲ ਕੀਤੀ, ਜਿਸ ਨੇ ਸਰੋਤਿਆਂ ਦਾ ਧਿਆਨ ਖਿੱਚਿਆ। ਇਸ ਤੋਂ ਬਾਅਦ ਬਲਵਿੰਦਰ ਸਿੰਘ ਸੋਢੀ ਨੇ 'ਕੁਦਰਤ' ਅਤੇ ਹੋਰ ਰਚਨਾਵਾਂ ਰਾਹੀਂ ਖ਼ੂਬ ਰੰਗ ਬੰਨ੍ਹਿਆ। ਅਗਲੀ ਪੇਸ਼ਕਾਰੀ ਵਿੱਚ ਸਤਪਾਲ ਕੌਰ ਨੇ 'ਧੀ' ਵਿਸ਼ੇ 'ਤੇ ਕੇਂਦ੍ਰਿਤ ਹਾਇਕੂ ਅਤੇ ਲੰਬੀ ਕਵਿਤਾ 'ਵਸੀਅਤ' ਸੁਣਾ ਕੇ ਸਭ ਨੂੰ ਪ੍ਰਭਾਵਿਤ ਕੀਤਾ। ਸਮਾਗਮ ਦੇ ਮੁੱਖ ਆਕਰਸ਼ਣ ਵਜੋਂ ਕਹਾਣੀਕਾਰ ਤੇ ਨਾਵਲਕਾਰ ਬਲਵਿੰਦਰ ਸਿੰਘ ਬਰਾੜ ਨੇ ਆਪਣੀ ਚਰਚਿਤ ਕਹਾਣੀ 'ਅੱਗ' ਸੁਣਾਈ। ਲੰਬੀ ਹੋਣ ਦੇ ਬਾਵਜੂਦ ਇਸ ਕਹਾਣੀ ਨੇ ਪੂਰਾ ਸਮਾਂ ਸਰੋਤਿਆਂ ਨੂੰ ਕੀਲ ਕੇ ਰੱਖਿਆ।

ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਪ੍ਰੋ. ਜਸਪਾਲ ਕੌਰ ਨੇ ਪ੍ਰਸਤੁਤ ਰਚਨਾਵਾਂ ਨੂੰ ਸਲਾਹੁੰਦਿਆਂ ਕਿਹਾ ਕਿ ਹਰ ਲੇਖਕ ਦੀ ਆਪਣੀ ਵਿਲੱਖਣ ਸੋਚ ਅਤੇ ਸਮਰੱਥਾ ਹੁੰਦੀ ਹੈ। ਉਨ੍ਹਾਂ ਪੰਜਾਬੀ ਸਾਹਿਤ ਸਭਾ ਦੇ ਉਪਰਾਲੇ ਦੀ ਤਾਰੀਫ਼ ਕਰਦਿਆਂ ਕਿਹਾ ਕਿ ਸਭਾ ਪੰਜਾਬੀ ਭਾਸ਼ਾ ਤੇ ਸਾਹਿਤ ਨਾਲ ਜੁੜੇ ਹਰ ਲੇਖਕ ਨੂੰ ਸਾਰਥਕ ਮੰਚ ਮੁਹੱਈਆ ਕਰਵਾ ਰਹੀ ਹੈ ਜੋ ਕਿ ਬੇਹੱਦ ਸ਼ਲਾਘਾਯੋਗ ਹੈ। ਅੰਤ ਵਿੱਚ ਸਭਾ ਦੇ ਚੇਅਰਪਰਸਨ ਪ੍ਰੋ. ਰੇਣੁਕਾ ਸਿੰਘ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਪੜ੍ਹੀ ਗਈ ਕਹਾਣੀ ਦੇ ਹਵਾਲੇ ਨਾਲ ਆਪਣੇ ਵਡਮੁੱਲੇ ਵਿਚਾਰ ਸਾਂਝੇ ਕੀਤੇ।

ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਡਾ. ਵਨੀਤਾ, ਜਸਵੰਤ ਸਿੰਘ ਸੇਖਵਾਂ, ਮਹਿੰਦਰ ਸਿੰਘ ਕੂਕਾ, ਰਜਿੰਦਰ ਸਿੰਘ ਬਿਆਲਾ, ਜਗਤਾਰ ਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਖੋਜਾਰਥੀ, ਵਿਦਿਆਰਥੀ ਅਤੇ ਪ੍ਰਕਾਸ਼ਨ ਜਗਤ ਦੇ ਨੁਮਾਇੰਦੇ ਵੀ ਮੌਜੂਦ ਸਨ।

# ਨਵੇਂ ਵੋਟਰ ਨੂੰ ਦੇਣਾ ਪਵੇਗਾ ਮਾਤਾ-ਪਿਤਾ ਦਾ ਐੱਸ.ਆਈ.ਆਰ. ਵੇਰਵਾ

**ਨਵੀਂ ਦਿੱਲੀ:**ਵੋਟਰ ਸੂਚੀ 'ਚ ਪਹਿਲੀ ਵਾਰ ਨਾਂ ਜੁੜਵਾਉਣ ਵਾਲੇ ਨਵੇਂ ਵੋਟਰਾਂ ਲਈ ਚੋਣ ਕਮਿਸ਼ਨ ਨੇ ਆਨਲਾਈਨ ਰਜਿਸਟ੍ਰੇਸ਼ਨ ਪ੍ਰਕਿਰਿਆ 'ਚ ਨਵੀਂ ਮਦ ਲਾਗੂ ਕੀਤੀ ਹੈ। ਹੁਣ ਫਾਰਮ-6 ਭਰਨ ਵਾਲੇ ਬਿਨੈਕਾਰਾਂ ਨੂੰ ਆਪਣੇ ਮਾਤਾ- ਪਿਤਾ ਦੀ ਐੱਸਆਈਆਰ ਨਾਲ ਜੁੜੀ ਜਾਣਕਾਰੀ ਵੀ ਦੇਣੀ ਪਵੇਗੀ। ਜੇਕਰ ਆਨਲਾਈਨ ਬਿਨੈ ਦੌਰਾਨ ਇਹ ਹਲਫ਼ਨਾਮਾ ਨਹੀਂ ਭਰਿਆ ਜਾਂਦਾ ਤਾਂ, ਅਰਜ਼ੀ ਅੱਗੇ ਨਹੀਂ ਵਧ ਸਕੇਗੀ।



ਕਮਿਸ਼ਨ ਮੁਤਾਬਕ ਜੇਕਰ ਮਾਂ-ਬਾਪ ਪਿਛਲੀ ਐੱਸਆਈਆਰ ਪ੍ਰਕਿਰਿਆ 'ਚ ਸ਼ਾਮਲ ਰਹੇ ਹਨ ਤਾਂ ਬਿਨੈਕਾਰ ਨੂੰ ਉਨ੍ਹਾਂ ਦੇ ਵਿਧਾਨ ਸਭਾ ਖੇਤਰ, ਪੋਲਿੰਗ ਬੂਥ (ਪਾਰਟ ਨੰਬਰ) ਤੇ ਵੋਟਰ ਸੂਚੀ 'ਚ ਦਰਜ ਲੜੀ ਨੰਬਰ ਦੀ ਜਾਣਕਾਰੀ ਦੇਣੀ ਪਵੇਗੀ। ਜੇਕਰ ਉਹ ਐੱਸਆਈਆਰ 'ਚ ਸ਼ਾਮਲ ਨਹੀਂ ਸਨ ਤਾਂ ਇਸ ਦਾ ਬਦਲ ਚੁਣਦੇ ਹੋਏ ਉਨ੍ਹਾਂ ਦੇ ਨਾਂ ਤੇ ਜੇਕਰ ਉਪਲਬਧ ਹੋਣ ਤਾਂ ਈਪੀਆਈਸੀ ਨੰਬਰ ਦਰਜ ਕਰਨੇ ਪੈਣਗੇ। ਪੀਟੀਆਈ ਮੁਤਾਬਕ ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਇਸ ਨਾਲ ਨਵੇਂ ਵੋਟਰਾਂ ਦੀ ਪਛਾਣ ਤਸਦੀਕ ਕਰਨ 'ਚ ਸੌਖ ਹੋਵੇਗੀ ਤੇ ਕਈ ਮਾਮਲਿਆਂ 'ਚ ਵਾਧੂ ਦਸਤਾਵੇਜ਼ ਦੀ ਜ਼ਰੂਰਤ ਵੀ ਘੱਟ ਪਵੇਗੀ। ਕਮਿਸ਼ਨ ਨੇ ਇਹ ਵੀ ਦੁਹਰਾਇਆ ਕਿ ਐੱਸਆਈਆਰ ਦਾ ਉਦੇਸ਼ ਪਾਤਰ ਵੋਟਰਾਂ ਨੂੰ ਸ਼ਾਮਲ ਕਰਨਾ ਤੇ ਮ੍ਰਿਤ, ਡੁਪਲੀਕੇਟ, ਤਬਦੀਲ ਹੋ ਚੁੱਕੇ ਜਾਂ ਵਿਦੇਸ਼ੀ ਵੋਟਰਾਂ ਦੇ ਨਾਂ ਹਟਾਉਣਾ ਹੈ। ਚੋਣ ਕਮਿਸ਼ਨ ਦਾ ਕਹਿਣਾ ਹੈ ਇਸ ਨਾਲ ਨਵੇਂ ਵੋਟਰਾਂ ਦੀ ਪਛਾਣ ਤਸਦੀਕ ਕਰਨ 'ਚ ਮਦਦ ਮਿਲੇਗੀ ਤੇ ਬਿਨੈਕਾਰ ਨਾਲ ਵਾਧੂ ਦਸਤਾਵੇਜ਼ ਜਮ੍ਹਾਂ ਕਰਨ ਦੀ ਜ਼ਰੂਰਤ ਘੱਟ ਪਵੇਗੀ।

ਹਾਲਾਂਕਿ, ਇਸ ਨਵੀਂ ਵਿਵਸਥਾ 'ਤੇ ਸਵਾਲ ਵੀ ਉੱਠ ਰਹੇ ਹਨ। ਮੀਡੀਆ ਰਿਪੋਰਟਾਂ ਮੁਤਾਬਕ ਮਾਹਰਾਂ ਦਾ ਕਹਿਣਾ ਹੈ ਕਿ ਫਾਰਮ-6, ਲੋਕ ਨੁਮਾਇੰਦਾ ਐਕਟ ਤੇ ਵੋਟਰ ਰਜਿਸਟ੍ਰੇਸ਼ਨ ਨਿਯਮਾਂ ਤਹਿਤ ਤੈਅ ਖਰੜੇ ਦਾ ਹਿੱਸਾ ਹੈ। ਇਸ ਹਾਲਤ 'ਚ ਇਸ 'ਚ ਬਦਲਾਅ ਲਈ ਕੇਂਦਰ ਸਰਕਾਰ ਦਾ ਨੋਟੀਫਿਕੇਸ਼ਨ ਤੇ ਗਜ਼ਟ 'ਚ ਸੋਧ ਜ਼ਰੂਰੀ ਹੁੰਦੀ ਹੈ। ਹੁਣ ਤੱਕ ਅਜਿਹੀ ਕੋਈ ਸੋਧ ਜਨਤਕ ਤੌਰ 'ਤੇ ਜਾਰੀ ਨਹੀਂ ਹੋਈ। ਇਸੇ ਦੌਰਾਨ ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਦੂਤਾਂ ਨੇ ਵੀ ਐੱਸਆਈਆਰ ਪ੍ਰਕਿਰਿਆ ਪਾਰਦਰਸ਼ਤਾ 'ਤੇ ਚਿੰਤਾ ਪ੍ਰਗਟਾਈ ਹੈ, ਜਿਸ ਨੂੰ ਚੋਂ ਕਮਿਸ਼ਨ ਨੇ ਖ਼ਾਰਜ ਕਰਦੇ ਹੋਏ ਪੂਰੀ ਪ੍ਰਕਿਰਿਆ ਨੂੰ ਸੰਵਿਧਾਨਕ ਤੇ ਪਾਰਦਰਸ਼ੀ ਦੱਸਿਆ ਹੈ।

# ਅਮਰੀਕਾ ਦੇ ਆਜ਼ਾਦੀ ਦਿਹਾੜੇ ਲਈ ਪਹੁੰਚਿਆ 'ਆਈ.ਐੱਨ.ਐੱਸ. ਸੁਦਰਸ਼ਨੀ'

**ਬੋਸਟਨ:**ਭਾਰਤੀ ਜਲ ਸੈਨਾ ਦਾ ਜਹਾਜ਼ 'ਆਈਐੱਨਐੱਸ ਸੁਦਰਸ਼ਨੀ ਸੇਲ ਬੋਸਟਨ-250 ਦੇ ਹਿੱਸੇ ਦੇ ਰੂਪ 'ਚ ਬੋਸਟਨ ਪਹੁੰਚਿਆ। ਬੋਸਟਨ 'ਚ ਭਾਰਤ ਦੇ ਕੌਂਸਲੇਟ ਜਨਰਲ ਰਘੁਰਾਮ ਐੱਸ ਨੇ ਸਮੁੰਦਰ 'ਚ ਜਹਾਜ਼ 'ਤੇ ਸਵਾਰ ਹੋ ਕੇ ਲੋਕਾਇਨ-2026 ਤੇ ਸੇਲ ਬੋਸਟਨ 250 ਦਾ ਜਾਇਜ਼ਾ ਲਿਆ। ਇਸ ਸਾਲ ਦਾ ਪ੍ਰੋਗਰਾਮ ਅਮਰੀਕਾ ਦੀ 250ਵੀਂ ਵਰ੍ਹੇਗੰਢ ਦੇ ਸਮਾਰੋਹਾਂ ਦਾ ਹਿੱਸਾ ਹੈ। ਜਹਾਜ਼ ਅਮਰੀਕੀ ਆਜ਼ਾਦੀ ਦਿਹਾੜੇ ਦੇ ਸਮਾਰੋਹ ਲਈ 4 ਜੁਲਾਈ ਤੋਂ 8 ਜੁਲਾਈ ਤੱਕ ਨਿਊਯਾਰਕ ਸਿਟੀ 'ਚ ਸੀ। ਭਾਰਤ ਦੇ ਕੌਂਸਲੇਟ ਜਨਰਲ ਨੇ ਐਕਸ 'ਤੇ ਇਕ ਪੋਸਟ 'ਚ ਕਿਹਾ,'ਨਮਸਤੇ ਬੋਸਟਨ-ਸੁਦਰਸ਼ਨੀ ਪਹੁੰਚੀ! ਆਈਐੱਨਐੱਸ ਸੁਦਰਸ਼ਨੀ ਇਤਿਹਾਸਕ ਬੋਸਟਨ ਬੰਦਰਗਾਹ 'ਚ ਤਿਰੰਗਾ ਲਹਿਰਾਉਂਦੇ ਹੋਏ ਸੇਲ ਬੋਸਟਨ 250 ਦੇ ਹਿੱਸੇ ਦੇ ਰੂਪ 'ਚ ਸ਼ਾਨਦਾਰ 'ਪਰੇਡ ਆਫ ਸੇਲਜ਼' 'ਚ ਦਾਖ਼ਲ ਹੋਈ।



# ਇੰਝ ਇਮਿਊਨ ਸਿਸਟਮ ਨੂੰ ਨਾਕਾਮ ਕਰਦਾ ਹੈ ਫੰਗਸ

**ਨਵੀਂ ਦਿੱਲੀ:**ਖੋਜੀਆਂ ਨੇ ਪਤਾ ਲਗਾਇਆ ਹੈ ਕਿ ਕਮਜ਼ੋਰ ਇਮਿਊਨ ਸਿਸਟਮ ਵਾਲੇ ਲੋਕਾਂ ਲਈ ਜਾਨਲੇਵਾ ਫੰਗਸ, ਨਿਊਟ੍ਰੋਫਿਲਸ ਦੇ ਇਕ ਅਹਿਮ ਬਚਾਅ ਤੰਤਰ ਨੂੰ ਨਾਕਾਮ ਕਰ ਸਕਦਾ ਹੈ। ਨਿਊਟਰੋਫਿਲਸ ਸਰੀਰ ਦੀਆਂ ਉਹ ਸਫੇਦ ਰਕਤ ਕੋਸ਼ਿਕਾਵਾਂ ਹੁੰਦੀਆਂ ਹਨ, ਜੋ ਇਨਫੈਕਸ਼ਨ ਨਾਲ ਲੜਣ 'ਚ ਸਭ ਤੋਂ ਅੱਗੇ ਰਹਿੰਦੀਆਂ ਹਨ। ਇਸ ਨਾਲ ਸੁਪਰਬਗਸ ਖ਼ਿਲਾਫ਼ ਨਵੀਂ ਉਮੀਦ ਜਾਗੀ ਹੈ। ਸੁਪਰਬਗਸ ਅਜਿਹੇ ਸੂਖਮਜੀਵ (ਬੈਕਟੀਰੀਆ, ਵਾਇਰਸ ਜਾਂ ਫੰਗਲ) ਹੁੰਦੇ ਹਨ, ਜੋ ਕਈ ਐਂਟੀਬਾਇਓਟਿਕ ਜਾਂ ਐਂਟੀਮਾਈਕ੍ਰੋਬਿਅਲ ਦਵਾਈਆਂ ਪ੍ਰਤੀ ਪ੍ਰਤੀਰੋਧੀ ਹੋ ਜਾਂਦੇ ਹਨ। ਅਨੁਮਾਨ ਹੈ ਕਿ 40 ਤੋਂ 60 ਫ਼ੀਸਦ ਸਿਹਤਮੰਦ ਲੋਕਾਂ ਦੇ ਸਰੀਰ 'ਚ 'ਕੈਂਡਿਡਾ ਏਲਿਬਕਨਸ' ਬਗ਼ੈਰ ਕਿਸੇ ਨੁਕਸਾਨ ਦੇ ਸਰੀਰ ਦੇ ਆਮ ਮਾਈਕ੍ਰੋਬਿਅਲ ਭਾਈਚਾਰੇ ਦੇ ਹਿੱਸੇ ਦੇ ਤੌਰ 'ਤੇ ਮੌਜੂਦ ਰਹਿੰਦਾ ਹੈ। ਪਰ ਕਮਜ਼ੋਰ ਇਮਿਊਨ ਸਿਸਟਮ ਵਾਲੇ ਲੋਕਾਂ 'ਚ, ਇਹ ਬਲੱਡਸਟ੍ਰੀਮ 'ਚ ਵੜ ਕੇ ਇਨਵੇਸਿਵ ਕੈਂਡਿਡਿਆਸਿਸ ਪੈਦਾ ਕਰ ਸਕਦਾ ਹੈ। ਇਹ ਇਕ ਅਜਿਹੀ ਬਿਮਾਰੀ ਹੈ, ਜਿਸ 'ਚ ਮੌਤ ਦੀ ਦਰ 50 ਫ਼ੀਸਦ ਹੁੰਦੀ ਹੈ। ਜ਼ੇਬਰਾਫਿਸ਼ ਮਾਡਲ ਤੇ ਇਨਸਾਨੀ ਇਮਿਊਨ ਸੇਲਸ ਦਾ ਇਸਤੇਮਾਲ ਕਰ ਕੇ ਕੀਤੇ ਗਏ ਅਧਿਐਨ ਤੋਂ ਪਤਾ ਲੱਗਿਆ ਹੈ ਕਿ ਇਸ ਦੱਬੇ ਹੋਏ ਇਮਿਊਨ ਰਿਸਪਾਂਸ ਨੂੰ ਮੁੜ ਤੋਂ ਸਰਗਰਮ ਕਰਨ ਕਰਨ ਨਾਲ ਇਨਫੈਕਸ਼ਨ ਤੋਂ ਬਚਣ ਦੀ ਸੰਭਾਵਨਾ 'ਚ ਸੁਧਾਰ ਹੋਇਆ ਹੈ, ਖ਼ਾਸ ਤੌਰ 'ਤੇ ਜਦੋਂ ਇਸ ਨੂੰ ਮੌਜੂਦਾ ਐਂਟੀਫੰਗਲ ਦਵਾਈਆਂ ਨਾਲ ਇਸਤੇਮਾਲ ਕੀਤਾ ਗਿਆ। ਸ਼ੇਫੀਲਡ ਯੂਨੀਵਰਸਿਟੀ ਦੇ ਬੈਸਟਨ ਸੈਂਟਰ ਫਾਰ ਡਿਜ਼ੀਜ਼ ਮੈਕੇਨਿਜ਼ਮ ਦੇ ਵਿਗਿਆਨੀਆਂ ਦੀਆਂ ਇਨ੍ਹਾਂ ਖੋਜਾਂ ਨਾਲ ਜਾਨਲੇਵਾ ਫੰਗਲ ਇਨਫੈਕਸ਼ਨ ਤੇ ਵਧਦੀ ਐਂਟੀਫੰਗਲ ਰਜ਼ਿਸਟੈਂਸ ਨਾਲ ਨਜਿੱਠਣ ਲਈ ਨਵੇਂ ਇਲਾਜ ਮਿਲ ਸਕਦੇ ਹਨ।



ਅਧਿਐਨ 'ਚ ਦੇਖਿਆ ਗਿਆ ਕਿ ਕੈਂਡਿਡਾ, ਰਿਐਕਟਿਵ ਨਾਈਟ੍ਰੋਜਨ ਸਪੀਸ਼ੀਜ (ਆਰ.ਐੱਨ.ਐੱਸ.) ਦੇ ਉਤਪਾਦਨ ਨੂੰ ਸਰਗਰਮ ਰੂਪ ਨਾਲ ਰੋਕਦਾ ਹੈ। ਇਹ ਜ਼ਹਿਰੀਲੇ ਮਾਲਿਕਊਲ ਆਮ ਤੌਰ 'ਤੇ ਨਿਊਟ੍ਰੋਫਿਲਸ ਵੱਲੋਂ ਬਾਹਰੀ ਮਾਈਕ੍ਰੋਬਸ ਨੂੰ ਮਾਰਨ ਲਈ ਇਸਤੇਮਾਲ ਕੀਤੇ ਜਾਂਦੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਫੰਗਸ ਦੇ ਇਨ੍ਹਾਂ ਸੁਰੱਖਿਆਤਮਕ ਮਾਲਿਕਊਲਸ ਦੇ ਪੱਧਰ ਨੂੰ ਆਮ ਪੱਧਰ ਵਾਲੀਆਂ ਸਰਗਰਮੀਆਂ ਤੋਂ ਵੀ ਹੇਠਾਂ ਕਰ ਦਿੱਤਾ, ਜਿਸ ਨਾਲ ਇਨਫੈਕਸ਼ਨ ਦੌਰਾਨ ਪ੍ਰਤੀਰੋਧਕ ਸਮਰੱਥਾ ਕਮਜ਼ੋਰ ਹੋ ਗਈ। ਦੂਜੀ ਕਲੀਨਿਕਲੀ ਅਹਿਮ ਫੰਗਲ ਪੈਥੋਜਨਸ 'ਚ ਵੀ ਇਸੇ ਤਰ੍ਹਾਂ ਦਾ ਇਮਿਊਨ ਸਪ੍ਰੈਸ਼ਨ ਦੇਖਿਆ ਗਿਆ, ਜਿਸ 'ਚ ਤੇਜ਼ੀ ਨਾਲ ਫੈਲਣ ਵਾਲੀ ਮਲਟੀਡਰਗ-ਰਜ਼ਿਸਟੈਂਟ ਪ੍ਰਜਾਤੀ ਕੈਂਡਿਡਾ ਆਰਿਸ ਵੀ ਸ਼ਾਮਲ ਹੈ। ਇਹ ਅਧਿਐਨ ਹੋਸਟ-ਡਾਇਰੈਕਟਿਡ ਥੈਰੇਪੀ ਦੀ ਸੰਭਾਵਨਾ ਵੱਲ ਇਸ਼ਾਰਾ ਕਰਦੇ ਹਨ।

# ਪੰਜਾਬ ਕਾਂਗਰਸ ਦਾ ਕਾਟੋ-ਕਲੇਸ਼ ਹੋਰ ਤੇਜ਼

**ਚੰਡੀਗੜ੍ਹ:**ਪੰਜਾਬ ਕਾਂਗਰਸ ਦੀ ਅਗਵਾਈ ਬਾਰੇ ਚੱਲ ਰਹੀ ਖਿੱਚੋਤਾਣ ਹੁਣ ਦਿੱਲੀ ਤੱਕ ਪਹੁੰਚ ਸਕਦੀ ਹੈ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਧੜੇ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ 'ਤੇ ਛੇਤੀ ਵਿਚਾਰ ਨਾ ਕੀਤਾ ਗਿਆ ਤਾਂ ਉਹ ਦਿੱਲੀ 'ਚ ਸ਼ਕਤੀ ਪ੍ਰਦਰਸ਼ਣ ਕਰਨਗੇ। ਚੰਨੀ ਧੜੇ ਦੇ ਆਗੂ ਦਿੱਲੀ 'ਚ ਵੀ ਹਾਈ ਕਮਾਨ ਦੇ ਸਾਹਮਣੇ ਉਸੇ ਤਰ੍ਹਾਂ ਪ੍ਰਦਰਸ਼ਨ ਕਰਨ ਦੀ ਤਿਆਰੀ ਕਰ ਰਹੇ ਹਨ ਜਿਵੇਂ ਬੀਤੇ ਸ਼ਨਿਚਰਵਾਰ ਨੂੰ ਸੂਬਾ ਇੰਚਾਰਜ ਭੁਪੇਸ਼ ਬਘੇਲ ਦੇ ਸਾਹਮਣੇ ਕੀਤਾ ਸੀ। ਚੰਨੀ ਧੜਾ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਹਟਾਉਣ ਦੀ ਮੰਗ 'ਤੇ ਅੜਿਆ ਹੈ। ਬਘੇਲ ਨੇ ਸਪਸ਼ਟ ਕਿਹਾ ਹੈ ਕਿ ਮੌਜੂਦਾ ਫ਼ੈਸਲੇ 'ਚ ਕਿਸੇ ਤਰ੍ਹਾਂ ਦਾ ਬਦਲਾਅ ਨਹੀਂ ਹੋਵੇਗਾ, ਪਰ ਉਹ ਪਾਰਟੀ ਨੇਤਾਵਾਂ ਦੀ ਗੱਲ ਹਾਈ ਕਮਾਨ ਤੱਕ ਪਹੁੰਚਾ ਦੇਣਗੇ। ਚੰਨੀ ਧੜੇ ਨੂੰ ਉਮੀਦ ਹੈ ਕਿ ਉਨ੍ਹਾਂ ਦੇ ਪੱਖ 'ਚ ਵੱਡੀ ਗਿਣਤੀ 'ਚ ਵਿਧਾਇਕਾਂ ਤੇ 'ਸੀਨੀਅਰ ਨੇਤਾਵਾਂ ਦੇ ਸਮਰਥਣ ਨੂੰ ਦੇਖਦੇ ਹੋਏ ਕਾਂਗਰਸ ਹਾਈ ਕਮਾਨ ਨੂੰ ਛੇਤੀ ਦਖ਼ਲ ਦੇਣਾ ਪਵੇਗਾ। ਬੈਠਕ 'ਚ ਚੰਨੀ ਧੜੇ ਦੇ 92 ਹਲਕਿਆਂ ਦੇ ਮੌਜੂਦਾ ਤੇ ਸਾਬਕਾ ਵਿਧਾਇਕ ਤੇ ਚੋਣ ਲੜ ਚੁੱਕੇ ਨੇਤਾ 2027 ਦੀਆਂ ਚੋਣਾਂ 'ਚ ਆਪਣੀ ਟਿਕਟ ਪੱਕੀ ਕਰਨ ਲਈ ਦਿੱਲੀ 'ਚ ਸ਼ਕਤੀ



ਪ੍ਰਦਰਸ਼ਣ ਦਾ ਹਿੱਸਾ ਬਣਨ ਲਈ ਖ਼ੁਸ਼ੀ- ਖ਼ੁਸ਼ੀ ਤਿਆਰ ਹਨ। ਵਿਦੇਸ਼ ਤੋਂ ਰਾਹੁਲ ਗਾਂਧੀ ਦੀ ਪਰਤ ਆਏ ਹਨ ਤੇ ਸੰਭਾਵਨਾ ਹੈ ਕਿ ਭੁਪੇਸ਼ ਬਘੇਲ ਨੂੰ ਸਥਿਤੀ ਦੀ ਰਿਪੋਰਟ ਲੈਣ ਤੋਂ ਬਾਅਦ ਉਹ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਉਨ੍ਹਾਂ ਦੇ ਧੜੇ ਦੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਓਪੀ ਸੋਨੀ ਤੇ ਪਰਗਟ ਸਿੰਘ ਗੱਲਬਾਤ ਲਈ ਇਸੇ ਹਫ਼ਤੇ ਦਿੱਲੀ ਬੁਲਾਏ ਜਾ ਸਕਦੇ ਹਨ। ਬਘੇਲ ਦੀ ਮੌਜੂਦਗੀ 'ਚ ਰਾਣਾ ਗੁਰਜੀਤ ਸਿੰਘ ਦੇ ਘਰ ਇਕੱਠੇ ਹੋਏ ਚੰਨੀ ਧੜੇ ਦੇ ਨੇਤਾਵਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਕਾਂਗਰਸ ਦੇ ਜ਼ਮੀਨ ਨਾਲ ਜੁੜੇ ਆਗੂਆਂ ਤੇ ਵਰਕਰਾਂ ਦੀ ਗੱਲ ਨਾ ਸੁਣੀ ਗਈ ਤਾਂ ਅਗਲੀਆਂ ਚੋਣਾਂ 'ਚ ਕਾਂਗਰਸ ਪਾਰਟੀ ਦਾ ਸੱਤਾ ਹਾਸਲ ਕਰਨ ਦਾ ਟੀਚਾ ਪੂਰਾ ਨਹੀਂ ਹੋਵੇਗਾ। ਬਘੇਲ ਦੇ ਸਾਹਮਣੇ ਸਾਰੇ ਨੇਤਾਵਾਂ ਨੇ ਦੋ ਵਾਰ ਹੱਥ ਚੁੱਕ ਕੇ ਲੀਡਰਸ਼ਿਪ ਬਦਲਣ ਦੀ ਮੰਗ ਕੀਤੀ ਸੀ। ਹੁਣ ਹਾਈ ਕਮਾਨ ਦੇ ਸਾਹਮਣੇ ਦੁਚਿੱਤੀ ਦੀਸਥਿਤੀ ਇਸ ਲਈ ਵੀ ਹੈ ਕਿਉਂਕਿ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪਾਰਟੀ ਦੇ ਸੰਗਠਨ ਵਿਸਥਾਰ ਤੇ ਮਜ਼ਬੂਤੀ ਲਈ ਕਾਫ਼ੀ ਕੰਮ ਕੀਤਾ ਹੈ। ਇਸ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਹਾਲਤ 'ਚ ਜੇਕਰ ਧੜੇਬਾਜ਼ੀ ਦੂਰੀ ਨਾ ਹੋਈ ਤਾਂ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਪਾਰਟੀ ਨੂੰ ਨੁਕਸਾਨ ਚੁੱਕਣਾ ਪੈ ਸਕਦਾ ਹੈ।

# ਹੋਰਮੁਜ਼ 'ਤੇ ਮੁੜ ਟਕਰਾਏ ਅਮਰੀਕਾ ਅਤੇ ਈਰਾਨ

## ਈਰਾਨ ਨੇ ਇਕ ਜਹਾਜ਼ 'ਤੇ ਕੀਤਾ ਹਮਲਾ; ਅਮਰੀਕਾ ਨੇ 140 ਟਿਕਾਣਿਆਂ 'ਤੇ ਵਰ੍ਹਾਏ ਬੰਬ



**ਨਵੀਂ ਦਿੱਲੀ:**ਸਟ੍ਰੇਟ ਆਫ ਹੋਰਮੁਜ਼ ਤੋਂ ਜਹਾਜ਼ਾਂ ਦੀ ਆਵਾਜਾਈ ਨੂੰ ਲੈ ਕੇ ਅਮਰੀਕਾ ਤੇ ਈਰਾਨ ਵਿਚਾਲੇ ਵਿਵਾਦ ਇਕ ਵਾਰ ਮੁੜ ਫ਼ੌਜੀ ਟਕਰਾਅ 'ਚ ਬਦਲ ਗਿਆ। ਈਰਾਨ ਨੇ ਸ਼ਨਿਚਰਵਾਰ ਨੂੰ ਹੋਰਮੁਜ਼ ਸਟ੍ਰੇਟ 'ਚ ਬਣਾਏ ਗਏ ਨਿਯਮਾਂ ਦੀ ਉਲੰਘਣਾ ਦਾ ਦੋਸ਼ ਲਗਾਉਂਦੇ ਹੋਏ ਸਾਈਪ੍ਰਸ ਦੇ ਝੰਡੇ ਵਾਲੇ ਇਕ ਜਹਾਜ਼ 'ਤੇ ਡ੍ਰੋਨ ਹਮਲਾ ਕੀਤਾ। ਉਥੇ, ਇਕ ਹੋਰ ਜਹਾਜ਼ 'ਤੇ ਚਿਤਾਵਨੀ ਫਾਇਰਿੰਗ ਕੀਤੀ ਗਈ।

ਇਸ ਦੇ ਜਵਾਬ 'ਚ ਅਮਰੀਕਾ ਨੇ ਐਤਵਾਰ ਤੜਕੇ ਪੌਣੇ ਪੰਜ ਵਜੇ ਈਰਾਨ 'ਤੇ ਭਿਆਨਕ ਬੰਬਾਰੀ ਸ਼ੁਰੂ ਕਰ ਦਿੱਤੀ। ਅਮਰੀਕੀ ਸੈਂਟਰਲ ਕਮਾਂਡ (ਸੇਂਟਕਾਮ) ਦੇ ਮੁਤਾਬਕ, ਇਸ ਹਫ਼ਤੇ ਤੀਜੇ ਦੌਰ ਦੇ ਹਮਲਿਆਂ 'ਚ ਈਰਾਨ ਦੇ 140 ਟਿਕਾਣਿਆਂ ਨੂੰ ਨਿਸ਼ਾਨ ਬਣਾਇਆ ਗਿਆ। ਇਸ ਤੋਂ ਪਹਿਲਾਂ ਬੀਤੇ ਮੰਗਲਵਾਰ ਨੂੰ ਦੋਵਾਂ ਧਿਰਾਂ ਵਿਚਾਲੇ ਅਜਿਹਾ ਹੀ ਘਮਸਾਨ ਛਿੜਿਆ ਸੀ।

ਅਮਰੀਕੀ ਕਾਰਵਾਈ ਦੇ ਜਵਾਬ 'ਚ ਈਰਾਨ ਨੇ ਪੱਛਮੀ ਏਸ਼ੀਆ ਦੇ ਕੋਈ ਦੇਸ਼ਾਂ 'ਚ ਸਥਿਤ ਅਮਰੀਕੀ ਫ਼ੌਜੀ ਟਿਕਾਣਿਆਂ 'ਤੇ ਮਿਜ਼ਾਈਲ ਤੇ ਡ੍ਰੋਨ ਹਮਲੇ ਕੀਤੇ। ਓਮਾਨ,ਬਹਿਰੀਨ, ਯੂਏਈ, ਕਤਰ, ਕੁਵੈਤ ਤੇ ਜਾਰਡਨ 'ਚ ਅਮਰੀਕੀ ਟਿਕਾਣਿਆਂ ਨੂੰ ਹੈ ਨਿਸ਼ਾਨਾ ਬਣਾਏ ਜਾਣ ਦਾ ਦਾਅਵਾ ਕੀਤਾ ਗਿਆ। ਈਰਾਨ ਨੇ ਇਹ ਵੀ ਐਲਾਨ ਕੀਤਾ ? ਕਿ ਜਦ ਤੱਕ ਅਮਰੀਕਾ ਖੇਤਰ 'ਚ ਦਖ਼ਲ ਦੇਣਾ ਬੰਦ ਨਹੀਂ ਕਰਦਾ, ਤਦ ਤੱਕ ਹੋਰਮੁਜ਼ ਤੋਂ ਜਹਾਜ਼ਾਂ ਦੀ ਆਵਾਜਾਈ ਰੁਕੀ ਰਹੇਗੀ। ਹਾਲਾਂਕਿ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਕਿ ਜਲਮਾਰਗ ਪੂਰੀ ਤਰ੍ਹਾਂ ਖੁੱਲ੍ਹਾ ਹੈ ਤੇ ਈਰਾਨ ਦਾ ਜਲਡਮਰੂਮੱਧ 'ਤੇ ਕੋਈ ਕੰਟਰੋਲ ਨਹੀਂ ਹੈ। ਦੋਵਾਂ ਦੇਸ਼ਾਂ ਵਿਚਾਲੇ ਜਾਰੀ ਵਾਰ-ਪਲਟਵਾਰ ਨਾਲ ਅੰਤ੍ਰਿਮ ਸਮਝੌਤੇ ਦੇ ਭਵਿੱਖ 'ਤੇ ਵੀ ਸਲ ਉੱਠਣ ਲੱਗੇ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਈਰਾਨ ਦੇ ਨਾਲ ਜੰਗਬੰਦੀ ਖ਼ਤਮ ਹੋ ਚੁੱਕੀ ਹੈ, ਹਾਲਾਂਕਿ ਗੱਲਬਾਤ ਲਈ ਦਰਵਾਜ਼ੇ ਖੁੱਲ੍ਹੇ ਹਨ। ਓਧਰ, ਓਮਾਨ ਨੇ ਡ੍ਰੋਨ ਹਮਲਿਆਂ ਦੇ ਵਿਰੋਧ 'ਚ ਈਰਾਨ ਦੇ ਰਾਜਦੂਤ ਨੂੰ ਤਲਬ ਕੀਤਾ, ਜਦਕਿ ਅਮਰੀਕੀ ਦੂਤਘਰ 'ਡਕਮ ਤੇ ਮੁਸੰਦਮ 'ਚ ਰਹਿ ਰਹੇ ਆਪਣੇ ਨਾਗਰਿਕਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਜਾਣ ਦੀ ਸਲਾਹ ਦਿੱਤੀ। ਐਤਵਾਰ ਨੂੰ ਖਾੜੀ ਖੇਤਰ ਦੇ ਕਈ ਦੇਸ਼ਾਂ 'ਚ ਪੂਰਾ ਦਿਨ ਹਮਲਿਆਂ ਦੇ ਸਾਇਰਨ ਵੱਜਦੇ ਰਹੇ।

ਨਿਊਯਾਰਕ ਟਾਈਮਜ਼ ਮੁਤਾਬਕ, ਈਰਾਨ ਨੇ ਦਾਅਵਾ ਕੀਤਾ ਹੈ ਕਿ ਸ਼ਨਿਚਰਵਾਰ ਨੂੰ ਬਿਨਾਂ ਮਨਜ਼ੂਰੀ ਦੇ ਹੋਰਮੁਜ਼ ਸਟ੍ਰੇਟ ਤੋਂ ਗੁਜ਼ਰ ਰਹੇ ਇਕ ਜਹਾਜ਼ ਨੂੰ ਚਿਤਾਵਨੀ ਦੇਣ ਲਈ ਪਹਿਲਾ ਵਾਰਨਿੰਗ ਸ਼ਾਟ ਮਾਰਿਆ ਗਿਆ ਸੀ। ਐਤਵਾਰ ਨੂੰ ਉਸ. ਨੇ ਇਕ ਹੋਰ ਜਹਾਜ਼ 'ਤੇ ਹਮਲਾ ਕਰ ਕੇ ਉਸਨੂੰ ਨਾਕਾਰਾ ਕਰਨ ਦਾ ਦਾਅਵਾ ਕੀਤਾ। ਹਮਲੇ ਵਿਚ ਜਹਾਜ਼ ਦੇ ਇੰਜਣ ਵਾਲੇ ਕਮਰੇ ਵਿਚ ਅੱਗ ਲੱਗ ਗਈ ਅਤੇ ਇਕ ਕਰੂ ਦਾ ਮੈਂਬਰ ਗ਼ਾਇਬ ਹੋ ਗਿਆ। ਸਾਈਪ੍ਰਸ ਦੇ ਝੰਡੇ ਵਾਲਾ ਇਹ ਜਹਾਜ਼ ਓਮਾਨ ਤੋਂ ਰਵਾਨਾ ਹੋਇਆ ਸੀ। ਓਮਾਨ ਦੇ ਅਨੁਸਾਰ, ਜਹਾਜ਼ 'ਤੇ ਸਵਾਰ 23 ਕਰੂ ਦੇ ਮੈਂਬਰਾਂ ਨੂੰ ਸੁਰੱਖਿਅਤ ਬਚਾ ਲਿਆ ਗਿਆ ਹੈ। ਕਤਰ ਨੇ ਸਾਵਧਾਨੀ ਦੇ ਤੌਰ 'ਤੇ ਸਾਰੀਆਂ ਸਮੁੰਦਰੀ ਗਤੀਵਿਧੀਆਂ 'ਤੇ ਰੋਕ ਲਗਾ ਦਿੱਤੀ ਹੈ। ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਓਮਾਨ ਦੇ ਵਿਦੇਸ਼ ਮੰਤਰੀ ਬਦਰ ਅਲਬੂਸੈਦੀ ਨਾਲ ਹੋਰਮੁਜ਼ ਵਿਚ ਸਹਿਯੋਗ ਬਾਰੇ ਗੱਲਬਾਤ ਕੀਤੀ। ਇਸ ਦੌਰਾਨ ਕਤਰ ਦੇ ਅਧਿਕਾਰੀ ਵੀ ਮੌਜੂਦ ਰਹੇ। ਦੂਜੇ ਪਾਸੇ, ਪ੍ਰਮੁੱਖ ਵਾਰਤਾਕਾਰ ਮੁਹੰਮਦ ਬਾਕਰ ਗਲੀਬਾਫ ਨੇ ਅਮਰੀਕਾ ਨੂੰ ਚਿੰਤਾਵਨੀ ਦਿੰਦੇ ਹੋਏ ਕਿਹਾ ਕਿ ''ਇਕਤਰਫ਼ਾ ਸਮਝੌਤਿਆਂ ਦਾ ਦੌਰ ਖ਼ਤਮ ਹੋ ਚੁੱਕਾ ਹੈ।

ਅਸੀਂ ਤੁਹਾਨੂੰ (ਅਮਰੀਕਾ) ਦੱਸ ਰਹੇ ਹਾਂ ਕਿ "ਆਪਣੀ ਗੱਲ ਦਾ ਮਾਣ ਰੱਖੋ ਜਾਂ ਨਤੀਜੇ ਭੁਗਤਣ ਲਈ ਤਿਆਰ ਰਹੋ। ਹਕੀਕਤ ਦਰਵਾਜ਼ੇ 'ਤੇ ਦਸਤਕ ਦੇ ਰਹੀ ਹੈ।" ਆਈਆਰਜੀਸੀ ਨੇ ਦਾਅਵਾ ਕੀਤਾ ਕਿ ਅਮਰੀਕੀ ਹਮਲੇ 'ਚ ਉਸ ਦਾ ਇਕ ਨੇਵੀ ਅਧਿਕਾਰੀ ਮਾਰਿਆ ਗਿਆ। ਇਸ ਦੇ ਨਾਲ ਹੀ ਓਮਾਨ ਦੀ ਡੁਕਮ ਬੰਦਰਗਾਹ 'ਤੇ ਅਮਰੀਕੀ ਫ਼ੌਜੀ ਸਹਾਇਤਾ ਅਤੇ ਰੀਫਿਊਲਿੰਗ ਪਲੇਟਫਾਰਮ ਨੂੰ ਨੁਕਸਾਨ ਪਹੁੰਚਾਉਣ ਦਾ ਵੀ ਦਾਅਵਾ ਕੀਤਾ ਗਿਆ। । ਜਾਰਡਨ ਵਿਚ ਇਕ ਮਿਜ਼ਾਈਲ ਡਿੱਗਣ ਨਾਲ ਹਲਕਾ ਨੁਕਸਾਨ ਹੋਇਆ, ਜਦਕਿ ਹੋਰ ਦੇਸ਼ਾਂ ਨੇ ਬਹੁਤ ਸਾਰੀਆਂ ਮਿਜ਼ਾਈਲਾਂ ਤੇ . ਡੋਨਾਂ ਨੂੰ ਹਵਾ 'ਚ ਹੀ ਮਾਰ ਸੁੱਟਣ ਦਾ ਦਾਅਵਾ ਕੀਤਾ। ਏਪੀ ਮੁਤਾਬਕ, ਸੇਂਟਕਾਮ ਨੇ ਕਿਹਾ ਕਿ ਨਵੇਂ ਹਮਲੇ ਈਰਾਨ ਵੱਲੋਂ ਅੰਤ੍ਰਿਮ ਸਮਝੌਤੇ (ਐੱਮਓਯੂ) ਦੀ ਪਾਲਣਾ ਨਾ ਕਰਨ ਕਾਰਨ ਕੀਤੇ ਗਏ। ਇਸ ਦੇ ਅਨੁਸਾਰ, ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਿਰਦੇਸ਼ 'ਤੇ ਕੀਤੀ ਗਈ ਇਸ ਕਾਰਵਾਈ ਦਾ ਟੀਚਾ ਈਰਾਨ ਦੀ ਫ਼ੌਜੀ ਸਮਰੱਥਾ ਨੂੰ ਕਮਜ਼ੋਰ ਕਰਨਾ ਅਤੇ ਹੋਰਮੁਜ਼ ਤੋਂ ਜਹਾਜ਼ਾਂ ਦੀ ਸੁਰੱਖਿਅਤ ਆਵਾਜਾਈ ਯਕੀਨੀ ਬਣਾਉਣਾ ਸੀ।

### ਅਮਰੀਕਾ-ਈਰਾਨ ਦੇ ਵਿਚਕਾਰ ਕੀ ਹੈ ਹੋਰਮੁਜ਼ ਵਿਵਾਦ?

ਹੋਰਮੁਜ਼ ਸਟ੍ਰੇਟ ਦੁਨੀਆ ਭਰ ਦੀਆਂ ਊਰਜਾ ਦੀਆਂ ਜ਼ਰੂਰਤਾਂ ਦਾ ਲਗਪਗ 20 ਫ਼ੀਸਦੀ ਸਪਲਾਈ ਕਰਦਾ ਹੈ। ਇਸ ਲਈ ਇਸ ਨੂੰ ਸਭ ਤੋਂ ਮਹੱਤਵਪੂਰਨ ਰਣਨੀਤਕ ਸਮੁੰਦਰੀ ਮਾਰਗਾਂ 'ਚ ਗਿਣਿਆ ਜਾਂਦਾ ਹੈ। ਰਾਇਟਰ ਦੇ ਅਨੁਸਾਰ, ਅਮਰੀਕਾ ਚਾਹੁੰਦਾ ਹੈ ਕਿ ਫਾਰਸ ਦੀ ਖਾੜੀ ਤੋਂ ਆਉਣ-ਜਾਣ ਵਾਲੇ ਜਹਾਜ਼ ਓਮਾਨ ਦੇ ਹਿੱਸੇ ਵਾਲੇ ਹੋਰਮੁਜ਼ ਸਟ੍ਰੇਟ ਦੇ ਦੱਖਣੀ ਮਾਰਗ ਦਾ ਇਸਤੇਮਾਲ ਕਰਨ। ਦਾਅਵਾ ਹੈ ਕਿ ਇੱਥੇ ਜਹਾਜ਼ਾਂ ਦੀ ਦੋਤਰਫ਼ਾ ਆਵਾਜਾਈ ਦੀ ਸਹੂਲਤ ਹੈ। ਦੂਜੇ ਪਾਸੇ, ਈਰਾਨ ਕਹਿੰਦਾ ਹੈ ਕਿ ਜਹਾਜ਼ ਉਸ ਦੇ ਦੱਸੇ ਉੱਤਰੀ ਜਲਮਾਰਗ ਤੋਂ ਗੁਜ਼ਰਣ।



# ਭਵਿੱਖ ਦੇ ਵਿਦਿਆਰਥੀਆਂ ਲਈ ਇਕ ਤੋਂ ਵੱਧ ਵਿਸ਼ਿਆਂ ਵਿਚ ਮੁਹਾਰਤ ਜ਼ਰੂਰੀ: ਪ੍ਰੋ. ਕਰਮਜੀਤ ਸਿੰਘ

**ਅੰਮ੍ਰਿਤਸਰ**:ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਕਿਹਾ ਕਿ ਤਕਨੀਕੀ ਪਾੜੇ ਦੀਆਂ ਚੁਣੌਤੀਆਂ ਨੂੰ ਸਮਝਣ ਅਤੇ ਪੂਰਾ ਕਰਨ ਵਿੱਚ ਭਾਸ਼ਾ ਅਤੇ ਸਾਹਿਤ ਦੀ ਮਹੱਤਵਪੂਰਨ ਭੂਮਿਕਾ ਹੈ। ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਮਾਲਵੀਆ ਮਿਸ਼ਨ ਟੀਚਰ ਟ੍ਰੇਨਿੰਗ ਸੈਂਟਰ ਵੱਲੋਂ ਆਯੋਜਿਤ ਭਾਸ਼ਾਵਾਂ, ਤੁਲਨਾਤਮਕ ਸਾਹਿਤ ਅਤੇ ਸੱਭਿਆਚਾਰਕ ਅਧਿਐਨ (ਭਾਰਤੀ, ਅੰਗਰੇਜ਼ੀ, ਵਿਦੇਸ਼ੀ ਅਤੇ ਧਾਰਮਿਕ ਅਧਿਐਨ ਆਦਿ) ਸਬੰਧੀ ਰਿਫ੍ਰੈਸ਼ਰ ਕੋਰਸ ਦੇ ਉਦਘਾਟਨੀ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ।

ਆਪਣੇ ਸੰਬੋਧਨ ਵਿੱਚ ਪ੍ਰੋ. ਕਰਮਜੀਤ ਸਿੰਘ ਨੇ ਕਿਹਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਯੁੱਗ ਵਿੱਚ ਵੀ ਮਨੁੱਖੀ ਮੁੱਲਾਂ ਅਤੇ ਸਹੀ ਫ਼ੈਸਲਾ ਕਰਨ ਦੀ ਸਮਰੱਥਾ ਦੀ ਮਹੱਤਤਾ ਘੱਟ ਨਹੀਂ ਹੋ ਸਕਦੀ। ਉਨ੍ਹਾਂ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਉਹ ਅਸਲ ਸਿਰਜਣਹਾਰ ਬਣਨ ਅਤੇ ਬਦਲਦੇ ਸਮੇਂ ਵੱਲੋਂ ਮਿਲ ਰਹੀਆਂ ਸੰਭਾਵਨਾਵਾਂ ਦਾ ਪੂਰਾ ਲਾਭ ਲੈਣ। ਉਨ੍ਹਾਂ ਕਿਹਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਤਕਨੀਕੀ ਬਦਲਾਅ ਦਾ ਇਸਤੇਮਾਲ ਵਿਦਿਆਰਥੀਆਂ ਵਿੱਚ ਆਲੋਚਨਾਤਮਕ ਸੋਚ, ਨੈਤਿਕ ਮੁੱਲ, ਚਰਿੱਤਰ ਨਿਰਮਾਣ, ਰੋਜ਼ਗਾਰ ਯੋਗਤਾ, ਧਿਆਨ ਕੇਂਦ੍ਰਿਤ ਕਰਨ ਦੀ ਸਮਰੱਥਾ ਅਤੇ ਬਹੁ-ਵਿਸ਼ਾ ਸੋਚ ਨੂੰ ਮਜ਼ਬੂਤ ਕਰਨ ਲਈ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ 26 ਰਾਜਾਂ ਤੋਂ ਆਏ 163 ਭਾਗੀਦਾਰਾਂ ਦੀ ਵਿਭਿੰਨਤਾ ਦੀ ਪ੍ਰਸੰਸਾ ਕਰਦਿਆਂ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਇਸ ਰਿਫ੍ਰੈਸ਼ਰ ਕੋਰਸ ਦੇ ਮੰਚ ਰਾਹੀਂ ਘੱਟੋ-ਘੱਟ ਇੱਕ ਨਵਾਂ ਵਿਚਾਰ ਲੱਭਣ, ਸਾਂਝੇ ਯਤਨਾਂ ਨੂੰ ਉਤਸ਼ਾਹਿਤ ਕਰਨ ਅਤੇ ਸਿਹਤਮੰਦ ਵਿਚਾਰ-ਵਟਾਂਦਰੇ ਰਾਹੀਂ ਆਪਣੇ ਹੁਨਰ ਨੂੰ ਹੋਰ ਨਿਖਾਰਣ। ਇਸ ਤੋਂ ਪਹਿਲਾਂ ਐੱਮਐੱਮਟੀਟੀਸੀ ਦੇ ਡਾਇਰੈਕਟਰ ਪ੍ਰੋ. ਬਲਵਿੰਦਰ ਸਿੰਘ ਨੇ ਭਾਗੀਦਾਰਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਐੱਮਐੱਮਟੀਟੀਸੀ-ਜੀਐੱਨਡੀਯੂ ਪਰਿਵਾਰ ਦਾ ਹਿੱਸਾ ਦੱਸਿਆ।

ਆਪਣੇ ਸਿੱਖਣ ਦੇ ਅਨੁਭਵਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਕਿਤਾਬਾਂ ਅਤੇ ਸਾਹਿਤ ਵਿਅਕਤੀ ਦੀ ਸ਼ਖਸੀਅਤ ਨਿਰਮਾਣ ਅਤੇ ਦੁਨੀਆ ਨੂੰ ਸਮਝਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਆਪਣੀ ਮਾਲਵੀਆ ਮਿਸ਼ਨ ਟੀਚਰ ਟ੍ਰੇਨਿੰਗ ਸੈਂਟਰ ਰਾਹੀਂ ਅਧਿਆਪਕਾਂ ਦੇ ਹੁਨਰ ਨਿਖਾਰਨ ਅਤੇ ਉਨ੍ਹਾਂ ਨੂੰ ਪੇਸ਼ੇਵਰ ਉਤਮਤਾ ਲਈ ਸਸ਼ਕਤ ਬਣਾਉਣ ਦੇ ਯਤਨਾਂ ਨੂੰ ਲਗਾਤਾਰ ਅੱਗੇ ਵਧਾ ਰਹੀ ਹੈ।

ਕੋਰਸ ਕੋਆਰਡੀਨੇਟਰ ਡਾ. ਮਨਜਿੰਦਰ ਸਿੰਘ ਨੇ ਕੋਰਸ ਵਿੱਚ ਸ਼ਾਮਲ ਭਾਗੀਦਾਰਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਡਿਪਟੀ ਡਾਇਰੈਕਟਰ ਡਾ. ਰੇਖਾ ਹਾਂਡਾ ਨੇ ਸੈਸ਼ਨ ਦਾ ਸੰਚਾਲਨ ਕਰਦਿਆਂ ਟ੍ਰੇਨਿੰਗ ਦੇ ਉਦੇਸ਼ਾਂ ਅਤੇ ਕੇਂਦਰ ਦੇ ਲਗਾਤਾਰ ਯਤਨਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕੇਂਦਰ ਦੀਆਂ ਖੂਬੀਆਂ, ਵਧ ਰਹੀ ਕਾਰਗੁਜ਼ਾਰੀ, ਢਾਂਚੇ ਅਤੇ ਪਹਿਲਕਦਮੀਆਂ ਉੱਤੇ ਵੀ ਚਾਨਣਾ ਪਾਇਆ। ਸਮਾਗਮ ਦੇ ਅੰਤ ਵਿੱਚ ਡਾ. ਹਾਂਡਾ ਨੇ ਵਾਈਸ ਚਾਂਸਲਰ, ਮਹਿਮਾਨਾਂ ਅਤੇ ਭਾਗੀਦਾਰਾਂ ਦਾ ਧੰਨਵਾਦ ਕੀਤਾ।

# ਫੀਜ਼ਿਕਸ ਓਲੰਪਿਆਡ 'ਚ ਭਾਰਤ ਨੇ ਜਿੱਤੇ 5 ਗੋਲਡ

**ਨਵੀਂ ਦਿੱਲੀ:**ਕੋਲੰਬੀਆ 'ਚ ਕਰਵਾਏ 56ਵੇਂ ਅੰਤਰਰਾਸ਼ਟਰੀ ਫੀਜ਼ਿਕਸ ਓਲੰਪਿਆਡ 2026 'ਚ ਭਾਰਤ ਦੀ ਪੰਜ ਮੈਂਬਰੀ ਟੀਮ ਨੇ ਯੋਗਤਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸਾਰੇ ਪੰਜ ਗੋਲਡ ਮੈਡਲ ਜਿੱਤੇ। ਇਸ ਇਤਿਹਾਸਕ ਪ੍ਰਦਰਸ਼ਨ ਦੇ ਨਾਲ ਭਾਰਤ ਨੇ ਚੀਨ, ਕਜ਼ਾਕਿਸਤਾਨ, ਰੂਸ, ਦੱਖਣੀ ਕੋਰੀਆ ਤੇ ਤਾਇਨਵਾਨ ਦੇ ਨਾਲ ਸਾਂਝੇ ਤੌਰ 'ਤੇ ਸਿਖਰਲਾ ਸਥਾਨ ਹਾਸਲ ਕੀਤਾ। ਇਹ ਚੈਂਪੀਅਨਸ਼ਿਪ ਛੇ ਜੁਲਾਈ ਤੋਂ 14 ਜੁਲਾਈ 2026 ਤੱਕ ਕਰਵਾਈ ਜਾ ਰਹੀ ਹੈ। ਇਸ 'ਚ 87 ਦੇਸ਼ਾਂ ਦੇ 381 ਵਿਦਿਆਰਥੀਆਂ ਨੇ ਹਿੱਸਾ ਲਿਆ। ਗੋਲਡ ਮੈਡਲ ਜੇਤੂ ਭਾਰਤੀ ਵਿਦਿਆਰਥੀਆਂ 'ਚ ਪੁਣੇ ਤੋਂ ਕਨਿਸ਼ਕ ਜੈਨ, ਇੰਦੌਰ ਤੋਂ ਰਿੱਦਧੇਸ਼ ਅਨੰਤ ਬੇਂਡਾਲੇ, ਦਵਾਰਕਾ ਨਵੀਂ ਦਿੱਲੀ ਤੋਂ ਰਿਸ਼ਿਤ ਗਰਗ, ਮੁੰਬਈ ਤੋਂ ਸ਼੍ਰੇਸ਼ਠ ਸੁਰੈਯਾ ਤੇ ਅਹਿਮਦਾਬਾਦ ਤੋਂ ਸਵਰਿਤ ਜੋਸ਼ੀ ਸ਼ਾਮਲ ਹਨ।




# ਪਾਕਿਸਤਾਨ 'ਚ ਵੀ 'ਸਤਲੁਜ' 'ਤੇ ਛਿੜੀ ਬਹਿਸ

**ਚੰਡੀਗੜ੍ਹ:**ਫਿਲਮ 'ਸਤਲੁਜ ਨੂੰ ਲੈ ਕੇ ਹੁਣ ਪਾਕਿਸਤਾਨ 'ਚ ਵੀ ਬਹਿਸ ਤੇਜ਼ ਹੋ ਗਈ ਹੈ। ਬਹਿਸ ਦੀ ਸ਼ੁਰੂਆਤ ਉਥੇ ਦੇ ਸਾਬਕਾ ਸੂਚਨਾ ਮੰਤਰੀ ਤੇ ਪੀਟੀਆਈ ਆਗੂ ਫਵਾਦ ਚੌਧਰੀ ਦੇ ਸਵਾਲ ਤੋਂ ਹੋਈ ਜਿਸ 'ਚ ਉਨ੍ਹਾਂ ਨੇ ਪੁੱਛਿਆ ਕਿ ਪਾਕਿ 'ਚ ਇਹ ਫਿਲਮ ਕਿੱਥੇ ਦੇਖੀ ਜਾ ਸਕਦੀ ਹੈ। ਇਸ ਤੋਂ ਬਾਅਦ ਕਈ ਪਾਕਿ ਦੇ ਕਈ ਪੱਤਰਕਾਰਾਂ, ਆਗੂਆਂ ਤੇ ਸੋਸ਼ਲ ਮੀਡੀਆ ਯੂਜ਼ਰਸ ਨੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਤੇ ਪਾਕਿ ਸਰਕਾਰ ਤੋਂ ਫਿਲਮ ਦੀ ਸਕ੍ਰੀਨਿੰਗ ਕਰਵਾਉਣ ਦੀ ਮੰਗ ਕੀਤੀ ਹੈ। ਫਿਲਮ ਸਬੰਧੀ ਪਾਕਿ 'ਚ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਤੇ ਸੈਂਸਰਸ਼ਿਪ 'ਤੇ ਵੀ ਬਹਿਸ ਛਿੜ ਗਈ ਹੈ।ਲੋਕਾਂ ਨੇ ਸਵਾਲ ਕੀਤਾ ਕਿ ਪਾਕਿ ਨੂੰ ਫਿਲਮਾਂ ਪ੍ਰਤੀ ਇਹੋ ਹੀ ਵਤੀਰਾ ਅਪਣਾਉਣਾ ਚਾਹੀਦਾ ਹੈ।



# ਓਮਾਨ ਤੱਟ 'ਤੇ ਵਪਾਰਕ ਜਹਾਜ਼ 'ਤੇ ਹਮਲੇ ਦੀ ਭਾਰਤ ਨੇ ਕੀਤੀ ਨਿੰਦਾ

**ਨਵੀਂ ਦਿੱਲੀ:**ਭਾਰਤ ਨੇ ਓਮਾਨ ਤੱਟ ਦੇ ਨੇੜੇ ਵਪਾਰਕ ਜਹਾਜ਼ ਜੀਐੱਫਐੱਸ ਗਲੈਕਸੀ 'ਤੇ ਹੋਏ ਹਮਲੇ ਦੀ ਐਤਵਾਰ ਨੂੰ ਸਖ਼ਤ ਨਿੰਦਾ ਕੀਤੀ ਅਤੇ ਕਿਹਾ ਕਿ ਖੇਤਰ ਵਿਚ ਵਪਾਰਕ ਜਹਾਜ਼ਾਂ ਅਤੇ ਨਾਗਰਿਕ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਘਟਨਾਵਾਂ ਤੁਰੰਤ ਬੰਦ ਹੋਣੀਆਂ ਚਾਹੀਦੀਆਂ ਹਨ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਜਹਾਜ਼ 'ਤੇ ਸਵਾਰ 11 ਭਾਰਤੀਆਂ ਵਿੱਚੋਂ 10 ਨੂੰ ਸੁਰੱਖਿਅਤ ਬਚਾ ਲਿਆ ਗਿਆ ਹੈ, ਜਦਕਿ ਇਕ ਭਾਰਤੀ ਅਜੇ ਵੀ ਲਾਪਤਾ ਹੈ। ਦੂਜੇ ਪਾਸੇ, ਓਮਾਨ ਨੇ ਦੱਸਿਆ ਕਿ ਜਹਾਜ਼ ਤੋਂ ਕੁੱਲ 23 ਲੋਕਾਂ ਨੂੰ ਬਚਾਇਆ ਗਿਆ ਹੈ। ਵਿਦੇਸ਼ ਮੰਤਰਾਲੇ ਨੇ ਬਿਆਨ ਵਿਚ ਕਿਹਾ ਕਿ ਓਮਾਨ ਸਥਿਤ ਭਾਰਤੀ ਦੂਤਘਰ ਪੂਰੇ ਘਟਨਾਕ੍ਰਮ 'ਤੇ ਨਿਗਰਾਨੀ ਰੱਖ ਰਿਹਾ ਹੈ ਅਤੇ ਭਾਲ ਅਤੇ ਬਚਾਅ ਮੁਹਿੰਮ ਵਿਚ ਓਮਾਨੀ ਅਧਿਕਾਰੀਆਂ ਨਾਲ ਲਗਾਤਾਰ ਸਹਿਯੋਗ ਕਰ ਰਿਹਾ ਹੈ। ਮੰਤਰਾਲੇ ਨੇ ਇਸ ਮੁਹਿੰਮ ਵਿਚ ਸਹਿਯੋਗ ਲਈ ਓਮਾਨ ਸਰਕਾਰ ਦਾ ਧੰਨਵਾਦ ਵੀ ਕੀਤਾ। ਐੱਮਈਏ ਨੇ ਕਿਹਾ ਕਿ ਖੇਤਰ ਵਿਚ ਵਪਾਰਕ ਜਹਾਜ਼ਾਂ 'ਤੇ ਲਗਾਤਾਰ ਹੋ ਰਹੇ ਹਮਲੇ ਗੰਭੀਰ ਚਿੰਤਾ ਦਾ ਵਿਸ਼ਾ ਹਨ। ਭਾਰਤ ਨੇ ,ਤਣਾਅ ਨੂੰ ਤੁਰੰਤ ਘਟਾਉਣ ਅਤੇ ਚੱਲ ਰਹੀਆਂ ਗੱਲਬਾਤਾਂ ਨੂੰ ਜਲਦੀ ਕੂਟਨੀਤਕ ਹੱਲ ਤੱਕ ਪਹੁੰਚਾਉਣ ਦੀ ਅਪੀਲ ਕੀਤੀ, ਤਾਂ ਜੋ ਖੇਤਰ ਵਿਚ ਸ਼ਾਂਤੀ ਅਤੇ ਸਥਿਰਤਾ ਵਾਪਸ ਆ ਸਕੇ।ਭਾਰਤ ਨੇ ਇਹ ਵੀ ਕਿਹਾ ਕਿ ਅੰਤਰਰਾਸ਼ਟਰੀ ਜਲਮਾਰਗਾਂ ਵਿਚ ਵਪਾਰਕ ਜਹਾਜ਼ਾਂ ਅਤੇ ਨਾਗਰਿਕ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਘਟਨਾਵਾਂ ਬੰਦ ਹੋਣੀਆਂ ਚਾਹੀਦੀਆਂ ਹਨ। ਅੰਤਰਰਾਸ਼ਟਰੀ ਕਾਨੂੰਨ ਮੁਤਾਬਕ ਖੇਤਰ ਵਿਚ ਬੇਰੋਕ ਸਮੁੰਦਰੀ ਆਵਾਜਾਈ ਅਤੇ ਵਪਾਰ ਜਲਦ ਤੋਂ ਜਲਦ ਵਾਪਸ ਲਿਆਉਣਾ ਚਾਹੀਦਾ ਹੈ।



# ਅਦਾਲਤ ਵੱਲੋਂ ਸਿਹਤ ਮੰਤਰੀ ਸਣੇ ਪੰਜ ਨੂੰ ਸੰਮਨ

**ਪਟਿਆਲਾ**:ਸਾਬਕਾ 'ਆਪ' ਮਹਿਲਾ ਆਗੂ ਸ਼ਵੇਤਾ ਜਿੰਦਲ ਦੀ ਪਟੀਸ਼ਨ 'ਤੇ ਪਟਿਆਲਾ ਦੀ ਅਦਾਲਤ ਨੇ ਸਿਹਤ ਮੰਤਰੀ ਡਾ. ਬਲਬੀਰ ਸਿੰਘ, ਉਨ੍ਹਾਂ ਦੇ ਪੁੱਤਰ ਰਾਹੁਲ ਸੈਣੀ, ਸਿਹਤ ਮੰਤਰੀ ਦੇ ਦਫ਼ਤਰ ਇੰਚਾਰਜ ਜਸਬੀਰ ਗਾਂਧੀ,




ਵਾਰਡ ਨੰਬਰ 14 ਦੇ ਕੌਂਸਲਰ ਗੁਰਕਿਰਪਾਲ ਸਿੰਘ ਤੇ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਨੂੰ 20 ਜੁਲਾਈ ਨੂੰ ਪੇਸ਼ ਹੋਣ ਦੇ ਹੁਕਮ ਦਿੱਤੇ ਹਨ। ਓਧਰ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਇੱਕ ਪ੍ਰੋਗਰਾਮ ਦੌਰਾਨ ਸੰਮਨ ਬਾਰੇ ਕਿਹਾ ਕਿ ਉਨ੍ਹਾਂ ਖ਼ਿਲਾਫ਼ ਅਦਾਲਤ 'ਚ ਦਾਖ਼ਲ ਕੀਤੀ ਗਈ ਪਟੀਸ਼ਨ ਸਿਆਸਤ ਤੋਂ ਪ੍ਰੇਰਿਤ ਹੈ। ਅਦਾਲਤ 'ਚ ਉਨ੍ਹਾਂ ਵੱਲੋਂ ਵੀ ਵਕੀਲ ਪੇਸ਼ ਹੋਣਗੇ ਤੇ ਉਨ੍ਹਾਂ ਨੂੰ ਅਦਾਲਤ 'ਤੇ ਪੂਰਾ ਭਰੋਸਾ ਹੈ ਕਿ ਉਨ੍ਹਾਂ ਨੂੰ ਇਨਸਾਫ਼ ਮਿਲੇਗਾ।

# ਬੀਬੀ ਖਾਲੜਾ ਵਲੋਂ ਲੋਕ ਕਮਿਸ਼ਨ ਦੇ ਗਠਨ ਦੀ ਮੰਗ

## ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਕੀਤੀ ਅਪੀਲ

**ਤਰਨ ਤਾਰਨ:**ਮਨੁੱਖੀ ਅਧਿਕਾਰਾਂ ਦੀ ਲੜਾਈ ਲੜਦੇ ਆਪਣੀ ਜਾਨ ਗਵਾਉਣ ਵਾਲੇ ਭਾਈ ਜਸਵੰਤ' ਸਿੰਘ ਖਾਲੜਾ ਦੀ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੇ ਜਿਥੇ ਕੌਮ ਦੇ ਨਾਂਅ ਇਕ ਭਾਵੁਕ ਸੰਦੇਸ਼ ਜਾਰੀ ਕੀਤਾ ਹੈ, ਉਥੇ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਬੇਨਤੀ ਕੀਤੀ ਹੈ. ਕਿ ਉਹ ਪੰਜਾਬ ਵਿਚ 80 ਅਤੇ 90 ਦੇ ਦਹਾਕਿਆਂ ਦੌਰਾਨ ਲਾਪਤਾ ਕੀਤੇ ਗਏ ਲੋਕਾਂ, ਲਾਵਾਰਿਸਾਂ ਲਾਸ਼ਾਂ ਅਤੇ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ ਲੋਕਾਂ ਦੀ ਅਸਲ ਗਿਣਤੀ ਸਾਹਮਣੇ ਲਿਆਉਣ ਲਈ ਇਕ ਲੋਕ



ਕਮਿਸ਼ਨ ਦਾ ਗਠਨ ਕਰਵਾਉਣ ਅਤੇ ਅਣਪਛਾਤੀਆਂ ਲਾਸ਼ਾਂ, ਜਿਨ੍ਹਾਂ ਦੀ ਪਛਾਣ ਜਸਵੰਤ ਸਿੰਘ ਖਾਲੜਾ ਨੇ ਆਪਣੀ ਸ਼ਹਾਦਤ ਨਾਲ ਕੀਤੀ, ਨੂੰ ਕੇਂਦਰੀ ਸਿੱਖ ਅਜਾਇਬ ਘਰ ਵਿਚ ਉਨ੍ਹਾਂ ਨੂੰ ਬਣਦਾ ਸਤਿਕਾਰ ਦਿੱਤਾ। ਜਾਵੇ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਉਨ੍ਹਾਂ ਪੀੜਤ ਪਰਿਵਾਰਾਂ ਦੀ ਮਾਲੀ ਮਦਦ ਵੀ ਕਰੇ। ਮੈਂ ਪੰਜਾਬ, ਸਮੁੱਚੇ ਸਿੱਖ ਪੰਥ ਅਤੇ ਦੁਨੀਆਂ ਭਰ ਦੇ . ਲੋਕ, ਜੋ ਮਨੁੱਖੀ ਹੱਕਾਂ 'ਤੇ ਨਿਆਂ ਵਿਚ ਵਿਸ਼ਵਾਸ ਰੱਖਦੇ ਹਨ, ਸੱਚ ਨੂੰ ਲੱਭਣ ਲਈ ਇਕਜੁੱਟ ਹੋ ਕੇ ਹੰਭਲਾ ਮਾਰਨ ਦਾ ਤਰਲਾ ਕਰਦੀ ਹਾਂ।

### ਕਿਹਾ, ਭਵਿੱਖ ਵਿਚ ਕੋਈ ਵੀ ਚੋਣ ਨਹੀਂ ਲੜੇਗੀ ਬੀਬੀ ਪਰਮਜੀਤ ਕੌਰ ਖਾਲੜਾ

ਬੀਬੀ ਪਰਮਜੀਤ ਕੌਰ ਖਾਲੜਾ, ਜੋ ਕਿ ਹਲਕਾ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਦੀ ਚੋਣ ਲੜ ਚੁੱਕੇ ਹਨ ਅਤੇ ਉਨ੍ਹਾਂ ਨੂੰ ਜਿੱਤ ਨਸੀਬ ਨਹੀਂ ਹੋਈ ਸੀ। ਮੌਜੂਦਾ ਹਾਲਾਤ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਸੰਬੰਧੀ ਬੀਬੀ ਖਾਲੜਾ ਨੇ ਸਪੱਸ਼ਟ ਕੀਤਾ ਕਿ ਉਹ ਭਵਿੱਖ ਵਿਚ ਕਿਸੇ ਵੀ ਤਰ੍ਹਾਂ ਦੀ ਚੋਣ ਨਹੀਂ ਲੜੇਗੀ, ਜਿਸ ਨਾਲ ਵੱਖ-ਵੱਖ ਸਿਆਸੀ ਅਤੇ ਧਾਰਮਿਕ ਜਥੇਬੰਦੀਆਂ ਵਿਚ ਬੀਬੀ ਖਾਲੜਾ ਦੇ ਵਿਧਾਨ ਸਭਾ ਚੋਣਾਂ ਲੜਨ ਦੀਆਂ ਲਗਾਈਆਂ ਜਾ ਰਹੀਆਂ ਕਿਆਸ ਅਰਾਈਆਂ ਨੂੰ ਵਿਸ਼ਰਾਮ ਚਿੰਨ੍ਹ ਲੱਗ ਗਿਆ ਹੈ।

# ਆਖ਼ਰ ਕਿੱਥੇ ਗਿਆ ਡੀ.ਐਸ.ਪੀ ਜਸਪਾਲ ਸਿੰਘ?

## ਪੈਰੋਲ ਤੋਂ ਵਾਪਸ ਜੇਲ੍ਹ ਨਾ ਪਰਤਣ 'ਤੇ 3 ਸਾਲਾਂ ਬਾਅਦ ਸ਼ੁਰੂ ਹੋਈ ਭਾਲ

**ਚੰਡੀਗੜ੍ਹ:**ਪੰਜਾਬ ਦੇ ਖਾੜਕੂਵਾਦ ਵਿਰੋਧੀ ਦੌਰ ਦੀ ਗੱਲ ਹੁੰਦੀ ਹੈ ਤਾਂ ਤਰਨਤਾਰਨ ਦੇ ਸਾਬਕਾ ਸੀਨੀਅਰ ਪੁਲਿਸ ਕਪਤਾਨ (ਐਸ.ਐਸ.ਪੀ.) ਅਜੀਤ ਸਿੰਘ ਸੰਧੂ ਦਾ ਨਾਂਅ ਸਭ ਤੋਂ ਵੱਧ ਵਿਵਾਦਾਂ ਨਾਲ ਜੁੜੇ ਪੁਲਿਸ ਅਧਿਕਾਰੀਆਂ ਵਿਚ ਲਿਆ ਜਾਂਦਾ ਹੈ। ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਅਗਵਾ ਅਤੇ ਕਤਲ ਮਾਮਲੇ ਵਿਚ ਉਨ੍ਹਾਂ ਦਾ ਨਾਂਅ ਸਾਹਮਣੇ ਆਉਣ ਤੋਂ ਬਾਅਦ ਉਹ ਕੌਮੀ ਪੱਧਰ 'ਤੇ ਚਰਚਾ ਦਾ ਕੇਂਦਰ ਬਣੇ। ਭਾਵੇਂ 1997 'ਚ ਉਨ੍ਹਾਂ ਖ਼ੁਦਕੁਸ਼ੀ ਕਰ ਲਈ ਸੀ, ਪਰ ਅੱਜ ਵੀ ਇਹ ਸਵਾਲ ਅਕਸਰ ਉੱਠਦਾ ਹੈ ਕਿ ਅਜੀਤ ਸਿੰਘ ਸੰਧੂ ਨਾਲ ਜੁੜੇ ਵਿਵਾਦਾਂ ਦਾ ਪੂਰਾ ਸੱਚ ਕੀ ਸੀ ਅਤੇ ਪੰਜਾਬ ਦੇ ਉਸ ਦੌਰ ਦੇ ਕਈ ਸਫ਼ੇ ਅਜੇ ਵੀ ਕਿਉਂ ਅਣਸੁਲਝੇ ਹਨ? ਖਾਲੜਾ ਕਤਲ ਕਾਂਡ 'ਚ ਪਟਿਆਲਾ ਦੀ ਸੀ. ਬੀ. ਆਈ ਅਦਾਲਤ ਨੇ 2005 'ਚ ਤਤਕਾਲੀ ਡੀ.ਐਸ.ਪੀ. ਜਸਪਾਲ ਸਿੰਘ ਅਤੇ ਏ.ਐੱਸ.ਆਈ ਅਮਰਜੀਤ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ।

ਐੱਸ.ਐੱਚ.ਓ ਸੁਰਿੰਦਰਪਾਲ ਸਿੰਘ, ਜਸਬੀਰ ਸਿੰਘ, ਸਤਨਾਮ ਸਿੰਘ ਅਤੇ ਹੈੱਡ ਕਾਂਸਟੇਬਲ ਪ੍ਰਿਥੀਪਾਲ ਸਿੰਘ ਨੂੰ ਸੱਤ-ਸੱਤ ਸਾਲ ਦੀ ਸਜ਼ਾ ਦਿੱਤੀ ਗਈ ਸੀ। ਬਾਅਦ ਵਿਚ ਪੰਜਾਬ ਅਤੇ ਹਰਿਆਣਾ . ਹਾਈ ਕੋਰਟ ਨੇ ਡੀ.ਐੱਸ.ਪੀ. ਜਸਪਾਲ ਸਿੰਘ ਦੀ ਉਮਰ ਕੈਦ ਦੀ ਸਜ਼ਾ ਨੂੰ ਬਰਕਰਾਰ ਰੱਖਿਆ, ਏ.ਐੱਸ.ਆਈ ਅਮਰਜੀਤ ਸਿੰਘ ਨੂੰ ਬਰੀ ਕਰ ਦਿੱਤਾ ਅਤੇ ਬਾਕੀ ਚਾਰ ਦੋਸ਼ੀਆਂ ਦੀ ਸਜ਼ਾ ਸੱਤ ਸਾਲ ਤੋਂ ਵਧਾ ਕੇ ਉਮਰ ਕੈਦ ਕਰ ਦਿੱਤੀ। ਇਸ ਤੋਂ ਬਾਅਦ ਸੁਪਰੀਮ ਕੋਰਟ ਨੇ ਵੀ ਇਸ ਮਾਮਲੇ ਨੂੰ ਬੇਹੱਦ ਗੰਭੀਰ ਅਤੇ ਘਿਣੌਣਾ- ਅਪਰਾਧ ਮੰਨਦਿਆਂ ਦੋਸ਼ੀਆਂ ਦੀ ਸਜ਼ਾ ਨੂੰ ਬਰਕਰਾਰ ਰੱਖਿਆ ਅਤੇ ਸਪੱਸ਼ਟ ਕੀਤਾ ਕਿ ਉਹ ਕੁਦਰਤੀ ਮੌਤ ਤੱਕ ਉਮਰ ਕੈਦ ਦੀ ਸਜ਼ਾ ਭੁਗਤਣਗੇ। ਖਾਲੜਾ ਕਤਲ ਕਾਂਡ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਸਾਬਕਾ ਡੀ.ਐਸ.ਪੀ. ਜਸਪਾਲ ਸਿੰਘ ਦੀ ਆਖ਼ਰ 3 ਸਾਲਾਂ ਬਾਅਦ ਭਾਲ ਸ਼ੁਰੂ ਹੋ ਗਈ ਹੈ। ਨਾਭਾ ਓਪਨ ਐਗਰੀਕਲਚਰਲ ਜੇਲ੍ਹ ਪ੍ਰਸ਼ਾਸਨ ਨੇ ਰੁਟੀਨ ਤਸਦੀਕ ਦੌਰਾਨ ਉਨ੍ਹਾਂ ਦੇ ਨਾ ਮਿਲਣ ਤੋਂ ਬਾਅਦ ਪੰਜਾਬ ਪੁਲਿਸ ਨਾਲ ਸੰਪਰਕ ਕੀਤਾ ਹੈ। ਦੱਸ



*ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ, ਤਤਕਾਲੀ ਡੀ.ਐਸ.ਪੀ. ਜਸਪਾਲ ਸਿੰਘ*

ਦਈਏ ਕਿ ਜਸਪਾਲ ਸਿੰਘ ਨੂੰ ਮਈ 2023 ਵਿਚ ਇਕ ਲੱਖ ਰੁਪਏ ਦੇ ਨਿੱਜੀ ਮੁਚੱਲਕੇ 'ਤੇ ਰਿਹਾਈ ਮਿਲੀ ਸੀ। ਜੇਲ੍ਹ ਪ੍ਰਸ਼ਾਸਨ ਅਨੁਸਾਰ ਇਹ ਕਾਰਵਾਈ ਨਿਯਮਤ ਤਸਦੀਕ ਪ੍ਰਕਿਰਿਆ ਦਾ ਹਿੱਸਾ ਹੈ। ਸਭ ਤੋਂ ਵੱਡਾ ਸਵਾਲ ਇਹ ਉੱਠ ਰਿਹਾ ਹੈ ਕਿ ਜੇ ਜਸਪਾਲ ਸਿੰਘ 2023 ਤੋਂ ਜੇਲ੍ਹ ਵਾਪਸ ਨਹੀਂ ਪਰਤਿਆ ਤਾਂ ਉਸ ਦੀ ਭਾਲ ਤਿੰਨ ਸਾਲਾਂ ਬਾਅਦ ਹੀ ਕਿਉਂ ਸ਼ੁਰੂ ਹੋਈ? ਇਸ ਘਟਨਾਕ੍ਰਮ ਨੇ ਜੇਲ੍ਹ ਪ੍ਰਸ਼ਾਸਨ ਅਤੇ ਪੁਲਿਸ ਪ੍ਰਣਾਲੀ ਦੀ ਕਾਰਗੁਜ਼ਾਰੀ 'ਤੇ ਵੀ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਉਸ ਦੀ ਭਾਲ ਹੁਣ ਸ਼ੁਰੂ ਹੋਈ ਹੈ। ਨਾਭਾ ਓਪਨ ਐਗਰੀਕਲਚਰਲ ਜੇਲ੍ਹ ਪ੍ਰਸ਼ਾਸਨ ਨੇ ਰੁਟੀਨ ਤਸਦੀਕ ਦੌਰਾਨ ਉਸ ਦੇ ਨਾ ਮਿਲਣ ਤੋਂ ਬਾਅਦ ਪੰਜਾਬ ਪੁਲਿਸ ਨਾਲ ਸੰਪਰਕ ਕੀਤਾ ਹੈ। ਇਸ ਦੇ ਬਾਵਜੂਦ, ਇੱਕ ਹੋਰ ਵੱਡਾ ਸਵਾਲ ਇਹ ਉੱਠ ਰਿਹਾ ਹੈ ਕਿ ਅਜਿਹੇ ਗੰਭੀਰ ਅਪਰਾਧ ਵਿਚ ਦੋਸ਼ੀ 'ਕਰਾਰ ਦਿੱਤੇ ਗਏ ਡੀ.ਐੱਸ.ਪੀ. ਜਸਪਾਲ ਸਿੰਘ ਨੂੰ ਨਾਭਾ ਓਪਨ ਐਗਰੀਕਲਚਰਲ ਜੇਲ੍ਹ ਵਿਚ ਕਿਸ ਆਧਾਰ 'ਤੇ ਭੇਜਿਆ ਗਿਆ। ਜੇਲ੍ਹ ਨਿਯਮਾਂ ਅਨੁਸਾਰ ਓਪਨ ਜੇਲ੍ਹਾਂ ਵਿਚ ਆਮ ਤੌਰ 'ਤੇ ਚੰਗੇ ਵਤੀਰੇਂ ਵਾਲੇ ਅਤੇ ਘੱਟ ਜੋਖ਼ਮ ਵਾਲੇ ਕੈਦੀਆਂ ਨੂੰ ਰੱਖਿਆ ਜਾਂਦਾ ਹੈ। ਸੂਤਰਾਂ ਮੁਤਾਬਕ 2025 ਦੌਰਾਨ ਜਸਪਾਲ ਸਿੰਘ ਵਲੋਂ ਜੇਲ੍ਹ ਸੁਪਰਡੈਂਟ ਨਾਲ ਸੰਪਰਕ ਵੀ ਕੀਤਾ ਗਿਆ ਸੀ। ਜੇਕਰ ਇਹ ਤੱਥ ਸਹੀ ਹਨ ਤਾਂ ਫਿਰ ਇਹ ਸਵਾਲ ਹੋਰ ਵੀ ਗੰਭੀਰ ਹੋ ਜਾਂਦਾ ਹੈ ਕਿ ਉਸ ਸਮੇਂ ਉਸ ਨੂੰ ਹਿਰਾਸਤ ਵਿਚ ਕਿਉਂ ਨਹੀਂ ਲਿਆ ਗਿਆ।

ਮਾਮਲੇ ਦਾ ਇਕ ਹੋਰ ਹੈਰਾਨ ਕਰਨ ਵਾਲਾ ਪੱਖ ਇਹ ਵੀ ਹੈ ਕਿ ਉਪਲਬਧ ਜਾਣਕਾਰੀ ਅਨੁਸਾਰ ਜੇਲ੍ਹ ਜਾਂ ਪੁਲਿਸ ਵਿਭਾਗ ਦੇ ਰਿਕਾਰਡ ਵਿਚ ਅਜੇ ਤੱਕ ਜਸਪਾਲ ਸਿੰਘ ਨੂੰ ਅਧਿਕਾਰਤ ਤੌਰ 'ਤੇ ਭਗੌੜਾ ਕਰਾਰ ਨਹੀਂ ਦਿੱਤਾ ਗਿਆ। ਇਸ ਕਾਰਨ ਇਹ ਸਵਾਲ ਵੀ ਉੱਠ ਰਿਹਾ ਹੈ ਕਿ ਜਦੋਂ ਕੋਈ ਸਜ਼ਾਯਾਫ਼ਤਾ ਕੈਦੀ ਨਿਰਧਾਰਿਤ ਸਮੇਂ 'ਤੇ ਵਾਪਸ ਨਹੀਂ ਪਰਤਦਾ। ਤਾਂ ਕਾਨੂੰਨੀ ਕਾਰਵਾਈ ਵਿਚ ਇੰਨੀ ਦੇਰੀ ਕਿਉਂ ਹੋਈ। ਦੂਜੇ ਪਾਸੇ, ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਆਧਾਰਿਤ ਫ਼ਿਲਮ 'ਸਤਲੁਜ' ਨੂੰ ਲੈ ਕੇ ਛਿੜੇ ਵਿਵਾਦ ਨੇ ਵੀ ਇਸ ਪੂਰੇ ਮਾਮਲੇ ਨੂੰ ਮੁੜ ਸੁਰਖੀਆਂ ਵਿਚ ਲਿਆ ਦਿੱਤਾ ਹੈ। ਇਸ ਕਾਰਨ ਪੰਜਾਬ ਦੇ ਉਸ ਦੌਰ ਦੀਆਂ ਘਟਨਾਵਾਂ ਅਤੇ ਅਦਾਲਤੀ ਕਾਰਵਾਈ ਇਕ ਵਾਰ ਫਿਰ ਚਰਚਾ ਦਾ ਵਿਸ਼ਾ ਬਣ ਗਈਆਂ ਹਨ।

# ਬਿੱਟੂ ਦੀ ਤਲਖ਼ੀ ਨੇ ਕਸੂਤੇ ਫਸਾਏ ਭਾਜਪਾਈ

**ਚੰਡੀਗੜ੍ਹ:**ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਬਣੀ ਫ਼ਿਲਮ 'ਸਤਲਜ ਨੂੰ ਲੈ ਕੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਲਗਾਤਾਰ ਹਮਲਾਵਰ ਹੋ ਰਹੇ ਹਨ। ਬਿੱਟੂ ਪੁਲਿਸ ਅਧਿਕਾਰੀਆਂ, ਪੁਲਿਸ ਪ੍ਰਸ਼ਾਸਨ ਦੀ ਪਿੱਠ ਥਾਪੜ ਰਹੇ ਹਨ। ਸਤਲੁਜ ਦੇ ਸਕਰੀਨ ਤੇ ਆਉਣ ਬਾਅਦ ਜਿੱਥੇ ਭਾਜਪਾ ਦੇ ਸੀਨੀਅਰ ਆਗੂਆਂ ਨੇ ਅਜੇ ਤੱਕ ਚੁੱਪੀ ਧਾਰ ਰੱਖੀ ਹੈ, ਉਥੇ ਸਿੱਖ ਆਗੂਆਂ 'ਚ ਅੰਦਰੂਨੀ ਮਤਭੇਦ ਉਭਰਨ ਲੱਗੇ ਹਨ। ਇਹ ਭਾਜਪਾ ਦੀ ਚੋਣ ਰਣਨੀਤੀ ਦਾ ਹਿੱਸਾ ਹੈ ਜਾਂ ਨਹੀ, ਪਰ ਭਾਜਪਾ ਵਿਚ ਸ਼ਾਮਲ ਸਿੱਖ ਆਗੂਆਂ ਨੇ ਬਿੱਟੂ ਦੀ ਵੱਧ ਰਹੀ ਤਲਖੀ ਨੂੰ ਦੇਖਦੇ ਹੋਏ ਸੰਜਮ ਵਰਤਣ ਦੀ ਸਲਾਹ ਦਿੱਤੀ ਹੈ।ਬਿੱਟੂ ਦੇ ਹਮਲਾਵਰ ਰੁਖ਼ ਨੇ ਪੰਜਾਬ ਭਾਜਪਾ ਦੇ ਆਗੂਆਂ ਲਈ ਮੁਸ਼ਕਲ ਖੜ੍ਹੀ ਕਰ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ, ਆਮ ਆਦਮੀ ਪਾਰਟੀ, ਸਮੇਤ ਕਈ ਧਿਰਾਂ ਦੇ ਆਗੂ ਇਸ ਮੁੱਦੇ 'ਤੇ ਭਾਜਪਾ ਨੂੰ ਘੇਰ ਰਹੇ ਹਨ। ਇਹੀ ਨਹੀ ਇੰਟਰਨੈੱਟ ਮੀਡੀਆ 'ਤੇ ਵੀ ਬਿੱਟੂ ਦੀ ਸਖ਼ਤ ਆਲੋਚਨਾਂ ਹੋ ਰਹੀ ਹੈ। ਇਸ ਦੇ ਬਾਵਜੂਦ ਉਨ੍ਹਾਂ ਸਖ਼ਤ ਰੁਖ਼ ਅਖਤਿਆਰ ਕੀਤਾ ਹੋਇਆ ਹੈ।



ਰਵਨੀਤ ਬਿੱਟੂ 25 ਹਜ਼ਾਰ ਲਾਸ਼ਾਂ ਦੇ ਅੰਕੜੇ 'ਤੇ ਸਵਾਲ ਚੁੱਕ ਰਹੇ ਹਨ। ਉਨ੍ਹਾਂ ਅਦਾਕਾਰ ਦਿਲਜੀਤ ਦੁਸਾਂਝ ਨੂੰ ਚੁਣੌਤੀ ਦਿੰਦਿਆਂ 25 ਹਜ਼ਾਰ ਲਾਸ਼ਾਂ ਦੇ ਦਸਤਾਵੇਜ਼ੀ ਸਬੂਤ ਪੇਸ਼ ਕਰਨ ਦੀ ਚੁਣੌਤੀ ਦਿੱਤੀ ਹੈ। ਭਾਜਪਾ ਦੇ ਸੀਨੀਅਰ ਆਗੂ ਅਤੇ ਸੰਸਦੀ ਬੋਰਡ ਦੇ ਮੈਂਬਰ ਇਕਬਾਲ ਸਿੰਘ ਲਾਲਪੁਰਾ ਨੇ ਰਵਨੀਤ ਬਿੱਟੂ ਦੇ ਬਿਆਨਾਂ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਹਰੇਕ ਇਨਸਾਨ ਨੂੰ ਆਪਣੇ ਦਾਇਰੇ ਵਿਚ ਰਹਿਣਾ ਚਾਹੀਦਾ ਹੈ। ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਕਿਹਾ ਹੈ ਕਿ ''ਮੈਨੂੰ ਫਿਲਮ ਸਤਲੁਜ ਨੂੰ ਲੈ ਕੇ ਹਾਲ 'ਚ ਹੋਏ ਵਿਵਾਦ ਤੋਂ ਬਹੁਤ ਦੁੱਖ ਹੋਇਆ ਹੈ। ਉਨ੍ਹਾਂ ਕਿਹਾ ਕਿ ਫਿਲਮ ਪੰਜਾਬ ਦੇ ਇਤਿਹਾਸ ਦੇ ਇੱਕ ਖਾਸ ਅਧਿਆਏ ਨੂੰ ਦਰਸਾਉਂਦੀ ਹੈ ਜੋ ਲਾਪਤਾ ਹੋਏ ਨੌਜਵਾਨਾ, ਫਰਜ਼ੀ ਮੁਕਾਬਲਿਆਂ, ਗੈਰ-ਨਿਆਂਇਕ ਕਤਲਾਂ ਅਤੇ ਰਿਸ਼ਤੇਦਾਰਾਂ ਨੂੰ ਦੱਸੇ ਬਿਨਾਂ ਨਾਜਾਇਜ ਸਸਕਾਰ ਕੀਤੇ ਜਾਣ ਨਾਲ ਸਬੰਧਤ ਹੈ। ਉਨ੍ਹਾਂ ਕਿਹਾ ਕਿ ਇਤਿਹਾਸਕ ਘਟਨਾਵਾਂ 'ਤੇ ਆਧਾਰਿਤ ਕਿਸੇ ਵੀ ਫਿਲਮ ਨੂੰ ਕਿਸੇ ਖਾਸ ਵਿਸ਼ੇ ਦੀ ਕਲਾਤਮਕ ਵਿਆਖਿਆ ਵਜੋਂ ਦੇਖਿਆ ਜਾਣਾ ਚਾਹੀਦਾ ਹੈ ਅਤੇ ਪੁਰਾਣੇ ਜ਼ਖ਼ਮਾਂ ਨੂੰ ਦੁਬਾਰਾ ਖੋਲ੍ਹਣ ਜਾਂ ਨਵੀਆਂ ਵੰਡੀਆਂ ਪੈਦਾ ਕਰਨ ਦਾ ਜ਼ਰੀਆ ਨਹੀਂ ਬਣਨਾ ਚਾਹੀਦਾ।

ਸਾਹਨੀ ਨੇ ਕਿਹਾ ਕਿ ਖਾਲੜਾ ਨੇ ਸੰਵਿਧਾਨ ਦੇ ਦਾਇਰੇ ਵਿਚ ਰਹਿ ਕੇ ਅਦਾਲਤਾਂ ਵਿਚ ਪਟੀਸ਼ਨਾਂ ਦਾਇਰ ਕਰਨ ਸਮੇਤ ਸੰਵਿਧਾਨਕ ਅਤੇ ਕਾਨੂੰਨੀ ਤਰੀਕਿਆਂ ਰਾਹੀਂ ਹੀ ਲਾਪਤਾ ਨੌਜਵਾਨਾਂ ਅਤੇ ਗੈਰ-ਕਾਨੂੰਨੀ ਸਸਕਾਰ ਦੇ ਮੁੱਦੇ ਦੀ ਪੈਰਵੀ ਕੀਤੀ ਹੈ। ਹਰ ਪੰਜਾਬੀ ਨੂੰ ਫਿਲਮ ਦੇਖਣ ਦਾ ਮੌਕਾ ਮਿਲਿਆ ਹੈ, ਪੁਰਾਣੇ ਜ਼ਖ਼ਮਾਂ ਨੂੰ ਦੁਬਾਰਾ ਖੋਲ੍ਹਣ ਜਾਂ ਅਤੀਤ ਨੂੰ ਤਾਜ਼ਾ ਕਰਨ ਦੀ ਬਜਾਏ ਬਹਿਸ ਨੂੰ ਵਿਰਾਮ ਦਿੱਤਾ ਜਾਣਾ ਚਾਹੀਦਾ ਹੈ। ਉਧਰ ਐਡਵੋਕੇਟ ਸਰਬਜੀਤ ਸਿੰਘ ਬੈਂਸ ਦਾ ਕਹਿਣਾ ਹੈ ਕਿ ਫਿਲਮ ਵਿਚ ਉਹੀ ਦਿਖਾਇਆ ਗਿਆ ਹੈ, ਜੋ ਸੁਪਰੀਮ ਕੋਰਟ ਤੱਕ ਦਾ ਰਿਕਾਰਡ ਬਣਿਆ ਹੈ।

# 'ਸਤਲੁਜ' ਵਿਵਾਦ ਨੂੰ ਹੋਰ ਨਾ ਵਧਾਇਆ ਜਾਵੇ: ਡਾ. ਸਾਹਨੀ

**ਚੰਡੀਗੜ੍ਹ:** ਫ਼ਿਲਮ 'ਸਤਲੁਜ' ਨੂੰ ਲੈ ਕੇ ਉੱਠੇ ਵਿਵਾਦ ਦਰਮਿਆਨ ਰਾਜ ਸਭਾ ਮੈਂਬਰ ਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਡਾ.ਵਿਕਰਮਜੀਤ ਸਿੰਘ ਸਾਹਨੀ ਨੇ ਸੂਬੇ 'ਚ ਸ਼ਾਂਤੀ ਤੇ ਸਮਾਜਿਕ ਸਦਭਾਵਨਾ ਨੂੰ ਪਹਿਲ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਫ਼ਿਲਮ ਪੰਜਾਬ ਦੇ ਇਤਿਹਾਸ ਦੇ ਇਕ ਵਿਸ਼ੇਸ਼ ਦੌਰ ਦੀ ਕਲਾਤਮਕ ਪੇਸ਼ਕਾਰੀ ਹੈ ਅਤੇ ਇਸ ਨੂੰ ਬੇਲੋੜੇ ਵਿਵਾਦ ਦਾ ਵਿਸ਼ਾ ਬਣਾਉਣ ਦੀ ਬਜਾਏ ਇਤਿਹਾਸ ਤੋਂ ਸਬਕ ਲੈ ਕੇ ਅੱਗੇ ਵਧਣਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਤਿਹਾਸਕ ਘਟਨਾਵਾਂ 'ਤੇ ਆਧਾਰਿਤ ਕਿਸੇ ਵੀ ਫ਼ਿਲਮ ਨੂੰ ਇਕ ਕਲਾਤਮਕ ਵਿਆਖਿਆ ਵਜੋਂ ਹੀ ਦੇਖਿਆ ਜਾਣਾ ਚਾਹੀਦਾ ਹੈ, ਨਾ ਕਿ ਪੁਰਾਣੇ ਜ਼ਖ਼ਮਾਂ ਨੂੰ ਮੁੜ ਹਰਾ ਕਰਨ ਜਾਂ ਸਮਾਜ 'ਚ ਨਵੀਆਂ ਵੰਡੀਆਂ ਪੈਦਾ ਕਰਨ ਦੇ ਸਾਧਨ ਵਜੋਂ।



# ਖਾਲੜਾ ਦੀ ਯਾਦਗਾਰ ਲਈ ਐੱਮ.ਪੀ. ਖਾਲਸਾ ਵੱਲੋਂ 1 ਕਰੋੜ ਰੁਪਏ ਦੇਣ ਦਾ ਐਲਾਨ

**ਜੈਤੋ:**ਲੋਕ ਸਭਾ ਹਲਕਾ ਫਰੀਦਕੋਟ ਤੋਂ ਸੰਸਦ ਮੈਂਬਰ ਭਾਈ ਸਰਬਜੀਤ ਸਿੰਘ ਖਾਲਸਾ ਨੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਹਰੀਕੇ ਪੱਤਣ ਵਿਖੇ ਯਾਦਗਾਰ ਬਣਾਉਣ ਲਈ ਆਪਣੀ ਸੰਸਦੀ ਸਥਾਨਕ ਖੇਤਰ ਵਿਕਾਸ ਯੋਜਨਾ (ਐੱਮਪੀਲੈਡ) ਦੇ ਫੰਡ ਵਿੱਚੋਂ ਇੱਕ ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਯਾਦਗਾਰ ਲਈ ਜਲਦ ਸਰਕਾਰੀ ਜ਼ਮੀਨ ਮੁਹੱਈਆ ਕਰਵਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਭਾਈ ਜਸਵੰਤ ਸਿੰਘ ਖਾਲੜਾ ਨੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਅਤੇ ਸੱਚ ਤੇ ਨਿਆਂ ਲਈ ਆਪਣਾ ਜੀਵਨ ਕੁਰਬਾਨ ਕੀਤਾ, ਜਿਸ ਦਾ ਸੰਘਰਸ਼ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਸਰੋਤ ਹੈ। ਉਨ੍ਹਾਂ ਕਿਹਾ ਕਿ ਬਣਨ ਵਾਲੀ ਯਾਦਗਾਰ ਸਿਰਫ਼ ਯਾਦਗਾਰੀ ਸਥਾਨ ਨਹੀਂ, ਸਗੋਂ ਸੱਚ, ਨਿਆਂ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਕੀਤੇ ਗਏ ਸੰਘਰਸ਼ ਦੀ ਪ੍ਰੇਰਣਾ ਦਾ ਕੇਂਦਰ ਬਣੇਗੀ ਅਤੇ ਇਸ ਰਾਹੀਂ ਨੌਜਵਾਨ ਪੀੜ੍ਹੀ ਨੂੰ ਭਾਈ ਖਾਲੜਾ ਦੇ ਜੀਵਨ, ਵਿਚਾਰਾਂ ਅਤੇ ਕੁਰਬਾਨੀ



ਬਾਰੇ ਜਾਣਕਾਰੀ ਮਿਲੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਐੱਮਪੀਲੈਡ ਯੋਜਨਾ ਦੇ ਨਿਯਮਾਂ ਅਨੁਸਾਰ ਨਿੱਜੀ ਜ਼ਮੀਨ 'ਤੇ ਫੰਡ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ, ਇਸ ਲਈ ਯਾਦਗਾਰ ਦੇ ਨਿਰਮਾਣ ਲਈ ਸਰਕਾਰੀ ਜ਼ਮੀਨ ਉਪਲਬਧ ਕਰਵਾਉਣਾ ਜ਼ਰੂਰੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਪੰਜਾਬ ਸਰਕਾਰ ਲੋਕ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਜਲਦੀ ਫੈਸਲਾ ਲਵੇਗੀ। ਸੰਸਦ ਮੈਂਬਰ ਭਾਈ ਸਰਬਜੀਤ ਸਿੰਘ ਖਾਲਸਾ ਨੇ ਸਪੱਸ਼ਟ ਕੀਤਾ ਕਿ ਸੰਸਦੀ ਸਥਾਨਕ ਖੇਤਰ ਵਿਕਾਸ ਯੋਜਨਾ' (ਐੱਮਪੀਲੈਡ) ਦੇ ਨਿਯਮਾਂ ਅਨੁਸਾਰ ਨਿੱਜੀ ਜ਼ਮੀਨ 'ਤੇ ਫੰਡ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਇਸ ਲਈ ਹਰੀਕੇ ਪੱਤਣ ਵਿਖੇ ਭਾਈ ਜਸਵੰਤ ਸਿੰਘ ਖਾਲੜਾ ਦੀ ਯਾਦਗਾਰ ਦੇ ਨਿਰਮਾਣ ਲਈ ਪੰਜਾਬ ਸਰਕਾਰ ਵੱਲੋਂ ਸਰਕਾਰੀ ਜ਼ਮੀਨ ਮੁਹੱਈਆ ਕਰਵਾਉਣਾ ਲਾਜ਼ਮੀ ਹੈ। ਉਨ੍ਹਾਂ ਸਰਕਾਰ ਨੂੰ ਇਸ ਮਾਮਲੇ ਵਿੱਚ ਜਲਦੀ ਫੈਸਲਾ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਨਾਲ ਯਾਦਗਾਰ ਦੇ ਨਿਰਮਾਣ ਦਾ ਰਾਹ ਪੱਧਰਾ ਹੋ ਸਕੇਗਾ।

# ਕਾਸ਼ੀ, ਮਥੁਰਾ ਅਤੇ ਸੰਭਲ ਵਿਵਾਦ ਦੇ ਹੱਲ ਬਾਰੇ ਸੁਪਰੀਮ ਕੋਰਟ ਦੀ ਪਹਿਲ ਨੂੰ ਨਾਂਹ

## ਦੋਵਾਂ ਧਿਰਾਂ ਨੂੰ ਮਨਜ਼ੂਰ ਨਹੀਂ ਲੋਕ ਅਦਾਲਤ ਰਾਹੀਂ ਫ਼ੈਸਲਾ

**ਨਵੀਂ ਦਿੱਲੀ:** ਦੇਸ਼ ਦੇ ਤਿੰਨ ਸਭ ਤੋਂ ਵੱਡੇ ਧਾਰਮਿਕ ਵਿਵਾਦਾਂ ਸ੍ਰੀ ਕਾਸ਼ੀ ਵਿਸ਼ਵਨਾਥ-ਗਿਆਨਵਾਪੀ, ਮਥੁਰਾ ਕ੍ਰਿਸ਼ਣ ਜਨਮ ਅਸਥਾਨ-ਸ਼ਾਹੀ ਮਸਜਿਦ ਈਦਗਾਹ ਤੇ ਸੰਭਲ ਹਰੀਹਰ ਮੰਦਰ-ਜਾਮਾ ਮਸਜਿਦ ਵਿਵਾਦ ਨੂੰ ਆਪਸੀ ਸੁਲ੍ਹਾ ਸਮਝੌਤੇ ਦੇ ਜ਼ਰੀਏ ਨਿਪਟਾਉਣ ਦੀ ਜਾਗੀ ਉਮੀਦ ਸ਼ੁਰੂ 'ਚ ਹੀ ਖਤਮ ਹੁੰਦੀ ਦਿਸ ਰਹੀ ਹੈ। ਮੰਦਰ-ਮਸਜਿਦ ਦੋਵਾਂ ਧਿਰਾਂ ਨੇ ਆਪਸੀ ਸੁਲ੍ਹਾ-ਸਮਝੌਤੇ ਨਾਲ ਵਿਚੋਲਗੀ ਦੇ ਜ਼ਰੀਏ ਵਿਸ਼ੇਸ਼ ਲੋਕ ਅਦਾਲਤ 'ਚ ਇਨ੍ਹਾਂ ਵਿਵਾਦਾਂ ਨੂੰ ਹੱਲ ਕਰਨ ਦੀ ਸੁਪਰੀਮ ਕੋਰਟ ਦੀ ਪਹਿਲ ਨੂੰ ਨਾਮਨਜ਼ੂਰ ਕਰ ਦਿੱਤਾ ਹੈ। ਦੋਵੇਂ ਧਿਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਵਿਵਾਦ ਰਸਮੀ ਸੁਣਵਾਈ ਨਾਲ ਅਦਾਲਤ ਦੇ ਜ਼ਰੀਏ ਨਿਪਟਾਏ ਜਾਣੇ ਚਾਹੀਦੇ ਹਨ।ਸੁਪਰੀਮ ਕੋਰਟ ਮੈਗਾ ਲੋਕ ਅਦਾਲਤ ਨਿਪਟਾਰਾ ਸਮਾਗਮ 2026 ਕਰ ਰਿਹਾ ਹੈ।

ਇਸ ਤਹਿਤ 21, 22 ਤੇ 23 ਅਗਸਤ ਨੂੰ ਸੁਪਰੀਮ ਕੋਰਟ 'ਚ ਵਿਸ਼ੇਸ਼ ਲੋਕ ਅਦਾਲਤ ਲੱਗੇਗੀ, ਜਿਸ ਵਿਚ ਧਿਰਾਂ ਵਲੋਂ ਆਪਸੀ ਸੁਲ੍ਹਾ-ਸਮਝੌਤੇ ਨਾਲ ਕੇਸ ਨਿਪਟਾਏ ਜਾਣਗੇ। ਇਨ੍ਹਾਂ ਵਿਸ਼ੇਸ਼ ਲੋਕ ਅਦਾਲਤਾਂ 'ਚ ਸੁਲ੍ਹਾ-ਸਮਝੌਤੇ ਨਾਲ ਨਿਪਟਾਏ ਜਾ ਸਕਣ ਵਾਲੇ ਮੁਕੱਦਮਿਆਂ ਦੀ ਸੁਪਰੀਮ ਕੋਰਟ ਪਛਾਣ ਕਰਦਾ ਹੈ ਤੇ ਫਿਰ ਉਨ੍ਹਾਂ ਨੂੰ ਵਿਸ਼ੇਸ਼ ਅਦਾਲਤ 'ਚ ਨਿਪਟਾਉਣ ਲਈ ਧਿਰਾਂ ਨੂੰ ਪ੍ਰਸਤਾਵ ਭੇਜਿਆ ਜਾਂਦਾ ਹੈ। ਸੁਪਰੀਮ ਕੋਰਟ ਨੇ ਇਸੇ ਪੜਾਅ 'ਚ ਬਨਾਰਸ ਦੇ ਗਿਆਨਵਾਪੀ, ਮਥੁਰਾ ਦੇ ਸ੍ਰੀ ਕ੍ਰਿਸ਼ਣ ਜਨਮ ਅਸਥਾਨ-ਸ਼ਾਹੀ ਮਸਜਿਦ ਈਦਗਾਹ ਤੇ ਸੰਭਲ ਦੀ ਜਾਮਾ ਮਸਜਿਦ ਵਿਵਾਦ ਨੂੰ ਵੀ ਨਿਪਟਾਰਾ ਸਮਾਗਮ ਦੇ ਤਹਿਤ ਲੱਗਣ ਵਾਲੀ ਵਿਸ਼ੇਸ਼ ਲੋਕ ਅਦਾਲਤ 'ਚ ਸੁਲ੍ਹਾ- ਸਮਝੌਤੇ ਨਾਲ ਹੱਲ ਕਰਨ ਲਈ ਪਛਾਣਿਆ ਸੀ। ਸੁਪਰੀਮ ਕੋਰਟ ਨੇ ਇਸ ਸਬੰਧ 'ਚ ਧਿਰਾਂ ਨੂੰ ਨੋਟਿਸ ਭੇਜ ਕੇ ਸੂਚਿਤ ਕੀਤਾ ਸੀ ਕਿ ਉਨ੍ਹਾਂ ਦੇ ਮਾਮਲਿਆਂ ਨੂੰ



ਵੀ 21, 22 ਤੇ 23 ਅਗਸਤ ਨੂੰ ਸੁਪਰੀਮ ਕੋਰਟ 'ਚ ਹੋਣ ਵਾਲੀ ਵਿਸ਼ੇਸ਼ ਲੋਕ ਅਦਾਲਤ 'ਚ ਨਿਪਟਾਉਣ ਲਈ ਉਚਿਤ ਪਾਇਆ ਗਿਆ ਹੈ। ਇਸ ਦੇ ਨਾਲ ਹੀ ਧਿਰਾਂ ਨੂੰ ਇਕ ਤੈਅ ਤਰੀਕ ਦੇ ਕੇ ਕਿਹਾ ਗਿਆ ਸੀ ਕਿ ਉਕਤ ਤਰੀਕ 'ਤੇ ਉਹ ਪ੍ਰੀ-ਕੰਸੀਲੀਏਸ਼ਨ ਯਾਨੀ ਵਿਸ਼ੇਸ਼ ਲੋਕ ਅਦਾਲਤ 'ਚ ਵਿਵਾਦ ਨਿਪਟਾਉਣ ਤੋਂ ਪਹਿਲਾਂ ਆਪਸੀ ਵਿਚੋਲਗੀ ਤੇ ਸੁਲ੍ਹਾ-ਸਮਝੌਤੇ ਨਾਲ ਵਿਵਾਦ ਹੱਲ ਕਰਨ 'ਤੇ ਗੱਲਬਾਤ ਤੇ ਸਹਿਮਤੀ ਲਈ ਪੇਸ਼ ਹੋਣ। ਸੁਪਰੀਮ ਕੋਰਟ ਦੀ ਇਸ ਪਹਿਲ ਤੇ ਪ੍ਰਸਤਾਵ 'ਤੇ ਤਿੰਨਾਂ ਹੀ ਮਾਮਲਿਆਂ 'ਚ ਮੰਦਰ ਦੀ ਧਿਰ ਤੇ ਵਕੀਲ ਹਰੀਸ਼ੰਕਰ ਜੈਨ ਨਾਲ ਸੰਪਰਕ ਕੀਤਾ ਤੇ ਪੁੱਛਿਆ ਕਿ ਕੀ ਉਹ ਵਿਸ਼ੇਸ਼ ਲੋਕ ਅਦਾਲਤ 'ਚ ਵਿਵਾਦ ਦੇ ਹੱਲ ਦੇ ਪ੍ਰਸਤਾਵ 'ਤੇ ਸਹਿਮਤ ਹਨ ਤੇ ਉਸ ਵਿਚ ਹਿੱਸਾ ਲੈਣਗੇ ਤਾਂ ਹਰੀਸ਼ੰਕਰ ਜੈਨ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਪ੍ਰਸਤਾਵ ਮਨਜ਼ੂਰ ਨਹੀਂ ਹੈ ਤੇ ਉਹ ਲੋਕ ਅਦਾਲਤ 'ਚ ਵਿਵਾਦ ਨਿਪਟਾਰੇ ਲਈ ਹਿੱਸਾ ਲੈਣ ਲਈ ਨਹੀਂ ਜਾਣਗੇ। ਇਸ ਤੋਂ ਬਾਅਦ ਗਿਆਨਵਾਪੀ ਦੀ ਅੰਜੁਮਨ ਇੰਤਜ਼ਾਮੀਆ ਮਸਜਿਦ ਦੇ ਜੁਆਇੰਟ ਸਕੱਤਰ ਐੱਸ ਐੱਮ ਯਾਸੀਨ ਨਾਲ ਗੱਲ ਕੀਤੀ ਜਿਸ ਵਿਚ ਯਾਸੀਨ ਨੇ ਕਿਹਾ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਹੈ ਪਰ ਮਸਜਿਦ ਪੱਖ ਨੂੰ ਇਹ ਪ੍ਰਸਤਾਵ ਮਨਜ਼ੂਰ ਨਹੀਂ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਦੋ ਦਰਜਨ ਤੋਂ ਜ਼ਿਆਦਾ ਕੇਸ ਵਾਰਾਨਸੀ ਜ਼ਿਲ੍ਹਾ ਅਦਾਲਤ 'ਚ ਇਸ ਨਾਲ ਸਬੰਧਤ ਪੈਂਡਿੰਗ ਹਨ। ਯਾਸੀਨ ਕਹਿੰਦੇ ਹਨ ਕਿ ਜੇਕਰ ਏਨੀ ਸਮਝਦਾਰੀ ਹੁੰਦੀ ਤਾਂ ਇਹ ਕੇਸ ਹੀ ਨਹੀਂ ਹੁੰਦੇ। ਇਹ ਸਮਝੌਤੇ ਨਾਲ ਨਹੀਂ ਹੋਵੇਗਾ।

# ਜੇ ਟਰੰਪ ਦੀ ਹੱਤਿਆ ਹੋਈ ਤਾਂ ਕੀ ਕਰੇਗਾ ਅਮਰੀਕਾ!

## ਉਪ ਰਾਸ਼ਟਰਪਤੀ ਵੇਂਸ ਬਣਨਗੇ ਫ਼ੌਜਾਂ ਦੇ ਕਮਾਂਡਰ ਇਨ ਚੀਫ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਦਾਅਵੇ ਦੇ ਬਾਅਦ ਕਿ ਉਨ੍ਹਾਂ ਦੀ ਹੱਤਿਆ ਦੀ ਹਾਲਤ 'ਚ ਈਰਾਨ 'ਤੇ ਵੱਡੇ ਪੱਧਰ 'ਤੇ ਮਿਜ਼ਾਈਲ ਹਮਲੇ ਕਰਨ ਦੇ ਹੁਕਮ ਪਹਿਲਾਂ ਹੀ ਦਿੱਤੇ ਜਾ ਚੁੱਕੇ ਹਨ, 'ਤੇ ਸੰਵਿਧਾਨਕ ਮਾਹਰਾਂ ਨੇ ਸਪਸ਼ਟ ਕੀਤਾ ਹੈ ਕਿ ਅਮਰੀਕੀ ਕਾਨੂੰਨ 'ਚ ਅਜਿਹੀ ਕੋਈ ਵਿਵਸਥਾ ਨਹੀਂ ਹੈ, ਜਿਸ ਦੇ ਤਹਿਤ ਰਾਸ਼ਟਰਪਤੀ ਦੇ ਦੇਹਾਂਤ ਤੋਂ ਬਾਅਦ ਉਨ੍ਹਾਂ ਦੇ ਫ਼ੌਜੀ ਹੁਕਮ ਆਪਣੇ-ਆਪ ਲਾਗੂ ਹੋ ਜਾਣ। ਸੰਵਿਧਾਨ ਦੀ 25ਵੀਂ ਸੋਧ ਤੇ 1947 ਦੇ ਪ੍ਰੈਜ਼ੀਡੈਂਸ਼ੀਅਲ ਸਕਸੈਸ਼ਨ ਐਕਟ ਦੇ ਅਨੁਸਾਰ ਰਾਸ਼ਟਰਪਤੀ ਦੀ ਮੌਤ ਹੋਣ 'ਤੇ ਉਪ ਰਾਸ਼ਟਰਪਤੀ ਜੇਡੀ ਵੇਂਸ ਤਤਕਾਲ ਰਾਸ਼ਟਰਪਤੀ ਤੇ ਹਥਿਆਰਬੰਦ ਦਸਤਿਆਂ ਦੇ ਸਰਬਉੱਚ ਕਮਾਂਡਰ ਬਣ ਜਾਣਗੇ। ਇਸ ਤੋਂ ਬਾਅਦ ਈਰਾਨ ਵਿਰੁੱਧ ਫ਼ੌਜੀ ਕਾਰਵਾਈਕਰਨੀ ਹੈ ਜਾਂ ਨਹੀਂ, ਇਸ ਦਾ ਆਖਰੀ ਫੈਸਲਾ ਉਨ੍ਹਾਂ ਦੇ ਅਧਿਕਾਰੀ ਖੇਤਰ 'ਚ ਹੋਵੇਗਾ। ਉਹ ਟਰੰਪ ਦੀ ਇੱਛਾ ਅਨੁਸਾਰ ਕਦਮ ਚੁੱਕ ਸਕਦੇ ਹਨ ਜਾਂ ਹਾਲਾਤ ਅਨੁਸਾਰ ਵੱਖਰਾ ਫੈਸਲਾ ਵੀ ਲੈ ਸਕਦੇ ਹਨ। ਟਰੰਪ ਨੇ ਹਾਲ ਹੀ 'ਚ ਆਪਣੀ ਇੰਟਰਨੈੱਟ ਮੀਡੀਆ ਪੋਸਟ 'ਚ ਦਾਅਵਾ ਕੀਤਾ ਸੀ ਕਿ ਜੇ ਈਰਾਨ ਉਨ੍ਹਾਂ ਦੀ ਹੱਤਿਆ ਕਰਦਾ ਹੈ ਤਾਂ ਉਨ੍ਹਾਂ ਵੱਲੋਂ 1,000 ਮਿਜ਼ਾਈਲਾਂ ਪਹਿਲਾਂ ਤੋਂ ਨਿਸ਼ਾਨਾ ਸਾਧੇ ਤਿਆਰ ਹਨ ਤੇ ਲੋੜ ਪੈਣ 'ਤੇ ਹਜ਼ਾਰਾਂ ਹੋਰ ਮਿਜ਼ਾਈਲਾਂ ਵੀ ਦਾਗੀਆਂ ਜਾਣਗੀਆਂ।



ਹਾਲਾਂਕ ਮਾਹਰਾਂ ਦਾ ਕਹਿਣਾ ਹੈ ਕਿ ਅਮਰੀਕਾ ਨੇ ਕਦੇ ਵੀ ਤਕਨੀਕੀ ਡੈੱਡ ਮੈਨ ਸਵਿਚ ਵਰਗੀ ਵਿਵਸਥਾ ਨਹੀਂ ਅਪਨਾਈ ਹੈ, ਜੋ ਰਾਸ਼ਟਰਪਤੀ ਦੀ ਮੌਤ ਤੋਂ ਬਾਅਦ ਖ਼ੁਦ ਫ਼ੌਜੀ ਹਮਲਾ ਸ਼ੁਰੂ ਕਰ ਦੇਵੇ। ਲੇਖਕ ਤੇ ਸੁਰੱਖਿਆ ਮਾਮਲਿਆਂ ਦੇ ਮਾਹਰ ਗੈਰੇਟ ਐੱਮ ਗ੍ਰਾਫ ਅਨੁਸਾਰ ਰਾਸ਼ਟਰਪਤੀ ਦੀ ਮੌਤ ਦੇ ਨਾਲ ਹੀ ਫ਼ੌਜੀ ਕਾਰਵਾਈ ਦਾ ਅਧਿਕਾਰ ਉਨ੍ਹਾਂ ਦੇ ਵਾਰਿਸ ਕੋਲ ਚਲਾ ਜਾਂਦਾ ਹੈ, ਇਸ ਲਈ ਕਿਸੇ ਵੀ ਅਗਾਊਂ ਹੁਕਮ ਦੀ ਜਾਇਜ਼ਤਾ 'ਤੇ ਆਖਰੀ ਫੈਸਲਾ ਨਵੇਂ ਰਾਸ਼ਟਰਪਤੀ ਦਾ ਹੀ ਹੋਵੇਗਾ। ਇਸ ਦੌਰਾਨ ਈਰਾਨ ਦੇ ਸਰਬਉੱਚ ਨੇਤਾ ਮੋਜਤਬਾ ਖਾਮਨੇਈ ਨੇ ਆਪਣੇ ਪਿਤਾ ਦੀ ਮੌਤ ਦਾ ਬਦਲਾ ਲੈਣ ਦੀ ਗੱਲ ਦੁਹਰਾਈ ਹੈ। ਆਖਰੀ ਸੰਸਕਾਰ ਦੌਰਾਨ ਵੀ ਟਰੰਪ ਤੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਨਯਾਹੂ ਵਿਰੁੱਧ ਨਾਅਰੇ ਤੇ ਪੋਸਟਰ ਦਿਖਾਈ ਦਿੱਤੇ। ਉੱਧਰ ਅਮਰੀਕੀ ਮੀਡੀਆ ਰਿਪੋਰਟਾਂ ਅਨੁਸਾਰ ਇਜ਼ਰਾਈਲ ਨੇ ਟਰੰਪ ਦੇ ਵਿਰੁੱਧ ਸੰਭਾਵੀ ਈਰਾਨੀ ਸਾਜ਼ਿਸ਼ਾਂ ਨੂੰ ਲੈ ਕੇ ਅਮਰੀਕਾ ਨੂੰ ਸਾਵਧਾਨ ਕੀਤਾ ਹੈ। ਵਾਈਟ ਹਾਊਸ ਨੇ ਇਸ 'ਤੇ ਅਧਿਕਾਰਕ ਟਿੱਪਣੀ ਨਹੀਂ ਕੀਤੀ ਹੈ, ਜਦਕਿ ਟਰੰਪ ਨੇ ਕਿਹਾ ਹੈ ਕਿ ਈਰਾਨ ਉਨ੍ਹਾਂ ਨੂੰ ਨਿਸ਼ਾਨਾ ਬਨਾਉਣਾ ਚਾਹੁੰਦਾ ਹੈ। ਅਮਰੀਕਾ ਪਹਿਲਾਂ ਵੀ ਈਰਾਨ ਨੂੰ ਚੇਤਾਵਨੀ ਦੇ ਚੁੱਕਾ ਹੈ ਕਿ ਕਿਸੇ ਅਮਰੀਕੀ ਨੇਤਾ ਜਾਂ ਨਾਗਰਿਕ 'ਤੇ ਹਮਲਾ ਗੰਭੀਰ ਨਤੀਜਿਆਂ ਦਾ ਕਾਰਨ ਬਣੇਗਾ।

# ਹਵਾਈ ਕਿਰਾਏ 'ਤੇ ਦੋ ਹਫ਼ਤਿਆਂ 'ਚ ਕੇਂਦਰ ਪੇਸ਼ ਕਰੇ ਨਿਯਮ

**ਨਵੀਂ ਦਿੱਲੀ:** ਹਵਾਈ ਕਿਰਾਏ ਵਿਚ ਮਨਮਾਨੀ ਉੱਤੇ ਰੋਕ ਲਗਾਉਣ ਅਤੇ ਹਦਇਤਾਂ ਦੇਣ ਦੀ ਮੰਗ ਕਰਨ ਵਾਲੀ ਪਟੀਸ਼ਨ ਉੱਤੇ ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਉਹ ਭਾਰਤੀ ਹਵਾਈ ਜਹਾਜ਼ ਐਕਟ-2024 ਤਹਿਤ ਬਣਾਏ ਗਏ ਨਿਯਮ ਦੋ ਹਫ਼ਤਿਆਂ ਦੇ ਅੰਦਰ ਉਸ ਦੇ ਸਨਮੁੱਖ ਪੇਸ਼ ਕਰੇ। ਇਸ ਕਾਨੂੰਨ ਦਾ ਟੀਚਾ ਦੇਸ਼ ਦੇ ਹਵਾਈ ਯਾਤਰਾ ਖੇਤਰ ਨੂੰ ਆਧੁਨਿਕ ਬਣਾਉਣਾ ਹੈ।

ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦੇ ਬੈਂਚ ਨੇ ਕਿਹਾ ਕਿ ਨਿਯਮ ਸੀਲਬੰਦ ਲਿਫ਼ਾਫ਼ੇ ਵਿਚ ਪੇਸ਼ ਕੀਤੇ ਜਾਣੇ ਚਾਹੀਦੇ ਹਨ, ਭਾਵੇਂ ਉਹ ਸੰਸਦ ਦੇ ਸਾਹਮਣੇ ਰੱਖੇ ਗਏ ਹੋਣ ਜਾਂ ਨਹੀਂ। ਸੁਪਰੀਮ ਕੋਰਟ ਨੇ ਇਹ ਆਦੇਸ਼ ਸਮਾਜਿਕ ਕਾਰਕੁਨ ਐੱਸ ਲਕਸ਼ਮੀਨਾਰਾਇਣ ਵੱਲੋਂ ਦਾਖ਼ਲ ਕੀਤੀ ਗਈ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਜਾਰੀ ਕੀਤਾ। ਪਟੀਸ਼ਨ ਵਿਚ ਨਾਗਰਿਕ ਹਵਾਈ ਯਾਤਰਾ ਖੇਤਰ ਵਿਚ ਪਾਰਦਰਸ਼ਤਾ ਤੇ ਯਾਤਰੀਆਂ ਦੇ ਹਿੱਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਮਜ਼ਬੂਤ ਅਤੇ ਸੁਤੰਤਰ ਰੈਗੂਲੇਟਰੀ ਦੀ ਸਥਾਪਨਾ ਦੀ ਮੰਗ ਕੀਤੀ ਗਈ ਹੈ। ਇਸ ਵਿੱਚ ਦੇਸ਼ ਵਿਚ ਨਿੱਜੀ ਏਅਰਲਾਈਨਾਂ ਵੱਲੋਂ ਹਵਾਈ ਕਿਰਾਏ ਅਤੇ ਵਾਧੂ ਖ਼ਰਚੇ ਵਿਚ ਕੀਤੇ ਜਾਣ ਵਾਲੇ ਗ਼ੈਰ- ਵਾਜਿਬ ਵਾਧੇ ਉੱਤੇ ਹਦਾਇਤਾਂ ਜਾਰੀ ਕਰਨ ਦੀ ਮੰਗ ਕੀਤੀ ਗਈ ਹੈ।




ਕੇਂਦਰ ਵੱਲੋਂ ਪੇਸ਼ ਹੋਏ ਵਕੀਲ ਨੇ ਬੈਂਚ ਨੂੰ ਜਾਣਕਾਰੀ ਦਿੱਤੀ ਕਿ ਨਿਯਮਾਂ ਦਾ ਖਰੜਾ ਤਿਆਰ ਹੈ ਤੇ ਇਸ ਦਾ ਤਰਜਮਾ ਕੀਤਾ ਜਾ ਰਿਹਾ ਹੈ। ਇਹ ਨਿਯਮ ਸੰਸਦ ਦੇ ਸਾਹਮਣੇ ਪੇਸ਼ ਕੀਤੇ ਜਾਣੇ ਹਨ। ਬੈਂਚ ਨੇ ਕਿਹਾ ਕਿ ਅਸੀਂ ਦੂਜੀ ਧਿਰਾਂ ਨੂੰ ਬਣਾਏ ਗਏ ਨਿਯਮਾਂ ਨੂੰ ਸੀਲਬੰਦ ਲਿਫ਼ਾਫ਼ੇ ਵਿਚ ਇਸ ਅਦਾਲਤ ਦੇ ਸਾਹਮਣੇ ਪੇਸ਼ ਕਰਨ ਲਈ ਦੋ ਹਫ਼ਤਿਆਂ ਦਾ ਸਮਾਂ ਦਿੰਦੇ ਹਾਂ।

# ਖਾੜਕੂਵਾਦ ਦੇ ਦੌਰ ਵਿੱਚ ਤਰਨਤਾਰਨ 'ਤੇ ਹੋਇਆ ਬੇਤਹਾਸ਼ਾ ਜ਼ੁਲਮ

**ਤਰਨਤਾਰਨ:** ਖਾੜਕੂਵਾਦ ਦੇ ਦੌਰ ਦੌਰਾਨ ਪੰਜਾਬ ਵਿਚ ਨੌਜਵਾਨਾਂ, ਬਜ਼ੁਰਗਾਂ, ਔਰਤਾਂ ਅਤੇ ਬੱਚਿਆਂ ਨੂੰ ਅੱਤਵਾਦ ਦੇ ਨਾਂਅ 'ਤੇ ਚੁੱਕ ਕੇ ਲਾਪਤਾ ਕਰਨ, ਮਾਰਨ ਅਤੇ ਉਨ੍ਹਾਂ ਦਾ ਲਾਵਾਰਿਸ ਦੱਸ ਕੇ ਸਸਕਾਰ ਕਰਨ ਦੇ ਮਾਮਲੇ ਵਿਚ ਤਰਨ ਤਾਰਨ ਪੁਲਿਸ ਨੇ ਪੰਜਾਬ ਪੁਲਿਸ ਦਾ ਨਾਂਅ ਪੂਰੀ ਦੁਨੀਆਂ ਵਿਚ ਕਾਲੇ ਅੱਖਰਾਂ ਵਿਚ ਲਿਖ ਦਿੱਤਾ ਹੈ। ਖਾੜਕੂਵਾਦ ਦੇ ਦੌਰ ਦੌਰਾਨ ਮਾਰੇ ਗਏ ਨਾਜਾਇਜ਼ ਲੋਕਾਂ ਦੇ ਮਾਮਲੇ ਵਿਚ ਹੁਣ ਤੱਕ ਸੀ.ਬੀ.ਆਈ. ਦੀਆਂ ਜਾਂਚਾਂ ਤੋਂ ਬਾਅਦ ਸੀ.ਬੀ.ਆਈ. ਦੀਆਂ ਅਦਾਲਤਾਂ ਵਲੋਂ 150 ਦੇ ਕਰੀਬ ਪੁਲਿਸ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਦੋਸ਼ੀ ਮੰਨ ਕੇ ਸਜ਼ਾਵਾਂ ਦਿੱਤੀਆਂ ਗਈਆਂ ਹਨ। ਜਿਨ੍ਹਾਂ ਵਿਚੋਂ 80 ਫ਼ੀਸਦੀ ਤੋਂ ਵੱਧ ਇਹ ਪੁਲਿਸ ਅਧਿਕਾਰੀ ਜ਼ਿਲ੍ਹਾ ਤਰਨ ਤਾਰਨ ਨਾਲ ਸੰਬੰਧਿਤ ਦੱਸੇ ਜਾਂਦੇ ਹਨ। ਉਸ ਸਮੇਂ ਦੌਰਾਨ ਕਈ ਘਰਾਂ ਦੇ ਘਰ ਖ਼ਤਮ ਕਰ ਦਿੱਤੇ ਗਏ, ਇਥੋਂ ਤੱਕ ਕਿ ਕੁੱਛੜ ਚੁੱਕੇ ਬੱਚਿਆਂ ਨੂੰ ਵੀ ਬਖਸ਼ਿਆ ਨਹੀਂ ਗਿਆ। ਬਹੁਤ ਸਾਰੇ ਪੁਲਿਸ ਅਧਿਕਾਰੀ ਸਜ਼ਾ ਪ੍ਰਾਪਤ ਕਰਕੇ ਜੇਲ੍ਹਾਂ ਵਿਚ ਹਨ ਅਤੇ ਕਈ ਮਾਮਲੇ ''ਸੀ.ਬੀ.ਆਈ. ਅਦਾਲਤਾਂ ਵਿਚ ਅਜੇ ਵੀ ਵਿਚਾਰ ਅਧੀਨ ਹਨ। ਇਨਸਾਫ਼ ਲੈਣ ਲਈ ਪੀੜਤ ਪਰਿਵਾਰਾਂ ਨੇ ਲੰਮੀ ਲੜਾਈ ਲੜੀ। 1997 ਵਿਚ ਸੀ.ਬੀ.ਆਈ. ਵਲੋਂ ਵੱਖ-ਵੱਖ ਮਾਮਲਿਆਂ ਵਿਚ ਅਗਵਾ ਕਰਕੇ ਲਾਪਤਾ ਕਰਕੇ ਮਾਰੇ ਗਏ ਵਿਅਕਤੀਆਂ ਲਈ ਕਈ ਪੁਲਿਸ ਅਧਿਕਾਰੀਆਂ ਨੂੰ ਦੋਸ਼ੀ ਬਣਾ ਕੇ ਉਨ੍ਹਾਂ ਦੇ ਖ਼ਿਲਾਫ਼ ਮੁਕੱਦਮੇ ਦਰਜ ਕਰਕੇ ਕੇਸ ਸ਼ੁਰੂ ਕੀਤੇ ਗਏ ਪਰ ਪੁਲਿਸ ਅਧਿਕਾਰੀਆਂ ਵਲੋਂ ਆਪਣੇ ਕੇਸਾਂ ਨੂੰ ਉਚ ਅਦਾਲਤਾਂ ਵਿਚ ਵੱਖ- ਵੱਖ ਰਿੱਟਾਂ ਪਾ ਕੇ ਵੱਡਾ ਸਮਾਂ ਲਟਕਾਈ ਰੱਖਿਆ ਗਿਆ। ਇਸ ਸਮੇਂ ਦੌਰਾਨ ਕਈ ਦੋਸ਼ੀ ਪੁਲਿਸ ਅਧਿਕਾਰੀ, ਕਰਮਚਾਰੀ ਅਤੇ ਕੇਸਾਂ ਦੇ ਗਵਾਹ ਰੱਬ ਨੂੰ ਪਿਆਰੇ ਹੋ ਗਏ ਅਤੇ ਕਈ ਮਾਵਾਂ ਆਪਣੇ ਪੁੱਤਾਂ ਦੇ ਕਾਤਲਾਂ ਨੂੰ ਸਜ਼ਾਵਾਂ ਦਿਵਾਉਣ ਦੀ ਖਵਾਹਿਸ਼ ਆਪਣੇ ਜਿਉਂਦੇ ਜੀਅ ਪੂਰੀ ਨਹੀਂ ਕਰ ਸਕੀਆਂ। ਆਖਰ 2018 ਤੋਂ ਬਾਅਦ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਮਿਲਣ ਦੀ ਆਸ ਬੱਝੀ ਅਤੇ ''ਸੀ.ਬੀ.ਆਈ. ਅਦਾਲਤਾਂ ਵਿਚ ਇਨ੍ਹਾਂ ਕੇਸਾਂ ਦੀ ਸੁਣਵਾਈ ਸ਼ੁਰੂ ਹੋਈ। ਸੀ.ਬੀ.ਆਈ. ਵਲੋਂ 70 ਦੇ ਕਰੀਬ ਵਿਅਕਤੀਆਂ ਦੇ ਲਾਪਤਾ ਕਰਕੇ ਤਸ਼ੱਦਦ ਕਰਨ ਅਤੇ ਗਾਇਬ ਕਰਨ ਦੇ ਮਾਮਲਿਆਂ ਦੀ ਜਾਂਚ ਕੀਤੀ ਗਈ ਅਤੇ ਸੰਬੰਧਿਤ ਪੁਲਿਸ ਅਧਿਕਾਰੀਆਂ ਖ਼ਿਲਾਫ਼ ਕੇਸ ਦਰਜ ਕੀਤੇ ਗਏ। ਭਾਵੇਂ ਕਿ ਪੁਲਿਸ ਅਧਿਕਾਰੀਆਂ ਨੇ ਲਾਪਤਾ ਕੀਤੇ ਗਏ ਵਿਅਕਤੀਆਂ ਸੰਬੰਧੀ ਆਪਣੀ ਸ਼ਮੂਲੀਅਤ ਨੂੰ ਅਦਾਲਤਾਂ ਵਿਚ ਮੰਨਣ ਤੋਂ ਇਨਕਾਰ ਕਰ ਦਿੱਤਾ ਪਰ ਉਹ ਵਿਅਕਤੀ ਕਿਧਰ ਗਏ, ਇਸ ਦਾ ਜਵਾਬ ਨਾ ਤਾਂ ਪੁਲਿਸ ਅਤੇ ਨਾ ਹੀ ਸਰਕਾਰਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਦੇ ਸਕੀਆਂ ਹਨ। ਇਥੋਂ ਤੱਕ ਕਿ ਉਨ੍ਹਾਂ ਦੇ ਪਰਿਵਾਰਾਂ ਨੂੰ ਲਾਪਤਾ ਹੋਏ ਵਿਅਕਤੀਆਂ ਦੇ ਮੌਤ ਦੇ ਸਰਟੀਫਿਕੇਟ ਵੀ ਮਿਲਣੇ ਨਸੀਬ ਨਹੀਂ ਹੋਏ। ਜੇਕਰ ਤਰਨ ਤਾਰਨ ਜ਼ਿਲ੍ਹੇ ਦੀ ਗੱਲ ਕੀਤੀ ਜਾਵੇ ਤਾਂ ਸੀ.ਬੀ.ਆਈ. ਵਲੋਂ ਜੋ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਕੇ ਲੋਕਾਂ ਨੂੰ ਲਾਪਤਾ ਕਰਨ, ਅਗਵਾ ਕਰਨ ਅਤੇ ਮਾਰਨ ਦੇ ਜੋ ਕੇਸ ਦਰਜ ਕੀਤੇ ਗਏ, ਉਨ੍ਹਾਂ ਵਿਚ ਪ੍ਰਮੁੱਖ ਨਾਂਅ ਉਸ ਸਮੇਂ ਦੇ ਚਰਚਿਤ ਐਸ.ਐਸ.ਪੀ. ਅਜੀਤ ਸਿੰਘ ਸੰਧੂ ਦਾ ਪਹਿਲੀ ਕਤਾਰ ਵਿਚ ਆਉਂਦਾ ਹੈ।ਸੀ.ਬੀ.ਆਈ. ਵਲੋਂ ਬਾਬਾ ਚਰਨ ਸਿੰਘ ਕਾਰ ਸੇਵਾ ਵਾਲੇ, ਉਨ੍ਹਾਂ ਦੇ ਤਿੰਨ ਭਰਾ, ਸਾਲਾ, ਸਾਲੇ ਦੇ ਲੜਕੇ ਨੂੰ ਚੁੱਕ ਕੇ ਲਾਪਤਾ ਕਰਨ ਦੇ ਮਾਮਲੇ ਤੋਂ ਇਲਾਵਾ ਪਿੰਡ ਜੀਓਬਾਲਾ ਦੇ ਇਕੋ ਪਰਿਵਾਰ ਦੇ ਚਾਰ ਮੈਂਬਰਾਂ ਨੂੰ ਲਾਪਤਾ ਕਰਨ, ਪਿੰਡ ਰਾਣੀਵਲਾਹ ਦੇ ਪੰਜ ਨੌਜਵਾਨਾਂ ਨੂੰ ਚੁੱਕ ਕੇ ਝੂਠੇ ਮੁਕਾਬਲੇ ਵਿਚ ਮਾਰਨ ਸਮੇਤ ਅਨੇਕਾਂ ਕੇਸਾਂ ਵਿਚ ਉਕਤ ਅਧਿਕਾਰੀ ਦੀ ਭੂਮਿਕਾ ਨੂੰ ਸਾਹਮਣੇ ਲਿਆਂਦਾ ਗਿਆ ਸੀ।ਜਦਕਿ ਖਾੜਕੂਵਾਦ ਦਾ ਅਖ਼ੀਰਲਾ ਲਾਪਤਾ ਕਰਨ ਦਾ ਕੇਸ ਵੀ ਤਰਨ ਤਾਰਨ ਪੁਲਿਸ ਦੇ ਖ਼ਾਤੇ ਵਿਚ ਗਿਆ ਹੈ, ਜੋ ਕਿ ਮਨੁੱਖੀ ਅਧਿਕਾਰਾਂ ਦੇ ਕਾਰਕੁੰਨ ਭਾਈ ਜਸਵੰਤ ਸਿੰਘ ਖਾਲੜਾ ਸੀ। ਇਸ ਮਾਮਲੇ ਵਿਚ ਵੀ ਸਾਬਕਾ ਐਸ.ਐਸ.ਪੀ. ਅਜੀਤ ਸਿੰਘ ਸੰਧੂ ਨੂੰ ਨਾਮਜ਼ਦ ਕੀਤਾ ਗਿਆ ਸੀ। ਬਾਅਦ ਵਿਚ ਪੁਲਿਸ ਵਲੋਂ ਦਾਅਵਾ ਕੀਤਾ ਗਿਆ ਸੀ ਕਿ ਐਸ.ਐਸ.ਪੀ. ਅਜੀਤ ਸਿੰਘ ਸੰਧੂ ਨੇ ਗੱਡੀ ਥੱਲੇ ਆ ਕੇ ਆਤਮ ਹੱਤਿਆ ਕਰ ਲਈ ਸੀ। ਇਸ ਤੋਂ ਇਲਾਵਾ ਸ਼ਹੀਦ ਭਗਤ ਸਿੰਘ ਦੇ ਰਿਸ਼ਤੇਦਾਰ ਕੁਲਜੀਤ ਸਿੰਘ ਢੱਟ ਵਾਸੀ ਹੁਸ਼ਿਆਰਪੁਰ, ਐਡਵੋਕੇਟ ਸਲਵੰਤ ਸਿੰਘ ਰੋਪੜ ਦੇ ਲਾਪਤਾ ਕਰਕੇ ਤਸ਼ੱਦਦ ਕਰਨ ਦੇ ਮਾਮਲੇ




ਵਿਚ ਵੀ ਉਕਤ ਅਧਿਕਾਰੀ ਦਾ ਨਾਂਅ 4 ਸਾਹਮਣੇ ਆਇਆ ਸੀ। ਇਸ ਤੋਂ ਇਲਾਵਾ ਡੀ.ਐਸ.ਪੀ. ਗੁਰਮੀਤ ਸਿੰਘ ਰੰਧਾਵਾ, ਡੀ.ਐਸ.ਪੀ. ਕਸ਼ਮੀਰ ਸਿੰਘ ਗਿੱਲ, ਡੀ.ਐਸ.ਪੀ. ਅਸ਼ੋਕ ਕੁਮਾਰ, ਡੀ.ਐਸ.ਪੀ. ਦਿਲਬਾਗ ਸਿੰਘ, ਡੀ.ਐਸ.ਪੀ. ਭੁਪਿੰਦਰ ਸਿੰਘ ਵਿਰਕ ਦੇ ਨਾਂਅ ਵੀ ਵੱਖ-ਵੱਖ ਪਿੰਡਾਂ ਵਿਚੋਂ ਲੋਕਾਂ ਨੂੰ ਅਗਵਾ ਕਰਕੇ ਤਸ਼ੱਦਦ ਕਰਨ ਅਤੇ ਲਾਪਤਾ ਕਰਨ ਦੇ ਮਾਮਲਿਆਂ ਵਿਚ ਸੀ.ਬੀ.ਆਈ. ਵਲੋਂ ਸ਼ਮੂਲੀਅਤ ਪਾਈ ਗਈ ਸੀ। ਐਸ.ਐਚ.ਓ. ਸੂਬਾ ਸਿੰਘ, ਜੋ ਆਪਣੇ ਆਪ ਨੂੰ ਸੂਬਾ ਸਰਹੰਦ ਅਖਵਾਉਂਦਾ ਸੀ ਤੋਂ ਇਲਾਵਾ ਗੁਰਬਚਨ ਸਿੰਘ ਮਾਣੋਚਾਲ੍ਹ ਨੇ ਵੀ ਉਮਰ ਕੈਦ ਦੀਆਂ ਸਜ਼ਾਵਾਂ ਲੈਣ ਤੋਂ ਬਾਅਦ ਜੇਲ੍ਹ ਵਿਚ ਹੀ ਆਪਣੇ ਪ੍ਰਾਣ ਤਿਆਗ ਦਿੱਤੇ। ਇਨ੍ਹਾਂ ਦੋਵਾਂ ਪੁਲਿਸ ਅਧਿਕਾਰੀਆਂ ਦੀ ਸ਼ਿਵ ਸੈਨਾ ਆਗੂ ਦੀ ਹੱਤਿਆ ਕਰਨ ਵਾਲੇ ਸੰਦੀਪ ਸਿੰਘ ਸੰਨੀ ਵਲੋਂ ਕੁੱਟਮਾਰ ਕੀਤੀ ਗਈ, ਜਿਸ ਤੋਂ ਬਾਅਦ ਸੂਬਾ ਸਿੰਘ ਦੀ ਜ਼ਿਆਦਾ ਸੱਟਾਂ ਲੱਗਣ ਕਾਰਨ ਬਾਅਦ ਵਿਚ ਮੌਤ ਹੋ ਗਈ ਸੀ। ਇਸ ਤੋਂ ਇਲਾਵਾ ਤਰਨ ਤਾਰਨ ਦੇ ਹੀ ਚਰਚਿਤ ਐਸ.ਐਚ.ਓ. ਸੀਤਾ ਰਾਮ ਦਾ ਵੀ ਨਾਂਅ ਕਿਸੇ ਕੋਲੋਂ ਛੁਪਿਆ ਨਹੀਂ ਹੈ, ਜਿਸ ਵਲੋਂ ਇਕ ਪੁਲਿਸ ਮੁਕਾਬਲੇ ਤੋਂ ਬਾਅਦ ਪੋਸਟਮਾਰਟਮ ਲਈ ਲਿਆਂਦੇ ਗਏ ਨੌਜਵਾਨ ਦੇ ਜਿੰਦਾ ਨਿਕਲਣ 'ਤੇ ਉਸ ਨੂੰ ਫਿਰ ਸਰਕਾਰੀ ਹਸਪਤਾਲ ਦੇ ਪਿਛਲੇ ਪਾਸੇ ਲਿਜਾ ਕੇ ਗੋਲੀਆਂ ਮਾਰ ਕੇ ਮਾਰਨ ਤੋਂ ਬਾਅਦ ਪੋਸਟਮਾਰਟਮ ਵਿਭਾਗ ਵਿਚ ਲਿਆਂਦਾ ਗਿਆ ਸੀ ਇਸ ਅਧਿਕਾਰੀ ਨੂੰ ਵੀ ਉਮਰ ਕੈਦ ਦੀ ਸਜ਼ਾ ਹੋਈ ਸੀ ਅਤੇ ਜੇਲ੍ਹ ਵਿਚ ਇਸ ਦੀ ਮੌਤ ਹੋ ਗਈ ਸੀ। ਇਸ ਤੋਂ ਇਲਾਵਾ ਮਾਣੋਚਾਲ ਵਾਸੀ ਸ਼੍ਰੋਮਣੀ ਕਮੇਟੀ ਮੈਂਬਰ ਮੁਲਾਜ਼ਮ ਰੂੜ ਸਿੰਘ ਦੇ ਮਾਮਲੇ ਵਿਚ ਏ.ਆਈ.ਜੀ. ਰਾਜ ਕੁਮਾਰ, ਸਬ ਇੰਸ. ਬਿਕਰਮਜੀਤ ਸਿੰਘ ਨੂੰ ਵੀ ਸੀ.ਬੀ.ਆਈ. ਕੇਸਾਂ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਇਲਾਵਾ ਜਸਵੰਤ ਸਿੰਘ ਖਾਲੜਾ ਕੇਸ ਵਿਚ ਐਸ.ਐਸ.ਪੀ. ਅਜੀਤ ਸਿੰਘ ਸੰਧੂ, ਐਸ. ਐਚ. ਓ. ਸੁਰਿੰਦ- ਰਪਾਲ ਸਿੰਘ, ਸਤਨਾਮ ਸਿੰਘ, ਜਸਬੀਰ ਸਿੰਘ, ਅਮਰਜੀਤ ਸਿੰਘ ਨੂੰ ਵੀ ਸਜ਼ਾਵਾਂ ਮਿਲੀਆਂ। ਖ਼ਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਰਹੇ ਭਾਈ ਪਰਮਜੀਤ ਸਿੰਘ ਪੰਜਵੜ੍ਹ ਦੀ ਮਾਤਾ ਨੂੰ ਅਗਵਾ ਕਰਕੇ ਲਾਪਤਾ ਕਰਨ ਦੇ ਮਾਮਲੇ ਵਿਚ ਵੀ ਉਸ ਸਮੇਂ ਦੇ ਐਸ.ਐਚ.ਓ. ਅਤੇ ਏ.ਆਈ.ਜੀ. ਸੇਵਾ ਮੁਕਤ ਹੋਏ ਜਗਦੀਪ ਸਿੰਘ ਇਸ ਸਮੇਂ ਸੀ.ਬੀ.ਆਈ. ਦੇ ਭਗੌੜੇ ਹਨ।

# ਭਾਜਪਾ ਨੇ ਉਮਰ ਅਬਦੁੱਲਾ ਨੂੰ 100 ਕਰੋੜ ਰੁਪਏ ਦਾ ਮਾਣਹਾਨੀ ਨੋਟਿਸ ਭੇਜਿਆ



**ਜੰਮੂ:** ਭਾਜਪਾ ਦੀ ਜੰਮੂ ਅਤੇ ਕਸ਼ਮੀਰ ਇਕਾਈ ਨੇ ਸੋਮਵਾਰ ਨੂੰ ਮੁੱਖ ਮੰਤਰੀ ਉਮਰ ਅਬਦੁੱਲਾ ਨੂੰ ਕਾਨੂੰਨੀ ਨੋਟਿਸ ਭੇਜਿਆ ਹੈ। ਇਹ ਨੋਟਿਸ ਉਨ੍ਹਾਂ ਦੇ ਦਾਅਵੇ ਤੋਂ ਬਾਅਦ ਆਇਆ ਹੈ ਕਿ ਰਾਸ਼ਟਰੀ ਪਾਰਟੀ ਨੇ ਨੈਸ਼ਨਲ ਕਾਨਫਰੰਸ ਦੇ ਵਿਧਾਇਕਾਂ ਨੂੰ ਪੈਸੇ ਅਤੇ ਮੰਤਰੀ ਅਹੁਦੇ ਦਾ ਲਾਲਚ ਦੇ ਕੇ ਉਨ੍ਹਾਂ ਦੀ ਸਰਕਾਰ ਡੇਗਣ ਦੀ ਕੋਸ਼ਿਸ਼ ਕੀਤੀ ਸੀ।ਇਨ੍ਹਾਂ ਦੋਸ਼ਾਂ ਨੂੰ ''ਝੂਠੇ, ਬੇਬੁਨਿਆਦ ਅਤੇ ਅਪਮਾਨਜਨਕ'' ਦੱਸਦੇ ਹੋਏ ਭਾਜਪਾ ਨੇ ਸੱਤ ਦਿਨਾਂ ਦੇ ਅੰਦਰ ਲਿਖਤੀ ਤੌਰ 'ਤੇ ਵਾਪਸ ਲੈਣ ਅਤੇ ਬਿਨਾਂ ਸ਼ਰਤ ਜਨਤਕ ਮੁਆਫ਼ੀ ਮੰਗਣ ਦੀ ਮੰਗ ਕੀਤੀ ਹੈ। ਇਸ ਨੇ ਇਹ ਵੀ ਚੇਤਾਵਨੀ ਦਿੱਤੀ ਹੈ ਕਿ ਜੇਕਰ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਸਿਵਲ ਅਤੇ ਅਪਰਾਧਿਕ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਪਿਛਲੇ ਹਫ਼ਤੇ ਹਜ਼ਰਤਬਲ ਵਿੱਚ ਨੈਸ਼ਨਲ ਕਾਨਫਰੰਸ (ਐੱਨ.ਸੀ.) ਦੇ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਦੋਸ਼ ਲਗਾਇਆ ਸੀ ਕਿ ਭਾਜਪਾ ਉਨ੍ਹਾਂ ਦੀ ਪਾਰਟੀ ਦੇ ਅੰਦਰ ਫੁੱਟ ਪਾ ਕੇ ਉਨ੍ਹਾਂ ਦੀ ਸਰਕਾਰ ਡੇਗਣ ਦੀ ਕੋਸ਼ਿਸ਼ ਕਰ ਰਹੀ ਹੈ।

ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਜੰਮੂ ਦੇ ਇੱਕ ਨੈਸ਼ਨਲ ਕਾਨਫਰੰਸ ਵਿਧਾਇਕ ਨੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਨੂੰ ਭਾਜਪਾ ਵਿੱਚ ਸ਼ਾਮਿਲ ਹੋਣ ਲਈ 20-30 ਕਰੋੜ ਰੁਪਏ ਅਤੇ ਮੰਤਰੀ ਅਹੁਦੇ ਦੀ ਪੇਸ਼ਕਸ਼ ਕੀਤੀ ਗਈ ਹੈ।ਇਹ ਨੋਟਿਸ ਵਕੀਲ ਪਰਿਮੋਕਸ਼ ਸੇਠ ਰਾਹੀਂ ਭਾਜਪਾ ਜੰਮੂ-ਕਸ਼ਮੀਰ ਇਕਾਈ ਦੇ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਸਤਪਾਲ ਸ਼ਰਮਾ ਦੇ ਨਿਰਦੇਸ਼ਾਂ 'ਤੇ ਭੇਜਿਆ ਗਿਆ ਸੀ। ਇਸ ਵਿੱਚ ਕਿਹਾ ਗਿਆ ਹੈ ਕਿ ਮੁੱਖ ਮੰਤਰੀ ਦੇ ਬਿਆਨਾਂ ਨੇ ਭਾਜਪਾ ਅਤੇ ਇਸ ਦੇ ਅਧਿਕਾਰੀਆਂ ਦੀ ਸਾਖ ਅਤੇ ਜਨਤਕ ਅਕਸ ਨੂੰ ਗੰਭੀਰਤਾ ਨਾਲ ਨੁਕਸਾਨ ਪਹੁੰਚਾਇਆ ਹੈ।ਭਾਜਪਾ ਦੇ ਇੱਕ ਬੁਲਾਰੇ ਨੇ ਕਿਹਾ ਕਿ ਪਾਰਟੀ ਨੇ ਮੁੱਖ ਮੰਤਰੀ ਨੂੰ ਨੋਟਿਸ ਭੇਜਿਆ ਹੈ। ਤਿੰਨ ਪੰਨਿਆਂ ਦੇ ਨੋਟਿਸ ਦੇ ਅਨੁਸਾਰ ਅਬਦੁੱਲਾ ਨੇ ਦੋਸ਼ ਲਗਾਇਆ ਕਿ ਭਾਜਪਾ ਅਧਿਕਾਰੀਆਂ ਨੇ ਜੰਮੂ ਖੇਤਰ ਦੇ ਕੁਝ ਨੈਸ਼ਨਲ ਕਾਨਫਰੰਸ ਵਿਧਾਇਕਾਂ ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਨੂੰ ਭਾਜਪਾ ਵਿੱਚ ਸ਼ਾਮਿਲ ਹੋਣ ਲਈ ਮਨਾਉਣ ਦੀ ਕੋਸ਼ਿਸ਼ ਵਿੱਚ 20-30 ਕਰੋੜ ਰੁਪਏ, ਮੰਤਰੀ ਅਹੁਦੇ ਅਤੇ ਸੂਬੇ ਦਾ ਦਰਜਾ ਬਹਾਲ ਕਰਨ ਦੀ ਪੇਸ਼ਕਸ਼ ਕੀਤੀ।

## ਭਾਜਪਾ ਦਾ 'ਪ੍ਰੇਮ ਪੱਤਰ' ਪ੍ਰਾਪਤ ਕਰ ਕੇ ਸਨਮਾਨਿਤ ਮਹਿਸੂਸ ਕਰ ਰਿਹਾ ਹਾਂ: ਉਮਰ ਅਬਦੁੱਲਾ



**ਸ੍ਰੀਨਗਰ:** ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਸੋਮਵਾਰ ਨੂੰ ਕਿਹਾ ਕਿ ਉਨ੍ਹਾਂ ਨੂੰ ਭਾਜਪਾ ਵਲੋਂ ਕਾਨੂੰਨੀ ਨੋਟਿਸ ਦੇ ਰੂਪ ਵਿੱਚ "ਪ੍ਰੇਮ ਪੱਤਰ" ਪ੍ਰਾਪਤ ਕਰਕੇ ਸਨਮਾਨਿਤ ਮਹਿਸੂਸ ਹੋ ਰਿਹਾ ਹੈ, ਕਿਉਂਕਿ ਇਹ ਸਾਬਤ ਕਰਦਾ ਹੈ ਕਿ ਇਹ ਇਕ ਰਾਜਨੀਤਿਕ ਸ਼ਕਤੀ ਹੈ, ਜਿਸ ਨੂੰ ਉਹ ਨਜ਼ਰਅੰਦਾਜ਼ ਨਹੀਂ ਕਰ ਸਕਦੇ। ਅਬਦੁੱਲਾ ਨੇ ਇਥੇ ਨੈਸ਼ਨਲ ਕਾਨਫਰੰਸ ਹੈੱਡਕੁਆਰਟਰ ਵਿਖੇ ਪੱਤਰਕਾਰਾਂ ਨੂੰ ਕਿਹਾ, ''ਮੈਨੂੰ ਇੱਕ ਵਕੀਲ ਤੋਂ ਇਕ ਪੱਤਰ ਮਿਲਿਆ, ਇੱਕ ਇਲੈਕਟ੍ਰਾਨਿਕ ਕਾਪੀ। ਮੈਂ ਇਸ ਨੂੰ ਇੱਕ ਵੱਡਾ ਸਨਮਾਨ ਸਮਝਦਾ ਹਾਂ, ਕਿਉਂਕਿ ਮੈਂ ਜੰਮੂ-ਕਸ਼ਮੀਰ ਦਾ ਇਕਲੌਤਾ ਸਿਆਸਤਦਾਨ ਹਾਂ, ਜਿਸ ਨੂੰ ਭਾਜਪਾ ਨੇ ਅਜਿਹਾ 'ਪ੍ਰੇਮ ਪੱਤਰ' ਭੇਜਿਆ ਹੈ। ਮੈਂ ਇਸਨੂੰ ਸਤਿਕਾਰ ਦਾ ਪ੍ਰਤੀਕ ਸਮਝਦਾ ਹਾਂ ਕਿ, ਸਪੱਸ਼ਟ ਤੌਰ 'ਤੇ, ਮੈਂ ਜੰਮੂ-ਕਸ਼ਮੀਰ 'ਚ ਇਕ ਰਾਜਨੀਤਿਕ ਸ਼ਕਤੀ ਹਾਂ, ਜਿਸ ਨੂੰ ਉਹ ਅਣਦੇਖਾ ਨਹੀਂ ਕਰ ਸਕਦੇ।" ਮੁੱਖ ਮੰਤਰੀ ਭਾਜਪਾ ਦੁਆਰਾ ਉਨ੍ਹਾਂ ਨੂੰ ਭੇਜੇ ਗਏ ਇੱਕ ਕਾਨੂੰਨੀ ਨੋਟਿਸ ਬਾਰੇ ਇੱਕ ਸਵਾਲ ਦਾ ਜਵਾਬ ਦੇ ਰਹੇ ਸਨ। ਅਬਦੁੱਲਾ ਨੇ ਕਿਹਾ ਕਿ ਪਿਛਲੇ ਕੁਝ ਮਹੀਨਿਆਂ 'ਚ, ਜੰਮੂ-ਕਸ਼ਮੀਰ 'ਚ ਕਈ ਭਾਜਪਾ ਆਗੂਆਂ ਨੇ ਐੱਨ.ਸੀ. ਅਤੇ ਇਸ ਦੀ ਲੀਡਰਸ਼ਿਪ ਵਿਰੁੱਧ ਅਪਮਾਨਜਨਕ ਦੋਸ਼ ਲਗਾਏ ਹਨ। ਉਨ੍ਹਾਂ ਕਿਹਾ ਕਿ ਇਕ ਆਗੂ, ਖਾਸ ਕਰਕੇ, ਸਾਡੇ ਵਿਰੁੱਧ ਵਾਰ-ਵਾਰ ਬੇਬੁਨਿਆਦ ਅਤੇ ਮਾਣਹਾਨੀ ਵਾਲੇ ਦੋਸ਼ ਲਗਾ ਰਿਹਾ ਹੈ, ਪਰ ਅਸੀਂ ਉਨ੍ਹਾਂ ਦਾ ਰਾਜਨੀਤਿਕ ਤੌਰ 'ਤੇ ਜਵਾਬ ਦੇ ਰਹੇ ਹਾਂ। ਅਸੀਂ ਹੁਣ ਉਸ ਖਾਸ ਭਾਜਪਾ ਆਗੂ ਅਤੇ ਕੁਝ ਹੋਰਾਂ ਨੂੰ ਕਾਨੂੰਨੀ ਨੋਟਿਸ ਭੇਜਣ ਦੀ ਪ੍ਰਕਿਰਿਆ ਸ਼ੁਰੂ ਕਰਾਂਗੇ ਤੇ ਦੇਖਾਂਗੇ ਕਿ ਇਹ ਪ੍ਰਕਿਰਿਆ ਕਿੱਥੇ ਜਾਂਦੀ ਹੈ।''

# ਕੋਲਾ ਘੁਟਾਲੇ ਵਿਚ ਸਾਬਕਾ ਸੰਸਦ ਮੈਂਬਰ ਵਿਜੇ ਦਰਦਾ ਅਤੇ ਹੋਰਾਂ ਵਿਰੁੱਧ ਈ.ਡੀ. ਦਾ ਮਾਮਲਾ ਖਾਰਜ



**ਨਵੀਂ ਦਿੱਲੀ:** ਦਿੱਲੀ ਦੀ ਇੱਕ ਅਦਾਲਤ ਨੇ ਸੋਮਵਾਰ ਨੂੰ ਸਾਬਕਾ ਸੰਸਦ ਮੈਂਬਰ ਵਿਜੇ ਦਰਦਾ, ਉਨ੍ਹਾਂ ਦੇ ਪੁੱਤਰ ਦੇਵੇਂਦਰ ਦਰਦਾ ਅਤੇ ਹੋਰਾਂ ਵਿਰੁੱਧ ਮਹਾਰਾਸ਼ਟਰ ਵਿੱਚ ਬਾਂਦਰ ਕੋਲਾ ਬਲਾਕ ਦੀ ਵੰਡ ਵਿੱਚ ਕਥਿਤ ਬੇਨਿਯਮੀਆਂ ਨਾਲ ਸਬੰਧਤ ਮਨੀ ਲਾਂਡਰਿੰਗ ਅਪਰਾਧਾਂ ਲਈ ਸ਼ਿਕਾਇਤ ਖਾਰਜ ਕਰ ਦਿੱਤੀ।

ਇਹ ਮੰਨਦੇ ਹੋਏ ਕਿ ਕੋਲਾ ਬਲਾਕ ਦੀ ਵੰਡ ਇੱਕ ਉੱਚ-ਪੱਧਰੀ ਪੈਨਲ ਅਤੇ ਪ੍ਰਧਾਨ ਮੰਤਰੀ ਦਫਤਰ ਦੁਆਰਾ ਇੱਕ ''ਨੀਤੀਗਤ ਫੈਸਲੇ'' ਦਾ ਹਿੱਸਾ ਸੀ, ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ 27 ਮਾਰਚ ਨੂੰ ਦਰਦਾ ਅਤੇ ਹੋਰਾਂ ਨੂੰ ਬਰੀ - ਕਰ ਦਿੱਤਾ ਸੀ।27 ਮਾਰਚ, 2014 ਨੂੰ ਦਰਜ ਕੀਤੇ ਗਏ ਸਭ ਤੋਂ ਪੁਰਾਣੇ ਲੰਬਿਤ ਕੋਲਾ ਬਲਾਕ ਵੰਡ ਮਾਮਲੇ ਨੂੰ ਬੰਦ ਕਰਦੇ ਹੋਏ, ਵਿਸ਼ੇਸ਼ ਜੱਜ ਸੁਨੇਨਾ ਸ਼ਰਮਾ ਨੇ ਮੈਸਰਜ਼ ਏ.ਐੱਮ.ਆਰ. ਆਇਰਨ ਐਂਡ ਸਟੀਲ ਪ੍ਰਾਈਵੇਟ ਲਿਮਟਿਡ, ਮਨੋਜ ਕੁਮਾਰ ਜੈਸਵਾਲ ਅਤੇ ਹੋਰਾਂ ਨੂੰ ਵੀ ਬਰੀ ਕਰ ਦਿੱਤਾ।ਆਪਣੇ ਹੁਕਮ ਵਿੱਚ, ਅਦਾਲਤ ਨੇ ਕਿਹਾ, ''ਮਹੱਤਵਪੂਰਨ ਅਪਰਾਧਾਂ (ਪੂਰਵ-ਅਨੁਮਾਨਿਤ ਅਪਰਾਧਾਂ) ਲਈ ਮੁਕੱਦਮੇ ਵਿੱਚ ਬਰੀ ਹੋਣ ਦੇ ਕਾਰਨ, ਮਨੀ ਲਾਂਡਰਿੰਗ ਰੋਕਥਾਮ ਐਕਟ (ਪੀ ਐੱਮ ਐੱਲ ਏ) ਦੀ ਧਾਰਾ 4 ਦੇ ਤਹਿਤ ਸਜ਼ਾਯੋਗ ਧਾਰਾ 3 (ਮਨੀ ਲਾਂਡਰਿੰਗ ਦਾ ਅਪਰਾਧ) ਅਤੇ ਧਾਰਾ 70 (ਕੰਪਨੀਆਂ ਦੁਆਰਾ ਅਪਰਾਧ) ਦੇ ਤਹਿਤ ਅਪਰਾਧਾਂ ਲਈ ਮੌਜੂਦਾ ਕਾਰਵਾਈ ਦਾ ਆਧਾਰ ਖਤਮ ਹੋ ਗਿਆ ਹੈ। ਇਸ ਦੇ ਮੱਦੇਨਜ਼ਰ, ਮੌਜੂਦਾ ਕਾਰਵਾਈਆਂ ਨੂੰ ਬੰਦ ਕਰ ਦਿੱਤਾ ਜਾਂਦਾ ਹੈ ਅਤੇ ਸ਼ਿਕਾਇਤ ਨੂੰ ਖਾਰਜ ਕਰ ਦਿੱਤਾ ਜਾਂਦਾ ਹੈ।'' ਅਦਾਲਤ ਨੇ ਕਿਹਾ ਕਿ ਹਾਲਾਂਕਿ ਮਨੀ ਲਾਂਡਰਿੰਗ ਦਾ ਅਪਰਾਧ ਸੁਤੰਤਰ ਅਤੇ ਅਨੁਸੂਚਿਤ ਅਪਰਾਧ ਤੋਂ ਵੱਖਰਾ ਹੈ, ਪਰ ਉਕਤ ਅਪਰਾਧ ਦੀ ਹੋਂਦ ਅਨੁਸੂਚਿਤ ਅਪਰਾਧ ਦੀ ਹੋਂਦ ਅਤੇ ਅਪਰਾਧ ਦੀ ਕਮਾਈ 'ਤੇ ਨਿਰਭਰ ਕਰਦੀ ਹੈ। ''ਇੱਕ ਵਾਰ ਦੋਸ਼ੀ ਨੂੰ ਅਨੁਸੂਚਿਤ ਅਪਰਾਧ ਤੋਂ ਬਰੀ ਕਰ ਦਿੱਤਾ . ਜਾਂਦਾ ਹੈ, ਤਾਂ ਅਪਰਾਧ ਦੀ ਕਿਸੇ ਵੀ ਕਮਾਈ ਦੀ ਹੋਂਦ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ,'' ਅਦਾਲਤ ਨੇ ਕਿਹਾ।

# ਕਰਤਾਰਪੁਰ ਲਾਂਘਾ ਤੁਰੰਤ ਖੋਲ੍ਹਿਆ ਜਾਵੇ: ਧਾਮੀ



**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖੇ ਪੱਤਰ ਵਿੱਚ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਤੁਰੰਤ ਮੁੜ ਖੋਲ੍ਹਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਕਰਤਾਰਪੁਰ ਸਾਹਿਬ ਨਾਲ ਦੁਨੀਆਂ ਭਰ ਦੀਆਂ ਸਿੱਖ ਸੰਗਤਾਂ ਦੀਆਂ ਡੂੰਘੀਆਂ ਧਾਰਮਿਕ ਭਾਵਨਾਵਾਂ ਜੁੜੀਆਂ ਹੋਈਆਂ ਹਨ।

ਧਾਮੀ ਨੇ ਪੱਤਰ ਵਿੱਚ ਲਿਖਿਆ ਕਿ ਨਵੰਬਰ 2019 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਲਾਂਘਾ, ਖੁੱਲ੍ਹਣ ਨਾਲ ਲੱਖਾਂ ਸ਼ਰਧਾਲੂਆਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਅਰਦਾਸ ਪੂਰੀ ਹੋਈ ਸੀ। ਪਰ ਦੋਵਾਂ ਦੇਸ਼ਾਂ ਵਿਚਾਲੇ ਬਣੇ ਸੁਰੱਖਿਆ ਹਾਲਾਤਾਂ ਕਾਰਨ ਲਾਂਘਾ ਬੰਦ ਹੋਣ ਨਾਲ ਵਿਸ਼ਵ ਭਰ ਦੇ ਸਿੱਖ ਭਾਈਚਾਰੇ ਵਿੱਚ ਨਿਰਾਸ਼ਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਮਾਮਲੇ ਸਬੰਧੀ ਪਹਿਲਾਂ ਵੀ ਕਈ ਮਤੇ ਪਾਸ ਕਰ ਚੁੱਕੀ ਹੈ ਅਤੇ ਪੰਜਾਬ ਦੇ ਰਾਜਪਾਲ ਤੇ ਕੇਂਦਰੀ ਗ੍ਰਹਿ ਮੰਤਰੀ ਨੂੰ ਵੀ ਯਾਦ ਪੱਤਰ ਭੇਜੇ ਜਾ ਚੁੱਕੇ ਹਨ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਸ ਪਾਵਨ ਅਸਥਾਨ ਦੀ ਧਾਰਮਿਕ ਮਹੱਤਤਾ ਅਤੇ ਕਰੋੜਾਂ ਸਿੱਖਾਂ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਸਬੰਧਤ ਮੰਤਰਾਲਿਆਂ ਨੂੰ ਲਾਂਘਾ ਤੁਰੰਤ ਮੁੜ ਖੋਲ੍ਹਣ ਲਈ ਲੋੜੀਂਦੇ ਕੂਟਨੀਤਕ ਅਤੇ ਪ੍ਰਸ਼ਾਸਕੀ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਜਾਣ।

# ਭਾਰਤ-ਅਮਰੀਕਾ ਵਪਾਰ ਸਮਝੌਤੇ ਲਈ ਢਾਂਚਾ ਤਿਆਰ

## ਸਹੀ ਸਮੇਂ 'ਤੇ ਦਸਤਖਤ ਕੀਤੇ ਜਾਣਗ: ਅਧਿਕਾਰੀ



**ਨਵੀਂ ਦਿੱਲੀ:** ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਸਮਝੌਤੇ ਲਈ ਗੱਲਬਾਤ ਚੰਗੀ ਤਰ੍ਹਾਂ ਅੱਗੇ ਵਧ ਰਹੀ ਹੈ ਅਤੇ ਢਾਂਚਾ ਸਮਝੌਤਾ ਤਿਆਰ ਹੈ ਅਤੇ ਸਹੀ ਸਮੇਂ 'ਤੇ ਦਸਤਖਤ ਕੀਤੇ ਜਾਣਗੇ। ਅਧਿਕਾਰੀ ਨੇ ਕਿਹਾ' ਕਿ ਭਾਰਤ ਟੈਰਿਫ ਦੇ ਮਾਮਲੇ ਵਿੱਚ ਆਪਣੇ ਮੁਕਾਬਲੇਬਾਜ਼ਾਂ ਦੇ ਮੁਕਾਬਲੇ ਇਸ ਸਮਝੌਤੇ ਵਿੱਚ ਤੁਲਨਾਤਮਕ ਲਾਭ ਚਾਹੁੰਦਾ ਹੈ। ''ਸਾਡੀ (ਅਮਰੀਕੀ ਟੀਮ ਨਾਲ) ਬਹੁਤ ਵਧੀਆ ਚਰਚਾ ਹੋਈ। ਢਾਂਚਾ ਸਮਝੌਤਾ ਤਿਆਰ ਹੈ, ਇਸ 'ਤੇ ਸਹੀ ਸਮਾਂ ਆਉਣ 'ਤੇ ਦਸਤਖਤ ਕੀਤੇ ਜਾਣਗੇ। ਅਸੀਂ ਇੱਕ ਢਾਂਚਾ ਸਮਝੌਤਾ ਅਤੇ ਇੱਕ ਦੁਵੱਲੇ ਵਪਾਰ ਸਮਝੌਤੇ (ਬੀ ਟੀ ਏ) 'ਤੇ ਗੱਲਬਾਤ ਕਰ ਰਹੇ ਹਾਂ ਅਤੇ ਦੋਵੇਂ ਚੰਗੀ ਤਰ੍ਹਾਂ ਅੱਗੇ ਵਧ ਰਹੇ ਹਨ,'' ਅਧਿਕਾਰੀ ਨੇ ਕਿਹਾ। ਵਣਜ ਅਤੇ ਉਦਯੋਗ ਮੰਤਰੀ ਪਿਊਸ਼ ਗੋਇਲ ਅਤੇ ਅਮਰੀਕੀ ਵਪਾਰ ਪ੍ਰਤੀਨਿਧੀ ਜੇਮਸਨ ਗ੍ਰੀਰ ਨੇ ਪਿਛਲੇ ਮਹੀਨੇ ਇੱਥੇ ਦੁਵੱਲੇ ਵਪਾਰ ਸਮਝੌਤੇ ਦੇ ਪਹਿਲੇ ਪੜਾਅ ਨਾਲ ਸੰਬੰਧਿਤ ਮੁੱਦਿਆਂ 'ਤੇ ਗੱਲਬਾਤ ਕੀਤੀ ਸੀ।ਇੱਕ ਵਪਾਰ ਸੌਦੇ ਦਾ ਮੂਲ ਰੂਪ ਵਿੱਚ ਅਰਥ ਹੈ ਵਿਸ਼ੇਸ਼ ਬਾਜ਼ਾਰ ਪਹੁੰਚ ਜਾਂ ਤੁਲਨਾਤਮਕ ਲਾਭ।ਅਧਿਕਾਰੀ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ 'ਤੇ ਕਿਹਾ, ''ਇਸ ਲਈ ਇਹ ਇੱਕ ਅਜਿਹੀ ਚੀਜ਼ ਹੈ, ਜਿਸ 'ਤੇ ਕੰਮ ਕੀਤਾ ਜਾ ਰਿਹਾ ਹੈ; ਜਦੋਂ ਇਹ ਤਿਆਰ ਹੋ ਜਾਵੇਗਾ, ਤਾਂ ਇਸ 'ਤੇ ਦਸਤਖਤ ਕੀਤੇ ਜਾਣਗੇ। ਪਰ ਅਸੀਂ ਸਹੀ ਰਸਤੇ 'ਤੇ ਹਾਂ, ਸਾਡੀ ਇੱਕ ਪੱਕੀ ਸਮਝ ਹੈ। ਦੋਵੇਂ ਧਿਰਾਂ ਇਸ ਬਾਰੇ ਬਹੁਤ ਸਪੱਸ਼ਟ ਹਨ ਕਿ ਫਰੇਮਵਰਕ ਸੌਦੇ ਵਿੱਚ ਕੀ ਹੈ, ਬੀ.ਟੀ.ਏ. ਅਧੀਨ ਕੀ ਗੱਲਬਾਤ ਕੀਤੀ ਜਾ ਰਹੀ ਹੈ ਅਤੇ ਅਸੀਂ ਉਸ ਦਿਸ਼ਾ ਵਿੱਚ ਅੱਗੇ ਵਧ ਰਹੇ ਹਾਂ।''

# ਅੰਮ੍ਰਿਤਪਾਲ ਸਿੰਘ ਦੀ ਵਰਚੁਅਲ ਪੇਸ਼ੀ 21 ਨੂੰ



**ਅੰਮ੍ਰਿਤਸਰ:** ਤਰਨਤਾਰਨ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਸੋਮਵਾਰ ਦੁਪਹਿਰ ਵੀਡੀਓ ਕਾਨਫਰੰਸਿੰਗ ਰਾਹੀਂ ਅੰਮ੍ਰਿਤਸਰ ਦੀ ਅਦਾਲਤ 'ਚ ਪੇਸ਼ੀ ਕਰਵਾਈ ਗਈ। ਕੋਰਟ ਨੇ ਅਗਲੀ ਤਰੀਕ 21 ਜੁਲਾਈ ਨੂੰ ਯਕੀਨੀ ਬਣਾਈ ਹੈ। ਮੁਲਜ਼ਮ ਅੰਮ੍ਰਿਤਪਾਲ ਸਿੰਘ ਮੌਜੂਦਾ ਸਮੇਂ 'ਚ ਅਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਬੰਦ ਹਨ। ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਸਿੰਘ ਨੇ ਫਰਵਰੀ 2022 'ਚ ਧਾਰਮਿਕ ਯਾਤਰਾ ਦੀ ਆੜ 'ਚ ਹਜ਼ਾਰਾਂ ਸਮਰਥਕਾਂ ਦੇ ਨਾਲ ਥਾਣਾ ਅਜਨਾਲਾ 'ਤੇ ਹਮਲਾ ਕਰ ਦਿੱਤਾ ਸੀ। ਇਸ 'ਚ ਐੱਸਪੀ ਜੁਗਰਾਜ ਸਿੰਘ ਸਮੇਤ ਪੰਜ ਪੁਲਿਸ ਮੁਲਾਜ਼ਮ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ ਸਨ।

# ਪਾਕਿਸਤਾਨ 'ਚ ਲੁੱਟ ਦੌਰਾਨ ਹਿੰਦੂ ਡਾਕਟਰ ਦਾ ਕਤਲ



**ਕਰਾਚੀ:** ਪਾਕਿਸਤਾਨ ਵਿਚ ਲੁੱਟਮਾਰ ਦੌਰਾਨ 28 ਸਾਲਾ ਹਿੰਦੂ ਡਾਕਟਰ ਦਾ ਕਤਲ ਕਰ ਦਿੱਤਾ ਗਿਆ। ਇਹ ਘਟਨਾ ਕਰਾਚੀ ਲਾਗੇ ਕਲਿਫਟਨ ਇਲਾਕੇ ਵਿਚ ਵਾਪਰੀ ਹੈ। ਡਾ. ਆਕਾਸ਼ ਆਪਣੇ ਪਿਤਾ ਅਤੇ ਚਚੇਰੇ ਭਰਾ ਨਾਲ ਇਕ ਹੋਰ ਬੈਂਕ ਤੋਂ 50 ਲੱਖ ਰੁਪਏ ਕਢਾ ਕੇ ਲਿਆਇਆ ਸੀ। ਸਾਰੇ ਜਣੇ 25 ਲੱਖ ਰੁਪਏ ਦੂਜੇ ਬੈਂਕ ਵਿਚ ਜਮ੍ਹਾਂ ਕਰਨ ਲਈ ਲੈ ਕੇ ਜਾ ਰਹੇ ਸਨ, ਜਦੋਂ ਉਨ੍ਹਾਂ ਨੇ ਬੈਂਕ ਦੇ ਬਾਹਰ ਕਾਰ ਰੋਕੀ ਤਾਂ ਇਕ ਹੋਰ ਕਾਰ ਉਨ੍ਹਾਂ ਦੇ ਪਿੱਛੇ ਰੁਕੀ ਅਤੇ ਲੁਟੇਰਿਆਂ ਨੇ ਲੁੱਟਣ ਦੀ ਕੋਸ਼ਿਸ਼ ਕੀਤੀ। ਇਸੇ ਦੌਰਾਨ, ਬੈਂਕ ਦੇ ਸੁਰੱਖਿਆ ਗਾਰਡ ਨੇ ਗੋਲੀ ਚਲਾ ਦਿੱਤੀ, ਜਵਾਬ ਵਿਚ ਲੁਟੇਰਿਆਂ ਨੇ ਵੀ ਗੋਲੀ ਚਲਾਈ, ਇਸ ਘਟਨਾ ਦੌਰਾਨ ਡਾਕਟਰ ਦੀ ਮੌਤ ਹੋ ਗਈ। ਲੁਟੇਰੇ 25 ਲੱਖ ਰੁਪਏ ਦਾ ਪੈਕੇਟ ਲੈ ਕੇ ਫ਼ਰਾਰ ਹੋ ਗਏ।

# ਉੱਤਰ-ਪੱਤਰੀਆਂ ਬਦਲਣ ਦੀਆਂ ਖੁੱਲ੍ਹਣ ਲੱਗੀਆਂ ਪਰਤਾਂ



**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਰੀ-ਵੈਲਿਊਏਸ਼ਨ ਦੌਰਾਨ ਉੱਤਰ ਪੱਤਰੀਆਂ ਦੇ ਪੰਨੇ ਬਦਲਣ ਦੇ ਮਾਮਲੇ ਦੀਆਂ ਪਰਤਾਂ ਖੁੱਲ੍ਹਣੀਆਂ ਸ਼ੁਰੂ ਹੋ ਗਈਆਂ ਹਨ। ਪਹਿਲਾਂ ਤਿੰਨ ਉੱਤਰ ਪੱਤਰੀਆਂ 'ਚ ਹੇਰਫੇਰ ਸਾਹਮਣੇ ਆਇਆ ਸੀ, ਜਿਨ੍ਹਾਂ ਦੀ ਗਿਣਤੀ ਹੁਣ ਦਸ ਤੱਕ ਪੁੱਜ ਗਈ ਹੈ। ਦਿਲਚਸਪ ਹੈ ਕਿ ਇਹ ਸਾਰੀਆਂ ਉੱਤਰ ਪੱਤਰੀਆਂ ਇੱਕੋ ਵਿਭਾਗ ਦੀਆਂ ਹੀ ਹਨ। ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਪੇਪਰਾਂ ਵਿੱਚ ਵਿਦਿਆਰਥੀਆਂ ਨੇ ਰੀ-ਇਵੈਲੂਏਸ਼ਨ ਲਈ ਅਪਲਾਈ ਕੀਤਾ ਸੀ ਜਦੋਂ ਅਸਲ ਉੱਤਰ-ਕਾਪੀਆਂ ਦੀ ਪੜਤਾਲ ਕੀਤੀ ਗਈ ਤਾਂ ਪਤਾ ਲੱਗਿਆ ਕਿ ਵਿਦਿਆਰਥੀਆਂ ਦੀਆਂ ਅਸਲ ਕਾਪੀਆਂ ਦੇ ਅੰਦਰਲੇ ਪੰਨੇ ਕਿਸੇ ਹੋਰ ਉੱਤਰ-ਕਾਪੀ ਜਿਸ ਦਾ ਰੋਲ ਨੰਬਰ, ਕਾਪੀ ਨੰਬਰ ਵੱਖਰਾ ਸੀ, ਨਾਲ ਅਦਲਾ-ਬਦਲੀ ਕੀਤੇ ਗਏ ਸਨ। ਹੋਰਨਾਂ ਹੁਸ਼ਿਆਰ ਬੱਚਿਆਂ ਦੀਆਂ ਕਾਪੀਆਂ ਦੇ ਪੰਨੇ ਪਾੜ ਕੇ ਇਨ੍ਹਾਂ ਵਿਦਿਆਰਥੀਆਂ ਦੀਆਂ ਕਾਪੀਆਂ 'ਚ ਲਗਾਏ ਗਏ।ਜਾਂਚ ਅੱਗੇ ਵਧੀ ਤਾਂ 10 ਅਜਿਹੀਆਂ ਉੱਤਰ ਪੱਤਰੀਆਂ ਮਿਲੀਆਂ ਜਿਨ੍ਹਾਂ ਦੇ ਪਹਿਲੇ ਪੰਨੇ ਅੰਦਰਲੇ ਪੰਨਿਆਂ ਦੀ ਲਿਖਾਈ ਵਿਚ ਫਰਕ ਹੈ। ਕਾਪੀਆਂ ਨੂੰ ਮੁੜ ਜੋੜਨ ਲਈਆਂ ਸਟੈਪਲਰ ਤੇ ਧਾਗੇ ਬਾਰੇ ਜਾਂਚ ਕੀਤੀ ਜਾ ਰਹੀ ਹੈ। ਸੂਤਰਾਂ ਅਨੁਸਾਰ ਉੱਤਰ ਪੱਤਰੀਆਂ 'ਤੇ ਧਾਗੇ ਤੇ ਸਟੈਪਲਰ ਵਿਸ਼ੇਸ ਕਿਸਮ ਦੇ ਹੁੰਦੇ ਹਨ ਤੇ ਹੇਰਫੇਰ ਕਰਨ ਵਾਲੇ ਵੱਲੋਂ ਅਜਿਹੇ ਹੀ ਧਾਗੇ ਤੇ ਸਟੈਪਲਰ ਦੀ ਵਰਤੋਂ ਕੀਤੀ ਗਈ ਹੈ। ਇਹ ਹੈਰਾਨੀ ਵਾਲੀ ਗੱਲ ਹੈ ਕਿ ਇਸ ਧਾਗੇ ਤੇ ਸਟੈਪਲਰ ਦੀ ਬਾਜ਼ਾਰ ਵਿਚ ਆਮ ਵਿੱਕਰੀ ਨਹੀਂ ਹੁੰਦੀ। ਇਸ ਲਈ ਇਹ ਵੀ ਜਾਂਚ ਦਾ ਵਿਸ਼ਾ ਹੈ ਕਿ ਸਟੈਪਲਰ ਤੇ ਧਾਗੇ ਕਿਥੋਂ ਆਏ।

# ਪੰਜਾਬ ਟਾਈਮਜ਼

*18 ਜੁਲਾਈ, ਸ਼ਨਿਚਰਵਾਰ*

# 'ਸਤਲੁਜ' ਦਾ ਸੱਚ

*ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ ਅਤੇ ਉਸ ਵੱਲੋਂ ਕੌਮ ਲਈ ਕੀਤੇ ਗਏ ਕਾਰਜਾਂ ਬਾਰੇ ਬਣੀ ਫ਼ਿਲਮ 'ਸਤਲੁਜ' ਦੇ ਵਰਤਮਾਨ ਮਹੱਤਵ ਦੀ ਚਰਚਾ ਹਰ ਕਿਸੇ ਦੀ ਜ਼ੁਬਾਨ ਉੱਤੇ ਹੈ। ਘਟਨਾਵਾਂ ਦੇ ਪਿਛੋਕੜ ਵਲ ਜਾਈਏ ਤਾਂ ਜਸਵੰਤ ਸਿੰਘ ਖਾਲੜਾ ਨੂੰ ਆਖਰੀ ਵਾਰ ਸਤੰਬਰ 1995 'ਚ ਅੰਮ੍ਰਿਤਸਰ ਆਪਣੇ ਘਰ ਦੇ ਬਾਹਰ ਆਪਣੀ ਕਾਰ ਧੋਂਦੇ ਦੇਖਿਆ ਗਿਆ ਸੀ। ਇਸ ਤੋਂ ਬਾਅਦ ਇਕ ਅਦਾਲਤ ਨੇ ਪੰਜਾਬ ਪੁਲਿਸ ਦੇ 6 ਅਧਿਕਾਰੀਆਂ ਨੂੰ ਖਾਲੜਾ ਨੂੰ ਅਗਵਾ ਕਰਨ ਅਤੇ ਕਤਲ ਕਰਨ ਦੇ ਦੋਸ਼ 'ਚ ਉਮਰ ਕੈਦ ਦੀ ਸਜ਼ਾ ਸੁਣਾਈ। ਖਾਲੜਾ ਨਾਲ ਅਜਿਹਾ ਕਿਉਂ ਕੀਤਾ ਗਿਆ?*

*ਆਪ੍ਰੇਸ਼ਨ ਬਲੂ ਸਟਾਰ, ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਅਤੇ 1984 ਦੇ ਸਿੱਖ ਵਿਰੋਧੀ ਦੰਗਿਆਂ ਤੋਂ ਬਾਅਦ ਪੁਲਿਸ ਨੂੰ ਸ਼ੱਕ ਦੇ ਆਧਾਰ 'ਤੇ ਕਿਸੇ ਨੂੰ ਵੀ ਗ੍ਰਿਫ਼ਤਾਰ ਕਰਨ ਦਾ ਅਧਿਕਾਰ ਦੇ ਦਿੱਤਾ ਗਿਆ ਸੀ। ਪੁਲਿਸ 'ਤੇ ਨਿਹੱਥੇ ਸ਼ੱਕੀਆਂ ਨੂੰ ਝੂਠੇ ਮੁਕਾਬਲਿਆਂ 'ਚ ਮਾਰ ਕੇ ਇਨ੍ਹਾਂ ਕਤਲਾਂ ਨੂੰ ਛੁਪਾਉਣ ਲਈ ਹਜ਼ਾਰਾਂ ਲਾਸ਼ਾਂ ਦਾ ਸਸਕਾਰ ਕਰਨ ਦੇ ਦੋਸ਼ ਲੱਗੇ। ਖਾਲੜਾ ਪੰਜਾਬ 'ਚ 25,000 ਅਣਪਛਾਤੀਆਂ ਲਾਸ਼ਾਂ ਦੇ ਸਸਕਾਰ ਕਰਨ ਦੇ ਨਾਲ ਹੀ ਇਸ ਗੱਲ ਦੀ ਵੀ ਜਾਂਚ ਕਰ ਰਿਹਾ ਸੀ ਕਿ ਅੱਤਵਾਦ ਵਿਰੋਧੀ ਕਾਰਵਾਈਆਂ ਦੌਰਾਨ ਸਹਿਯੋਗ ਕਰਨ ਤੋਂ ਇਨਕਾਰ ਕਰਨ ਵਾਲੇ ਲਗਭਗ 2,000 ਪੁਲਿਸ ਵਾਲੇ ਵੀ ਮਾਰੇ ਗਏ ਸਨ। ਸੀ.ਬੀ.ਆਈ. ਨੇ ਜਾਂਚ ਦੌਰਾਨ ਪਤਾ ਲਗਾਇਆ ਸੀ ਕਿ ਇਕੱਲੇ ਅੰਮ੍ਰਿਤਸਰ ਅਤੇ ਤਰਨ ਤਾਰਨ ਪੁਲਿਸ ਜ਼ਿਲ੍ਹੇ ਵਿਚ ਹੀ ਪੁਲਿਸ ਨੇ 2,097 ਲੋਕਾਂ ਦਾ ਗੈਰ-ਕਾਨੂੰਨੀ ਤੌਰ 'ਤੇ ਸਸਕਾਰ ਕੀਤਾ ਸੀ। ਖਾਲੜਾ ਨੂੰ 'ਲਾਪਤਾ' ਲੋਕਾਂ ਦੀ ਭਾਲ ਕਰਦਿਆਂ ਅੰਮ੍ਰਿਤਸਰ ਨਗਰ ਨਿਗਮ ਤੋਂ ਉਹ ਫਾਈਲ ਮਿਲ ਗਈ, ਜਿਸ 'ਚ ਪੁਲਿਸ ਦੁਆਰਾ ਮਾਰ ਕੇ ਸਸਕਾਰ ਕੀਤੇ ਗਏ ਲੋਕਾਂ ਦੇ ਨਾਂਅ, ਉਮਰ ਤੇ ਪਤੇ ਦਰਜ ਸਨ। ਖਾਲੜਾ ਵਲੋਂ ਡੂੰਘੀ ਖੋਜ ਕਰਨ 'ਤੇ ਅਣਪਛਾਤੀਆਂ ਲਾਸ਼ਾਂ ਕਹਿ ਕੇ ਸਸਕਾਰ ਕੀਤੇ ਲੋਕਾਂ ਦੀ ਗਿਣਤੀ ਹਜ਼ਾਰਾਂ ਤੱਕ ਪਹੁੰਚ ਗਈ। ਸ਼ਾਇਦ ਇਸੇ ਕਰਕੇ ਖਾਲੜਾ ਨੂੰ ਸਦਾ ਲਈ 'ਚੁੱਪ' ਕਰਵਾ ਦਿੱਤਾ ਗਿਆ ਸੀ।*

*ਜਸਵੰਤ ਸਿੰਘ ਖਾਲੜਾ ਦੀ ਇਸੇ ਸਰਗਰਮੀ 'ਤੇ ਨਿਰਦੇਸ਼ਕ ਹਨੀ ਤ੍ਰੇਹਨ ਨੇ ਫ਼ਿਲਮ 'ਪੰਜਾਬ- 95' ਬਣਾਈ। ਪਰ ਜਦੋਂ 2022 'ਚ ਇਸ ਫ਼ਿਲਮ ਨੂੰ ਸੈਂਸਰ ਬੋਰਡ ਕੋਲ ਕਲੀਅਰੈਂਸ ਲਈ ਭੇਜਿਆ ਗਿਆ ਤਾਂ ਵਿਵਾਦਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਸੈਂਸਰ ਬੋਰਡ ਨੇ ਪਹਿਲਾਂ 21 ਕੱਟਾਂ ਦਾ ਸੁਝਾਅ ਦਿੱਤਾ। ਜੋ ਨਿਰਦੇਸ਼ਕ ਨੇ ਮੰਨ ਲਿਆ। ਇਸ ਤੋਂ ਬਾਅਦ ਫ਼ਿਲਮ ਦੀ ਕਈ ਵਾਰ ਸਮੀਖਿਆ ਕੀਤੀ ਗਈ ਅਤੇ 2025 ਤੱਕ 127 ਕੱਟਾਂ ਦਾ ਸੁਝਾਅ ਦੇ ਦਿੱਤਾ ਗਿਆ, ਜਿਸ ਵਿਚ ਮੁੱਖ ਕਿਰਦਾਰ ਖਾਲੜਾ ਦਾ ਨਾਂਅ ਬਦਲਣਾ ਵੀ ਸ਼ਾਮਿਲ ਸੀ। ਨਿਰਦੇਸ਼ਕ ਨੇ ਇਸ ਤੋਂ ਇਨਕਾਰ ਕਰ ਦਿੱਤਾ। ਇਨ੍ਹਾਂ ਵਿਵਾਦਾਂ ਕਰਕੇ ਹੀ ਫ਼ਿਲਮ ਨੂੰ ਸਤੰਬਰ 2023 ਵਿਚ ਟੋਰਾਂਟੋ ਇੰਟਰਨੈਸ਼ਨਲ ਫ਼ਿਲਮ ਫੈਸਟੀਵਲ (ਟੀ.ਆਈ.ਐਫ.ਐਫ.) ਵਿਚ ਰਿਲੀਜ਼ ਨਹੀਂ ਕੀਤਾ ਜਾ ਸਕਿਆ ਸੀ। ਓ.ਟੀ.ਟੀ. ਪਲੇਟਫਾਰਮ 'ਤੇ ਸਮੱਗਰੀ ਨਿਯਮ ਵੱਡੇ ਪਰਦੇ ਤੇ ਟੀ.ਵੀ. ਨਾਲੋਂ ਵਧੇਰੇ ਲਚਕਦਾਰ ਹੋਣ ਕਰਕੇ ਨਿਰਮਾਤਾ ਨੇ 'ਪੰਜਾਬ 95' ਦਾ ਨਾਂਅ 'ਸਤਲੁਜ' ਰੱਖ ਕੇ ਇਸ ਨੂੰ ਜ਼ੀ-5 ਓ.ਟੀ.ਟੀ.'ਤੇ ਰਿਲੀਜ਼ ਕਰ ਦਿੱਤਾ, ਪਰ 48 ਘੰਟਿਆਂ ਬਾਅਦ ਹੀ ਸਰਕਾਰ ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦੇ ਕੇ ਜ਼ੀ-5 ਨੂੰ ਫ਼ਿਲਮ 'ਸਤਲੁਜ' ਨੂੰ ਆਪਣੇ ਪਲੇਟਫਾਰਮ ਤੋਂ ਹਟਾਉਣ ਦਾ ਹੁਕਮ ਦੇ ਦਿੱਤਾ। ਕਿਹਾ ਗਿਆ ਹੈ ਕਿ ਫ਼ਿਲਮ ਨੂੰ ਇਸ ਲਈ ਹਟਾਇਆ ਗਿਆ ਹੈ ਕਿਉਂਕਿ ਦੇਸ਼ ਵਿਰੋਧੀ ਤੱਤ ਇਸ ਦੀ ਦੁਰਵਰਤੋਂ ਕਰ ਸਕਦੇ ਹਨ। ਸੈਂਸਰ ਬੋਰਡ 'ਕਸ਼ਮੀਰ ਫਾਈਲਜ਼', 'ਕੇਰਲ ਸਟੋਰੀ' ਵਰਗੀਆਂ ਪ੍ਰਚਾਰ ਫਿਲਮਾਂ ਨੂੰ ਤਾਂ ਮਨਜ਼ੂਰੀ ਦੇ ਦਿੰਦਾ ਹੈ, ਪਰ ਇਤਿਹਾਸਕ ਤੱਥਾਂ 'ਤੇ ਆਧਾਰਿਤ ਫ਼ਿਲਮਾਂ ਨੂੰ ਮਨਜ਼ੂਰੀ ਦੇਣ ਤੋਂ ਇਨਕਾਰ ਕਰਦਾ ਹੈ।*

*ਓ.ਟੀ.ਟੀ. ਪਲੇਟਫਾਰਮ 'ਤੇ ਰਿਲੀਜ਼ ਹੁੰਦਿਆਂ ਹੀ ਬਹੁਤ ਸਾਰੇ ਲੋਕਾਂ ਨੇ ਇਸ ਨੂੰ ਡਾਊਨਲੋਡ ਕਰ ਲਿਆ ਹੈ। ਅੱਜ ਹਰ ਘਰ ਵਿਚ ਜਸਵੰਤ ਸਿੰਘ ਖਾਲੜਾ ਬਾਰੇ ਗੱਲ ਹੋ ਰਹੀ ਹੈ। ਥਾਂ-ਥਾਂ ਫਿਲਮ ਵੇਖੀ ਅਤੇ ਵਿਖਾਈ ਜਾ ਰਹੀ ਹੈ। ਪਰ ਓ.ਟੀ.ਟੀ. ਪਲੇਟਫਾਰਮ ਤੋਂ ਫ਼ਿਲਮ ਨੂੰ ਹਟਾਉਣਾ ਇਕ ਅਲੋਕਾਰ ਕਹਾਣੀ ਹੈ। 'ਸਤਲੁਜ' ਨੂੰ ਬੈਕਡੋਰ ਸੈਂਸਰਸ਼ਿਪ ਦਾ ਸਾਹਮਣਾ ਕਰਨਾ ਪਿਆ ਹੈ। ਜਦੋਂ ਕਿ ਰੈਗੂਲੇਟਰ ਅਤੇ ਪਲੇਟਫਾਰਮ ਸਪੱਸ਼ਟ ਆਦੇਸ਼ਾਂ ਤੋਂ ਬਿਨਾਂ ਕੰਮ ਕਰਦੇ ਹਨ ਤਾਂ ਜ਼ਿੰਮੇਵਾਰੀ ਗਾਇਬ ਹੋ ਜਾਂਦੀ ਹੈ। ਆਮ ਕਰਕੇ ਅਜਿਹੀਆਂ ਫ਼ਿਲਮਾਂ ਦਿਖਾਉਣ ਲਈ ਕਿਹਾ ਜਾਂਦਾ ਹੈ, ਜੋ ਲੋਕਾਂ ਦੀਆਂ ਭਾਵਨਾਵਾਂ ਨੂੰ ਨਾ ਭੜਕਾਉਣ। ਇਹ ਫ਼ਿਲਮ ਸੁਪਰੀਮ ਕੋਰਟ ਵਲੋਂ ਪ੍ਰਮਾਣਿਤ ਤੱਥਾਂ ਉਤੇ ਅਧਾਰਤ ਹੈ। ਇਹ ਸਪੱਸ਼ਟ ਰੂਪ ਵਿਚ ਸਮਝਣ ਦੀ ਲੋੜ ਹੈ ਕਿ ਸਚਾਈ ਦਾ ਸਾਹਮਣਾ ਕਰਕੇ ਹੀ ਜਾਗਰੂਕਤਾ ਪੈਦਾ ਕੀਤੀ ਜਾ ਸਕਦੀ ਹੈ ਅਤੇ ਸਮਾਜ ਨੂੰ ਬਦਲਿਆ ਜਾ ਸਕਦਾ ਹੈ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਨੇਕੀ ਬਨਾਮ ਬਦੀ

*ਸੱਚ-ਕੁਫਰ ਜਾਂ ਨੇਕੀ ਤੇ ਬਦੀ ਵਾਂਗਰ, ਸਦਾ ਰਹਿਣੇ ਨੇ ਕ੍ਰਿਸ਼ਨ ਤੇ ਕੰਸ ਭਾਈ।*
*ਹੁੰਦਾ ਟਾਕਰਾ ਆਇਆ ਏ ਜਾਲਮਾਂ ਦਾ, ਖਤਮ ਹੋਈ ਨਾ ਜ਼ੁਲਮ ਦੀ ਅੰਸ ਭਾਈ।*
*ਵਿਚ ਦੁਨੀਆਂ ਦੇ ਬਗਲੇ ਜੇ ਬਹੁਤ ਹੁੰਦੇ, ਵਿਰਲੇ ਕੀਮਤੀ ਹੁੰਦੇ ਜੀਅ ਹੰਸ ਭਾਈ।*
*ਹੱਕ ਸੱਚ ਇਨਸਾਫ ਲਈ ਆਏ ਲੜਦੇ, ਗਿਣਤੀ ਸੂਰਿਆਂ ਵਾਲੀ ਸਹੰਸ ਭਾਈ।*
*ਜਾਨਾਂ ਲੈਂਦੇ ਇੱਕ ਆ ਜਾਂਦੇ 'ਦੂਸਰੇ' ਵੀ, ਰੱਖ ਕੇ ਸਿਰ ਤਲੀ ਜੂਝਣੇ 'ਵਾਲੜੇ' ਵੀ।*
*ਜ਼ੁਲਮ-ਓ-ਜ਼ਬਰ ਜੇ ਕਦੇ ਵੀ ਮੁੱਕਣੇ ਨੀ, ਆਉਂਦੇ ਰਹਿਣਗੇ ਸੂਰਮੇਂ 'ਖਾਲੜੇ' ਵੀ!*

# ਭਰਮ-ਭੁਲੇਖਿਆਂ ਦਾ ਸ਼ਿਕਾਰ ਪੰਜਾਬ ਦੀਆਂ ਸਿਆਸੀ ਪਾਰਟੀਆਂ




> **ਜੇਕਰ ਪਿੰਡ ਮਰ ਗਿਆ, ਤਾਂ ਪੰਜਾਬ ਮਰ ਜਾਵੇਗਾ ਕਿਉਂਕਿ ਪੰਜਾਬ ਦੀ ਰੂਹ ਪਿੰਡ, ਕਿਸਾਨ ਅਤੇ ਖੇਤੀ 'ਤੇ ਹੀ ਨਿਰਭਰ ਹੈ। ਪੰਜਾਬੀਆਂ ਨੂੰ ਮੁਫ਼ਤ ਦੀਆਂ ਸਹੂਲਤਾਂ ਵੰਡ ਕੇ ਮੰਗਤੇ ਬਣਾਉਣ ਦੀ ਬਜਾਏ, ਖੇਤੀ ਅਧਾਰਿਤ ਕਾਰਖਾਨੇ ਲਗਾ ਕੇ ਜਾਂ ਸਵੈ-ਰੁਜ਼ਗਾਰ ਦੇ ਕੇ ਉਨ੍ਹਾਂ ਨੂੰ ਅਣਖੀ ਬਣਾਉਣ ਦੀ ਕੋਈ ਤਰਕੀਬ ਸਿਆਸੀ ਪਾਰਟੀਆਂ ਕੋਲ ਨਜ਼ਰ ਨਹੀਂ ਆਉਂਦੀ।**

ਪੰਜਾਬ ਭਰ ਵਿਚ ਘਰ-ਘਰ ਜਾ ਕੇ ਗਣਨਾ ਕਰਨ ਦੀ ਵਿਸ਼ੇਸ਼ ਤੀਬਰ ਸੋਧ (ਐਸ.ਆਈ.ਆਰ.) ਪ੍ਰਕਿਰਿਆ ਨਿਰੰਤਰ ਤੇਜ਼ੀ ਨਾਲ ਚੱਲ ਰਹੀ ਹੈ। ਚੋਣ ਕਮਿਸ਼ਨ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ 25 ਜੂਨ 2026 ਤੋਂ 18 ਦਿਨਾਂ ਦੇ ਅੰਦਰ ਸੂਬੇ ਨੇ ਇੱਕ ਕਰੋੜ ਤੋਂ ਵੱਧ ਗਣਨਾ ਫਾਰਮਾਂ ਨੂੰ ਸਫਲਤਾਪੂਰਵਕ ਡਿਜੀਟਲਾਈਜ਼ ਕਰ ਲਿਆ ਹੈ। ਇਸ ਦੇ ਨਾਲ ਹੀ, 25 ਜੂਨ ਤੋਂ 24 ਜੁਲਾਈ 2026 ਦੇ ਦਰਮਿਆਨ ਪੰਜਾਬ ਭਰ ਦੇ 2 ਕਰੋੜ 14 ਲੱਖ 61 ਹਜ਼ਾਰ 43 ਵੋਟਰਾਂ ਤੱਕ ਪਹੁੰਚ ਕੀਤੇ ਜਾਣ ਦਾ ਦਾਅਵਾ ਵੀ ਕੀਤਾ ਗਿਆ ਹੈ। ਇਸ ਕਾਰਜ ਲਈ 24,453 ਬੀ.ਐਲ.ਓਜ਼ ਲਗਾਏ ਗਏ ਹਨ।

ਇਸ ਸਭ ਦੇ ਬਾਵਜੂਦ, ਆਮ ਲੋਕ ਇਸ ਐਸ.ਆਈ.ਆਰ. ਪ੍ਰਕਿਰਿਆ ਤੋਂ ਪਰੇਸ਼ਾਨ ਹਨ। ਇਹ ਕੰਮ 2003 ਦੀ ਵੋਟਰ ਸੂਚੀ ਨੂੰ ਅਧਾਰ ਮੰਨ ਕੇ ਮੁਕੰਮਲ ਕੀਤਾ ਜਾ ਰਿਹਾ ਹੈ, ਜਿਸ ਕਾਰਨ ਪੰਜਾਬ ਦੇ ਲੋਕਾਂ ਵਿਚ ਅਜੀਬ ਬੇਚੈਨੀ ਹੈ। ਖਾਸ ਕਰਕੇ ਉਨ੍ਹਾਂ ਲੋਕਾਂ ਵਿਚ ਚਿੰਤਾ ਜ਼ਿਆਦਾ ਹੈ ਜਿਨ੍ਹਾਂ ਤੱਕ ਹਾਲੇ ਬੀ.ਐਲ.ਓ. ਨਹੀਂ ਪਹੁੰਚੇ ਅਤੇ ਜਿਨ੍ਹਾਂ ਦੇ ਨਾਮ



**ਗੁਰਮੀਤ ਸਿੰਘ ਪਲਾਹੀ**
**ਫੋਨ: 9815802070**

2003 ਦੀ ਵੋਟਰ ਸੂਚੀ ਵਿਚ ਸ਼ਾਮਲ ਨਹੀਂ ਹਨ।

ਲੋਕਾਂ ਦੀ ਇਹ ਪਰੇਸ਼ਾਨੀ ਸਿਰਫ਼ ਵੋਟ ਕੱਟੇ ਜਾਣ ਜਾਂ ਨਵੀਂ ਵੋਟਰ ਸੂਚੀ ਵਿਚ ਨਾਮ ਸ਼ਾਮਲ ਨਾ ਹੋਣ ਤੱਕ ਸੀਮਤ ਨਹੀਂ ਹੈ; ਬਲਕਿ ਵੱਡੀ ਚਿੰਤਾ ਇਹ ਹੈ ਕਿ ਇਸ ਕਾਰਨ ਬੁਢਾਪਾ ਪੈਂਸ਼ਨ, ਮੁਫ਼ਤ ਅਨਾਜ ਅਤੇ ਔਰਤ ਸਨਮਾਨ ਰਾਸ਼ੀ ਸਮੇਤ ਸਾਰੀਆਂ ਸਰਕਾਰੀ ਸਹੂਲਤਾਂ ਬੰਦ ਹੋ ਸਕਦੀਆਂ ਹਨ।

ਹੈਰਾਨੀ ਦੀ ਗੱਲ ਇਹ ਹੈ ਕਿ ਕਿਸੇ ਵੀ ਸਿਆਸੀ ਧਿਰ ਦੇ ਜ਼ਮੀਨੀ ਵਰਕਰ ਜਾਂ ਨੇਤਾ ਇਨ੍ਹਾਂ ਲੋਕਾਂ ਦੀ ਕਿਸੇ ਕਿਸਮ ਦੀ ਸਹਾਇਤਾ ਨਹੀਂ ਕਰ ਰਹੇ। ਲੋਕਾਂ ਕੋਲ ਆਧਾਰ ਕਾਰਡ, ਪੈਨ ਕਾਰਡ ਅਤੇ ਵੋਟਰ ਕਾਰਡ ਤਾਂ ਹਨ, ਪਰ 2003 ਦੀ ਵੋਟਰ ਸੂਚੀ ਵਿਚ ਨਾਮ ਨਾ ਹੋਣ ਕਾਰਨ ਉਹ ਆਪਣੇ ਪਿਓ-ਦਾਦਿਆਂ ਦੇ ਨਾਮ, ਜਨਮ ਮਿਤੀ ਅਤੇ ਹੋਰ ਰਿਕਾਰਡ ਲੱਭਣ ਲਈ ਦਫ਼ਤਰਾਂ ਤੇ ਸਕੂਲਾਂ ਦੇ ਚੱਕਰ ਕੱਟ ਰਹੇ ਹਨ, ਜੋ ਕਿ ਸਭ ਵਿਅਰਥ ਸਾਬਤ ਹੋ ਰਿਹਾ ਹੈ।

ਇਹ ਪਰੇਸ਼ਾਨੀ 'ਮਾਵਾਂ-ਧੀਆਂ ਸਤਿਕਾਰ ਯੋਜਨਾ' ਤਹਿਤ ਉਨ੍ਹਾਂ ਔਰਤਾਂ ਨੂੰ ਆ ਰਹੀਆਂ ਮੁਸ਼ਕਿਲਾਂ ਨਾਲੋਂ ਵੀ ਵੱਧ ਹੈ, ਜਿਨ੍ਹਾਂ ਦੇ ਬੈਂਕ ਖਾਤੇ ਆਧਾਰ ਕਾਰਡ ਜਾਂ ਫੋਨ ਨੰਬਰਾਂ ਨਾਲ ਲਿੰਕ ਨਹੀਂ ਹਨ। ਬੈਂਕਾਂ ਵਿਚ ਨਵੇਂ ਖਾਤੇ ਖੁੱਲ੍ਹ ਨਹੀਂ ਰਹੇ, ਭਰੇ ਹੋਏ ਫਾਰਮ ਹੱਥਾਂ ਵਿਚ ਹਨ ਪਰ ਅਪਲੋਡ ਨਹੀਂ ਹੋ ਰਹੇ। ਸਿਆਸੀ ਪਾਰਟੀਆਂ ਔਰਤਾਂ ਦੀ ਇਸ ਮੁਸ਼ਕਿਲ ਵਿਚ ਮਦਦ ਕਰਨ ਦੀ ਬਜਾਏ ਉਨ੍ਹਾਂ ਨੂੰ ਆਪਣੇ ਰਹਿਮੋ-ਕਰਮ 'ਤੇ ਛੱਡ ਚੁੱਕੀਆਂ ਹਨ।

ਕੀ ਸਿਆਸੀ ਪਾਰਟੀਆਂ ਦਾ ਕੰਮ ਸਿਰਫ਼ ਵੋਟਾਂ ਹਥਿਆਉਣਾ ਅਤੇ ਵੱਡੇ-ਵੱਡੇ ਭਾਸ਼ਣ ਦੇਣਾ ਹੀ ਰਹਿ ਗਿਆ ਹੈ? ਕੀ ਲੋਕ-ਹਿੱਤ ਅਤੇ ਲੋਕ-ਤਕਲੀਫ਼ਾਂ ਉਨ੍ਹਾਂ ਲਈ ਕੋਈ ਮਾਇਨੇ ਨਹੀਂ ਰੱਖਦੀਆਂ?

ਇੱਕ ਵਾਰ ਫਿਰ 'ਉਹੀ ਸਰਕਾਰ', 'ਡਬਲ ਇੰਜਣ ਸਰਕਾਰ' ਅਤੇ 'ਖੇਤਰੀ ਪਾਰਟੀ ਸਰਕਾਰ' ਦੇ ਨਾਅਰੇ ਹਵਾ ਵਿਚ ਗੂੰਜਣ ਲੱਗੇ ਹਨ। ਪੰਜਾਬ ਉਤੇ ਸ਼ਾਸਨ ਕਰਨ ਲਈ ਹਿੰਦੂ-ਸਿੱਖ ਵਿਚ ਵੰਡਣ ਦੇ ਪੱਤੇ ਖਿਲਾਰੇ ਜਾ ਰਹੇ ਹਨ। ਮਨੁੱਖੀ ਅਧਿਕਾਰਾਂ ਦੇ ਰਾਖੇ ਜਸਵੰਤ ਸਿੰਘ ਖਾਲੜਾ ਦੀ ਹੁਣੇ ਜਿਹੇ ਜਾਰੀ ਹੋਈ ਫਿਲਮ 'ਤੇ ਬੰਦਸ਼ ਅਤੇ ਉਸ ਸਮੇਂ ਦੌਰਾਨ ਹੋਏ ਹਿੰਦੂਆਂ ਦੇ ਕਤਲਾਂ ਦੇ ਬਿਆਨਾਂ ਨਾਲ ਪੰਜਾਬ ਵਿਚ ਪਾੜ ਪਾਉਣ ਦੇ ਯਤਨ ਹੋ ਰਹੇ ਹਨ।

ਆਖਰ ਚੋਣਾਂ ਦੇ ਦਰਮਿਆਨ ਪੰਜਾਬ ਵਿਚ ਫਿਰਕੂ ਅੱਗ ਲਗਾਉਣ ਦੀ ਖੇਡ ਖੇਡਣ ਦੀ ਤਿਆਰੀ ਕਿਉਂ ਹੈ? ਪੰਜਾਬ ਪਹਿਲਾਂ ਹੀ ਵੱਡੇ ਦਰਦ ਹੰਢਾ ਚੁੱਕਾ ਹੈ, ਜਿਸ ਦੀ ਕੀਮਤ ਪੰਜਾਬੀਆਂ ਨੂੰ ਤਾਰਨੀ ਪਈ ਹੈ।

ਮੌਜੂਦਾ ਸਰਕਾਰ ਇਸ ਭਰਮ-ਭੁਲੇਖੇ ਵਿਚ ਹੈ ਕਿ ਉਹ ਐਸ.ਆਈ.ਆਰ. ਤੋਂ ਬਚੀਆਂ-ਖੁਚੀਆਂ ਵੋਟਾਂ ਵਿਚੋਂ ਵੋਟਰਾਂ ਨੂੰ ਆਪਣੇ ਹੱਕ ਵਿਚ ਭੁਗਤਾ ਲਵੇਗੀ। ਸਰਕਾਰ ਵੱਲੋਂ ਪਿੰਡਾਂ-ਸ਼ਹਿਰਾਂ ਵਿਚ ਸੜਕਾਂ ਦੀ ਮੁਰੰਮਤ ਸ਼ੁਰੂ ਹੈ, ਵਿਕਾਸ ਕਾਰਜਾਂ ਦੀ ਹਨੇਰੀ ਲਿਆਉਣ ਦੀ ਗੱਲ ਪ੍ਰਚਾਰੀ ਜਾ ਰਹੀ ਹੈ, ਔਰਤਾਂ ਨੂੰ ਸਨਮਾਨ ਰਾਸ਼ੀ ਦਿੱਤੀ ਜਾ ਰਹੀ ਹੈ ਅਤੇ ਨਵੀਆਂ ਮੁਫ਼ਤ ਸਕੀਮਾਂ ਲਾਗੂ ਕੀਤੀਆਂ ਜਾ ਰਹੀਆਂ ਹਨ। ਪਰ ਸਰਕਾਰ ਦੇ ਦਾਅਵਿਆਂ ਦੇ ਬਾਵਜੂਦ ਪੰਜਾਬ ਦੇ ਅਸਲੀ ਮਸਲੇ ਜਿਉਂ ਦੇ ਤਿਉਂ ਖੜ੍ਹੇ ਹਨ। ਨਸ਼ਿਆਂ ਦਾ ਮੁੱਦਾ ਉਵੇਂ ਹੀ ਬਰਕਰਾਰ ਹੈ, ਸਰਕਾਰੀ ਨੌਕਰੀਆਂ ਦੇ ਦਾਅਵਿਆਂ ਦੇ ਬਾਵਜੂਦ ਬੇਰੁਜ਼ਗਾਰੀ ਵਧ ਰਹੀ ਹੈ ਅਤੇ ਨੌਜਵਾਨ ਹਾਲੇ ਵੀ ਵਿਦੇਸ਼ਾਂ ਵੱਲ ਪ੍ਰਵਾਸ ਕਰ ਰਹੇ ਹਨ। ਸੂਬੇ ਵਿਚ ਅਮਨ-ਕਾਨੂੰਨ ਦੀ ਸਥਿਤੀ ਕਾਬੂ ਵਿਚ ਨਹੀਂ ਹੈ।

ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਕਹੇ ਜਾਣ ਵਾਲੇ ਕਿਸਾਨਾਂ ਵਿਚ ਮੌਜੂਦਾ ਸਰਕਾਰ ਖਿਲਾਫ਼ ਭਾਰੀ ਰੋਸ ਅਤੇ ਅਸੰਤੋਸ਼ ਪਾਇਆ ਜਾ ਰਿਹਾ ਹੈ। ਕਿਸਾਨਾਂ ਵਿਚ ਸਭ ਤੋਂ ਵੱਡਾ ਗੁੱਸਾ ਇਸ ਗੱਲੋਂ ਹੈ ਕਿ ਉਨ੍ਹਾਂ ਦੀਆਂ ਜ਼ਮੀਨਾਂ ਐਕਵਾਇਰ ਕਰਨ ਲਈ ਸਰਕਾਰ ਨੇ ਜੋ ਸਕੀਮ ਪਹਿਲਾਂ ਲਾਗੂ ਕੀਤੀ ਸੀ ਅਤੇ ਫਿਰ ਵਿਰੋਧ ਕਾਰਨ ਰੱਦ ਕਰ ਦਿੱਤੀ ਸੀ, ਉਸੇ ਸਕੀਮ ਨੂੰ ਹੁਣ ਮੁੜ ਕੁਝ ਸੋਧਾਂ ਸਹਿਤ ਚੋਰ-ਦਰਵਾਜ਼ਿਓਂ ਲਿਆਂਦਾ ਗਿਆ ਹੈ।

ਕਿਸਾਨੀ ਅੱਜ ਸਿਰਫ਼ ਕਰਜ਼ੇ ਦੇ ਬੋਝ ਹੇਠ ਹੀ ਨਹੀਂ ਦੱਬੀ ਹੋਈ, ਬਲਕਿ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਪਿੰਡ ਅਤੇ ਖੇਤੀ-ਬਾੜੀ ਦੋਵੇਂ ਉਜੜਨ ਦੇ ਕੰਢੇ 'ਤੇ ਹਨ। ਇਸੇ ਤਰ੍ਹਾਂ ਸੂਬੇ ਦੇ ਬੇਰੁਜ਼ਗਾਰ ਵੀ ਸੜਕਾਂ 'ਤੇ ਉਤਰੇ ਹੋਏ ਹਨ ਅਤੇ ਸਰਕਾਰੀ ਕਰਮਚਾਰੀ ਆਪਣਾ ਹੱਕ ਯਾਨੀ 18% ਮਹਿੰਗਾਈ ਭੱਤਾ (ਡੀਏ) ਲੈਣ ਲਈ ਲਗਾਤਾਰ ਸੰਘਰਸ਼ ਅਤੇ ਅਦਾਲਤੀ ਲੜਾਈਆਂ ਲੜਨ ਦੇ ਰਾਹ ਪੈ ਚੁੱਕੇ ਹਨ।

ਜਿੱਥੋਂ ਤੱਕ ਵੱਖ-ਵੱਖ ਸਿਆਸੀ ਪਾਰਟੀਆਂ ਦੀ ਅੰਦਰੂਨੀ ਸਥਿਤੀ ਦਾ ਸਵਾਲ ਹੈ, ਉਹ ਸਭ ਲੋਕਾਂ ਦੇ ਅਸਲ ਮੁੱਦਿਆਂ 'ਤੇ ਲੜਨ ਦੀ ਬਜਾਏ ਭਰਮ-ਭੁਲੇਖਿਆਂ ਦਾ ਸ਼ਿਕਾਰ ਹਨ। ਮੁੱਖ ਵਿਰੋਧੀ ਧਿਰ ਕਾਂਗਰਸ ਨੇ ਪਿਛਲੇ ਸਾਢੇ ਚਾਰ ਸਾਲ ਜਨਤਾ ਦੇ ਮਸਲਿਆਂ ਨੂੰ ਸੜਕਾਂ 'ਤੇ ਲਿਆਉਣ ਲਈ ਕੋਈ ਵੀ ਵੱਡਾ ਜਾਂ ਸਾਰਥਕ ਅੰਦੋਲਨ ਨਹੀਂ ਕੀਤਾ। ਉਨ੍ਹਾਂ ਦੀ ਸਿਆਸਤ ਸਿਰਫ਼ ਵਿਧਾਨ ਸਭਾ ਅੰਦਰ ਸ਼ਬਦੀ ਜੰਗ ਲੜਨ ਅਤੇ ਫੇਸਬੁੱਕ ਜਾਂ ਇੰਸਟਾਗ੍ਰਾਮ 'ਤੇ ਲੜਾਈ ਦਾ ਦਿਖਾਵਾ ਕਰਨ ਤੱਕ ਸੀਮਤ ਰਹੀ ਹੈ।

ਇਸ ਦੇ ਬਾਵਜੂਦ ਉਹ ਇਸ ਵਹਿਮ ਵਿਚ ਹਨ ਕਿ ਸੱਤਾਧਾਰੀ ਪਾਰਟੀ ਦੀਆਂ ਨਾਕਾਮੀਆਂ ਕਾਰਨ ਅਗਲੀ ਸਰਕਾਰ ਉਨ੍ਹਾਂ ਦੀ ਹੀ ਬਣੇਗੀ, ਜਦਕਿ ਕਾਂਗਰਸ ਖੁਦ ਅੰਦਰੂਨੀ ਕਾਟੋ-ਕਲੇਸ਼ ਵਿਚ ਫਸੀ ਹੋਈ ਹੈ ਅਤੇ ਇਸ ਦਾ ਹਰ ਨੇਤਾ ਆਪਣੇ ਆਪ ਨੂੰ ਅਗਲਾ ਮੁੱਖ ਮੰਤਰੀ ਸਮਝ ਕੇ ਧੜੇਬੰਦੀ ਨੂੰ ਹਵਾ ਦੇ ਰਿਹਾ ਹੈ।

ਦੂਜੇ ਪਾਸੇ, ਕੇਂਦਰ ਦੀ ਸੱਤਾ 'ਤੇ ਕਾਬਜ਼ ਭਾਜਪਾ ਪੱਛਮੀ ਬੰਗਾਲ ਦੀ ਤਰਜ਼ 'ਤੇ ਪੰਜਾਬ ਵਿਚ ਵੀ ਜੋੜ-ਤੋੜ ਕਰਕੇ ਸਰਕਾਰ ਬਣਾਉਣ ਦਾ ਸੁਪਨਾ ਦੇਖ ਰਹੀ ਹੈ। ਪਰ ਉਨ੍ਹਾਂ ਕੋਲ ਪੰਜਾਬੀਆਂ ਦੇ ਇਸ ਸਵਾਲ ਦਾ ਕੋਈ ਜਵਾਬ ਹੈ ਕਿ ਉਨ੍ਹਾਂ ਨੇ ਸੂਬੇ ਦੇ ਹਿੱਤਾਂ ਲਈ ਕੀ ਕੀਤਾ? ਉਲਟਾ, ਪਾਣੀਆਂ ਦੇ ਮਾਮਲੇ ਵਿਚ ਪੰਜਾਬ ਨੂੰ ਬਾਹਰ ਰੱਖ ਕੇ ਹਰਿਆਣਾ ਤੇ ਰਾਜਸਥਾਨ ਨਾਲ ਸਮਝੌਤੇ ਕੀਤੇ ਗਏ ਅਤੇ ਤਿੰਨ ਖੇਤੀ ਕਾਨੂੰਨ ਬਣਾ ਕੇ ਕਿਸਾਨਾਂ ਦੀਆਂ ਜ਼ਮੀਨਾਂ ਕਾਰਪੋਰੇਟਾਂ ਦੇ ਹਵਾਲੇ ਕਰਨ ਦੀ ਕੋਸ਼ਿਸ਼ ਕੀਤੀ ਗਈ।

ਸ਼੍ਰੋਮਣੀ ਅਕਾਲੀ ਦਲ, ਜੋ ਕਦੇ ਸੂਬੇ ਦੇ ਹੱਕਾਂ ਦੀ ਰਾਖੀ ਕਰਨ ਵਾਲੀ ਖੇਤਰੀ ਪਾਰਟੀ ਹੋਣ ਦਾ ਦਾਅਵਾ ਕਰਦਾ ਸੀ, ਖ਼ੁਦਮੁਖਤਿਆਰੀ ਦਾ ਅਲੰਬਰਦਾਰ ਸੀ, ਅੱਜ ਖੁਦ ਟੁੱਟ-ਭੱਜ ਅਤੇ ਖੱਖੜੀਆਂ-ਖੱਖੜੀਆਂ ਹੋਣ ਦੇ ਦੌਰ ਵਿਚੋਂ ਲੰਘ ਰਿਹਾ ਹੈ। ਅਕਾਲੀ ਦਲ ਦੀ ਆਪਸੀ ਫੁੱਟ ਅਤੇ ਧਾਰਮਿਕ ਮਾਮਲਿਆਂ ਵਿਚ ਬੇਲੋੜੀ ਦਖਲਅੰਦਾਜ਼ੀ ਕਾਰਨ ਲੋਕਾਂ ਵਿਚ ਉਸ ਦਾ ਅਧਾਰ ਖ਼ਤਮ ਹੋ ਰਿਹਾ ਹੈ। ਉਹ ਵੀ ਭਰਮ-ਭੁਲੇਖੇ 'ਚ ਹੈ ਕਿ ਅਗਲਾ ਪੰਜਾਬ ਦਾ ਹੁਕਮਰਾਨ ਉਹ ਹੀ ਹੋਵੇਗਾ।

ਦੂਜੇ ਪਾਸੇ, 'ਵਾਰਿਸ ਪੰਜਾਬ ਦੇ' ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਰਗੀਆਂ ਧਿਰਾਂ ਸਿਰਫ਼ ਸਿੱਖ ਵੋਟਾਂ ਅਤੇ ਭਾਵੁਕ ਮੁੱਦਿਆਂ ਦੇ ਸਿਰ 'ਤੇ ਪੰਜਾਬ ਵਿਚ ਸੱਤਾ ਹਾਸਲ ਕਰਨ ਦੇ ਭਰਮ ਪਾਲੀ ਬੈਠੀਆਂ ਹਨ। ਦੁਆਬਾ ਖੇਤਰ ਵਿਚ ਸਰਗਰਮ ਬਸਪਾ ਲਈ ਤਾਕਤ ਵਿਚ ਆਉਣਾ ਇੱਕ ਨਾਮੁਮਕਿਨ ਸੁਪਨੇ ਵਰਗਾ ਹੈ, ਜਦਕਿ ਉਹ ਵੀ ਪੰਜਾਬ ਸ਼ਾਸ਼ਕ ਬਣਨਾ ਲੋਚਦਾ ਹੈ। ਖੱਬੀਆਂ ਧਿਰਾਂ ਵੀ ਸਿਆਸੀ ਮੈਦਾਨ ਵਿਚ ਆਪਣੀ ਹੋਂਦ ਬਚਾਉਣ ਲਈ ਸੰਘਰਸ਼ ਕਰ ਰਹੀਆਂ ਹਨ ਪਰ ਕੋਈ ਵੱਡਾ ਲੋਕ-ਉਭਾਰ ਪੈਦਾ ਕਰਨ ਵਿਚ ਅਸਮਰੱਥ ਰਹੀਆਂ ਹਨ, ਜਿਸਦੀ ਤਵੱਕੋ ਆਮ ਲੋਕਾਂ ਨੂੰ ਸੀ।

ਇੱਥੇ ਹੀ ਬੱਸ ਨਹੀਂ ਸਿਆਸੀ ਨੇਤਾ ਪਾਰਟੀਆਂ ਬਦਲ ਰਹੇ ਹਨ ਅਤੇ ਇਸ ਤਾਕ ਵਿਚ ਹਨ ਕਿ ਉਨ੍ਹਾਂ ਨੂੰ ਕਿਸ ਸਿਆਸੀ ਪਾਰਟੀ 'ਚ ਜਾ ਕੇ ਫ਼ਾਇਦਾ ਮਿਲੇਗਾ ਅਤੇ ਉਹ ਅਗਲੇ ਸ਼ਾਸਕ ਬਣ ਸਕਣਗੇ। ਇਹ ਸਵਾਰਥੀ ਨੇਤਾ ਲੋਕ ਹਿੱਤ ਤਿਆਗ ਕੇ, ਆਪਣੇ ਹਿੱਤਾਂ ਦੀ ਪੂਰਤੀ ਲਈ ਯਤਨਸ਼ੀਲ ਹਨ। 'ਆਇਆ ਰਾਮ-ਗਿਆ ਰਾਮ' ਦੀ ਸਿਆਸਤ ਨੇ ਪੰਜਾਬ ਦੇ ਨੇਤਾਵਾਂ ਦੀ ਨੈਤਿਕਤਾ 'ਤੇ ਵੱਡੇ ਸੁਆਲ ਉਠਾਏ ਹਨ।

ਸਭ ਤੋਂ ਵੱਡਾ ਸੁਆਲ ਇਹ ਹੈ ਕਿ ਕੀ ਕੋਈ ਵੀ ਪਾਰਟੀ ਅਗਲੇ 5 ਸਾਲਾਂ ਦਾ ਮੈਨੀਫੈਸਟੋ ਅਤੇ ਉਸ ਨੂੰ ਲਾਗੂ ਕਰਨ ਦਾ ਰੋਡ-ਮੈਪ ਪੇਸ਼ ਕਰਨ ਲਈ ਤਿਆਰ ਹੈ? ਕੀ ਉਨ੍ਹਾਂ ਕੋਲ ਉਜੜ ਰਹੇ ਪੰਜਾਬ ਨੂੰ ਬਚਾਉਣ ਦਾ ਕੋਈ ਪਲਾਨ ਹੈ?

ਜੇਕਰ ਪਿੰਡ ਮਰ ਗਿਆ, ਤਾਂ ਪੰਜਾਬ ਮਰ ਜਾਵੇਗਾ ਕਿਉਂਕਿ ਪੰਜਾਬ ਦੀ ਰੂਹ ਪਿੰਡ, ਕਿਸਾਨ ਅਤੇ ਖੇਤੀ 'ਤੇ ਹੀ ਨਿਰਭਰ ਹੈ। ਪੰਜਾਬੀਆਂ ਨੂੰ ਮੁਫ਼ਤ ਦੀਆਂ ਸਹੂਲਤਾਂ ਵੰਡ ਕੇ ਮੰਗਤੇ ਬਣਾਉਣ ਦੀ ਬਜਾਏ, ਖੇਤੀ ਅਧਾਰਿਤ ਕਾਰਖਾਨੇ ਲਗਾ ਕੇ ਜਾਂ ਸਵੈ-ਰੁਜ਼ਗਾਰ ਦੇ ਕੇ ਉਨ੍ਹਾਂ ਨੂੰ ਅਣਖੀ ਬਣਾਉਣ ਦੀ ਕੋਈ ਤਰਕੀਬ ਸਿਆਸੀ ਪਾਰਟੀਆਂ ਕੋਲ ਨਜ਼ਰ ਨਹੀਂ ਆਉਂਦੀ।

ਪੰਜਾਬ ਦਾ ਇਤਿਹਾਸ ਜ਼ੁਲਮ ਵਿਰੁੱਧ ਲੜਨ ਅਤੇ ਸਵਾਲਾਂ ਦੇ ਜਵਾਬ ਮੰਗਣ ਦਾ ਇਤਿਹਾਸ ਹੈ। ਸਿਆਸੀ ਧਿਰਾਂ ਨੂੰ ਆਪਣੇ ਭਰਮ-ਭੁਲੇਖੇ ਛੱਡ ਕੇ ਪੰਜਾਬ ਦੇ ਅਸਲ ਹਿਤੈਸ਼ੀ ਹੋਣ ਦਾ ਸਬੂਤ ਦੇਣਾ ਪਵੇਗਾ, ਤਾਂ ਜੋ ਪੰਜਾਬ ਦੇ ਜ਼ਖ਼ਮ ਭਰ ਸਕਣ ਅਤੇ ਪੰਜਾਬੀ ਮੁੜ ਅਣਖ ਨਾਲ ਜਿਊਣ ਦੇ ਕਾਬਲ ਹੋ ਸਕਣ।

# 'ਸਤਲੁਜ' ਉੱਪਰ ਪਾਬੰਦੀ ਅਤੇ ਇਸਦੇ ਵਿਰੋਧ ਦਾ ਸਵਾਲ

**ਚਾਹੇ ਫਿਲਮਾਂ ਹਨ ਜਾਂ ਹੋਰ ਕਲਾ ਵੰਨਗੀਆਂ, ਹਕੂਮਤੀ ਰੋਕਾਂ ਨੂੰ ਨਾਕਾਮ ਬਣਾਉਣ ਲਈ ਬਦਲਵੇਂ ਸਾਧਨ ਅਤੇ ਪ੍ਰਭਾਵਸ਼ਾਲੀ ਤਰੀਕੇ ਲੱਭਣੇ ਹੋਣਗੇ। ਫਿਲਮ ਉੱਪਰ ਲਗਾਈ ਪਾਬੰਦੀ ਹਟਾਏ ਜਾਣ ਦੀ ਮੰਗ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ਦੀ ਰਾਖੀ ਦੇ ਜਮਹੂਰੀ ਤਕਾਜ਼ੇ 'ਚੋਂ ਵਿਆਪਕ ਪੱਧਰ 'ਤੇ ਉਠਾਈ ਜਾਣੀ ਚਾਹੀਦੀ ਹੈ। ਇਸ ਨੂੰ ਸੱਤਾ ਵੱਲੋਂ ਪ੍ਰਗਟਾਵੇ ਦੇ ਹਰ ਰੂਪ ਉੱਪਰ ਕੀਤੇ ਜਾ ਰਹੇ ਫਾਸ਼ੀਵਾਦੀ ਹਮਲਿਆਂ ਨੂੰ ਠੱਲ੍ਹ ਪਾਉਣ ਅਤੇ ਜਮਹੂਰੀ ਸਪੇਸ ਦੀ ਰਾਖੀ ਲਈ ਸੰਘਰਸ਼ ਦੀ ਚੇਤਨਾ ਤੱਕ ਉੱਚਾ ਚੁੱਕਣਾ ਚਾਹੀਦਾ ਹੈ।**

ਬੂਟਾ ਸਿੰਘ ਮਹਿਮੂਦਪੁਰ

ਜਸਵੰਤ ਸਿੰਘ ਖਾਲੜਾ ਦੀ ਜੀਵਨ-ਕਹਾਣੀ 'ਤੇ ਆਧਾਰਤ ਅਤੇ ਹਨੀ ਤ੍ਰੇਹਨ ਦੁਆਰਾ ਨਿਰਦੇਸ਼ਿਤ ਫ਼ਿਲਮ 'ਸਤਲੁਜ' ਨੂੰ ਓਟੀਟੀ ਪਲੈਟਫਾਰਮ ਤੋਂ ਹਟਾਏ ਜਾਣ ਨੇ ਕਾਲੇ ਦੌਰ ਵਿਚ ਖੁਰਦ-ਬੁਰਦ ਕੀਤੀਆਂ ਲਾਵਾਰਿਸ ਲਾਸ਼ਾਂ ਦੀ ਚਰਚਾ ਦੁਨੀਆ ਭਰ ਛੇੜ ਦਿੱਤੀ ਹੈ। ਇਹ ਲਾਵਾਰਿਸ ਲਾਸ਼ਾਂ ਭਾਰਤੀ ਹੁਕਮਰਾਨਾਂ ਵੱਲੋਂ ਗ਼ੈਰ-ਅਦਾਲਤੀ ਕਤਲਾਂ ਦੇ ਉਸ ਵਿਆਪਕ ਸਿਲਸਿਲੇ ਦਾ ਚਿੰਨ੍ਹ ਹਨ ਜਿਸਨੂੰ ਮੁਲਕ ਦੀ 'ਏਕਤਾ ਤੇ ਅਖੰਡਤਾ' ਦੀ ਰਾਖੀ ਦੇ ਨਾਂ ਹੇਠ ਅੰਜਾਮ ਦਿੱਤਾ ਗਿਆ। ਸਾਲਾਂ-ਬੱਧੀ ਮਨਜ਼ੂਰੀ ਲਈ ਲਟਕਾਈ ਰੱਖਣ ਅਤੇ ਸੈਂਸਰ ਬੋਰਡ ਦੇ ਅਧਿਕਾਰੀਆਂ ਦੇ ਆਦੇਸ਼ ਅਨੁਸਾਰ ਨਿਰਦੇਸ਼ਕ ਵੱਲੋਂ 127 ਦੇ ਕਰੀਬ ਕੱਟ ਲਗਾਏ ਜਾਣ ਤੋਂ ਬਾਅਦ ਵੀ ਜਦੋਂ ਸਿਨਮਾ ਘਰਾਂ ਵਿਚ ਦਿਖਾਉਣ ਲਈ ਮਨਜ਼ੂਰੀ ਨਾ ਦਿੱਤੀ ਗਈ ਤਾਂ ਆਖ਼ਿਰਕਾਰ ਪ੍ਰੋਡਿਊਸਰਾਂ ਵੱਲੋਂ ਫਿਲਮ ਓਟੀਟੀ ਪਲੈਟਫਾਰਮ ਜ਼ੀ5 ਉੱਪਰ ਚਲਾਈ ਗਈ ਸੀ। ਤਾਨਾਸ਼ਾਹ ਸੱਤਾ ਨੇ 48 ਘੰਟਿਆਂ ਦੇ ਅੰਦਰ ਹੀ ਫਿਲਮ ਇਸ ਬਹਾਨੇ ਉੱਥੋਂ ਹਟਵਾ ਦਿੱਤੀ ਕਿ ਇਸਨੂੰ 'ਭਾਰਤ ਵਿਰੋਧੀ ਤਾਕਤਾਂ' ਵਰਤਣਗੀਆਂ। ਸਿਰਫ਼ ਜ਼ੀ5 ਦੇ ਗਾਹਕਾਂ ਦੇ ਦੇਖਣ ਲਈ ਉਪਲਬਧ ਕਰਵਾਈ ਗਈ ਫਿਲਮ ਉੱਥੋਂ ਹਟਾ ਦਿੱਤੇ ਜਾਣ ਨਾਲ ਦੁਨੀਆ ਭਰ 'ਚ ਚਰਚਿਤ ਹੋ ਗਈ ਅਤੇ ਬੇਸ਼ੁਮਾਰ ਲੋਕ ਇਸਨੂੰ ਦੇਖ ਰਹੇ ਹਨ। ਪੰਜਾਬ ਵਿਚ ਬਹੁਤ ਸਾਰੇ ਥਾਈਂ ਲੋਕਾਂ ਨੇ ਪਾਬੰਦੀ ਦਾ ਜਵਾਬ ਸਾਂਝੀਆਂ ਥਾਵਾਂ ਨੂੰ ਓਪਨ-ਏਅਰ ਸਿਨੇਮਾ ਘਰ ਬਣਾ ਕੇ ਅਤੇ ਪ੍ਰੋਜੈਕਟਰਾਂ ਤੇ ਐੱਲ.ਈ.ਡੀ. ਉੱਪਰ ਫਿਲਮ ਜਨਤਕ ਤੌਰ 'ਤੇ ਦਿਖਾ ਕੇ ਦਿੱਤਾ ਹੈ ਅਤੇ ਹੋਰ ਰਾਜਾਂ 'ਚ ਵੀ ਇਸਦੀ ਜਨਤਕ ਸਕਰੀਨਿੰਗ ਕੀਤੀ ਜਾ ਰਹੀ ਹੈ। ਇਸ ਸਾਰਥਕ ਉਪਰਾਲੇ ਨੂੰ ਵਿਚਾਰ ਅਤੇ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਫਾਸ਼ੀਵਾਦੀ ਸਰਕਾਰ ਵੱਲੋਂ ਲਗਾਤਾਰ ਕੀਤੇ ਜਾ ਰਹੇ ਹਮਲਿਆਂ ਵਿਰੁੱਧ ਜਮਹੂਰੀ ਚੇਤਨਾ 'ਚ ਬਦਲਣ ਦੀ ਲੋੜ ਹੈ।

ਫਿਲਮ ਨੂੰ ਦਬਾਏ ਜਾਣ ਦੀ ਕਹਾਣੀ ਦੇ ਰੂਪ 'ਚ ਦੁਨੀਆ ਨੇ ਤਾਨਾਸ਼ਾਹ ਸਟੇਟ ਦਾ ਅਸਲ ਚਿਹਰਾ ਇਕ ਵਾਰ ਫਿਰ ਦੇਖ ਲਿਆ, ਜਿਸਦੇ ਹੁਕਮਰਾਨ ਦਾਅਵਾ ਕਰਦੇ ਹਨ ਕਿ ਲੋਕਤੰਤਰ ਤਾਂ ਸਾਡੇ ਡੀ.ਐੱਨ.ਏ. ਵਿਚ ਹੈ। ਦਰਅਸਲ, ਇੱਥੇ ਪ੍ਰਗਟਾਵੇ ਦੀ ਆਜ਼ਾਦੀ ਦੇ ਬੁਨਿਆਦੀ ਹੱਕ ਨੂੰ ਛਾਂਗਣ ਅਤੇ ਬੇਅਸਰ ਬਣਾਉਣ ਲਈ ਸੈਂਸਰ ਬੋਰਡ ਸਮੇਤ ਧੜਵੈਲ ਤਾਨਾਸ਼ਾਹ ਤੰਤਰ ਬਣਾਇਆ ਗਿਆ ਹੈ, ਜੋ ਪੂਰੀ ਤਰ੍ਹਾਂ ਹਕੂਮਤ ਦੇ ਹਿਤਾਂ ਅਨੁਸਾਰ ਤੈਅ ਕਰਦਾ ਹੈ ਕਿ ਕਿਸ ਫਿਲਮ ਨੂੰ ਮਨਜ਼ੂਰੀ ਦੇਣੀ ਹੈ ਅਤੇ ਕਿਸ ਨੂੰ ਦਬਾਉਣਾ ਹੈ। ਫਿਲਮ ਦਾ ਮੂਲ ਨਾਂ 'ਘੱਲੂਘਾਰਾ' ਸੀ ਜਿਸਨੂੰ ਬਦਲ ਕੇ ਪਹਿਲਾਂ 'ਪੰਜਾਬ '95' ਤੇ ਫਿਰ 'ਸਤਲੁਜ' ਕਰਨਾ ਪਿਆ ਅਤੇ ਸੈਂਸਰ ਬੋਰਡ ਦੇ ਅਧਿਕਾਰੀ ਆਪਣੇ ਵੱਲੋਂ ਹੀ ਮੰਗ ਕੀਤੀ ਕਾਂਟ-ਛਾਂਟ ਕਰ ਦਿੱਤੇ ਜਾਣ ਤੋਂ ਬਾਅਦ ਵੀ ਮਨਜ਼ੂਰੀ ਦੇਣ ਲਈ ਨਹੀਂ ਮੰਨੇ। ਕਿਉਂਕਿ ਉਨ੍ਹਾਂ ਦੀ ਬਦਨੀਅਤ ਤਾਂ ਇਹ ਸੀ ਕਿ ਕਥਿਤ ਇਤਰਾਜ਼ਯੋਗ ਨੁਕਤੇ ਉਠਾਉਣ ਦੀ ਲਗਾਤਾਰ ਕਵਾਇਦ ਰਾਹੀਂ ਫਿਲਮ ਨੂੰ ਦਬਾਉਣਾ ਕਿਵੇਂ ਹੈ।

ਫਿਲਮ ਖ਼ਾਲਸਤਾਨੀ ਲਹਿਰ ਦੇ ਦੌਰ ਵਿਚ ਜਸਵੰਤ ਸਿੰਘ ਖਾਲੜਾ ਦੇ ਲਾਵਾਰਿਸ ਲਾਸ਼ਾਂ ਦੀ ਖੋਜ ਕਰਨ ਦੇ ਸੰਘਰਸ਼ 'ਤੇ ਅਧਾਰਤ ਹੈ ਜਿਸਦਾ ਮੁੱਲ ਉਸਨੂੰ ਖ਼ੁਦ ਵੀ ਲਾਸ਼ ਬਣ ਕੇ ਚੁਕਾਉਣਾ ਪਿਆ। ਹਜ਼ਾਰਾਂ ਲਾਪਤਾ ਵਿਅਕਤੀਆਂ ਦੀ ਫਿਹਰਿਸਤ ਵਿਚ ਇਕ ਨਾਂ ਹੋਰ ਜੁੜ ਗਿਆ, ਜਿਨ੍ਹਾਂ ਨੂੰ ਪੁਲਿਸ ਨੇ ਦਿਨ-ਦਿਹਾੜੇ ਆਮ ਲੋਕਾਂ ਦੇ ਸਾਹਮਣੇ ਅਗਵਾ ਕੀਤਾ ਅਤੇ ਮਾਰ ਕੇ ਖਪਾ ਦਿੱਤਾ। ਝੂਠੇ (ਕੁਝ ਸੱਚੇ) ਮੁਕਾਬਲਿਆਂ, ਹਿਰਾਸਤੀ ਕਤਲਾਂ ਅਤੇ ਅਗਵਾ ਕਰਕੇ ਲਾਪਤਾ ਕਰ ਦਿੱਤੇ ਜਾਣ ਵਰਗੇ ਅਣਗਿਣਤ ਰੂਪਾਂ 'ਚ ਸਟੇਟ ਵੱਲੋਂ ਆਪਣੇ ਹੀ ਨਾਗਰਿਕਾਂ ਨੂੰ ਲਾਸ਼ਾਂ ਬਣਾ ਦੇਣ ਦਾ ਇਹ ਵਰਤਾਰਾ ਉੱਤਰ ਵਿਚ ਜੰਮੂ-ਕਸ਼ਮੀਰ ਤੇ ਪੰਜਾਬ ਤੋਂ ਲੈ ਕੇ ਕੇਂਦਰੀ ਭਾਰਤ, ਉੱਤਰ-ਪੂਰਬੀ ਰਾਜਾਂ ਅਤੇ ਧੁਰ ਦੱਖਣ ਤੱਕ ਦੇਖਿਆ ਜਾ ਸਕਦਾ ਹੈ। ਹਕੂਮਤੀ ਦਹਿਸ਼ਤਗਰਦੀ ਦਾ ਬੋਲਬਾਲਾ ਸਮਾਜ ਵਿਚ ਜ਼ੁਬਾਨਬੰਦੀ ਦਾ ਕੰਮ ਕਰਦਾ ਹੈ ਅਤੇ 'ਸ਼ਾਂਤੀ' ਬਹਾਲ ਕਰਨ ਤੇ ਪੁਲਿਸ/ਸੁਰੱਖਿਆ ਬਲਾਂ/ਫ਼ੌਜ ਦਾ ਮਨੋਬਲ ਬਣਾਈ ਰੱਖਣ ਦੇ ਬਹਾਨੇ ਨਿਆਂ ਲਈ ਕਾਨੂੰਨੀ ਚਾਰਾਜੋਈ ਦਾ ਮਾਮੂਲੀ ਹੱਕ ਖੋਹ ਲੈਣਾ ਆਮ ਗੱਲ ਹੈ। ਜੇਕਰ ਕੁਝ ਕੇਸਾਂ ਵਿਚ ਸਰਕਾਰਾਂ ਨੂੰ ਨਿਆਂਕਾਰੀ ਰਾਜ ਦਾ ਭਰਮ ਬਣਾਈ ਰੱਖਣ ਲਈ ਜਾਂਚ ਕਰਾਉਣ ਅਤੇ ਕਾਨੂੰਨੀ ਕਾਰਵਾਈ ਦਾ ਅੱਕ ਚੱਬਣਾ ਵੀ ਪੈ ਜਾਵੇ, ਜਿਵੇਂ ਖਾਲੜਾ ਦੀ ਖੋਜ ਦੇ ਆਧਾਰ 'ਤੇ ਸੀ.ਬੀ.ਆਈ. ਕੋਲੋਂ ਜਾਂਚ ਕਰਵਾਈ ਗਈ, ਉਸਨੂੰ ਵੀ ਮੁਕੱਦਮੇਬਾਜ਼ੀ ਦੇ ਲੰਮੇ ਚੱਕਰਾਂ ਦੌਰਾਨ ਸਟੇਟ ਦੀ ਤਾਕਤ ਵਰਤ ਕੇ ਸਿਲਸਿਲੇਵਾਰ ਤਰੀਕੇ ਨਾਲ ਬੇਅਸਰ ਬਣਾ ਦਿੱਤਾ ਜਾਂਦਾ ਹੈ। ਸਜ਼ਾਵਾਂ ਨਾਮਨਿਹਾਦ ਹੁੰਦੀਆਂ ਹਨ। ਖਾਲੜਾ ਕੇਸ ਨਾਲ ਸੰਬੰਧਤ ਜਸਪਾਲ ਸਿੰਘ ਵਰਗੇ ਸਜ਼ਾਯਾਫ਼ਤਾ ਅਧਿਕਾਰੀਆਂ ਦਾ ਸਰਕਾਰਾਂ ਦੀ ਮਿਲੀਭੁਗਤ ਨਾਲ ਅੰਤ੍ਰਿਮ ਜ਼ਮਾਨਤ ਲੈ ਕੇ ਲਾਪਤਾ ਹੋਣਾ ਇਸਦੀ ਮਿਸਾਲ ਹੈ। ਘਿਣਾਉਣੇ ਜੁਰਮਾਂ ਬਦਲੇ ਇਹ ਮਾਮੂਲੀ ਸਜ਼ਾਵਾਂ ਵੀ ਹੇਠਲੇ ਪੱਧਰ ਦੇ ਅਧਿਕਾਰੀਆਂ ਨੂੰ ਹੀ ਹੁੰਦੀਆਂ ਹਨ, ਜਦਕਿ ਜਿਨ੍ਹਾਂ ਹਾਕਮਾਂ/ਸੱਤਾਧਾਰੀ ਪਾਰਟੀ ਅਤੇ ਸਿਖ਼ਰਲੇ ਅਧਿਕਾਰੀਆਂ ਦੇ ਹੁਕਮਾਂ 'ਤੇ ਇਹ ਸਭ ਕੁਝ ਕੀਤਾ ਜਾਂਦਾ ਹੈ, ਉਨ੍ਹਾਂ ਦੀ ਜਵਾਬਦੇਹੀ ਕਦੇ ਵੀ ਨਹੀਂ ਹੁੰਦੀ। ਸਰਕਾਰ ਚਾਹੇ ਕਿਸੇ ਵੀ ਪਾਰਟੀ ਦੀ ਬਣ ਜਾਵੇ।

ਇਹ ਗ਼ੌਰ ਕਰਨਾ ਜ਼ਰੂਰੀ ਹੈ ਕਿ ਫਿਲਮ 1980-90ਵਿਆਂ ਦੇ ਕਾਲੇ ਦੌਰ ਦੇ ਹਕੂਮਤੀ ਦਹਿਸ਼ਤਗਰਦੀ ਦੇ ਵਰਤਾਰੇ ਨੂੰ ਇਕ ਖ਼ਾਸ ਕੋਣ 'ਤੋਂ ਪੇਸ਼ ਕਰਦੀ ਹੈ। ਇਹ ਸਰਕਾਰਾਂ ਅਤੇ ਸਟੇਟ ਨੂੰ ਕਟਹਿਰੇ ਵਿਚ ਖੜ੍ਹਾ ਨਹੀਂ ਕਰਦੀ, ਜਿਨ੍ਹਾਂ ਦੀ ਬੁਨਿਆਦੀ ਨੀਤੀ ਹੀ ਅਜੋਕੇ ਰਾਜ ਪ੍ਰਬੰਧ ਦੀਆਂ ਧੱਕੇਸ਼ਾਹੀਆਂ ਅਤੇ ਬੇਇਨਸਾਫ਼ੀਆਂ ਵੱਲੋਂ ਪੈਦਾ ਕੀਤੇ ਮਸਲਿਆਂ ਨੂੰ ਅਮਨ-ਕਾਨੂੰਨ ਦੇ ਮਸਲੇ ਕਰਾਰ ਦੇ ਕੇ ਦਬਾਉਣ ਅਤੇ ਜਾਬਰ ਤਾਕਤ ਨਾਲ ਕੁਚਲਣ ਦੀ ਹੈ। ਕੁਲ-ਮਿਲਾ ਕੇ ਫਿਲਮ ਇਹ ਪ੍ਰਭਾਵ ਦਿੰਦੀ ਹੈ ਕਿ ਉਸ ਦੌਰ ਵਿਚ ਹੋਏ ਖ਼ੌਫ਼ਨਾਕ ਕਤਲੇਆਮ ਲਈ ਦੋਸ਼ੀ ਕੁਝ ਪੁਲਿਸ ਅਧਿਕਾਰੀ ਸਨ ਜਿਨ੍ਹਾਂ ਨੇ ਕਾਨੂੰਨ ਨੂੰ ਦਰਕਿਨਾਰ ਕਰਕੇ ਨੌਜਵਾਨਾਂ ਦਾ ਘਾਣ ਕੀਤਾ। ਫਿਲਮ ਬਣਾਉਣ ਵਾਲਿਆਂ ਦਾ ਸਪਸ਼ਟ ਨਜ਼ਰੀਆ ਹੈ ਕਿ ਰਾਜ ਢਾਂਚਾ ਤਾਂ ਨਿਆਂਪਸੰਦ ਹੈ, ਜਿਸਨੇ ਸਾਹਮਣੇ ਆਈਆਂ ਗ਼ੈਰਕਾਨੂੰਨੀ ਹੱਤਿਆਵਾਂ ਅਤੇ ਲਾਪਤਾ ਕੇਸਾਂ ਦੀ ਸੀ.ਬੀ.ਆਈ. ਕੋਲੋਂ ਜਾਂਚ ਕਰਵਾ ਕੇ ਦੋਸ਼ੀ ਅਧਿਕਾਰੀਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ। ਫਿਲਮ ਵਿਚ ਸੀ.ਬੀ.ਆਈ. ਨਿਆਂ ਦਿਵਾਉਣ ਵਾਲੀ ਸੰਸਥਾ ਵਜੋਂ ਪੇਸ਼ ਹੈ। ਪਿਛਲੇ ਸਾਲ ਕੁਨਾਲ ਕਾਮਰਾ ਨਾਲ ਇੰਟਰਵਿਊ ਵਿਚ ਹਨੀ ਤ੍ਰੇਹਨ ਸਪਸ਼ਟ ਕਹਿੰਦੇ ਹਨ ਕਿ ਉਹ 'ਇਹ ਨਹੀਂ ਕਹਿ ਰਿਹਾ ਕਿ ਸਿਸਟਮ ਖ਼ਰਾਬ ਹੈ, ਹਰ ਸਿਸਟਮ ਵਿਚ ਦੋ-ਤਿੰਨ ਖ਼ਰਾਬ ਲੋਕ ਤਾਂ ਮਿਲ ਹੀ ਜਾਂਦੇ ਹਨ। ਇਹ ਉਨ੍ਹਾਂ ਪੰਜ-ਛੇ ਪੁਲਿਸ ਅਧਿਕਾਰੀਆਂ ਬਾਰੇ ਕਹਾਣੀ ਹੈ ਜਿਨ੍ਹਾਂ ਨੇ ਅਗਵਾ ਕੀਤਾ, ...ਕਾਨੂੰਨ ਦੀ ਅਦਾਲਤ ਨੇ ਮਿਸਟਰ ਖਾਲੜਾ ਨਾਲ ਨਿਆਂ ਕੀਤਾ ਅਤੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ।...' ਹਨੀ ਤ੍ਰੇਹਨ ਨੂੰ ਇਸ ਗੱਲ ਦਾ ਦੁੱਖ ਹੈ ਕਿ ਫਿਲਮ ਸਿਸਟਮ ਦੇ ਪੱਖ ਵਿਚ ਹੋਣ ਦੇ ਬਾਵਜੂਦ ਇਸਨੂੰ ਮਨਜ਼ੂਰੀ ਨਹੀਂ ਦਿੱਤੀ ਗਈ।

ਇਸ ਨਜ਼ਰੀਏ ਦੇ ਬਾਵਜੂਦ ਜੇਕਰ ਫਿਰ ਵੀ 'ਅਮਨ-ਕਾਨੂੰਨ ਦਾ ਮਾਹੌਲ ਵਿਗੜਨ' ਅਤੇ 'ਭਾਰਤ ਵਿਰੁੱਧ ਭਾਵਨਾਵਾਂ ਭੜਕਣ' ਦਾ ਹਊਆ ਦਿਖਾ ਕੇ ਇਹ ਫਿਲਮ ਰਿਲੀਜ਼ ਨਹੀਂ ਹੋਣ ਦਿੱਤੀ ਗਈ ਤਾਂ ਇਹ ਹੈਰਾਨੀਜਨਕ ਨਹੀਂ ਹੈ। ਇਸਦਾ ਸਾਫ਼-ਸਾਫ਼ ਮਤਲਬ ਇਹ ਹੈ ਕਿ ਹੁਕਮਰਾਨ ਜਮਾਤ ਚਾਹੁੰਦੀ ਹੈ ਕਿ ਕਲਾ-ਕਿਰਤਾਂ ਦੇ ਮਾਧਿਅਮ ਦੁਆਰਾ ਵੀ ਕੋਈ ਅਜਿਹੀ ਚਰਚਾ ਨਾ ਚੱਲੇ ਜੋ ਸਟੇਟ ਦੇ ਉਪਰੋਕਤ ਕਾਰਿਆਂ ਬਾਰੇ ਕਿਸੇ ਵੀ ਰੂਪ 'ਚ ਸਵਾਲ ਉਠਾਉਣ ਦੀ ਗੁੰਜਾਇਸ਼ ਪੈਦਾ ਕਰਦੀ ਹੋਵੇ। ਬੀਤੇ ਦੇ ਖ਼ੌਫ਼ਨਾਕ ਜਬਰ ਨੂੰ ਦਰਸ਼ਕ ਅਜੋਕੇ ਨਿਜ਼ਾਮ ਨਾਲ ਜੋੜ ਕੇ ਦੇਖਣਗੇ ਤਾਂ ਬੀਤੇ ਦੇ ਕਰੂਰ ਨਕਸ਼ ਉਨ੍ਹਾਂ ਨੂੰ ਸਮਕਾਲੀ ਹਕੂਮਤ 'ਚ ਨਜ਼ਰ ਆਉਣਗੇ। ਇਸੇ ਕਰਕੇ, ਉਹ ਚਾਹੁੰਦੇ ਹਨ ਕਿ ਇਹ ਸਭ ਲੋਕਾਈ ਦੇ ਚੇਤਿਆਂ 'ਚੋਂ ਹਮੇਸ਼ਾ ਲਈ ਮਿਟ ਜਾਵੇ। ਖ਼ਾਸ ਕਰਕੇ, ਭਗਵਾ ਸਰਕਾਰ ਤਾਂ ਚਾਹੁੰਦੀ ਹੈ ਕਿ ਸਿਰਫ਼ ਤੇ ਸਿਰਫ਼ ਇਸਦੇ ਭਗਵਾ ਰਾਸ਼ਟਰਵਾਦੀ ਰਾਜਨੀਤਕ ਪ੍ਰੋਜੈਕਟ ਅਤੇ ਬਗ਼ਾਵਤਾਂ ਨੂੰ ਦਬਾਉਣ ਦੀ ਬੇਕਿਰਕ ਨੀਤੀ ਦੀ ਤਾਰੀਫ਼ ਕਰਦੀਆਂ ਪ੍ਰਾਪੇਗੰਡਾ ਫਿਲਮਾਂ ਹੀ ਦਰਸ਼ਕਾਂ ਨੂੰ ਪਰੋਸੀਆਂ ਜਾਣ। ਜਾਂ ਅਜਿਹੀਆਂ ਫਿਲਮਾਂ ਹੀ ਪਾਸ ਹੋਣ ਦਿੱਤੀਆਂ ਜਾਣ ਜਿਨ੍ਹਾਂ ਵਿਚ ਹੁਕਮਰਾਨ ਧਿਰ ਦੇ ਹਿਤ ਵਿਚ ਭੁਗਤਣ ਦੀ ਗੁੰਜਾਇਸ਼ ਹੋਵੇ।



ਚਾਹੇ ਸੈਂਸਰ ਬੋਰਡ ਹੈ, ਜੋ ਕਿ ਕਹਿਣ ਨੂੰ ਹੀ ਆਜ਼ਾਦ ਹੈ, ਜਾਂ ਇਸਦਾ ਰਾਜਕੀ ਬੌਸ ਸੂਚਨਾ ਤੇ ਪ੍ਰਸਾਰਣ ਮੰਤਰਾਲਾ ਅਤੇ ਕੇਂਦਰ ਸਰਕਾਰ, ਇਨ੍ਹਾਂ ਸਭ ਦੇ ਦੋਹਰੇ ਮਿਆਰਾਂ ਬਾਰੇ ਸ਼ਾਇਦ ਹੀ ਕਿਸੇ ਨੂੰ ਭੁਲੇਖਾ ਹੋਵੇਗਾ, ਜੋ ਹੁਕਮਰਾਨ ਆਰ.ਐੱਸ.ਐੱਸ.-ਭਾਜਪਾ ਦੇ ਰਾਜਨੀਤਕ ਪ੍ਰੋਜੈਕਟ ਤਹਿਤ ਬਣਾਈਆਂ ਜਾਂਦੀਆਂ ਪ੍ਰਾਪੇਗੰਡਾ ਤਰਜ਼ ਦੀਆਂ ਫਿਲਮਾਂ ਨੂੰ ਸਰਕਾਰੀ ਤੌਰ 'ਤੇ ਪ੍ਰੋਮੋਟ ਕਰਦੇ ਹਨ। ਸੈਂਸਰ ਬੋਰਡ ਦੇ ਅਧਿਕਾਰੀ ਰਾਸ਼ਟਰਵਾਦੀ ਜਨੂੰਨ, ਧਾਰਮਿਕ ਹੰਕਾਰਵਾਦ ਨਾਲ ਗੜੁੱਚ 'ਦੀ ਕਸ਼ਮੀਰ ਫ਼ਾਈਲਜ਼', 'ਕੇਰਲਾ ਫ਼ਾਈਲਜ਼', 'ਧੁਰੰਦਰ' ਵਰਗੇ ਘਿਣਾਉਣੇ ਪ੍ਰਚਾਰ ਨੂੰ ਬਿਨਾਂ ਕਿੰਤੂ-ਪ੍ਰੰਤੂ ਮਨਜ਼ੂਰੀ ਦਿੰਦੇ ਹਨ ਪਰ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਹੁਕਮਾਂ ਅੱਗੇ ਡੰਡੌਤ ਕਰਦਿਆਂ 'ਸਤਲੁਜ' ਦੇ ਨਿਰਦੇਸ਼ਕ ਨੂੰ ਆਦੇਸ਼ ਦਿੰਦੇ ਹਨ ਕਿ ਫਿਲਮ ਦਾ ਨਾਂ ਬਦਲੋ, ਹਕੀਕਤ ਵਿਚ ਵਾਪਰੇ ਨੂੰ ਅਸਲੀ ਨਾਂ ਨਾਲ ਪੇਸ਼ ਕਰਨ ਦੀ ਬਜਾਏ ਕਾਲਪਨਿਕ ਕਹਾਣੀ ਦੇ ਰੂਪ ਦਿਖਾਓ, ਸਟੇਟ ਅਤੇ ਭਾਰਤ ਦੇ ਝੰਡੇ ਵਰਗੇ ਚਿੰਨ੍ਹਾਂ ਦਾ ਜ਼ਿਕਰ ਨਾ ਕਰੋ ਅਤੇ ਫਲਾਣੇ-ਫਲਾਣੇ ਹਿੱਸੇ ਨੂੰ ਹਟਾ ਦਿਓ। ਆਪਣੀ ਮਨਪਸੰਦ ਕੱਟ-ਵੱਢ ਕਰਵਾ ਕੇ ਵੀ ਉਨ੍ਹਾਂ ਨੇ ਕਲੀਰੈਂਸ ਨਹੀਂ ਦਿੱਤੀ।

ਚੰਗੀ ਗੱਲ ਇਹ ਹੈ ਕਿ ਫਿਲਮ ਨੂੰ ਹਟਾਏ ਜਾਣ ਦਾ ਪੰਜਾਬ ਵਿਚ ਤਾਂ ਤਿੱਖਾ ਵਿਰੋਧ ਹੋਇਆ ਹੀ ਹੈ। ਬਾਕੀ ਭਾਰਤ ਦੇ ਫਿਲਮ ਤੇ ਕਲਾ ਖੇਤਰ ਨਾਲ ਵਾਬਸਤਾ ਹਿੱਸਿਆਂ ਸਮੇਤ ਹਰ ਖੇਤਰ ਦੇ ਨਿਆਂ-ਪਸੰਦ ਲੋਕਾਂ ਨੇ ਵੀ ਇਸਦਾ ਗੰਭੀਰ ਨੋਟਿਸ ਲਿਆ ਹੈ। ਇਸ ਫਿਲਮ ਨੂੰ ਹਟਾਉਣ ਦਾ ਇਕ ਫ਼ਾਇਦਾ ਇਹ ਹੋਇਆ ਹੈ ਕਿ ਇਸ ਤਰ੍ਹਾਂ ਇਹ ਭਾਰਤ ਦੇ ਹੋਰ ਹਿੱਸਿਆਂ ਦੇ ਲੋਕਾਂ ਨੇ ਵੀ ਦੇਖ ਲਈ। ਉਨ੍ਹਾਂ ਨੂੰ ਭਾਰਤੀ ਸਟੇਟ ਦੀ ਕਰੂਰ ਖ਼ਸਲਤ ਨੂੰ ਸਮਝਣ ਦਾ ਮੌਕਾ ਮਿਲਿਆ ਹੈ ਜਿਨ੍ਹਾਂ ਨੇ ਹੁਣ ਤੱਕ ਪੰਜਾਬ ਦੇ ਉਸ ਦੌਰ ਨੂੰ 'ਮੁੱਖਧਾਰਾ' ਦੇ ਰਾਸ਼ਟਰਵਾਦੀ ਬਿਰਤਾਂਤ ਰਾਹੀਂ ਹੀ ਜਾਣਿਆ-ਸਮਝਿਆ ਹੈ। ਦੇਸ਼-ਬਦੇਸ਼ ਵਿਚ ਪਾਬੰਦੀ ਦੀ ਜ਼ੋਰਦਾਰ ਨਿਖੇਧੀ ਹੋ ਰਹੀ ਹੈ।

ਦੂਜੇ ਪਾਸੇ, ਮੌਕਾਪ੍ਰਸਤ ਹਾਕਮ ਜਮਾਤੀ ਸਿਆਸਤ ਇਸਦਾ ਰਾਜਨੀਤਕ ਲਾਹਾ ਲੈਣ ਲਈ ਸਿਰਤੋੜ ਯਤਨ ਕਰ ਰਹੀ ਹੈ। ਡੇਢ ਦਹਾਕਾ ਪੰਜਾਬ ਦੇ ਲੋਕਾਂ ਉੱਪਰ ਡੰਡੇ ਦਾ ਰਾਜ ਚਲਾਉਣ ਵਾਲੀ ਪ੍ਰਕਾਸ਼ ਸਿੰਘ ਬਾਦਲ ਸਰਕਾਰ ਨੇ ਖ਼ੁਦ 2013 'ਚ 'ਸਾਡਾ ਹੱਕ' ਫਿਲਮ ਉੱਪਰ ਪਾਬੰਦੀ ਲਾਈ ਸੀ। 'ਸਾਡਾ ਹੱਕ' ਨੂੰ ਤਾਂ ਸੈਂਸਰ ਬੋਰਡ ਨੇ ਵੀ ਮਨਜ਼ੂਰੀ ਦੇ ਦਿੱਤੀ ਸੀ, ਪਰ ਤਤਕਾਲੀ ਮੁੱਖ ਮੰਤਰੀ ਬਾਦਲ ਨੇ ਜਥੇਦਾਰ ਟੌਹੜਾ ਦੀ 9ਵੀਂ ਬਰਸੀ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਆਪਣੀ ਸਰਕਾਰ ਵੱਲੋਂ ਲਾਈ ਪਾਬੰਦੀ ਨੂੰ ਇਹ ਕਹਿ ਕੇ ਜਾਇਜ਼ ਠਹਿਰਾਇਆ ਸੀ ਕਿ 'ਰਾਜ ਵਿਚ ਸ਼ਾਂਤੀ ਤੇ ਫਿਰਕੂ ਸਦਭਾਵਨਾ ਬਣਾਈ ਰੱਖਣਾ ਸਾਡੀ ਤਰਜ਼ੀਹ ਹੈ...ਅਸੀਂ ਨਹੀਂ ਚਾਹੁੰਦੇ ਕਿ ਫਿਲਮ ਸੂਬੇ ਦਾ ਫਿਰਕੂ ਮਾਹੌਲ ਖ਼ਰਾਬ ਕਰੇ'। ਉਸ ਮੌਕੇ ਐੱਸ.ਜੀ.ਪੀ.ਸੀ. ਦੀ ਭੂਮਿਕਾ ਵੀ ਗ਼ੌਰ ਕਰਨ ਵਾਲੀ ਹੈ ਜਿਸ ਵੱਲੋਂ ਬਣਾਏ ਪੰਜ ਮੈਂਬਰੀ ਪੈਨਲ ਨੇ ਫਿਲਮ ਦੇਖ ਕੇ ਹਾਂ ਕਰ ਦਿੱਤੀ ਸੀ। ਪਰ ਫਿਰ ਅਵਤਾਰ ਸਿੰਘ ਮੱਕੜ ਇਹ ਦਲੀਲ ਦੇਣ ਲੱਗ ਪਿਆ ਕਿ ਸਰਕਾਰ ਨੇ ਪਾਬੰਦੀ ਦਾ ਫ਼ੈਸਲਾ 'ਅਮਨ-ਕਾਨੂੰਨ ਦੇ ਨਜ਼ਰੀਏ ਤੋਂ' ਲਿਆ ਹੈ। ਹੁਣ ਅਗਲੇ ਸਾਲ ਪੰਜਾਬ ਵਿਚ ਹੋਣ ਵਾਲੀਆਂ ਵਿਧਾਨ-ਸਭਾ ਚੋਣਾਂ ਨੂੰ ਦੇਖਦਿਆਂ ਬਾਦਲ ਦਲ ਸਿੱਖ ਭਾਈਚਾਰੇ ਅੰਦਰ ਮੌਜੂਦ ਭਾਰਤੀ ਰਾਜ ਦੀਆਂ ਜ਼ਿਆਦਤੀਆਂ ਵਿਰੋਧੀ ਭਾਵਨਾ ਦਾ ਰਾਜਨੀਤਕ ਲਾਹਾ ਲੈਣ ਲਈ ਤਰਲੋ-ਮੱਛੀ ਹੋ ਰਿਹਾ ਹੈ। ਸੁਖਬੀਰ ਬਾਦਲ ਦੀ ਸੋਸ਼ਲ ਮੀਡੀਆ ਪੋਸਟ ਦੀ ਭਾਸ਼ਾ ਦੇਖੋ। ਹੁਣ ਇਨ੍ਹਾਂ ਨੂੰ 'ਬੁੱਚੜ ਕਾਂਗਰਸੀ ਸਰਕਾਰ ਵੱਲੋਂ ਝੂਠੇ ਪੁਲਿਸ ਮੁਕਾਬਲਿਆਂ ਵਿਚ ਸ਼ਹੀਦ ਕੀਤੇ ਹਜ਼ਾਰਾਂ ਸਿੱਖ ਨੌਜਵਾਨਾਂ' ਦੇ 'ਦਰਦਨਾਕ ਸਾਕੇ ਦਾ ਇਤਿਹਾਸ' ਚੇਤੇ ਆ ਗਿਆ ਹੈ ਅਤੇ ਸੁਖਬੀਰ ਬਾਦਲ 'ਸ਼੍ਰੋਮਣੀ ਅਕਾਲੀ ਦਲ ਦੇ ਸ਼ਹੀਦ ਭਾਈ ਜਸਵੰਤ ਸਿੰਘ ਜੀ ਖਾਲੜਾ ਸਮੇਤ ਹਜ਼ਾਰਾਂ ਬੇਗੁਨਾਹ ਸਿੱਖ ਨੌਜਵਾਨਾਂ ਤੇ ਸਿੱਖ ਸਖਸ਼ੀਅਤਾਂ ਉੱਤੇ ਕਾਂਗਰਸ ਸਰਕਾਰ ਦੌਰਾਨ ਢਾਏ ਗਏ ਅਣਮਨੁੱਖੀ ਤਸ਼ੱਦਦ ਅਤੇ ਉਨ੍ਹਾਂ ਦੀ ਕੁਰਬਾਨੀ ਸਬੰਧੀ ਫ਼ਿਲਮ 'ਸਤਲੁਜ' ਨੂੰ ਪੰਜਾਬ ਦੇ ਪਿੰਡ-ਪਿੰਡ ਵਿਚ ਤੇ ਕੋਨੇ-ਕੋਨੇ ਵਿਚ ਦਿਖਾਉਣ' ਅਤੇ 'ਸਾਡੇ ਬੱਚਿਆਂ ਅਤੇ ਆਉਣ ਵਾਲੀਆਂ ਪੀੜੀਆਂ ਨੂੰ ਕੌਮ ਉੱਤੇ ਢਾਏ ਗਏ ਜ਼ੁਲਮ 'ਤੋਂ ਚੰਗੀ ਤਰਾਂ ਜਾਣੂ ਕਰਵਾਉਣ' ਦੇ ਸੱਦੇ ਦੇ ਰਿਹਾ ਹੈ। ਐੱਸ.ਜੀ.ਪੀ.ਸੀ. ਵੀ ਪਾਬੰਦੀ ਵਿਰੁੱਧ ਰੋਸ ਪ੍ਰਗਟਾ ਕੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਵਰਤਣ ਲਈ ਪੂਰੀ ਸਰਗਰਮ ਹੈ। ਅਕਾਲ ਤਖ਼ਤ ਦੇ ਐਕਟਿੰਗ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ 14 ਜੁਲਾਈ ਨੂੰ ਹਰੀਕੇ ਪੱਤਣ ਵਿਖੇ 'ਇਤਿਹਾਸਕ ਅਰਦਾਸ' ਦਾ ਸੱਦਾ ਦਿੱਤਾ ਹੈ। ਇਹ ਸਭ ਲੁਕਵੇਂ ਰਾਜਨੀਤਕ ਏਜੰਡਿਆਂ ਤਹਿਤ ਕੀਤਾ ਜਾ ਰਿਹਾ ਹੈ। ਚਾਹੇ ਪੰਜਾਬ ਵਿਚ ਹਕੂਮਤ ਵੱਲੋਂ ਕਤਲ ਕੀਤੇ ਗਏ ਬੇਕਸੂਰ ਲੋਕਾਂ ਦੇ ਕਤਲੇਆਮ ਦਾ ਮਾਮਲਾ ਹੋਵੇ ਜਾਂ ਦਿੱਲੀ ਵਿਚ ਸਿੱਖ ਵਿਰੋਧੀ ਕਤਲੇਆਮ ਹੋਵੇ, ਸਭ ਨੂੰ ਪਤਾ ਹੈ ਕਿ ਪੀੜਤ ਪਰਿਵਾਰਾਂ ਨੂੰ ਨਿਆਂ ਦਿਵਾਉਣ ਲਈ ਪੰਥਕ ਹਿੱਤਾਂ ਲਈ ਲੜਨ ਦੀਆਂ ਦਾਅਵੇਦਾਰ ਰਾਜਨੀਤਕ ਤਾਕਤਾਂ ਅਤੇ ਧਾਰਮਿਕ ਕਹਾਉਂਦੀਆਂ ਐੱਸ.ਜੀ.ਪੀ.ਸੀ. ਵਰਗੀਆਂ ਸਿੱਖ ਸੰਸਥਾਵਾਂ ਉਨ੍ਹਾਂ ਨਾਲ ਕਿੰਨਾ ਕੁ ਖੜ੍ਹੀਆਂ ਅਤੇ ਕਿੰਨਾ ਕੁ ਲੜੀਆਂ ਹਨ। ਪੰਜਾਬ ਵਿਚ ਝਾੜੂ ਪਾਰਟੀ ਸਮੇਤ ਹੋਰ ਹਾਕਮ ਜਮਾਤੀ ਰਾਜਨੀਤਕ ਧੜੇ ਵੀ ਰਾਜਨੀਤਕ ਗਿਣਤੀਆਂ-ਮਿਣਤੀਆਂ ਕਰ ਰਹੇ ਹਨ ਕਿ ਇਸ ਮੁੱਦੇ ਦਾ ਲਾਹਾ ਲੈਣ ਲਈ ਕੀ ਸਟੈਂਡ ਲਿਆ ਜਾਵੇ ਅਤੇ ਕਿਵੇਂ, ਕਿੰਨਾ ਕੁ ਤੇ ਕਿਸ ਰੂਪ 'ਚ ਬੋਲਿਆ ਜਾਵੇ।

ਵਿਰੋਧ ਦਾ ਇਕ ਪੱਖ ਇਹ ਵੀ ਹੈ ਕਿ ਫਿਲਮ ਦੇ ਹਵਾਲੇ ਨਾਲ ਜਸਵੰਤ ਸਿੰਘ ਖਾਲੜਾ ਦੇ ਮਨੁੱਖੀ ਹੱਕਾਂ ਦੇ ਘਾਣ ਪ੍ਰਤੀ ਚੁਣਵੇਂ ਸਰੋਕਾਰ ਨੂੰ ਲੈ ਕੇ ਵੀ ਸਵਾਲ ਕੀਤੇ ਜਾ ਰਹੇ ਹਨ। ਇਤਿਹਾਸਕ ਤੱਥਾਂ ਦੇ ਮੱਦੇਨਜ਼ਰ ਇਹ ਸਵਾਲ ਬਿਲਕੁਲ ਵਾਜਬ ਹਨ, ਕਿਉਂਕਿ ਖਾਲੜਾ ਨੇ ਜਿੱਥੇ ਲਾਵਾਰਿਸ ਲਾਸ਼ਾਂ ਦਾ ਰਿਕਾਰਡ ਤਿਆਰ ਕਰਕੇ ਸਟੇਟ ਦੀ ਜਵਾਬਦੇਹੀ ਤੈਅ ਕਰਨ ਲਈ ਤੱਥ-ਖੋਜ ਦਾ ਇਤਿਹਾਸਕ ਕਾਰਜ ਕੀਤਾ ਅਤੇ ਅਜਿਹਾ ਕਰਦਿਆਂ ਆਪਣੀ ਜਾਨ ਦੀ ਵੀ ਪ੍ਰਵਾਹ ਨਹੀਂ ਕੀਤੀ, ਉੱਥੇ ਉਸਨੇ ਖ਼ਾਲਿਸਤਾਨੀ ਧੜਿਆਂ ਵੱਲੋਂ ਪੰਜਾਬ ਵਿਚ ਹਿੰਦੂ ਫਿਰਕੇ ਦੇ ਲੋਕਾਂ, ਹੋਰ ਆਮ ਲੋਕਾਂ, ਖ਼ਾਲਿਸਤਾਨ ਲਹਿਰ ਨਾਲ ਅਸਹਿਮਤੀ ਰੱਖਣ ਵਾਲਿਆਂ, ਖ਼ਾਸ ਕਰਕੇ ਫਿਰਕੂ ਦਹਿਸ਼ਤਗਰਦ ਕਾਰਿਆਂ ਦਾ ਵਿਰੋਧ ਕਰਨ ਵਾਲਿਆਂ ਦੇ ਕਤਲਾਂ ਉੱਪਰ ਮਨੁੱਖੀ ਹੱਕਾਂ ਦੇ ਘਾਣ ਦਾ ਇਹੀ ਪੈਮਾਨਾ ਲਾਗੂ ਨਹੀਂ ਕੀਤਾ। ਇਸ ਪੱਖੋਂ ਖਾਲੜਾ ਦੇ ਕੀਤੇ ਕੰਮ ਅਤੇ ਉਸ ਦੌਰ ਵਿਚ ਮਨੁੱਖੀ ਤੇ ਜਮਹੂਰੀ ਹੱਕਾਂ ਲਈ ਆਵਾਜ਼ ਉਠਾਉਣ ਦੀਆਂ ਦਾਅਵੇਦਾਰ ਸਾਰੀਆਂ ਹੀ ਤਾਕਤਾਂ ਦੀ ਭੂਮਿਕਾ ਦੀ ਚਰਚਾ ਹੋਣੀ ਹੀ ਚਾਹੀਦੀ ਹੈ। ਅਜਿਹਾ ਹੋਰ ਸਮਿਆਂ 'ਤੇ ਕਰਦੇ ਰਹਿਣਾ ਚਾਹੀਦਾ ਹੈ, ਅੱਜ ਅਜਿਹੀ ਚਰਚਾ 'ਚ ਉਲਝ ਕੇ ਵਿਰੋਧ ਨੂੰ ਪਾਬੰਦੀ ਵਿਰੁੱਧ ਕੇਂਦਰਤ ਰੱਖਣ ਤੋਂ ਧਿਆਨ ਨਹੀਂ ਭਟਕਾਉਣਾ ਚਾਹੀਦਾ। ਫਿਲਮ ਉੱਪਰ ਪਾਬੰਦੀ ਲਾਏ ਜਾਣ ਦੇ ਅਜੋਕੇ ਮਾਹੌਲ 'ਚ ਖਾਲੜਾ ਦੀ ਮਨੁੱਖੀ ਹੱਕਾਂ ਬਾਰੇ ਇਕਪਾਸੜ ਸਮਝ ਵਰਗੇ ਸਵਾਲ ਉਠਾਉਣ ਅਤੇ ਉਭਾਰਨ ਦੀ ਕੋਈ ਤੁਕ ਨਹੀਂ ਬਣਦੀ। ਇਸ ਸਮੇਂ ਮੁੱਖ ਸਰੋਕਾਰ ਫਾਸ਼ੀਵਾਦੀ ਸਰਕਾਰ ਵੱਲੋਂ ਵਿਚਾਰਾਂ ਦੀ ਆਜ਼ਾਦੀ, ਪ੍ਰਗਟਾਵੇ ਦੀ ਆਜ਼ਾਦੀ ਨੂੰ ਕੁਚਲ ਕੇ ਕਲਮ ਤੇ ਕਲਾ ਨੂੰ ਦਰਬਾਰੀ ਬਣਾਉਣ ਲਈ ਕੀਤੇ ਜਾ ਰਹੇ ਹਮਲਿਆਂ ਦਾ ਵਿਰੋਧ ਕਰਨਾ ਅਤੇ ਇਸ ਦੇ ਖ਼ਿਲਾਫ਼ ਵਿਆਪਕ ਲੋਕ-ਰਾਇ ਉਸਾਰਨਾ ਹੋਣਾ ਚਾਹੀਦਾ ਹੈ।

'ਸਤਲੁਜ' ਫਿਲਮ ਦੀ ਕਹਾਣੀ ਉਸ ਸਮੇਂ ਦੀ ਹਕੀਕਤ ਨੂੰ ਕਿੰਨਾ ਕੁ ਬਿਆਨ ਕਰਦੀ ਹੈ ਅਤੇ ਕਿਸ ਨਜ਼ਰੀਏ ਤੋਂ ਕਰਦੀ ਹੈ, ਇਸ ਬਾਰੇ ਵੀ ਬਹੁਤ ਸਾਰੇ ਕਿੰਤੂ-ਪ੍ਰੰਤੂ ਹੋ ਸਕਦੇ ਹਨ। ਪੰਜਾਬ ਦੇ ਲੋਕਾਂ ਨੇ ਹਕੂਮਤੀ ਦਹਿਸ਼ਤਗਰਦੀ ਅਤੇ ਖ਼ਾਲਿਸਤਾਨੀ ਗਰੁੱਪਾਂ ਵੱਲੋਂ ਕੀਤੀ ਕਤਲੋਗ਼ਾਰਤ ਦਾ ਸੰਤਾਪ ਆਪਣੇ ਪਿੰਡਿਆਂ 'ਤੇ ਹੰਢਾਇਆ ਹੈ। ਉਹ ਆਪਣੀ ਰਾਇ ਬਣਾ ਸਕਦੇ ਹਨ ਕਿ ਫਿਲਮ ਕਿੰਨੀ ਕੁ ਹਕੀਕਤਮੁਖੀ ਹੈ। ਹਰ ਕਿਸੇ ਨੂੰ ਆਪਣੇ ਨਜ਼ਰੀਏ ਅਨੁਸਾਰ ਘਟਨਾਵਾਂ ਨੂੰ ਫਿਲਮੀ ਰੂਪ 'ਚ ਪੇਸ਼ ਕਰਨ ਦਾ ਹੱਕ ਹੈ। ਪਰ ਕਿਸੇ ਵੱਲੋਂ ਵੀ ਤੱਥਾਂ ਦੀ ਕਿਸੇ ਵੀ ਤੋੜ-ਮਰੋੜ, ਤੱਥਾਂ ਦੀ ਅਧੂਰੀ ਜਾਂ ਗ਼ਲਤ ਪੇਸ਼ਕਾਰੀ ਦਾ ਜਵਾਬ ਪਾਬੰਦੀ ਲਾਉਣ ਦੀ ਹਮਾਇਤ ਕਰਨਾ ਨਹੀਂ ਹੋਣਾ ਚਾਹੀਦਾ, ਸਗੋਂ ਅਜਿਹੇ ਬਿਰਤਾਂਤਾਂ ਵਿਰੁੱਧ ਲੋਕ ਰਾਇ ਉਸਾਰਨਾ ਅਤੇ ਜਨਤਕ ਜਾਗਰੂਕਤਾ ਵਧਾਉਣਾ ਹੋਣਾ ਚਾਹੀਦਾ ਹੈ। ਇਨ੍ਹਾਂ ਸਵਾਲਾਂ ਦੇ ਬਹਾਨੇ ਹਕੂਮਤ ਨੂੰ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਹਮਲੇ ਦੀ ਕਰਨ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਹੁਕਮਰਾਨ ਜਮਾਤ ਜਵਾਬਦੇਹੀ ਤੋਂ ਬਚਣ ਲਈ ਬੀਤੇ ਦੇ ਜ਼ੁਲਮਾਂ ਦੇ ਇਤਿਹਾਸ ਨੂੰ ਦਬਾਉਣ ਦੀ ਕੋਸ਼ਿਸ਼ ਕਰਦੀ ਹੈ। ਲੋਕਪੱਖੀ ਤਾਕਤਾਂ ਇਤਿਹਾਸ ਨੂੰ ਸਮਕਾਲ ਦੇ ਲੋਕ ਵਿਰੋਧੀ ਹਕੂਮਤੀ ਮਨਸੂਬਿਆਂ ਵਿਰੁੱਧ ਸਮਾਜਿਕ ਚੇਤਨਾ ਵਧਾਉਣ ਲਈ ਇਸ ਨੂੰ ਵਰਤੋਂ 'ਚ ਲਿਆਉਂਦੀਆਂ ਹਨ ਅਤੇ ਉਨ੍ਹਾਂ ਤੋਂ ਸਬਕ ਲੈਂਦੀਆਂ ਹਨ।

ਚਾਹੇ ਫਿਲਮਾਂ ਹਨ ਜਾਂ ਹੋਰ ਕਲਾ ਵੰਨਗੀਆਂ, ਹਕੂਮਤੀ ਰੋਕਾਂ ਨੂੰ ਨਾਕਾਮ ਬਣਾਉਣ ਲਈ ਬਦਲਵੇਂ ਸਾਧਨ ਅਤੇ ਪ੍ਰਭਾਵਸ਼ਾਲੀ ਤਰੀਕੇ ਲੱਭਣੇ ਹੋਣਗੇ। ਫਿਲਮ ਉੱਪਰ ਲਗਾਈ ਪਾਬੰਦੀ ਹਟਾਏ ਜਾਣ ਦੀ ਮੰਗ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ਦੀ ਰਾਖੀ ਦੇ ਜਮਹੂਰੀ ਤਕਾਜ਼ੇ 'ਚੋਂ ਵਿਆਪਕ ਪੱਧਰ 'ਤੇ ਉਠਾਈ ਜਾਣੀ ਚਾਹੀਦੀ ਹੈ। ਇਸ ਨੂੰ ਸੱਤਾ ਵੱਲੋਂ ਪ੍ਰਗਟਾਵੇ ਦੇ ਹਰ ਰੂਪ ਉੱਪਰ ਕੀਤੇ ਜਾ ਰਹੇ ਫਾਸ਼ੀਵਾਦੀ ਹਮਲਿਆਂ ਨੂੰ ਠੱਲ੍ਹ ਪਾਉਣ ਅਤੇ ਜਮਹੂਰੀ ਸਪੇਸ ਦੀ ਰਾਖੀ ਲਈ ਸੰਘਰਸ਼ ਦੀ ਚੇਤਨਾ ਤੱਕ ਉੱਚਾ ਚੁੱਕਣਾ ਚਾਹੀਦਾ ਹੈ।

# ਜਨਤਕ ਪੜਤਾਲ ਤੋਂ ਕਿਉਂ ਡਰਦਾ ਹੈ ਆਰ.ਐਸ.ਐਸ.?

ਕਰਨਾਟਕ ਦੇ ਗ੍ਰਹਿ ਮੰਤਰੀ ਪ੍ਰਿਯਾਂਕ ਖੜਗੇ ਨੇ 13 ਜੂਨ ਨੂੰ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੂੰ ਇੱਕ ਚਿੱਠੀ ਭੇਜੀ ਸੀ। ਇਸ ਵਿਚ ਉਸ ਨੇ ਭਾਗਵਤ ਜੀ ਤੋਂ ਆਰ.ਐਸ.ਐਸ. ਦੀ 'ਕਾਨੂੰਨੀ ਹੈਸੀਅਤ, ਰਜਿਸਟ੍ਰਡ ਅਧਿਕਾਰੀਆਂ, ਫੰਡਿੰਗ, ਖਰਚ, ਟੈਕਸ ਅਤੇ ਜਨਤਕ ਸਰਗਰਮੀਆਂ ਲਈ ਮਿਲੀ ਮੰਜ਼ੂਰੀ ਬਾਰੇ ਜਾਣਕਾਰੀ ਮੰਗੀ ਸੀ। ਇਸ 'ਤੇ ਦੋ ਪ੍ਰਤੀਕਰਮ ਸਾਹਮਣੇ ਆਏ। ਇੱਕ ਪ੍ਰਤੀਕਰਮ ਜੋ ਖੁਦ ਭਾਗਵਤ ਜੀ ਦਾ ਸੀ। ਉਸ ਨੇ ਕਿਹਾ ਕਿ ਉਨ੍ਹਾਂ ਨੂੰ

**ਸਵੇਰਾ**

ਇਸ ਚਿੱਠੀ ਦਾ ਜਵਾਬ ਦੇਣ ਦੀ ਕੋਈ ਲੋੜ ਨਹੀਂ ਹੈ, ਪਰ ਨਾਲ ਹੀ ਇਹ ਵੀ ਕਿਹਾ ਕਿ 'ਹਿੰਦੂ ਧਰਮ ਰਜਿਸਟਰਡ ਨਹੀਂ ਹੈ, ਕਈ ਚੀਜ਼ਾਂ ਰਜਿਸਟਰਡ ਨਹੀਂ ਹੁੰਦੀਆਂ ਅਤੇ ਸਰਕਾਰ ਜਾਣਦੀ ਹੈ ਕਿ ਸੰਘ ਦੀ ਹੋਂਦ ਹੈ। ਉਨ੍ਹਾਂ ਨੇ ਇਹ ਕਹਿ ਕੇ ਧਿਆਨ ਭਟਕਾਉਣ ਦੀ ਕੋਸ਼ਿਸ਼ ਕੀਤੀ ਕਿ ਰਜਿਸਟ੍ਰੇਸ਼ਨ ਦੀ ਲੋੜ ਸਿਰਫ ਉਨ੍ਹਾਂ ਸੰਸਥਾਵਾਂ ਨੂੰ ਹੁੰਦੀ ਹੈ, ਜੋ ਸਰਕਾਰ ਤੋਂ ਫੰਡ ਲੈਣਾ ਚਾਹੁੰਦੀਆਂ ਹਨ। ਭਾਗਵਤ ਦੇ ਦਿਮਾਗ 'ਚ ਆਰ.ਐਸ.ਐਸ. ਅਤੇ ਹਿੰਦੂ ਸਮਾਜ ਇੱਕ ਹੀ ਹਨ ਅਤੇ ਉਹ ਆਪਣੀ ਜਥੇਬੰਦੀ ਨੂੰ ਹਿੰਦੂਆਂ ਦਾ ਇੱਕੋ-ਇੱਕ ਪ੍ਰਤੀਨਿਧੀ ਮੰਨਦੇ ਹਨ। ਪਰ ਇਸ ਦਾ ਜਥੇਬੰਦੀ ਦੇ ਆਮਦਨ-ਖਰਚ ਕਾਨੂੰਨੀ ਹੈਸੀਅਤ ਜਾਂ ਕੰਮਕਾਜ ਦੇ ਢੰਗ ਤਰੀਕੇ ਨੂੰ ਜਨਤਕ ਕਰਨ ਨਾਲ ਕੀ ਲੈਣਾ-ਦੇਣਾ ਹੈ?

ਇਸ 'ਤੇ ਅਸੀਂ ਬਾਅਦ 'ਚ ਵਿਸਥਾਰ ਨਾਲ ਗੱਲਬਾਤ ਕਰਾਂਗੇ, ਪਰ ਇਸ 'ਤੇ ਆਏ ਇੱਕ ਹੋਰ ਅਜੀਬ ਪ੍ਰਤੀਕਰਮ 'ਤੇ ਨਜ਼ਰ ਮਾਰੀਏ, ਜੋ ਕਰਨਾਟਕ ਦੇ ਬੀਜਾਪੁਰ ਤੋਂ ਸੱਤ ਵਾਰ ਭਾਜਪਾ ਸੰਸਦ ਰਹੇ ਰਮੇਸ਼ ਚੰਦੱਪਾ ਜਿਗਾਜਿਨਾਗੀ ਵੱਲੋਂ ਆਇਆ। ਇੱਕ ਪ੍ਰੋਗਰਾਮ 'ਚ ਪੱਤਰਕਾਰਾਂ ਨੇ ਉਨ੍ਹਾਂ ਤੋਂ ਖੜਗੇ ਦੀ ਚਿੱਠੀ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ, ਇੱਕ ਦਲਿਤ ਵਿਅਕਤੀ ਨੂੰ ਆਰ.ਐਸ.ਐਸ. ਨਾਲ ਕਿਉਂ ਪੰਗਾ ਲੈਣਾ ਚਾਹੀਦਾ ਹੈ? ਮੇਰਾ ਇਹੀ ਸਵਾਲ ਹੈ, ਭਾਈ। ਬਸ ਸ਼ਾਂਤੀ ਅਤੇ ਆਰਾਮ ਨਾਲ ਰਹੋ।' ਖੜਗੇ ਦਲਿਤ ਹਨ ਅਤੇ ਜਿਗਾਜਿਨਾਗੀ ਵੀ। ਜਦੋਂ ਉਸ ਨੂੰ ਸਾਫ-ਸਾਫ ਦੱਸਣ ਲਈ ਕਿਹਾ ਗਿਆ, ਤਾਂ ਜਿਗਾਜਿਨਾਗੀ ਨੇ ਕਿਹਾ, 'ਮੇਰੀ ਗੱਲ ਸੁਣੋ, ਕਿਉਂਕਿ ਉਸ ਦੇ (ਖੜਗੇ ਦੇ) ਪਿਤਾ ਨੇ ਕਾਂਗਰਸ ਪਾਰਟੀ 'ਚ ਸਖ਼ਤ ਮਿਹਨਤ ਕੀਤੀ ਸੀ, ਇਸ ਲਈ ਉਸ ਨੇ ਉਸ ਲਈ ਇੰਤਜ਼ਾਮ ਕਰ ਦਿੱਤਾ। ਉਨ੍ਹਾਂ ਨੂੰ ਲੋਕਾਂ ਲਈ ਕੰਮ ਕਰਕੇ ਚੰਗਾ ਨਾਮ ਕਮਾਉਣਾ ਚਾਹੀਦਾ ਹੈ। ਜੋ ਕੋਈ ਵੀ ਆਰ.ਐਸ.ਐਸ. ਨਾਲ ਪੰਗਾ ਲਵੇਗਾ, ਉਹ ਟਿਕ ਨਹੀਂ ਸਕੇਗਾ। ਧੰਨਵਾਦ।' ਖ਼ਬਰਾਂ ਦੇ ਮੁਤਾਬਿਕ ਜਿਗਾਜਿਨਾਗੀ ਪਹਿਲਾਂ ਵੀ ਆਰ.ਐਸ.ਐਸ.-ਭਾਜਪਾ ਨਾਲ ਪੰਗਾ ਨਾ ਲੈਣ ਦੀ ਚੇਤਾਵਨੀ ਦੇ ਰਹੇ ਸਨ, ਕਿਉਂਕਿ ਦਲਿਤ ਹੋਣ ਦੇ ਨਾਤੇ ਇਸ ਦੇ ਮਾੜੇ ਨਤੀਜੇ ਹੋ ਸਕਦੇ ਸਨ। ਖੜਗੇ ਦੀ ਚਿੱਠੀ ਨੇ ਅਚਾਨਕ ਆਰ.ਐਸ.ਐਸ.-ਭਾਜਪਾ ਅੰਦਰਲੀਆਂ ਤਰੇੜਾਂ ਨੂੰ ਉਜਾਗਰ ਕੀਤਾ ਹੈ - ਜਿਸ ਦੀ ਪੁਸ਼ਟੀ ਇੱਕ ਤਜਰਬੇਕਾਰ ਭਾਜਪਾ ਆਗੂ ਨੇ ਵੀ ਕੀਤੀ ਹੈ।

ਆਰ.ਐਸ.ਐਸ. ਦੇ ਕੰਮਕਾਜ ਦੇ ਢੰਗ-

**ਆਰ.ਐਸ.ਐਸ. ਦਾ ਇਹ ਦਾਅਵਾ ਕਿ ਉਹ ਗ਼ੈਰ-ਸਿਆਸੀ ਜਥੇਬੰਦੀ ਹੈ, ਅਜਿਹਾ ਝੂਠ ਹੈ ਜਿਸ ਦੀ ਪੋਲ ਹੁਣ ਖੁੱਲ੍ਹ ਚੁੱਕੀ ਹੈ। ਅਤੇ, ਜੇ ਉਹ ਜਨਤਕ ਸਿਆਸੀ ਕੰਮਕਾਜ 'ਚ ਸ਼ਾਮਲ ਹੈ, ਤਾਂ ਉਸਦੇ ਕੰਮਕਾਜ ਦੇ ਢੰਗ ਤਰੀਕਿਆਂ, ਜਮਹੂਰੀ ਪ੍ਰਕਿਰਿਆਵਾਂ, ਭਾਰੀ ਮਾਤਰਾ 'ਚ ਪੈਸਾ ਜੁਟਾਉਣ ਅਤੇ ਖ਼ਰਚ ਕਰਨ, ਅਤੇ ਅਸਲ ਵਿਚ ਇਹ ਦੇਖਣ ਲਈ ਕਿ ਕੀ ਉਹ ਭਾਰਤ ਦੇ ਸੰਵਿਧਾਨ ਅਤੇ ਦੇਸ਼ ਦੇ ਕਾਨੂੰਨਾਂ ਮੁਤਾਬਿਕ ਕੰਮ ਕਰ ਰਿਹਾ ਹੈ ਜਾਂ ਨਹੀਂ, ਇਸ ਦੀ ਜਾਂਚ-ਪੜਤਾਲ ਕਿਉਂ ਨਹੀਂ ਹੋਣੀ ਚਾਹੀਦੀ?**



ਤਰੀਕਿਆਂ, ਉਸਦੇ ਫੰਡਿੰਗ ਦੇ ਸਰੋਤਾਂ ਅਤੇ ਅਸਲੀ ਮਕਸਦ ਬਾਰੇ ਸਵਾਲ ਉਠਾਉਣਾ ਕੋਈ ਨਵੀਂ ਗੱਲ ਨਹੀਂ ਹੈ। ਮਹਾਤਮਾ ਗਾਂਧੀ ਦੇ ਕਤਲ ਸਮੇਂ ਹੀ ਲੋਕਾਂ ਅਤੇ ਸਰਕਾਰਾਂ ਨੂੰ ਇਹ ਅਹਿਸਾਸ ਹੋ ਰਿਹਾ ਸੀ ਕਿ ਇਹ ਰਹੱਸਮਈ ਅਤੇ ਗੁਪਤ ਜਥੇਬੰਦੀ ਹੈ। ਇਸ ਦੀ ਪਛਾਣ ਇਸਦੇ ਨੀਮ ਫ਼ੌਜੀ ਕਵਾਇਦ ਅਤੇ ਮਾਰਚ, ਇੱਕ ਗ਼ੈਰ-ਚੁਣੇ ਹੋਏ ਬੰਦੇ (ਸਰਸੰਘਚਾਲਕ), ਜਿਸ ਨੂੰ ਆਮ ਤੌਰ 'ਤੇ ਪਿਛਲੇ ਮੁਖੀ ਵੱਲੋਂ ਥਾਪਿਆ ਜਾਂਦਾ ਹੈ, ਦੀ ਅਗਵਾਈ ਅਤੇ ਪਰਦੇ ਪਿੱਛੇ ਕਈ ਤਰ੍ਹਾਂ ਦੀਆਂ ਹਿੰਦੂ ਕੱਟੜਪੰਥੀ ਸਰਗਰਮੀਆਂ, ਜਿਸ ਵਿਚ ਹਿੰਸਾ ਵੀ ਸ਼ਾਮਲ ਹੈ, ਵਿਚ ਇਸ ਦੀ ਭੂਮਿਕਾ ਤੋਂ ਹੁੰਦੀ ਹੈ। 1978 'ਚ ਸੈਂਟਰਲ ਬੋਰਡ ਆਫ ਡਾਇਰੈਕਟ ਟੈਕਸੇਸ (ਸੀ.ਬੀ.ਡੀ.ਟੀ.) ਦੇ ਨਿਰਦੇਸ਼ਾਂ ਤਹਿਤ ਇਸ ਨੂੰ ਆਮਦਨ ਟੈਕਸ ਤੋਂ ਛੋਟ ਦਿੱਤੀ ਗਈ ਸੀ। ਇਸੇ ਵਜ੍ਹਾ ਕਰਕੇ ਇਨਕਮ ਟੈਕਸ ਦੇ ਟ੍ਰਿਬਿਊਨਲ ਦੇ ਕਈ ਮਾਮਲਿਆਂ 'ਚ - ਖਾਸ ਕਰ ਬੰਬੇ ਅਤੇ ਪਟਨਾ 'ਚ - ਆਰ.ਐਸ.ਐਸ. ਨੂੰ ਆਮਦਨ ਟੈਕਸ ਦੇ ਦਾਅਵਿਆਂ ਲਈ ਜ਼ਿੰਮੇਵਾਰ ਨਹੀਂ ਮੰਨਿਆ ਗਿਆ। ਇਸਦੇ ਪਿੱਛੇ ਆਰ.ਐਸ.ਐਸ. ਦੀ ਦਲੀਲ ਇਹ ਸੀ ਕਿ ਉਸਦਾ ਫੰਡ 'ਗੁਰੂ ਦੱਕਸ਼ਣਾ' (ਗੁਰੂ ਨੂੰ ਚੜ੍ਹਾਇਆ ਜਾਣ ਵਾਲਾ ਚੜ੍ਹਾਵਾ) ਹੈ ਅਤੇ 'ਆਪਸੀ ਸਹਿਯੋਗ' ਦੇ ਸਿਧਾਂਤ ਕਾਰਨ ਇਸ ਨੂੰ ਟੈਕਸ ਦੇ ਦਾਇਰੇ 'ਚੋਂ ਬਾਹਰ ਰੱਖਿਆ ਗਿਆ ਹੈ।

ਪਰ ਇਸ ਦੇ ਹਾਸ਼ੀਏ 'ਤੇ ਰਹਿਣ ਵਾਲੇ ਦਿਨਾਂ ਦੇ ਬਾਅਦ ਤੋਂ ਹਾਲਾਤ ਬਦਲ ਗਏ ਹਨ। ਆਓ ਦੇਖੀਏ ਕਿ ਕਿਵੇਂ।

ਆਰ.ਐਸ.ਐਸ. ਦੇ ਬਾਰੇ 'ਚ ਸਭ ਤੋਂ ਵੱਧ ਅਤੇ ਲਗਾਤਾਰ ਫੈਲਾਈਆਂ ਜਾਣ ਵਾਲੀਆਂ ਮਿੱਥਾਂ ਵਿਚੋਂ ਇੱਕ ਇਹ ਹੈ ਕਿ ਇਹ ਗ਼ੈਰ-ਸਿਆਸੀ ਸਭਿਆਚਾਰਕ ਜਥੇਬੰਦੀ ਹੈ। ਇੱਥੋਂ ਤਕ ਕਿ ਆਰ.ਐਸ.ਐਸ. ਦਾ ਸੰਵਿਧਾਨ ਵੀ ਇਹੀ ਕਹਿੰਦਾ ਹੈ। ਇਸ ਨੂੰ ਸਰਦਾਰ ਪਟੇਲ ਦੇ ਜ਼ੋਰ ਦੇਣ 'ਚ ਪਰਵਾਨ ਕੀਤਾ ਗਿਆ ਸੀ, ਜਦੋਂ ਮਹਾਤਮਾ ਗਾਂਧੀ ਦੇ ਕਤਲ 'ਚ ਅਖੌਤੀ ਭੂਮਿਕਾ ਬਾਅਦ ਆਰ.ਐਸ.ਐਸ. 'ਚ ਪਾਬੰਦੀ ਲਾ ਦਿੱਤੀ ਗਈ ਸੀ।

ਆਰ.ਐਸ.ਐਸ. ਸਿੱਧੇ ਤੌਰ 'ਚ ਚੋਣ ਨਹੀਂ ਲੜਦਾ ਹੈ, ਪਰ ਸਿਆਸਤ ਦਾ ਮਤਲਬ ਸਿਰਫ ਚੋਣ ਲੜਨਾ ਨਹੀਂ ਹੁੰਦਾ। ਆਰ.ਐਸ.ਐਸ. ਅਤੇ ਉਸਦੀਆਂ ਅਣਗਿਣਤ ਸਹਿਯੋਗੀ ਜਥੇਬੰਦੀਆਂ ਅਜਿਹੀ ਵਿਚਾਰਧਾਰਾ ਨੂੰ ਫੈਲਾਉਣ ਲਈ ਕਈ ਤਰ੍ਹਾਂ ਦੀਆਂ ਸਰਗਰਮੀਆਂ ਕਰਦੀਆਂ ਹਨ, ਜੋ ਸਿੱਧੇ ਤੌਰ 'ਚ ਸਿਆਸੀ ਟੀਚਿਆਂ ਅਤੇ ਉਮੀਦਾਂ ਨਾਲ ਜੁੜੀਆਂ ਹੁੰਦੀਆਂ ਹਨ। ਉਹ ਸਮਾਜ ਨੂੰ ਬਦਲਣਾ ਚਾਹੁੰਦਾ ਹੈ ਅਤੇ ਇੱਕ 'ਹਿੰਦੂ ਰਾਸ਼ਟਰ' ਬਣਾਉਣਾ ਚਾਹੁੰਦਾ ਹੈ, ਜੋ ਸ਼ਾਇਦ ਮਨੂਸਮ੍ਰਿਤੀ ਵਾਂਗ ਹਿੰਦੂ ਧਾਰਮਿਕ ਗ੍ਰੰਥਾਂ ਦੇ ਆਧਾਰ 'ਚ ਚੱਲੇ, ਜਿਨ੍ਹਾਂ 'ਚ ਕਈ ਰੂੜੀਵਾਦੀ ਵਿਚਾਰ ਹਨ। ਇਹ ਉਨ੍ਹਾਂ ਸਾਰੇ ਤਬਕਿਆਂ ਪ੍ਰਤੀ ਨਫ਼ਰਤ ਫੈਲਾਉਂਦਾ ਹੈ, ਜੋ ਹਿੰਦੁਤਵ ਦੀ ਉਸਦੀ ਸੌੜੀ, ਬ੍ਰਾਹਮਣਵਾਦੀ ਸਿਧਾਂਤਾਂ 'ਤੇ ਆਧਾਰਿਤ ਸੋਚ ਨੂੰ ਨਹੀਂ ਮੰਨਦੇ। ਖ਼ਾਸਕਰ ਇਹ ਇਸਲਾਮ ਅਤੇ ਈਸਾਈ ਧਰਮ ਦੇ ਪ੍ਰਤੀ ਦੁਸ਼ਮਣੀ ਫੈਲਾਉਂਦਾ ਹੈ, ਹਾਲਾਂਕਿ ਅਕਸਰ ਇਸ ਨੂੰ ਘੁੰਮਾ-ਫਿਰਾ ਕੇ ਜਾਂ ਲੁਕਵੇਂ ਸ਼ਬਦਾਂ 'ਚ ਕਿਹਾ ਜਾਂਦਾ ਹੈ। ਇਨ੍ਹਾਂ ਅਤੇ ਹੋਰ ਅਜਿਹੇ ਹੀ ਵਿਚਾਰਾਂ ਨੂੰ ਕਿਹੜੇ ਤਰੀਕਿਆਂ ਨਾਲ ਪੂਰਾ ਕੀਤਾ ਜਾਏਗਾ? ਆਰ.ਐਸ.ਐਸ. ਦਾ ਦਾਅਵਾ ਹੈ ਕਿ ਇਹ ਲੋਕਾਂ ਦੇ 'ਚਰਿੱਤਰ ਨਿਰਮਾਣ' ਜ਼ਰੀਏ ਕੀਤਾ ਜਾਂਦਾ ਹੈ। ਪਰ ਆਰ.ਐਸ.ਐਸ. ਇੱਕ ਸਦੀ ਤੋਂ ਅਜਿਹਾ ਕਰ ਰਿਹਾ ਹੈ ਅਤੇ ਨਤੀਜੇ ਕੁਛ ਖ਼ਾਸ ਨਹੀਂ ਦਿਸੇ ਹਨ। ਦੂਸਰਾ ਅਣਕਿਹਾ ਢੰਗ ਸਿਆਸੀ ਸੱਤਾ ਹਾਸਲ ਕਰਨਾ ਹੈ। ਇਸ ਨੇ ਸਭ ਤੋਂ ਪਹਿਲਾਂ 1950 'ਚ ਸਿਆਸੀ ਖੇਤਰ 'ਚ ਆਪਣਾ ਕੰਮ ਕਰਨ ਲਈ 'ਭਾਰਤੀ ਜਨਸੰਘ' ਦੀ ਸਥਾਪਨਾ ਕੀਤੀ। ਫਿਰ 1980 'ਚ ਜਨਸੰਘ ਨੂੰ ਭਾਜਪਾ 'ਚ ਬਦਲ ਦਿੱਤਾ ਗਿਆ। ਇਨ੍ਹਾਂ ਸਰੇਆਮ ਸਿਆਸੀ ਸਾਧਨਾਂ ਦੇ ਇਲਾਵਾ, ਇਸਨੇ ਸਿਆਸੀ ਸੱਤਾ ਹਾਸਲ ਕਰਨ ਲਈ ਧਰਮ ਦੀ ਵਰਤੋਂ ਇੱਕ ਹਥਿਆਰ ਦੇ ਤੌਰ 'ਤੇ ਕੀਤੀ, ਜਿਸ ਵਿਚ ਕਈ ਕੱਟੜਪੰਥੀ ਅਤੇ ਲੁਕਵੇਂ ਰਾਸ਼ਟਰਵਾਦੀ ਨਾਅਰਿਆਂ ਜਾਂ ਮੁੱਦਿਆਂ ਦਾ ਸਹਾਰਾ ਲਿਆ ਗਿਆ।

ਮੋਦੀ ਦੇ ਸੱਤਾ 'ਚ ਆਉਣ ਦੇ ਨਾਲ ਹੀ ਆਰ.ਐਸ.ਐਸ. ਦੇ ਕੰਮਕਾਜ ਦੀਆਂ ਹਾਲਤਾਂ 'ਚ ਇੱਕ ਗੁਣਾਤਮਕ ਬਦਲਾਅ ਆਇਆ ਹੈ। ਇਸ ਦੇ ਪ੍ਰਚਾਰਕ (ਮੁੱਖ ਸਾਬਕਾ ਅਹੁਦੇਦਾਰ) ਅਤੇ ਸਮਰਪਿਤ ਮੈਂਬਰਾਨ ਉੱਚ ਅਹੁਦਿਆਂ 'ਚ ਪਹੁੰਚੇ ਹਨ। ਖੁਦ ਪ੍ਰਧਾਨ ਮੰਤਰੀ ਪ੍ਰਚਾਰਕ ਰਿਹਾ ਹੈ ਅਤੇ ਉਸ ਦੇ ਮੰਤਰੀ ਮੰਡਲ ਦੇ ਕਈ ਮੈਂਬਰ ਆਰ.ਐਸ.ਐਸ. ਨਾਲ ਜੁੜੇ ਹਨ। ਇਹੀ ਗੱਲ ਸੂਬਾ ਸਰਕਾਰਾਂ ਦੇ ਮਾਮਲੇ 'ਚ ਵੀ ਸੱਚ ਹੈ, ਸੂਬਿਆਂ 'ਚ ਚੁਣੇ ਹੋਏ ਆਰ.ਐਸ.ਐਸ. ਅਹੁਦੇਦਾਰ, ਮੁੱਖ ਮੰਤਰੀ ਅਤੇ ਸੂਬਾ ਸਰਕਾਰਾਂ 'ਚ ਮੰਤਰੀ ਬਣੇ ਹਨ।

ਆਰ.ਐਸ.ਐਸ. ਨੇ ਸਰਕਾਰ ਅਤੇ ਆਪਣੇ ਦਰਮਿਆਨ ਤਾਲਮੇਲ ਬਿਠਾਉਣ ਲਈ ਕਈ 'ਸਮੂਹ' ਬਣਾਏ ਹਨ, ਜਿਵੇਂ ਆਰਥਿਕ, ਸਿੱਖਿਆ ਆਦਿ। ਆਰ.ਐਸ.ਐਸ. ਦੇ ਜੋ ਅਹੁਦੇਦਾਰ ਇਸ ਦੀਆਂ ਸਹਿਯੋਗੀ ਜਥੇਬੰਦੀਆਂ 'ਚ ਕੰਮ ਕਰਦੇ ਹਨ, ਉਹ ਸਰਕਾਰੀ ਨੀਤੀਆਂ ਬਾਰੇ ਸਲਾਹ ਦੇਣ, ਮਾਰਗ-ਦਰਸ਼ਨ ਕਰਨ ਅਤੇ ਉਨ੍ਹਾਂ ਨੂੰ ਲਾਗੂ ਕਰਵਾਉਣ 'ਚ ਸਰਗਰਮ ਰੂਪ 'ਚ ਸ਼ਾਮਲ ਰਹਿੰਦੇ ਹਨ। ਬਦਲੇ 'ਚ ਕੇਂਦਰ ਅਤੇ ਸੂਬਾ ਸਰਕਾਰਾਂ ਇਨ੍ਹਾਂ ਜਥੇਬੰਦੀਆਂ ਦੀਆਂ ਸਰਗਰਮੀਆਂ ਲਈ ਫੰਡ ਦਿੰਦੀਆਂ ਹਨ। ਆਰ.ਐਸ.ਐਸ. ਦਾ ਇਹ ਦਾਅਵਾ ਕਿ ਉਹ ਗ਼ੈਰ-ਸਿਆਸੀ ਜਥੇਬੰਦੀ ਹੈ, ਅਜਿਹਾ ਝੂਠ ਹੈ ਜਿਸ ਦੀ ਪੋਲ ਹੁਣ ਖੁੱਲ੍ਹ ਚੁੱਕੀ ਹੈ। ਅਤੇ, ਜੇ ਉਹ ਜਨਤਕ ਸਿਆਸੀ ਕੰਮਕਾਜ 'ਚ ਸ਼ਾਮਲ ਹੈ, ਤਾਂ ਉਸਦੇ ਕੰਮਕਾਜ ਦੇ ਢੰਗ ਤਰੀਕਿਆਂ, ਜਮਹੂਰੀ ਪ੍ਰਕਿਰਿਆਵਾਂ, ਭਾਰੀ ਮਾਤਰਾ 'ਚ ਪੈਸਾ ਜੁਟਾਉਣ ਅਤੇ ਖ਼ਰਚ ਕਰਨ, ਅਤੇ ਅਸਲ ਵਿਚ ਇਹ ਦੇਖਣ ਲਈ ਕਿ ਕੀ ਉਹ ਭਾਰਤ ਦੇ ਸੰਵਿਧਾਨ ਅਤੇ ਦੇਸ਼ ਦੇ ਕਾਨੂੰਨਾਂ ਮੁਤਾਬਿਕ ਕੰਮ ਕਰ ਰਿਹਾ ਹੈ ਜਾਂ ਨਹੀਂ, ਇਸ ਦੀ ਜਾਂਚ-ਪੜਤਾਲ ਕਿਉਂ ਨਹੀਂ ਹੋਣੀ ਚਾਹੀਦੀ?

ਆਰ.ਐਸ.ਐਸ. ਦੀਆਂ ਸਰਗਰਮੀਆਂ ਦਾ ਇੱਕ ਅਜਿਹਾ ਪਹਿਲੂ, ਜਿਸ ''ਚ ਘੱਟ ਹੀ ਗੱਲ ਹੁੰਦੀ ਹੈ, ਉਹ ਹੈ ਸਰਕਾਰੀ ਅਤੇ ਸਮਾਜਿਕ ਸੰਸਥਾਵਾਂ 'ਚ ਉਸਦਾ ਲਗਾਤਾਰ ਅਤੇ ਲੁਕਵੇਂ ਤੌਰ 'ਚ ਦਖ਼ਲ। ਮੋਦੀ ਸਰਕਾਰ ਨੇ ਸਰਕਾਰੀ ਕਰਮਚਾਰੀਆਂ ਦੇ ਆਰ.ਐਸ.ਐਸ. ਦੇ ਮੈਂਬਰ ਬਣਨ 'ਚ ਲੱਗੀ ਪਾਬੰਦੀ ਹਟਾ ਦਿੱਤੀ ਹੈ। ਇਸ ਲਈ ਹੁਣ ਸਰਕਾਰੀ ਮੁਲਾਜ਼ਮਾਂ ਦਾ ਵੱਡਾ ਸਮੂਹ ਖੁੱਲ੍ਹ ਕੇ ਸਾਹਮਣੇ ਆ ਗਿਆ ਹੈ। ਪਰ ਗੱਲ ਸਿਰਫ਼ ਇਸ ਤਬਕੇ ਤੱਕ ਸੀਮਤ ਨਹੀਂ ਹੈ। ਅਦਾਲਤੀ ਅਧਿਕਾਰੀਆਂ ਤੋਂ ਲੈ ਕੇ ਯੂਨੀਵਰਸਿਟੀਆਂ ਦੇ ਕੁਲਪਤੀਆਂ ਤੱਕ, ਅਤੇ ਵੱਡੇ ਸਨਅਤਕਾਰਾਂ ਤੋਂ ਲੈ ਕੇ ਫ਼ੌਜੀ ਅਧਿਕਾਰੀਆਂ ਤੱਕ, ਬਹੁਤ ਸਾਰੇ ਲੋਕਾਂ ਨੇ ਇਹ ਗੱਲ ਜ਼ਾਹਿਰ ਕੀਤੀ ਹੈ ਕਿ ਉਹ ਲੰਮੇ ਸਮੇਂ ਤੋਂ ਆਰ.ਐਸ.ਐਸ. ਦੇ ਮੈਂਬਰ ਜਾਂ ਹਮਾਇਤੀ ਰਹੇ ਹਨ। ਕਈ ਹੋਰ ਲੋਕਾਂ ਨੇ ਸ਼ਾਇਦ ਅਜਿਹਾ ਨਾ ਕਿਹਾ ਹੋਵੇ, ਪਰ ਉਨ੍ਹਾਂ ਦੇ ਕੰਮਾਂ ਅਤੇ ਬਿਆਨਾਂ ਤੋਂ ਸਾਫ਼ ਪਤਾ ਲੱਗਦਾ ਹੈ ਕਿ ਉਹ ਵੀ ਇਸੇ ਸ਼੍ਰੇਣੀ ਵਿਚ ਆਉਂਦੇ ਹਨ।

ਮੋਦੀ ਦੇ ਦੌਰ 'ਚ ਇਸ ਪ੍ਰਕਿਰਿਆ ਨੂੰ ਹੱਲਾਸ਼ੇਰੀ ਮਿਲ ਰਹੀ ਹੈ, ਕਿਉਂਕਿ ਸਰਕਾਰ ਦੁਆਰਾ ਚਲਾਈ ਜਾ ਰਹੀ ਲਗਭਗ ਹਰੇਕ ਸੰਸਥਾ ਜਾਂ ਸੰਸਥਾਵਾਂ 'ਚ ਆਰ.ਐਸ.ਐਸ. ਦੇ ਮੈਂਬਰ ਭਰੇ ਗਏ ਹਨ। ਇਹ ਸਾਰੇ ਮਿਲ ਦੇ ਲੋਕਾਂ ਦੀ ਮਾਨਸਿਕਤਾ ਅਤੇ ਨੀਤੀਆਂ ਨੂੰ ਤੈਅ ਕਰਨ 'ਚ ਜ਼ਬਰਦਸਤ ਤਾਕਤ ਅਤੇ ਪ੍ਰਭਾਵ ਰੱਖਦੇ ਹਨ। ਉਹ ਅਜੇ ਆਰ.ਐਸ.ਐਸ. ਦੀ ਵਿਚਾਰਧਾਰਾ ਨੂੰ ਫੈਲਾਉਣ ਅਤੇ ਉਸ ਦੀਆਂ ਸਿਆਸੀ ਤਾਕਤਾਂ ਨੂੰ ਮਜ਼ਬੂਤ ਕਰਨ 'ਚ ਯੋਗਦਾਨ ਦੇ ਰਹੇ ਹਨ।

ਆਰ.ਐਸ.ਐਸ. ਦੁਆਰਾ ਸੰਚਾਲਿਤ ਜਥੇਬੰਦੀਆਂ ਹਜ਼ਾਰਾਂ ਸਕੂਲ ਅਤੇ ਕਾਲਜ ਚਲਾ ਰਹੀਆਂ ਹਨ, (ਇਨ੍ਹਾਂ ਵਿਚ ਸੈਨਿਕ ਸਕੂਲ ਵੀ ਸ਼ਾਮਲ ਹਨ ਜੋ ਹਥਿਆਰਬੰਦ ਫ਼ੌਜ 'ਚ ਭਰਤੀ ਲਈ ਟ੍ਰੇਨਿੰਗ ਦਿੰਦੇ ਹਨ। ਉਹ ਅਜਿਹੀਆਂ ਸਮਾਜਿਕ ਸੰਸਥਾਵਾਂ ਵੀ ਚਲਾ ਰਹੀਆਂ ਹਨ, ਜੋ ਸਰਕਾਰ ਦੀਆਂ ਕਲਿਆਣਕਾਰੀ ਯੋਜਨਾਵਾਂ ਨੂੰ ਲਾਗੂ ਕਰਦੀਆਂ ਹਨ ਅਤੇ ਲੱਖਾਂ ਲੋਕਾਂ ਤੱਕ ਪਹੁੰਚਦੀਆਂ ਹਨ। ਉਹ ਉਨ੍ਹਾਂ ਧਾਰਮਿਕ ਟਰੱਸਟਾਂ ਦਾ ਵੀ ਸੰਚਾਲਨ ਕਰਦੀਆਂ ਹਨ ਜੋ ਮੰਦਰਾਂ ਅਤੇ ਤੀਰਥ ਯਾਤਰਾ ਵਰਗੀਆਂ ਹੋਰ ਧਾਰਮਿਕ ਸਰਗਰਮੀਆਂ ਨੂੰ ਚਲਾਉਣ ਲਈ ਜ਼ਿੰਮੇਦਾਰ ਹਨ।

ਜੇ ਸੰਸਥਾ ਐਨੀਆਂ ਸਾਰੀਆਂ ਚੀਜ਼ਾਂ ਨੂੰ ਕੰਟਰੋਲ ਕਰਦੀ ਹੈ, ਉਸ ਦੀ ਜਾਂਚ-ਪੜਤਾਲ ਤਾਂ ਹੋਣੀ ਹੀ ਚਾਹੀਦੀ ਹੈ ਅਤੇ ਉਸਦੀ ਜਵਾਬਦੇਹੀ ਅਤੇ ਪਾਰਦਰਸ਼ਤਾ ਦੀ ਪਰਖ-ਪੜਤਾਲ ਤਾਂ ਹੋਣੀ ਹੀ ਚਾਹੀਦੀ ਹੈ। ਅਯੁੱਧਿਆ ਦੇ ਰਾਮ ਮੰਦਰ 'ਚ ਚੱਲ ਰਿਹਾ ਘੁਟਾਲਾ, ਜਿਸ ਵਿਚ ਦੋਸ਼ ਹੈ ਕਿ ਰੋਜ਼ਾਨਾ ਚੜ੍ਹਾਵੇ 'ਚ ਆਉਣ ਵਾਲੀ ਨਗਦ ਰਕਮ ਅਤੇ ਕੀਮਤੀ ਧਾਤਾਂ ਦੀ ਗਿਣਤੀ ਕਰਨ ਵਾਲੇ ਲੋਕਾਂ ਨੇ 200 ਕਰੋੜ ਰੁਪਏ ਦਾ ਗਬਨ ਕੀਤਾ ਹੈ, ਦਰਸਾਉਂਦਾ ਹੈ ਕਿ ਕਿਸ ਤਰ੍ਹਾਂ ਲੋਕਾਂ ਦੇ ਭਰੋਸੇ ਨੂੰ ਤੋੜਿਆ ਜਾ ਸਕਦਾ ਹੈ। ਦਿਲਚਸਪ ਗੱਲ ਇਹ ਹੈ ਕਿ ਮੰਦਰ ਦਾ ਪ੍ਰਬੰਧ ਕਰਨ ਵਾਲੇ ਟਰੱਸਟ ਵਿਚ ਸੰਘ ਪਰਿਵਾਰ ਦੇ ਲੋਕ ਵੀ ਭਰੇ ਪਏ ਹਨ।

ਆਖ਼ਿਰਕਾਰ ਹੋ ਸਕਦਾ ਹੈ ਕਿ ਆਰ.ਐਸ.ਐਸ. ਖੜਗੇ ਦੀ ਚਿੱਠੀ ਨੂੰ ਵੀ ਪਹਿਲਾਂ ਦੀਆਂ ਕੋਸ਼ਿਸ਼ਾਂ ਦੀ ਤਰ੍ਹਾਂ ਨਜ਼ਰਅੰਦਾਜ਼ ਕਰ ਦੇਵੇ। ਆਰ.ਐਸ.ਐਸ. ਦੁਆਰਾ ਭਾਰਤ ਉੱਪਰ ਚੁੱਪ-ਚੁਪੀਤੇ ਕਬਜ਼ਾ ਕਰਨ ਦੀਆਂ ਕੋਸ਼ਿਸ਼ਾਂ ਨੂੰ ਰੋਕਣ ਦਾ ਅਸਲੀ ਜ਼ਰੀਆ ਤਾਂ ਆਮ ਲੋਕਾਂ ਦੀ ਚੌਕਸੀ ਅਤੇ ਦਬਾਅ ਹੀ ਹੈ। ਆਰ.ਐਸ.ਐਸ. ਨੂੰ ਇੱਕ 'ਡੀਪ ਸਟੇਟ' (ਲੁਕੀ ਹੋਈ ਸੱਤਾ) ਦੇ ਤੌਰ 'ਚ ਦੇਖਿਆ ਜਾਂਦਾ ਹੈ, ਜੋ ਪਰਦੇ ਦੇ ਪਿੱਛੇ ਅਤੇ ਦੇਸ਼ ਅਤੇ ਉਸ ਦੇ ਆਗੂਆਂ ਨੂੰ ਕਠਪੁਤਲੀ ਦੀ ਤਰ੍ਹਾਂ ਚਲਾਉਂਦੀ ਹੈ। ਅਜੇ ਇਸ ਵਿਚ ਐਨੀ ਹਿੰਮਤ ਨਹੀਂ ਹੈ ਕਿ ਇਹ ਆਪਣੀ ਵਿਚਾਰਧਾਰਾ ਅਤੇ 'ਹਿੰਦੂ ਰਾਸ਼ਟਰ' ਦੇ ਸੁਪਨਿਆਂ ਲਈ ਖੁੱਲ੍ਹ ਕੇ ਜਨਤਕ ਫਤਵਾ ਮੰਗੇ। ਉਹ ਸਹੀ ਮੌਕੇ ਦਾ ਇੰਤਜ਼ਾਰ ਕਰਦੇ ਹੋਏ ਭਾਜਪਾ ਅਤੇ ਦੂਸਰੀਆਂ ਸੰਸਥਾਵਾਂ ਦੀ ਆੜ 'ਚ ਛੁਪੀ ਰਹਿੰਦੀ ਹੈ। ਜਦ ਤੱਕ ਉਸ ਦੀਆਂ ਸਰਗਰਮੀਆਂ, ਉਸ ਨਾਲ ਜੁੜੀਆਂ ਜਥੇਬੰਦੀਆਂ ਅਤੇ ਸਰਕਾਰੀ ਕੰਮਕਾਜ ਤੇ ਸਮਾਜਿਕ ਜ਼ਿੰਦਗੀ 'ਚ ਉਨ੍ਹਾਂ ਦੀ ਦਖ਼ਲਅੰਦਾਜ਼ੀ 'ਚ ਚਾਨਣਾ ਨਹੀਂ ਪਾਇਆ ਜਾਵੇਗਾ, ਓਦੋਂ ਤੱਕ ਉਸਦਾ ਦਾਇਰਾ ਫੈਲਦਾ ਹੀ ਰਹੇਗਾ।


# ਤੁਮ ਕਿਸੀ ਔਰ ਕੋ ਚਾਹੋਗੀ ਤੋ ਮੁਸ਼ਕਿਲ ਹੋਗੀ...

ਇੱਕ ਪੁਰਾਣਾ ਹਿੰਦੀ ਗਾਣਾ...ਤੁਮ ਅਗਰ ਮੁਝ ਕੋ ਨਾ ਚਾਹੋ ਤੋ ਕੋਈ ਬਾਤ ਨਹੀਂ...ਤੁਮ ਕਿਸੀ ਔਰ ਕੋ ਚਾਹੋਗੀ ਤੋ ਮੁਸ਼ਕਿਲ ਹੋਗੀ...ਅਜੋਕੇ ਸਿਸਟਮ 'ਤੇ ਬੜਾ ਢੁਕਦਾ...!

ਹਿੰਦੁਸਤਾਨ ਦੇ ਬਚੇ-ਖੁਚੇ ਇਨਸਾਫ਼ਪਸੰਦ ਲੋਕ ਐਸੇ ਯੂ ਟਿਊਬਰ ਅਤੇ ਪੋਡ ਕਾਸਟਰ ਨੂੰ ਤਲੀਆਂ 'ਤੇ ਬਿਠਾਉਂਦੇ ਜੋ ਨਿਜ਼ਾਮ ਦੀਆਂ ਖਾਮੀਆਂ ਸਕੈਮ ਧੋਖੇ ਨਾ-ਇਨਸਾਫ਼ੀਆਂ ਸਰ੍ਹੇ-ਬਾਜ਼ਾਰ ਉਜਾਗਰ ਕਰਦਾ ਹੋਵੇ...ਪਰ ਜੇ ਓਹੀ ਬੰਦਾ ਸਿਖਾਂ ਦੀਆਂ ਹੱਕ-ਸੱਚ ਅਧਾਰਿਤ ਮੰਗਾਂ... ਵਧੀਕੀਆਂ...ਜ਼ੁਲਮੋਂ ਸਿਤਮ ਬਾਰੇ ਤਿੰਕਾ ਜਿੰਨਾ ਹਾਅ ਦਾ ਨਾਅਰਾ ਵੀ ਮਾਰ ਦੇਵੇ ਤਾਂ ਸਾਰੀ ਕੀਤੀ ਕਤਰੀ ਖੂਹ ਖਾਤੇ ਪਾ ਦਿੱਤੀ ਜਾਂਦੀ...ਸੋ ਸਿਖਾਂ ਵਾਰੀ ਐਸੇ ਬੰਦੇ ਘੋਗਲ ਕੰਨੇ ਬਣੇ ਰਹਿਣਾ ਹੀ ਬੇਹਤਰ ਸਮਝਦੇ!

ਪੰਜੀ ਹਜ਼ਾਰ ਵਾਲੇ ਡਾਕੂਮੈਂਟੇਡ ਬਿਰਤਾਂਤ ਮੁਕਾਬਲੇ ਸਰਕਾਰੀ ਸ਼ਹਿ 'ਤੇ ਚਲਾਇਆ ਜਾ ਰਿਹਾ ਪੈਂਤੀ ਹਜ਼ਾਰ ਵਾਲਾ ਹਵਾਈ ਰੌਲਾ ਰੱਪਾ...ਵਕਤੀ ਤੌਰ 'ਤੇ ਸੱਚ ਮੰਨ ਵੀ ਲਿਆ ਜਾਵੇ ਤਾਂ ਸਵਾਲ ਕੇ ਉਸ ਸਾਰੇ ਦੇ ਕਥਿਤ ਦੋਸ਼ੀ ਤੇ ਝੂਠਿਆਂ-ਸੱਚਿਆਂ ਵਿਚ ਮੁਕਾ ਦਿੱਤੇ ਗਏ...ਇਥੋਂ ਤੱਕ ਕਿ ਭਾਈ-ਭੈਣ, ਰਿਸ਼ਤੇਦਾਰ ਪੈਲੀਆਂ ਘਰ ਬਾਹਰ ਕੁਝ ਸਭ ਕੁਝ ਨੇਸਤੋ-ਨਾਬੂਦ ਕਰ ਦਿੱਤਾ...ਪਰ ਦੂਜੀ ਧਿਰ ਦਾ ਕੋਈ ਇੱਕ ਦੋਸ਼ੀ ਵੀ ਫਾਹੇ ਟੰਗਿਆ ਹੋਵੇ ਤਾਂ ਜ਼ਰੂਰ ਦੱਸਿਆ ਜੇ...ਜੇਕਰ ਇੱਕ-ਦੋ ਨੂੰ ਸੰਕੇਤਕ ਸਜ਼ਾ ਹੋਈ ਵੀ ਤਾਂ ਨਿਜ਼ਾਮ ਅਤੇ ਮਹਿਕਮੇ ਨੇ ਜੇਲ੍ਹ ਓਹਨਾਂ ਲਈ ਫਾਈਵ ਸਟਾਰ ਹੋਟਲ ਬਣਾ ਧਰੀ...!

ਇੰਝ ਦੀਆਂ ਦਲੀਲਾਂ, ਅਪੀਲਾਂ, ਨੁਕਤੇ ਅਤੇ ਜਿਰਾਹਾਂ ਓਦੋਂ ਬੇਕਾਰ ਬੇ-ਮਾਅਨੇ ਜਦੋਂ ਸ਼ੇਰ ਨੇ




Dismissed DSP Jaspal Singh was lodged in Nabha jail before the court granted him interim bail on May 25, 2023.

ਹਰ ਹਾਲਤ ਵਿਚ ਮੇਮਣੇ ਦਾ ਸ਼ਿਕਾਰ ਕਰਨ ਦਾ ਮਨ ਬਣਾ ਹੀ ਲਿਆ...!

ਖ਼ੈਰ! ਦਸਮ ਪਿਤਾ ਵੱਲੋਂ ਸਾਜੀ ਨਿਵਾਜੀ ਕੋਈ ਮੇਮਣਾ ਨਹੀਂ...ਸ਼ੇਰ ਦੇ ਨਿਆਈਂ ਹੈ...ਬੇਸ਼ੁਮਾਰ ਧੱਕੇ, ਖੱਜਲ-ਖ਼ਰਾਬੀਆਂ, ਸਹਿ-ਸਹਿ ਕੇ ਹਰ ਬਿਰਤਾਂਤ ਦਾ ਟਾਕਰਾ ਕਰਨ ਦੇ ਕਾਬਲ ਹੋ ਚੁੱਕੀ ਏ...ਬੱਸ ਇੱਕ ਗੱਲ ਦਾ ਖ਼ਿਆਲ ਰਹੇ...ਦੂਜੇ ਪਾਸੇ ਕੋਲ ਭੀੜਾਂ ਨੇ...ਵੱਗ ਨੇ...ਵੇਹਲੀ ਖਲਕਤ ਏ...ਕਾਵਾਂ ਰੌਲੀ ਪਾਉਂਦਾ ਮੀਡੀਆ ਹੈ...! ਸੋ ਬੇਕਾਰ ਦੀ ਧਿਆਨ ਭਟਕਾਊ ਬਹਿਸ ਦਲੀਲਬਾਜ਼ੀ ਵਿਚ ਉਲਝਣ ਨਾਲੋਂ ਸਿਰਫ ਉਹ ਹਿੱਸੇ ਹੀ ਲੱਭੇ ਜਾਣ ਜਿਨ੍ਹਾਂ ਨੂੰ ਦੱਬਿਆਂ ਚੀਕਾਂ ਨਿਕਲ ਜਾਣ...ਠੀਕ ਓਦਾਂ ਦੀਆਂ ਜਿਹੜੀਆਂ ਕੁਝ ਦਿਨ ਪਹਿਲੋਂ ਐਫ.ਬੀ.ਆਈ. ਦੇ ਬਿਸ਼ਨੋਈ ਖੁਲਾਸਿਆਂ ਮਗਰੋਂ ਨਿੱਕਲੀਆਂ ਸਨ!

## ਜ਼ਿੰਦਗੀ ਨਾਮਾ




**ਹਰਪ੍ਰੀਤ ਸਿੰਘ ਜਵੰਦਾ**

*ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।*

# ਸ. ਸਵਰਨਜੀਤ ਸਿੰਘ ਢਿੱਲੋਂ ਨੂੰ ਚੌਥੀ ਬਰਸੀ 'ਤੇ ਯਾਦ ਕਰਦਿਆਂ!

'ਪੰਜਾਬ ਟਾਈਮਜ਼ ਦੇ ਆਨਰੇਰੀ ਸਲਾਹਕਾਰ ਬੋਰਡ' ਦੇ ਮੈਂਬਰ, ਮੋਢੀ ਮੈਂਬਰਾਂ ਵਿਚੋਂ ਇਕ, ਸ਼ੁਭ ਚਿੰਤਕ ਅਤੇ ਹਮਦਰਦ ਸ. ਸਵਰਨਜੀਤ ਸਿੰਘ ਢਿੱਲੋਂ, 14 ਜੁਲਾਈ 2022 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਸਨ। ਇਤਫ਼ਾਕਨ 14 ਜੁਲਾਈ ਨੂੰ ਸ. ਅਮੋਲਕ ਸਿੰਘ ਜੰਮੂ ਦਾ ਜਨਮ ਦਿਨ ਹੁੰਦਾ ਹੈ, ਤੇ ਇਸ ਦਿਨ ਉਨ੍ਹਾਂ ਦੇ ਹਮਦਰਦ ਸ. ਢਿੱਲੋਂ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੇ 'ਪੰਜਾਬ ਟਾਈਮਜ਼' ਨੂੰ ਸ਼ੁਰੂ ਕਰਨ ਵਿਚ ਵੱਡਾ ਰੋਲ ਅਦਾ ਕੀਤਾ ਸੀ। ਉਹ 'ਪੰਜਾਬ ਟਾਈਮਜ਼' ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ (ਮਰਹੂਮ) ਦੇ ਕਰੀਬੀ ਸਨ ਅਤੇ ਉਨ੍ਹਾਂ ਹਮੇਸ਼ਾ ਅਖਬਾਰ ਦੀ ਚੜ੍ਹਦੀ ਕਲਾ ਲਈ ਕੰਮ ਕੀਤਾ। ਉਹ ਜਿੱਥੇ ਆਪ ਅਖਬਾਰ ਦੀ ਭਲਾਈ ਲਈ ਕੰਮ ਕਰਦੇ ਰਹੇ ਉਥੇ ਉਨ੍ਹਾਂ ਨੇ ਲੋਕਾਂ ਨੂੰ ਵੀ ਇਸ ਨਾਲ ਜੋੜਨ ਦੇ ਉਪਰਾਲੇ ਕੀਤੇ। ਸ. ਢਿੱਲੋਂ ਦੀ ਚੌਥੀ ਬਰਸੀ 'ਤੇ ਅਦਾਰਾ 'ਪੰਜਾਬ ਟਾਈਮਜ਼' ਅਤੇ ਇਸ ਦੇ ਸਲਾਹਕਾਰ ਬੋਰਡ ਦੇ ਸਾਰੇ ਮੈਂਬਰਾਂ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਂਦੀਆਂ ਹਨ।



ਸਵਰਨਜੀਤ ਸਿੰਘ ਢਿੱਲੋਂ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਹਰਦਿਆਲ ਸਿੰਘ ਦਿਓਲ | ਡਾ. ਗੁਰਦਿਆਲ ਸਿੰਘ ਬਸਰਾਨ | ਜੈਦੇਵ ਸਿੰਘ ਭੱਠਲ | ਅਮਰੀਕ ਸਿੰਘ (ਅਮਰ ਕਾਰਪੈਟ) | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਹਰਜੀਤ ਸਿੰਘ ਸਾਹੀ | ਦਰਸ਼ਨ ਸਿੰਘ ਦਰੜ | ਮਨਦੀਪ ਸਿੰਘ ਭੂਰਾ



ਰਘਬੀਰ ਸਿੰਘ ਘੁੰਨ | ਪਰਮਿੰਦਰ ਸਿੰਘ ਵਾਲੀਆ | ਜਸਕਰਨ ਸਿੰਘ ਧਾਲੀਵਾਲ | ਡਾ. ਤੇਜਿੰਦਰ ਸਿੰਘ ਮੰਡੇਰ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਭੁਪਿੰਦਰ ਸਿੰਘ ਧਾਲੀਵਾਲ | ਗੁਰਦੇਵ ਸਿੰਘ ਜੌੜਾ | ਅੰਮ੍ਰਿਤਪਾਲ ਸਿੰਘ ਸੰਘਾ | ਆਗਿਆਪਾਲ ਸਿੰਘ ਬਾਠ | ਪਰਮਵੀਰ ਸਿੰਘ ਬੈਂਸ



ਜਸਵੀਰ ਕੌਰ ਢਿਲੋਂ | ਡਾ. ਇਨਕਲਾਬੀ ਥਾਂਦੀ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਹਰਵਿੰਦਰ ਪਾਲ ਸਿੰਘ ਲੈਲ | ਮਨਮਿੰਦਰ ਸਿੰਘ ਹੀਰ | ਸਰਵਣ ਸਿੰਘ ਟਿਵਾਣਾ | ਸੁਖਮੇਲ ਸਿੰਘ ਅਟਵਾਲ | ਸ. ਹੈਪੀ ਸਿੰਘ ਹੀਰ | ਅਮੋਲਕ ਸਿੰਘ ਗਾਖਲ | ਜੱਸੀ ਗਿੱਲ

# ਪੰਜਵੇਂ ਗੁਰੂ ਦੀ ਲਾਸਾਨੀ ਸ਼ਹਾਦਤ ਬਾਰੇ ਨਾਟਕ - 'ਤੱਤੀ ਤਵੀ ਦਾ ਸੱਚ'





ਰੂਪਕ ਕਲਾ ਅਤੇ ਵੈੱਲਫੇਅਰ ਸੋਸਾਇਟੀ ਪਿਛਲੇ 20 ਸਾਲਾਂ ਤੋਂ ਵੱਖ-ਵੱਖ ਥਾਵਾਂ 'ਤੇ ਡਾਕਟਰ ਆਤਮਜੀਤ ਦੇ ਨਾਟਕ 'ਤੱਤੀ ਤਵੀ ਦਾ ਸੱਚ' ਦਾ ਮੰਚਨ ਲਾਈਟ ਐਂਡ ਸਾਊਂਡ ਸ਼ੋ ਦੇ ਰੂਪ ਵਿਚ ਕਰ ਰਹੀ ਹੈ। ਪਿਛਲੇ ਸਾਲਾਂ ਵਿਚ ਇਹ ਨਾਟਕ ਦਿੱਲੀ ਤੋਂ ਲੈ ਕੇ ਅੰਮ੍ਰਿਤਸਰ ਤੱਕ ਪੰਜਾਬ ਦੇ ਸੱਤ-ਅੱਠ ਜ਼ਿਲ੍ਹਿਆਂ ਵਿਚ ਖੇਡਿਆ ਗਿਆ ਤੇ ਹਮੇਸ਼ਾ ਹੀ ਇਸ ਨਾਟਕ ਨੂੰ ਭਰਵਾਂ ਹੁੰਗਾਰਾ ਮਿਲਿਆ। ਇਸ ਸਾਲ ਇਹ ਨਾਟਕ ਟੈਗੋਰ ਥਿਏਟਰ ਚੰਡੀਗੜ੍ਹ ਵਿਖੇ 13 ਜੂਨ ਨੂੰ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਨ ਲਈ ਖੇਡਿਆ ਗਿਆ। ਵੱਡੀ ਗਿਣਤੀ ਲੋਕਾਂ ਨੇ ਇਸ ਨਾਟਕ ਨੂੰ ਸਿਰਫ ਵੇਖਿਆ ਨਹੀਂ, ਬਲਕਿ ਸਮਝਿਆ ਵੀ। ਜਦੋਂ ਦਰਸ਼ਕ ਆਪਣੇ ਬੱਚਿਆਂ ਨੂੰ ਗੁਰੂ ਜੀ ਦੀ ਸ਼ਹਾਦਤ ਬਾਰੇ ਸਮਝਾ ਰਹੇ ਸਨ ਤਾਂ ਸਾਨੂੰ ਲੱਗਿਆ ਕਿ ਸਾਡਾ ਮਕਸਦ ਪੂਰਾ ਹੋ ਰਿਹਾ ਹੈ ਅਤੇ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਗੁਰੂ ਦੀ ਲਾਸਾਨੀ ਸ਼ਹਾਦਤ ਬਾਰੇ ਜਾਣੂੰ ਕਰਵਾ ਰਹੇ ਹਾਂ। ਡਾ. ਆਤਮਜੀਤ ਨੇ ਜਦੋਂ ਪਹਿਲੀ ਵਾਰ 2005 ਵਿਚ ਰੋਜ਼ਾਨਾ ਹਿੰਦੀ ਅਖ਼ਬਾਰ 'ਦੈਨਿਕ ਭਾਸਕਰ' ਲਈ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਪ੍ਰਸੰਗ ਵਿਚ ਇਕ ਲੇਖ ਲਿਖਿਆ ਤਾਂ ਉਨ੍ਹਾਂ ਨੇ ਪਾਠਕਾਂ ਸਾਹਮਣੇ ਬਹੁਤ ਸਾਰੇ ਨਵੇਂ



**ਲਵਲੀਨ ਕੌਰ ਭੱਠਲ**

ਤੱਥ ਉਜਾਗਰ ਕੀਤੇ ਤੇ ਉਦੋਂ ਸਾਰੇ ਹਿੰਦੁਸਤਾਨ ਦੇ ਲੋਕਾਂ ਨੂੰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਅਸਲ ਕਾਰਨਾਂ ਦਾ ਪਤਾ ਲੱਗਿਆ। ਉਸੇ ਸਾਲ ਪੰਜਾਬੀ ਰੰਗਮੰਚ ਦੀ ਨਿਰਦੇਸ਼ਕਾ ਸੰਗੀਤਾ ਗੁਪਤਾ ਨੇ ਡਾ. ਆਤਮਜੀਤ ਨੂੰ ਗੁਜ਼ਾਰਿਸ਼ ਕੀਤੀ ਕਿ ਰੰਗਮੰਚ ਵਿਚ ਸਾਡਾ ਸਮਾਂ ਬਹੁਤ ਔਖਾ ਚੱਲ ਰਿਹਾ ਹੈ, ਕੋਈ ਐਸਾ ਨਾਟਕ ਲਿਖ ਦਿਓ ਜਿਹਨੂੰ ਅਸੀਂ ਸਾਰੀ ਜਨਤਾ ਵਿਚ ਲੈ ਕੇ ਜਾ ਸਕੀਏ। ਡਾ. ਆਤਮਜੀਤ ਨਾਲ ਸਾਡੇ ਸੰਬੰਧ ਸਿਰਫ ਇੱਕ ਅਧਿਆਪਕ ਵਾਲੇ ਨਹੀਂ, ਮੈਂ ਅਤੇ ਸੰਗੀਤਾ ਗੁਪਤਾ ਰੰਗਮੰਚ ਵਿਚ ਉਨ੍ਹਾਂ ਨੂੰ ਆਪਣਾ ਬਾਪ ਵੀ ਮੰਨਦੇ ਹਾਂ ਤੇ ਬਾਪ ਉੱਤੇ ਧੀਆਂ ਸਦਾ ਆਪਣਾ ਹੱਕ ਜਤਾਉਂਦੀਆਂ ਨੇ। ਉਹ ਉਦੋਂ ਮੁਕੰਦਪੁਰ ਕਾਲਜ ਵਿਚ ਪ੍ਰਿੰਸੀਪਲ ਸਨ। ਉਨ੍ਹਾਂ ਸਾਨੂੰ ਆਪਣੇ ਕੋਲ ਬੁਲਾ ਲਿਆ। ਹਰ ਰੋਜ਼ ਸ਼ਾਮ ਨੂੰ ਬਹਿ ਕੇ ਉਹ ਨਾਟਕ ਲਿਖਦੇ। ਪਰ ਉਨ੍ਹਾਂ ਦਾ ਫ਼ਿਕਰ ਇਹ ਸੀ ਕਿ ਗੁਰੂ-ਕਾਲ ਦੀਆਂ ਰਾਜਸੀ ਗੁੰਝਲਾਂ ਏਨੀਆਂ ਪੀਢੀਆਂ ਸਨ ਕਿ ਆਮ ਦਰਸ਼ਕ ਨੂੰ ਗੱਲ ਸਮਝਾਉਣੀ ਬਹੁਤ ਮੁਸ਼ਕਲ ਹੈ। ਸ਼ਾਇਦ ਏਸੇ ਲਈ ਸ਼ਾਂਤੀ ਦੇ ਪੁੰਜ ਬਾਰੇ ਬਹੁਤੇ ਨਾਟਕ ਨਹੀਂ ਲਿਖੇ ਗਏ। ਕਈ ਦਿਨਾਂ ਦੀ ਸ਼ਸ਼ੋਪੰਜ ਤੇ ਮਿਹਨਤ ਵਿਚੋਂ ਨਾਟਕ ਦੇ ਦੋ ਕਮਾਲ ਦੇ ਪਾਤਰਾਂ, ਕਮਲੇ ਅਤੇ ਸਿਆਣੇ, ਦਾ ਜਨਮ ਹੋਇਆ। ਸਿਆਣਾ ਕਮਲੀਆਂ ਗੱਲਾਂ ਕਰਦਾ ਹੈ ਅਤੇ ਕਮਲਾ ਸਿਆਣੀਆਂ। ਸੂਤਰਧਾਰ ਬਣ ਕੇ ਕਈ ਘਟਨਾਵਾਂ ਨੂੰ ਉਹ ਬੜੇ ਸਹਿਜ ਨਾਲ ਬਿਆਨ ਕਰ ਜਾਂਦੇ ਹਨ। ਉਨ੍ਹਾਂ ਇਹ ਵੀ ਧਿਆਨ ਰੱਖਿਆ ਕਿ ਦੋਵੇਂ ਪਾਤਰ ਨਾਟਕਕਾਰ ਦਾ ਇੱਕ ਸੰਦ ਹੀ ਨਾ ਬਣ ਕੇ ਰਹਿ ਜਾਣ, ਬਲਕਿ ਉਨ੍ਹਾਂ ਦਾ ਰਚਨਾ ਵਿਚ ਇੱਕ-ਦੂਜੇ ਨਾਲ ਟਕਰਾਅ ਵੀ ਹੋਵੇ। ਇਸੇ ਲਈ ਨਾਟਕ ਵਿਚ ਕਮਲਾ-ਸਿਆਣਾ ਕੇਵਲ ਨਾਟਕ ਨੂੰ ਅੱਗੇ ਨਹੀਂ ਤੋਰਦੇ ਬਲਕਿ ਉਸ ਨੂੰ ਰੌਚਕ ਵੀ ਬਣਾਉਂਦੇ ਹਨ।

ਡਾ. ਆਤਮਜੀਤ ਦਾ ਵਿਸ਼ਵਾਸ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਸਾਰੇ ਪ੍ਰਸੰਗ ਵਿਚ ਧਰਮ ਨਾਲੋਂ ਰਾਜਨੀਤੀ ਜ਼ਿਆਦਾ ਭਾਰੂ ਹੈ। ਉਨ੍ਹਾਂ ਦੀ ਮਹਾਨ ਸ਼ਹਾਦਤ ਨੂੰ ਚੰਦੂ, ਪ੍ਰਿਥੀਏ ਜਾਂ ਜਹਾਂਗੀਰ ਦੇ ਨਿੱਜੀ ਸਾੜਿਆਂ ਜਾਂ ਸ਼ਿਕਵੇ-ਸ਼ਿਕਾਇਤਾਂ ਤਕ ਸੀਮਿਤ ਕਰਨ ਨਾਲ ਗੁਰੂ ਜੀ ਦੀ ਇਤਿਹਾਸਕ ਤੇ ਨਿਰਣਾਇਕ ਭੂਮਿਕਾ ਛੋਟੀ ਹੋ ਜਾਂਦੀ ਹੈ। ਅਸ਼ੋਕ ਅਤੇ ਅਕਬਰ ਨੇ ਰਾਜਸੀ ਕਾਰਨਾਂ ਕਰਕੇ ਬਹੁ-ਸਭਿਆਚਾਰਵਾਦ (ਮਲਟੀ ਕਲਚਰਿਜ਼ਮ) ਵੱਲ ਕਦਮ ਪੁੱਟੇ ਸਨ ਪਰ ਉਨ੍ਹਾਂ ਦੇ ਉਲਟ ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਵੱਲੋਂ ਪ੍ਰਚਾਰੀ ਸਿੱਖੀ ਦੇ ਅਨੁਕੂਲ ਸ਼ੁੱਧ ਧਾਰਮਿਕ ਕਾਰਨਾਂ ਕਰਕੇ ਲੋਕਾਂ ਨੂੰ ਆਪਸ ਵਿਚ ਜੋੜਨ ਦੇ ਯਤਨ ਕੀਤੇ। ਇਸ ਪਿੱਛੇ ਉਨ੍ਹਾਂ ਦੀ ਕੋਈ ਰਾਜਨੀਤੀ ਨਹੀਂ ਸੀ। ਰਾਜਨੀਤੀ ਆਮ ਕਰਕੇ ਲੋਕਾਂ ਨੂੰ ਤੋੜਨ ਨੂੰ ਪਹਿਲ ਦਿੰਦੀ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋੜਨ ਦੇ ਖ਼ਿਲਾਫ, ਜੋੜਨ ਦੇ ਸਿਧਾਂਤ ਨੂੰ ਪ੍ਰਬਲਤਾ ਨਾਲ ਖੜ੍ਹਾ ਕਰਦੀ ਹੈ। ਭਾਵੇਂ ਇਕ ਸੰਤ ਸ਼ਹੀਦ ਹੋਇਆ ਸੀ ਪਰ ਸ਼ਹਾਦਤ ਦਾ ਮਹੱਤਵ ਸਿਰਫ ਧਾਰਮਿਕ ਨਹੀਂ ਹੈ, ਸਮਾਜਿਕ ਅਤੇ ਰਾਜਸੀ ਵੀ ਹੈ। ਇਸ ਵਿਚ ਮੁਸਲਿਮ, ਹਿੰਦੂ ਜਾਂ ਸਿੱਖ ਦਾ ਮਸਲਾ ਬਿਲਕੁਲ ਨਹੀਂ, ਸਿਰਫ ਸ਼ਾਸਕ ਤੇ ਸ਼ਾਸਿਤ ਦਾ ਹੈ। ਮਸਲਾ ਉਨ੍ਹਾਂ ਕੱਟੜ ਭੁਖਿਆਂ ਦਾ ਹੈ ਜੋ ਧਰਮ ਦੇ ਨਾਂ 'ਤੇ ਸੱਤਾ ਨੂੰ ਹਥਿਆਉਣ ਦੀ ਕੋਸ਼ਿਸ਼ ਕਰਦੇ ਹਨ ਜੋ ਅੱਜ ਵੀ ਕੀਤੀ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਨੇ ਅਜਿਹੀ ਸਿਆਸਤ ਦਾ ਸਿੱਧਾ ਵਿਰੋਧ ਕੀਤਾ। ਅੱਜ ਵੀ ਸਾਡੇ ਸਮਾਜ ਵਿਚ ਚੰਦੂ, ਪ੍ਰਿਥੀਏ ਤੇ ਮੁਜੱਦਦ ਵਰਗੇ ਲੋਕ ਮੌਜੂਦ ਹਨ। ਇਹ ਵੀ ਜ਼ਰੂਰੀ ਨਹੀਂ ਕਿ ਚੰਦੂ ਅਤੇ ਪ੍ਰਿਥੀਏ ਹਿੰਦੂ ਹੀ ਹੋਣ, ਉਹ ਸਿੱਖ ਜਾਂ ਮੁਸਲਿਮ ਵੀ ਹੋ ਸਕਦੇ ਨੇ। ਅੱਜ ਚਾਰੇ ਪਾਸੇ ਜਹਾਂਗੀਰ ਤੇ ਔਰੰਗਜ਼ੇਬ ਵਾਲੀ ਜ਼ਹਿਨੀਅਤ ਹੈ। ਅਕਬਰ ਦੀ ਸੋਚ ਦਮ ਤੋੜ ਰਹੀ ਹੈ ਤੇ ਮੀਆਂ ਮੀਰ ਪਹਿਲਾਂ ਵਾਂਗ ਹੀ ਬੇਬਸ ਹੈ ਤੇ ਸਾਨੂੰ ਇੱਕ ਵਾਰ ਫਿਰ ਗੁਰੂ ਅਰਜਨ ਦੇਵ ਵਰਗੀ ਸ਼ਖਸੀਅਤ ਦੀ ਉਡੀਕ ਹੈ ਜੋ ਆਪਣੀ ਕੁਰਬਾਨੀ ਨਾਲ ਇਸ ਵਹਿਣ ਨੂੰ ਠੱਲ੍ਹ ਪਾ ਸਕੇ।


ਅਕਸਰ ਲੋਕ ਚੰਦੂ ਤੇ ਪ੍ਰਿਥੀਏ ਨੂੰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਕਾਰਨ ਮੰਨਦੇ ਹਨ ਪਰ 'ਤੱਤੀ ਤਵੀ ਦੇ ਸੱਚ' ਵਿਚ ਕੁਝ ਮਹੱਤਵਪੂਰਨ ਨਵੀਆਂ ਗੱਲਾਂ ਨੂੰ ਸਾਹਮਣੇ ਲਿਆਂਦਾ ਗਿਆ ਹੈ। ਉਨ੍ਹਾਂ ਵਿਚੋਂ ਇੱਕ ਗੱਲ ਇਹ ਹੈ ਕਿ ਜਹਾਂਗੀਰ ਨੇ ਗੁਰੂ ਅਰਜਨ ਦੇਵ ਦੀ ਸ਼ਹਾਦਤ ਤੋਂ ਕੁਝ ਮਹੀਨੇ ਪਹਿਲਾਂ ਤਖ਼ਤ ਪ੍ਰਾਪਤ ਕੀਤਾ ਸੀ, ਸ਼ਹਾਦਤ ਦਾ ਇੰਨੀ ਜਲਦੀ ਫ਼ੈਸਲਾ ਕਿਵੇਂ ਲਿਆ ਗਿਆ? ਤੇ ਦੂਜੀ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਅਕਬਰ ਦੀ ਮੌਤ ਤੋਂ ਕੁਝ ਹੀ ਵਰ੍ਹੇ ਪਹਿਲਾਂ ਮੁਜੱਦਦ ਅਲਫਸਾਨੀ ਨੇ ਆਪਣੀ ਕੱਟੜਤਾ ਦੀ ਨੀਤੀ ਨੂੰ ਠੋਸਣਾ ਸ਼ੁਰੂ ਕੀਤਾ ਸੀ। ਅਕਬਰ ਬਾਰੇ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਉਹ ਅਜਿਹੇ ਮੁਸਲਿਮ ਰਾਜ ਦੀ ਕਲਪਨਾ ਕਰਦਾ ਸੀ ਜਿਸ ਵਿਚ ਗੈਰ-ਮੁਸਲਿਮਾਂ ਨੂੰ ਪੂਰੇ ਹੱਕ ਪ੍ਰਾਪਤ ਹੋਣ। ਗੁਰੂ ਜੀ ਨੂੰ ਸ਼ਹੀਦ ਕਰਨ ਦਾ ਕਾਰਾ ਅਸਲ ਵਿਚ ਮੁਜੱਦਦ ਨੇ ਕਰਵਾਇਆ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜਹਾਂਗੀਰ ਦੇ ਰਾਜ ਸੰਭਾਲਣ ਤੋਂ ਪਹਿਲਾਂ ਮੁਜੱਦਦ ਨੇ ਜਹਾਂਗੀਰ ਤੋਂ ਇਹ ਪ੍ਰਣ ਲਿਆ ਸੀ ਕਿ ਉਸ ਸਿੱਖਾਂ ਦਾ ਖੁਰਾ-ਖੋਜ ਮਿਟਾ ਦੇਵੇਗਾ ਤੇ ਇਸਲਾਮੀ ਫਲਸਫੇ ਨੂੰ ਲਾਗੂ ਕਰੇਗਾ। ਅਸੀਂ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਚੰਦੂ ਤੇ ਪ੍ਰਿਥੀਏ ਦਾ ਗੁਰੂ ਅਰਜਨ ਪ੍ਰਤੀ ਵਿਰੋਧ ਸੀ ਪਰ ਉਹ ਇਹ ਵਿਰੋਧ ਆਪਣੇ ਜ਼ਾਤੀ ਹਿੱਤਾਂ ਲਈ ਕਰ ਰਹੇ ਸੀ। ਪ੍ਰਿਥੀਏ ਨੂੰ ਗੁਰਗੱਦੀ ਚਾਹੀਦੀ ਸੀ ਤੇ ਚੰਦੂ ਦੀ ਧੀ ਦਾ ਰਿਸ਼ਤਾ ਸੰਗਤ ਨੇ ਠੁਕਰਾ ਦਿੱਤਾ ਸੀ ਜਿਸ ਦਾ ਕਾਰਨ ਉਹ ਗੁਰੂ ਅਰਜਨ ਦੇਵ ਨੂੰ ਸਮਝਦਾ ਸੀ। ਪਰ ਮੁਜੱਦਦ ਦੇ ਇਰਾਦੇ ਬਹੁਤ ਖ਼ੌਫਨਾਕ ਸਨ। ਉਹ ਰਾਜਨੀਤੀ ਰਾਹੀਂ ਆਪਣੇ ਧਰਮ ਨੂੰ ਫ਼ੈਲਾਉਣ ਦੀ ਤਾਕ ਵਿਚ ਸੀ। ਇਸੇ ਲਈ ਉਹ ਅਕਬਰ ਦੇ ਵੀ ਖ਼ਿਲਾਫ਼ ਸੀ ਅਤੇ ਗੁਰੂ ਜੀ ਦੇ ਵੀ ਕਿਉਂਕਿ ਉਹ ਇਨਸਾਨੀਅਤ ਦੀ ਗੱਲ ਕਰਦੇ ਸਨ। ਨਾਟਕ ਦੱਸਦਾ ਹੈ ਕਿ ਕਿਵੇਂ ਬਹੁਤ ਸਾਰੇ ਅਧਰਮੀ ਬੰਦਿਆਂ ਨੇ ਸਿਆਸਤ-ਦਰ-ਸਿਆਸਤ ਖੇਲ੍ਹੀ ਅਤੇ ਮਜ਼੍ਹਬ ਦੀ ਸੌੜੀ ਸੋਚ ਕਾਰਨ ਸ਼ਾਂਤੀ ਦੇ ਪੁੰਜ ਨੂੰ ਸ਼ਹੀਦ ਕਰਵਾ ਦਿੱਤਾ।

ਡਾ. ਆਤਮਜੀਤ ਜਦੋਂ ਆਪਣੇ ਨਾਟਕਾਂ ਦੇ ਕੋਰੱਸ ਗੀਤ ਲਿਖਦੇ ਹਨ ਤਾਂ ਕਮਾਲ ਕਰਦੇ ਹਨ। 'ਤੱਤੀ ਤਵੀ ਦਾ ਸੱਚ' ਦਾ ਕੋਰੱਸ ਵੀ ਬੇਮਿਸਾਲ ਹੈ। ਸੂਫੀ ਫਕੀਰ ਅਤੇ ਚੇਲੇ ਜਦੋਂ ਇਸ ਕੋਰੱਸ ਨੂੰ ਗਾਉਣ ਦਾ ਕੇਵਲ ਅਭਿਨੈ ਹੀ ਕਰਦੇ ਹਨ ਤਾਂ ਉਹ ਵੀ ਮੰਤਰ-ਮੁਗਧ ਹੋ ਜਾਂਦੇ ਹਨ। ਪ੍ਰਤਿਭਾਸ਼ਾਲੀ ਗਾਇਕ ਰਾਜਨ ਜਦੋਂ ਆਪਣੀ ਬੁਲੰਦ ਆਵਾਜ਼ ਵਿਚ ਇਸ ਕੋਰੱਸ ਨੂੰ ਗਾਉਂਦਾ ਹੈ ਤਾਂ ਇੰਜ ਲੱਗਦਾ ਹੈ ਜਿਵੇਂ ਉਸਨੇ ਇਸ ਵਿਚ ਆਵਾਜ਼ ਹੀ ਨਹੀਂ, ਆਪਣੀ ਰੂਹ ਵੀ ਪਾਈ ਹੋਵੇ। ਮੰਚ-ਕਲਾਕਾਰਾਂ ਨੇ ਦੱਸਿਆ ਕਿ ਉਹ ਵੀ ਕੋਰੱਸ ਗਾਉਂਦਿਆਂ ਇੱਕ ਅਲੌਕਿਕ ਦੁਨੀਆ ਵਿਚ ਪਹੁੰਚ ਜਾਂਦੇ ਹਨ:

ਸੇਕ ਨੇ ਸੀਤਾ ਸਾਰਾ ਜੀਵਨ, ਸੁਖ ਦਾ ਧਾਗਾ ਲੱਭਿਆ ਨਹੀਂ,
ਫਿਰ ਵੀ ਹਰ ਹਿਰਦੇ ਨੂੰ ਦਿੱਤਾ ਸੁਖਮਣੀ ਦਾ ਸੁੱਚਾ ਪਾਣੀ
ਤੂੰ ਸ਼ਾਇਰ ਸੀ, ਨਿਰਮਾਤਾ ਸੀ, ਦੂਰ ਦ੍ਰਿਸ਼ਟ ਤੇ ਦਾਤਾ ਸੀ,
ਰਾਮ ਨਾਮ ਵਿਚ ਏਨਾ ਰਮਿਆਂ, ਪੀੜ ਆਪਣੀ ਪੀੜ ਨਾ ਜਾਣੀ।

ਇਹ ਖੂਬਸੂਰਤ ਲਾਈਨਾਂ ਕਿਸੇ ਚੰਗੀ ਰੂਹ ਦੀ ਆਵਾਜ਼ ਨੇ ਜੋ ਸਾਡੀ ਰੂਹ ਤੱਕ ਪਹੁੰਚਦੀ ਹੈ ਤੇ ਅਸੀਂ ਇਸ ਨੂੰ ਦਰਸ਼ਕਾਂ ਦੀ ਰੂਹ ਤਕ ਪਹੁੰਚਾਉਂਦੇ ਹਾਂ। ਇਸ ਨਾਟਕ ਦਾ ਸੰਗੀਤ ਸੁਪ੍ਰਸਿੱਧ ਸੰਗੀਤਕਾਰ ਜਤਿੰਦਰ ਸ਼ਾਹ ਨੇ ਵੀ ਰੂਹ ਨਾਲ ਤਿਆਰ ਕੀਤਾ ਹੈ ਤੇ ਇਸ ਦੇ ਸ਼ਬਦਾਂ ਨੂੰ ਪਟਿਆਲਾ ਘਰਾਣੇ ਦੇ ਕਲਾਸੀਕਲ ਸਿੰਗਰ ਵਿਨੋਦ ਸਹਿਗਲ ਨੇ ਆਪਣੀ ਗਹਿਰਾਈ ਵਾਲੀ ਖੂਬਸੂਰਤ ਆਵਾਜ਼ ਵਿਚ ਗਾਇਆ ਹੈ। ਕਪੂਰਥਲੇ ਦੀ ਰਾਜਕੁਮਾਰੀ ਅਤੇ ਕਲਾਸੀਕਲ ਸੰਗੀਤ ਦੀ ਪਾਰਖੂ ਅਨੀਤਾ ਸਿੰਘ ਨੇ ਇਸ ਨਾਟਕ ਦੇ ਪੰਜ ਸ਼ੋਅ ਦੇਖੇ ਸਨ। ਉਹ ਆਪਣੀਆਂ ਅੱਖਾਂ ਬੰਦ ਕਰਕੇ ਇਸਦੇ ਸੰਗੀਤ ਨੂੰ ਸੁਣਦੇ ਰਹੇ। ਇਸ ਨਾਟਕ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਅਸੀਂ ਇਸ ਨੂੰ ਗੁਰਦੁਆਰਿਆਂ ਵਿਚ, ਸੱਥਾਂ ਤੇ ਵੱਡੇ ਆਡੀਟੋਰੀਅਮਾਂ ਵਿਚ, ਬੁੱਧੀਜੀਵੀਆਂ ਸਾਹਮਣੇ, ਧਾਰਮਿਕ ਲੋਕਾਂ ਸਾਹਮਣੇ ਭਾਵ ਹਰ ਥਾਂ ਅਤੇ ਹਰ ਵਰਗ ਸਾਹਮਣੇ ਕਰ ਚੁੱਕੇ ਹਾਂ। ਹਰ ਬੰਦਾ ਇਸ ਨਾਟਕ ਨਾਲ ਜੁੜਦਾ ਹੈ ਤੇ ਉਹ ਗੁਰੂ ਜੀ ਦੀ ਸ਼ਹਾਦਤ ਬਾਰੇ ਜਾਨਣਾ ਚਾਹੁੰਦਾ ਹੈ। ਬਹੁਤ ਸਾਰੇ ਲੋਕਾਂ ਨੇ ਸਾਨੂੰ ਆ ਕੇ ਕਿਹਾ ਕਿ ਉਨ੍ਹਾਂ ਨੂੰ ਤਾਂ ਮੁਜੱਦਦ ਤੇ ਮੀਰ ਮੁਰਤਜ਼ਾ ਬਾਰੇ ਕੁਝ ਪਤਾ ਹੀ ਨਹੀਂ ਸੀ। ਸ਼ਾਇਦ ਇਸ ਦਾ ਕਾਰਨ ਇਹ ਹੈ ਕਿ ਆਮ ਇਤਿਹਾਸਕਾਰਾਂ ਨੇ ਗੁਰੂ ਜੀ ਦੇ ਜੀਵਨ ਨੂੰ ਬਹੁਤ ਘੋਖ ਕੇ ਨਹੀਂ ਦੇਖਿਆ। ਸਾਡੀ ਖੁਸ਼ਕਿਸਮਤੀ ਹੈ ਕਿ ਕਪੂਰ ਸਿੰਘ ਆਈ.ਸੀ.ਐੱਸ. ਦੇ ਹਵਾਲੇ ਨਾਲ ਡਾ. ਆਤਮਜੀਤ ਨੇ ਨਵੀਆਂ ਗੱਲਾਂ ਦੱਸਣ ਵਾਲਾ ਇਹ ਨਾਟਕ ਸਾਡੀ ਝੋਲੀ ਪਾਇਆ।

ਭਾਵੇਂ ਇਤਿਹਾਸ ਵਿਚ ਸਿੱਖ ਧਰਮ ਦੀ ਇਕ ਪ੍ਰਥਾ ਬਾਅਦ ਵਿਚ ਬਹੁਤ ਬਦਨਾਮ ਹੋਈ ਪਰ ਨਾਟਕ ਵਿਚ ਉਸ ਵੇਲੇ ਦੀ ਸਾਫ਼-ਸੁਥਰੀ ਮਸੰਦ-ਪ੍ਰਥਾ ਦਾ ਵੀ ਸੁੰਦਰ ਜ਼ਿਕਰ ਹੈ। ਸਮਝਾਇਆ ਗਿਆ ਹੈ ਕਿ ਇਹ ਪ੍ਰਥਾ ਕਿਵੇਂ ਸ਼ੁਰੂ ਹੋਈ, ਇਸਦਾ ਮਕਸਦ ਕੀ ਸੀ, ਮਸੰਦ ਜਿਹੜਾ ਪੈਸਾ 'ਕੱਠਾ ਕਰਦੇ ਸਨ ਉਸਨੂੰ ਕਿੱਥੇ ਵਰਤਿਆ ਜਾਂਦਾ ਸੀ ਆਦਿਕ। ਸਿੱਖ ਧਰਮ ਵਿਚ ਦਸਵੰਧ ਕੱਢਣ ਦੀ ਪ੍ਰਥਾ ਸ਼ਾਇਦ ਉਦੋਂ ਹੀ ਸ਼ੁਰੂ ਹੋਈ ਜਿਸ ਨਾਲ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦਾ ਨਿਰਮਾਣ ਕੀਤਾ ਤੇ ਬਹੁਤ ਸਾਰੇ ਸ਼ਹਿਰ ਵਸਾਏ। ਉਨ੍ਹਾਂ ਨੇ ਹਿੰਦੂਆਂ ਤੇ ਮੋਮਨਾਂ ਦੀ ਬਾਣੀ ਨੂੰ ਵੀ ਗੁਰੂ ਗ੍ਰੰਥ ਸਾਹਿਬ ਵਿਚ ਇਕੱਠਾ ਕਰ ਦਿੱਤਾ ਜਿਸ ਨੂੰ ਹਰਿਮੰਦਰ ਸਾਹਿਬ ਵਿਚ ਅੱਜ ਤਾਈਂ ਗਾਇਆ ਜਾ ਰਿਹਾ ਹੈ। ਉਨ੍ਹਾਂ ਨੇ ਸਾਈਂ ਮੀਆਂ ਮੀਰ ਤੋਂ ਦਰਬਾਰ ਸਾਹਿਬ ਦੀ ਨੀਂਹ ਰਖਵਾ ਕੇ ਇੱਕ ਮਿਸਾਲ ਕਾਇਮ ਕੀਤੀ ਜਿਸਦਾ ਕੋਈ ਦੂਸਰਾ ਉਦਾਹਰਣ ਦੁਨੀਆ ਭਰ ਵਿਚ ਕਿਧਰੇ ਨਹੀਂ ਮਿਲਦਾ। ਉਸ ਬਾਰੇ ਡਾ. ਸਾਹਿਬ ਨੇ ਬੜੇ ਭਾਵਪੂਰਤ ਵਾਰਤਾਲਾਪ ਲਿਖੇ ਹਨ: 'ਹਰਿਮੰਦਰ ਨੂੰ ਧਿਆਨ ਨਾਲ ਦੇਖਿਆ ਤੁਸੀਂ? ਉਸ ਨੂੰ ਸਾਰੇ ਆਲੇ-ਦੁਆਲੇ ਨਾਲੋਂ ਨੀਵਾਂ ਰੱਖਿਆ



ਗਿਆ ਹੈ ਕਿਉਂਕਿ ਉਹ ਹੰਕਾਰ ਦਾ ਨਹੀਂ, ਨਿਮਰਤਾ ਦਾ ਮੰਦਰ ਹੈ'। ਕੁਝ ਹੋਰ ਲਾਈਨਾਂ ਦਾ ਜ਼ਿਕਰ ਵੀ ਮੈਂ ਜ਼ਰੂਰ ਕਰਨਾ ਚਾਹਾਂਗੀ, 'ਗੁਰੂ ਘਰ ਵਿਚ ਗੱਦੀ ਪੁੱਤਰ ਨੂੰ ਨਹੀਂ ਪ੍ਰੇਮੀ ਨੂੰ ਮਿਲਦੀ ਹੈ'। ਤੇ ਇੱਕ ਹੋਰ ਵਾਰਤਾਲਾਪ ਹੈ: 'ਸਿੱਖੀ ਸਰੀਰਾਂ ਦਾ ਨਹੀਂ, ਰੂਹਾਂ ਦਾ ਕਾਫਲਾ ਹੈ'। ਕਮਲਾ ਤੇ ਸਿਆਣਾ ਕਹਿੰਦੇ ਨੇ, 'ਹਿਰਸਾਂ ਤੇ ਸਾੜੇ ਵੀ ਰੱਬ ਦੀਆਂ ਦਾਤਾਂ ਨੇ; ਕੋਈ ਇਨ੍ਹਾਂ ਨੂੰ ਮਾਰ ਕੇ ਲੋਕਾਂ ਨੂੰ ਤਾਰ ਜਾਂਦਾ ਹੈ ਤੇ ਕੋਈ ਇਨ੍ਹਾਂ ਦੀ ਮਾਰ ਵਿਚ ਆਪ ਡੁੱਬ ਜਾਂਦਾ ਹੈ।'

ਜਦੋਂ ਪਹਿਲੀ ਵਾਰ 'ਤੱਤੀ ਤਵੀ ਦਾ ਸੱਚ' ਨਾਟਕ ਸਾਡੇ ਗਰੁੱਪ ਨੇ ਪੜ੍ਹਿਆ ਤਾਂ ਉਸ ਵਿਚ ਇੱਕ ਸੀਨ ਲਗਭਗ 13-14 ਮਿੰਟ ਲੰਬਾ ਸੀ। ਉਸ ਵਿਚ ਇੱਕ ਮਸੰਦ ਦਾਨ ਇਕੱਤਰ ਕਰਨ ਲਈ ਇੱਕ ਪਿੰਡ ਵਿਚ ਆਉਂਦਾ ਹੈ, ਤੇ ਉਹ ਗੁਰੂ ਅਰਜਨ ਦੇਵ ਜੀ ਦੀਆਂ ਲਾਹੌਰ ਤੋਂ ਗੁਰੂ ਰਾਮਦਾਸ ਜੀ ਨੂੰ ਲਿਖੀਆਂ ਚਿੱਠੀਆਂ ਦਾ ਜ਼ਿਕਰ ਕਰਦਾ ਹੈ। ਉਹ ਉਨ੍ਹਾਂ ਚਿੱਠੀਆਂ ਨੂੰ ਗਾ ਕੇ ਸੁਣਾਉਂਦਾ ਹੈ 'ਮੇਰਾ ਮਨ ਲੋਚੈ ਗੁਰੂ ਦਰਸਨ ਤਾਈਂ, ਬਿਲਪ ਕਰੇ ਚਾਤ੍ਰਿਕ ਕੀ ਨਿਆਈਂ'। ਉਦੋਂ ਸਾਨੂੰ ਡਰ ਲਗਿਆ ਸੀ ਕਿ ਦਰਸ਼ਕ ਇੰਨੇ ਲੰਬੇ ਸੀਨ ਨੂੰ ਕਿਵੇਂ ਦੇਖਣਗੇ? ਪਰ ਹੁਣ ਇਹ ਦ੍ਰਿਸ਼ ਸਾਡੇ ਨਾਟਕ ਦਾ ਬਹੁਤ ਹੀ ਮਹੱਤਵਪੂਰਨ ਆਕਰਸ਼ਣ ਬਣ ਚੁੱਕਿਆ ਹੈ ਕਿਉਂਕਿ ਦਰਸ਼ਕਾਂ ਨੂੰ ਇਸ ਵਿਚ ਪਤਾ ਲੱਗਦਾ ਹੈ ਕਿ ਪ੍ਰਿਥੀ ਚੰਦ ਤੇ ਗੁਰੂ ਅਰਜਨ ਦੇਵ ਵਿਚ ਕੀ ਫਰਕ ਸੀ। ਇੱਕ ਬਹੁਤ ਹੀ ਖੂਬਸੂਰਤ ਵਾਰਤਾਲਾਪ ਹੈ: 'ਇੱਕ ਪੁੱਤਰ ਧਰਮੀ ਪਿਤਾ ਕੋਲ ਬੈਠ ਕੇ ਵੀ ਅਧਰਮੀ ਸੀ, ਦੂਜਾ ਪ੍ਰਭੂ-ਪ੍ਰੇਮ ਵਿਚ ਭਿੱਜਾ ਆਪਣੇ ਗੁਰੂ ਦੀ ਬਾਣੀ 'ਚੋਂ ਅਨਹਦ ਦਾ ਨਾਦ ਸੁਣ ਰਿਹਾ ਸੀ'। ਜਦੋਂ ਵਿਨੋਦ ਸਹਿਗਲ ਦੀ ਮਿੱਠੀ ਆਵਾਜ਼ ਦਰਸ਼ਕਾਂ ਦੇ ਕੰਨਾਂ ਵਿਚ ਸ਼ਹਿਦ ਘੋਲਦੀ ਹੈ ਤਾਂ ਇੱਕ ਅਲੌਕਿਕ ਨਜ਼ਾਰਾ ਬੱਝਦਾ ਹੈ। ਨਾਟਕ ਦੇ ਵਾਰਤਾਲਾਪਾਂ ਨੂੰ ਸਵਿੰਦਰ ਵਿੱਕੀ, ਡਾਕਟਰ ਸਾਹਿਬ ਸਿੰਘ, ਸਨੀ ਗਿੱਲ, ਹਰਮਨਜੀਤ ਸਿੰਘ, ਸਵਰਗੀ ਸਚਿਨ ਸ਼ਰਮਾ, ਗੌਰਵ ਸ਼ਰਮਾ, ਆਸ਼ਾ ਸਕਲਾਨੀ, ਸੰਗੀਤਾ ਗੁਪਤਾ, ਡਾ. ਹਰਪ੍ਰੀਤ ਲਵਲੀ ਅਤੇ ਜਸਬੀਰ ਗਿੱਲ ਵਰਗੇ ਮੰਝੇ ਹੋਏ ਕਲਾਕਾਰਾਂ ਨੇ ਆਪਣੀਆਂ ਪ੍ਰਭਾਵਸ਼ਾਲੀ ਆਵਾਜ਼ਾਂ ਵਿਚ ਰਿਕਾਰਡ ਕਰਵਾਇਆ ਹੈ। ਉਂਜ ਇਸ ਨਾਟਕ ਦੇ ਮੰਚਨ ਦੀ ਤਿਆਰੀ ਕਦੇ ਵੀ ਸੌਖੀ ਨਹੀਂ ਹੋਈ। ਜੂਨ ਮਹੀਨੇ ਦੀਆਂ ਤਪਦੀਆਂ ਦੁਪਹਿਰਾਂ ਵਿਚ ਇਸ ਨਾਟਕ ਦਾ ਮੰਚ ਤਿਆਰ ਕਰਨਾ ਸਾਨੂੰ ਇਸ ਗੱਲ ਦਾ ਅਹਿਸਾਸ ਦਿਵਾਉਂਦਾ ਸੀ ਕਿ ਗੁਰੂ ਅਰਜਨ ਦੇਵ ਜੀ ਨੇ ਤੱਤੀ ਤਵੀ 'ਤੇ ਬੈਠ ਕੇ ਸਾਡੇ ਲਈ ਕੀ ਕੀਤਾ ਹੈ!

ਰੂਪਕ ਕਲਾ ਅਤੇ ਵੈੱਲਫ਼ੇਅਰ ਸੁਸਾਇਟੀ ਦੀ ਸਾਰੀ ਟੀਮ ਇਸ ਨਾਟਕ ਨਾਲ ਬੜੀ ਸ਼ਿੱਦਤ ਨਾਲ ਜੁੜੀ ਹੋਈ ਹੈ। ਅਸੀਂ ਇਸ ਨਾਟਕ ਨੂੰ ਕੁੱਲ ਪੰਜ ਵਾਰ ਤਿਆਰ ਕਰ ਚੁੱਕੇ ਹਾਂ: ਸੰਨ 2006, 2014, 2016, 2024 ਅਤੇ ਹੁਣ 2026 ਵਿਚ। ਪਹਿਲੀਆਂ ਚਾਰ ਪ੍ਰੋਡਕਸ਼ਨਾਂ ਦੇ ਨਵੀਂ ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ, ਕਪੂਰਥਲਾ, ਪਟਿਆਲਾ, ਨਾਗਪੁਰ ਆਦਿਕ ਸ਼ਹਿਰਾਂ ਵਿਚ ਭਰਵੇਂ ਸਫ਼ਲ ਸ਼ੋ ਹੋਏ। ਆਉਂਦੇ ਸਾਲਾਂ ਵਿਚ ਵੀ ਅਸੀਂ ਇਸ ਨਾਟਕ ਦੀਆਂ ਪੇਸ਼ਕਾਰੀਆਂ ਨੂੰ ਨਵੀਆਂ ਟੀਮਾਂ ਨਾਲ ਤਿਆਰ ਕਰਦੇ ਰਹਾਂਗੇ। ਭਾਵੇਂ ਕਲਾਕਾਰ ਨਵੇਂ ਹੋਣਗੇ ਪਰ ਨਾਟਕ ਕਰਨ ਵਾਲਿਆਂ ਦਾ ਜਜ਼ਬਾ ਉਸੇ ਤਰ੍ਹਾਂ ਬਣਿਆ ਰਹੇਗਾ ਕਿਉਂਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਲਾਸਾਨੀ ਹੈ। ਇਸ ਸੀਜ਼ਨ ਵਿਚ ਲਗਭਗ 25 ਕਲਾਕਾਰਾਂ ਦਾ ਕਾਫਲਾ ਲੈ ਕੇ ਅਸੀਂ ਚੰਡੀਗੜ੍ਹ, ਮੋਹਾਲੀ, ਮਲੋਟ ਤੇ ਬਠਿੰਡਾ ਵਿਚ ਇਸ ਨਾਟਕ ਦੀਆਂ 4 ਪੇਸ਼ਕਾਰੀਆਂ ਕਰ ਚੁੱਕੇ ਹਾਂ ਤੇ ਆਉਣ ਵਾਲੇ ਦਿਨਾਂ ਵਿਚ ਪਟਿਆਲਾ, ਲੁਧਿਆਣਾ ਤੇ ਅੰਮ੍ਰਿਤਸਰ ਵਿਚ ਇਸ ਨਾਟਕ ਦੀਆਂ ਪੇਸ਼ਕਾਰੀਆਂ ਹੋਣਗੀਆਂ। ਦਿੱਲੀ ਵਿਚ ਵੀ ਇਸ ਨਾਟਕ ਦਾ ਸ਼ੋਅ ਕੀਤੇ ਜਾਣ ਦੀ ਸੰਭਾਵਨਾ ਹੈ। ਜੋ ਵੀ ਇੱਕ ਵਾਰ ਇਸ ਨਾਟਕ ਨੂੰ ਵੇਖਦਾ ਹੈ ਉਹ ਜ਼ਰੂਰ ਪੁੱਛਦਾ ਹੈ ਕਿ ਨੇੜੇ-ਤੇੜੇ ਇਸ ਦਾ ਸ਼ੋਅ ਕਦੋਂ ਤੇ ਕਿੱਥੇ ਹੋਵੇਗਾ ਕਿਉਂਕਿ ਉਹ ਆਪਣੇ ਪਰਿਵਾਰ ਦੇ ਬਾਕੀ ਜੀਆਂ ਨੂੰ ਵੀ ਇਹ ਨਾਟਕ ਵਿਖਾਉਣਾ ਚਾਹੁੰਦਾ ਹੈ। ਡਾ. ਆਤਮਜੀਤ ਨੇ ਨਾਟਕ ਦੇ ਅੰਤ ਵਿਚ ਬਹੁਤ ਸਹੀ ਲਿਖਿਆ ਹੈ ਕਿ

'ਇਤਿਹਾਸ ਦੇ ਵਿਚੋਂ ਪੈਦਾ ਹੋ ਕੇ, ਤੂੰ ਇਤਿਹਾਸ ਨੂੰ ਘੜਿਆ ਹੈ
ਤੇਰੇ ਜਸ ਦਾ ਜਾਪ ਹੋਵੇਗਾ, ਜਦ ਵੀ ਜੁੜਨੀ ਕਿਧਰੇ ਢਾਣੀ।
ਤਵੀਆਂ ਉੱਤੇ ਬੈਠ ਕੇ ਬੋਲਣ ਰੱਬ ਦੀ ਮਿੱਠੀ ਅੰਮ੍ਰਿਤ ਬਾਣੀ।

ਇਸ ਨਾਟਕ ਵਿਚ ਭਾਗ ਲੈਣ ਵਾਲੇ ਬਹੁਤ ਸਾਰੇ ਕਲਾਕਾਰ ਨਾ ਤਾਂ ਪੰਜਾਬੀ ਹਨ ਤੇ ਨਾ ਹੀ ਸਿੱਖ ਧਰਮ ਬਾਰੇ ਬਹੁਤਾ ਜਾਣਦੇ ਸਨ। ਦਾਈ ਦਾ ਰੋਲ ਕਰਨ ਵਾਲੀ ਬੰਗਲਾ ਲੜਕੀ ਜੋਤੀ ਸ਼੍ਰੀ ਨੇ ਜਦੋਂ ਪਹਿਲੀ ਵਾਰ ਨਾਟਕ ਵਿਚਲੀ ਬਾਣੀ ਸੁਣੀ ਤਾਂ ਉਹ ਮੰਤਰ-ਮੁਗਧ ਹੋ ਗਈ। ਉਸਦੇ ਮਨ ਨੂੰ ਅਕਹਿ ਸਕੂਨ ਮਿਲਦਾ ਹੈ। 70 ਸਾਲਾਂ ਦੇ ਰਕੇਸ਼ ਰਸਤੋਗੀ ਅਕਬਰ ਤੇ ਸਾਈਂ ਮੀਆਂ ਮੀਰ ਦਾ ਰੋਲ ਕਰਦੇ ਹੋਏ ਆਪਣੇ ਆਪ ਨੂੰ ਇੱਕ ਵੱਖਰੀ ਦੁਨੀਆਂ ਵਿਚ ਮਹਿਸੂਸ ਕਰਦੇ ਹਨ। ਨਾਟਕ ਦੀ ਨਿਰਦੇਸ਼ਕਾ ਸੰਗੀਤਾ ਗੁਪਤਾ ਅਨੁਸਾਰ, 'ਕੌਣ ਕਹਿੰਦਾ ਹੈ ਕਿ ਪੰਜਾਬੀ ਸਿਰਫ ਸਿੱਖਾਂ ਦੀ ਭਾਸ਼ਾ ਹੈ? ਮੈਂ ਪੰਜਾਬ ਦੀ ਜੰਮ-ਪਲ ਹਾਂ, ਪੰਜਾਬੀ ਬੋਲਦੀ ਤੇ ਪੰਜਾਬੀ ਮਾਂ ਬੋਲੀ ਲਈ ਕੰਮ ਕਰ ਰਹੀ ਹਾਂ।' ਉਹ ਤਾਂ ਇਹ ਵੀ ਕਹਿੰਦੀ ਹੈ ਕਿ 'ਡਾਕਟਰ ਆਤਮਜੀਤ ਨੇ ਇਸ ਨਾਟਕ ਵਿਚ ਸਿੱਖੀ ਦੀ ਜਿਹੜੀ ਪਰਿਭਾਸ਼ਾ ਸਿਰਜੀ ਹੈ ਉਸ ਮੁਤਾਬਕ ਉਹ ਵੀ ਕਿਸੇ ਸਿੱਖ ਤੋਂ ਘਟ ਨਹੀਂ ਹੈ ਕਿਉਂਕਿ ਉਨ੍ਹਾਂ ਅਨੁਸਾਰ ਸਿੱਖੀ ਸਰੀਰਾਂ ਦਾ ਨਹੀਂ, ਰੂਹਾਂ ਦਾ ਕਾਫ਼ਲਾ ਹੈ ਤੇ ਮੇਰੀ ਰੂਹ ਪੂਰੀ ਤਰ੍ਹਾਂ ਪੰਜਵੀਂ ਪਾਤਸ਼ਾਹੀ ਦੀ ਇਸ ਸ਼ਹਾਦਤ ਨੂੰ ਨਤਮਸਤਕ ਹੁੰਦੀ ਹੈ। ਮੈਂ ਤੁਰਦੇ-ਫਿਰਦੇ ਉਨ੍ਹਾਂ ਦੀਆਂ ਚਿੱਠੀਆਂ ਨੂੰ ਗਾਉਂਦੀ ਹਾਂ; ਉਹ ਮੇਰੀ ਰੂਹ ਨੂੰ ਸਕੂਨ ਦਿੰਦੀਆਂ ਹਨ ਤੇ ਮੇਰੀ ਅੰਤਰ-ਆਤਮਾ ਗੁਰੂ ਅਰਜਨ ਦੇਵ ਜੀ ਦੇ ਮਗਰ-ਮਗਰ ਤੁਰਦੀ ਹੈ।' ਮੈਂ ਖ਼ੁਦ ਇਸ ਨਾਟਕ ਵਿਚ ਰੌਸ਼ਨੀ ਦੇ ਪ੍ਰਬੰਧ ਨੂੰ ਦੇਖਦੀ ਹਾਂ ਤੇ ਲਾਈਟਸ ਓਪਰੇਟ ਕਰਦੀ ਹਾਂ ਤੇ ਸਾਰੀ ਪ੍ਰੋਡਕਸ਼ਨ ਨੂੰ ਕੰਟਰੋਲ ਕਰਨ ਦੀ ਮੇਰੀ ਜ਼ਿੰਮੇਵਾਰੀ ਹੁੰਦੀ ਹੈ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਜਦੋਂ ਮੈਂ ਲਾਈਟਿੰਗ ਕਰ ਰਹੀ ਹੁੰਦੀ ਆਂ ਤਾਂ ਮੈਂ ਵੀ ਨਾਲ-ਨਾਲ ਸ਼ਬਦ ਗਾ ਰਹੀ ਹੁੰਦੀ ਹਾਂ।

ਅਸੀਂ ਖੁਸ਼ਕਿਸਮਤ ਹਾਂ ਕਿ ਸਾਨੂੰ ਮੌਕਾ ਮਿਲਿਆ, ਇਸ ਨਾਟਕ ਨੂੰ ਖੇਡਣ ਦਾ, ਗੁਰੂ ਜੀ ਦੇ ਜੀਵਨ ਤੇ ਸ਼ਹਾਦਤ ਬਾਰੇ ਲੋਕਾਂ ਨੂੰ ਦੱਸਣ ਦਾ, ਇਹ ਦੱਸਣ ਦਾ ਕਿ ਅੱਜ ਜੋ ਅਸੀਂ ਖੁੱਲ੍ਹੀ ਹਵਾ ਵਿਚ ਸਾਹ ਲੈ ਰਹੇ ਹਾਂ ਉਸ ਦੇ ਪਿੱਛੇ ਸਾਡੇ ਮਹਾਂਪੁਰਖਾਂ ਦੀ ਕੁਰਬਾਨੀ ਹੈ, ਜੋ ਲਾਸਾਨੀ ਹੈ। ਅਸੀਂ ਆਪਣੇ ਵਿਰਸੇ ਨੂੰ ਕਿਵੇਂ ਸਾਂਭ ਕੇ ਰੱਖਣਾ ਇਸ ਬਾਰੇ ਵਿਚਾਰ ਕਰਨਾ ਜ਼ਰੂਰੀ ਹੈ। ਗੁਰੂ ਜੀ ਨੇ ਆਪਣਾ ਕੰਮ ਕਰ ਦਿੱਤਾ ਹੈ ਤੇ ਹੁਣ ਸਾਡੀ ਵਾਰੀ ਹੈ।

# ਟਾਹਲੀ ਨਹੀਂ 'ਟਾਹਲੀ ਸਾਹਿਬ' ਕਹੁ!






ਤਰਲੋਚਨ ਸਿੰਘ 'ਦੁਪਾਲਪੁਰ'
ਫੋਨ: 001-408-905-5517

ਸਵੇਰ ਦਾ ਸਮਾਂ...ਪਿੰਡ ਬਿਲ਼ਗੇ ਦੇ ਬੱਸ ਅੱਡੇ 'ਚੋਂ ਜਲੰਧਰ ਜਾਣ ਵਾਲ਼ੀ ਪਹਿਲੀ ਬੱਸ ਤਿਆਰ ਖੜ੍ਹੀ ਹੈ। ਪੰਜ-ਸੱਤ ਕੁ ਸਵਾਰੀਆਂ ਬੱਸ ਵਿਚ ਬੈਠੀਆਂ ਹਨ। ਇੰਜਣ ਸਟਾਰਟ ਕਰਕੇ ਸੀਟ 'ਤੇ ਬੈਠਾ ਡ੍ਰਾਈਵਰ ਅੱਡੇ ਵੱਲ ਆਉਂਦੇ ਰਾਹਾਂ ਵੱਲ ਤੱਕ ਰਿਹਾ ਹੈ। ਹੱਥਾਂ ਵਿਚ ਨੋਟ-ਬੁੱਕਾਂ ਜਾਂ ਇੱਕ-ਅੱਧ ਕਿਤਾਬ ਫੜੀ ਕੁੱਝ ਪਾੜ੍ਹੇ ਮੁੰਡੇ-ਕੁੜੀਆਂ ਬੱਸ ਵਿਚ ਹੋਰ ਆਣ ਚੜ੍ਹੇ। ਡ੍ਰਾਈਵਰ ਚਮਕੀਲੇ ਦੀ ਕੈਸਿਟ ਲਾ ਦਿੰਦਾ ਹੈ। ਵੱਜ ਰਹੇ ਲੱਚਰ ਜਿਹੇ ਬੋਲ ਸੁਣ ਕੇ ਪੇਂਡੂ ਕੁੜੀਆਂ ਕੁੱਝ ਅੱਚਵੀ ਜਿਹੀ ਮਹਿਸੂਸ ਕਰਦੀਆਂ ਹਨ।

'ਪਤੰਦਰ ਵੇਲਾ-ਕੁਵੇਲਾ ਵੀ ਨਹੀਂ ਦੇਖਦੇ!' ਇੱਕ ਬਜ਼ੁਰਗ ਨੇ ਬਾਰੀ 'ਚੋਂ ਬਾਹਰ ਵੱਲ ਮੂੰਹ ਕੱਢ ਕੇ ਬੁੜ-ਬੁੜ ਕੀਤੀ। ਮੋਹਰਲੀ ਬਾਰੀ ਕੋਲ ਖੜ੍ਹ ਕੇ ਕੰਡਕਟਰ ਨੇ 'ਜਲੰਧਰ...ਜਲੰਧਰ' ਦਾ ਹੋਕਰਾ ਲਾਇਆ। ਏਨੇ ਨੂੰ ਕਾਲ਼ੀ ਦਸਤਾਰ ਵਾਲ਼ਾ ਸੋਹਣਾ-ਸੁਨੱਖਾ ਇੱਕ ਗਭਰੂ ਮੁੰਡਾ ਭੱਜ ਕੇ ਪਿਛਲੀ ਬਾਰੀ ਥਾਣੀ ਬੱਸ ਵਿਚ ਆਣ ਚੜ੍ਹਿਆ। ਉਸਦੇ ਸੀਟ 'ਤੇ ਬਹਿੰਦਿਆਂ ਹੀ ਡਰਾਈਵਰ ਨੇ ਚਮਕੀਲਾ ਬੰਦ ਕਰ ਦਿੱਤਾ ਅਤੇ ਸ਼ਬਦਾਂ ਦੀ ਕੈਸਿਟ ਚਲਾ ਦਿੱਤੀ। ਅਗਲੀਆਂ ਸੀਟਾਂ 'ਤੇ ਬੈਠੀਆਂ ਕਈ ਕੁੜੀਆਂ ਨੇ ਮੂੰਹ ਭੁੰਵਾ ਕੇ ਕਾਲ਼ੀ ਪੱਗ ਵਾਲ਼ੇ ਉਸ ਮੁੰਡੇ ਨੂੰ 'ਭਾਅ ਜੀ ਸਤਿ ਸ੍ਰੀ ਅਕਾਲ' ਬੁਲਾਈ। ਉਹ ਥੋੜ੍ਹਾ ਜਿਹਾ ਮੁਸਕ੍ਰਾਈਆਂ ਵੀ, ਜਿਵੇਂ ਕਹਿਣਾ ਚਾਹੁੰਦੀਆਂ ਹੋਣ ਕਿ ਸ਼ੁਕਰ ਐ ਵੀਰਿਆ ਤੂੰ ਆਇਆਂ ਤਾਂ ਚਮਕੀਲਾ ਬੰਦ ਹੋਇਆ!

ਇਸ ਛੈਲ-ਛਬੀਲੇ ਗਭਰੂ ਦਾ ਨਾਮ ਤਾਂ ਹੈ ਮਨਜੀਤ ਸਿੰਘ ਪਰ ਘਰ ਦੇ ਅਤੇ ਪਿੰਡ ਵਾਲ਼ੇ ਇਸ ਨੂੰ ਪਿਆਰ ਨਾਲ਼ 'ਮੰਨਾਂ' ਹੀ ਕਹਿੰਦੇ ਹਨ। ਸਾਬਤਿ-ਸੂਰਤ ਅਤੇ ਗੁੱਟ ਉੱਤੇ ਸਿਮਰਨਾਂ ਪਾਇਆ ਹੋਣ ਕਰਕੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਇਹਦੇ ਹਮਜਮਾਤੀ ਤੇ ਹੋਰ ਜਾਣੂ ਮੁੰਡੇ ਇਹਨੂੰ 'ਮੰਨਾਂ ਬਾਬਾ' ਹੀ ਆਖਦੇ ਹਨ। ਪਟਵਾਰੀ ਬਾਪ ਦੇ ਬਾਕੀ ਦੇ ਚਾਰ ਨਿਆਣਿਆਂ 'ਚੋਂ ਕੋਈ ਮੈਟਰਿਕ ਵੀ ਨਹੀਂ ਕਰ ਸਕਿਆ, ਪਰ ਇਹ ਕਾਲਜ ਵਿਚ ਬੀ.ਏ ਕਰ ਰਿਹਾ ਐ। ਪੰਜਾਂ ਭੈਣ-ਭਰਾਵਾਂ ਵਿਚੋਂ ਸਭ ਤੋਂ ਵੱਧ ਸੁਨੱਖੇ ਨੈਣ-ਨਕਸ਼ਾਂ ਵਾਲ਼ਾ ਤੇ ਡੀਲ-ਡੌਲ ਵਾਲਾ ਹੋਣ ਸਦਕਾ ਪਟਵਾਰੀ ਬਾਪ ਇਸਨੂੰ ਰੀਝ ਨਾਲ ਪੜ੍ਹਾ ਰਿਹਾ ਏ। ਬਿਲ਼ਗੇ ਵਿਚ ਸਥਿਤ ਪੰਜਵੇਂ ਪਾਤਸ਼ਾਹ ਜੀ ਦੀ ਮੁਬਾਰਕ ਚਰਨ ਛੋਹ ਪ੍ਰਾਪਤ ਗੁਰਦੁਆਰਾ ਸਾਹਿਬ ਤੋਂ ਮੰਨੇਂ ਨੇ ਸਕੂਲ ਪੜ੍ਹਦਿਆਂ ਹੀ ਅੰਮ੍ਰਿਤ ਪਾਨ ਕਰ ਲਿਆ ਸੀ। ਪੜ੍ਹਾਈ ਦੇ ਨਾਲ਼-ਨਾਲ ਇਹ ਅਕਸਰ ਗੁਰਦੁਆਰਾ ਸਾਹਿਬ ਵਿਖੇ ਸੇਵਾ ਵੀ ਕਰਨ ਜਾਂਦਾ।

ਇਹ ਸਾਰੀ ਵਾਰਤਾ ਸਾਕਾ ਜੂਨ ਚੁਰਾਸੀ ਤੋਂ ਬਾਅਦ ਦੇ ਉਨ੍ਹਾਂ ਵਰ੍ਹਿਆਂ ਦੀ ਹੈ ਜਦੋਂ ਪੰਜਾਬ 'ਚ ਹਾਲਾਤ ਇਹੋ ਜਿਹੇ ਸਨ-

'ਦੇਖੋ ਤੋ ਹਰ ਇਕ ਮੋੜ ਪੇ ਮਿਲ ਜਾਏਂ ਗੀ ਲਾਸ਼ੇਂ
ਢੂੰਡੋ ਗੇ ਤੋ ਇਸ ਸ਼ਹਰ ਮੇਂ ਕਾਤਿਲ ਨਾ ਮਿਲੇ ਗਾ।'-ਮਲਿਕ ਜ਼ਾਦਾ ਮੰਜ਼ੂਰ

ਸਮਾਂ ਆਪਣੀ ਤੋਰੇ ਤੁਰਦਾ ਜਾ ਰਿਹਾ ਸੀ। ਕਾਲਜ ਦਾਖਲ ਹੋਣ ਤੋਂ ਬਾਅਦ ਰੱਬ ਜਾਣੇ ਕੀ ਭਾਣਾ ਵਾਪਰਿਆ ਕਿ ਮੰਨਾਂ ਪੁਲੀਸ ਦੀਆਂ ਅੱਖਾਂ 'ਚ ਰੜਕਣ ਲੱਗ ਪਿਆ। ਕਦੇ ਉਸਨੂੰ ਲਾਗੇ ਪਿੰਡ ਦੀ ਪੁਲੀਸ ਚੌਕੀ ਵਾਲ਼ੇ ਸੱਦ ਲੈਂਦੇ ਅਤੇ ਕਦੇ ਫਿਲੌਰ ਥਾਣੇ ਵਾਲ਼ੇ ਲੈ ਜਾਂਦੇ। ਕਦੇ ਉਹਦੇ ਘਰੇ ਖਬਰ ਪਹੁੰਚਦੀ ਕਿ ਤੁਹਾਡਾ ਮੰਨਾਂ ਕਾਲਜੋਂ ਨਿਕਲ਼ਦਾ ਹੀ ਪੁਲੀਸ ਨੇ ਚੁੱਕ ਲਿਆ!

ਪਿੰਡ ਤੇ ਇਲਾਕੇ ਵਿਚ ਪਟਵਾਰੀ ਦਾ ਮਾਣ ਸਤਿਕਾਰ ਬਣਿਆਂ ਹੋਣ ਕਰਕੇ ਅਤੇ ਮੰਨੇਂ ਦੀ ਸ਼ਰੀਫੀ ਸਦਕਾ ਸਰਕਰਦਾ ਸੱਜਣ ਪੰਚਾਇਤ ਬਣਕੇ ਜਾਂਦੇ ਤੇ ਮੰਨੇਂ ਨੂੰ ਘਰੇ ਲੈ ਆਉਂਦੇ।

ਘਰ ਦੇ ਜਦੋਂ ਜੋਰ ਪਾ ਕੇ ਮੰਨੇਂ ਨੂੰ ਪੁੱਛਦੇ ਕਿ ਪੁਲੀਸ ਤੇਰੀ ਵੈਰੀ ਕਿਉਂ ਬਣੀ ਹੋਈ ਹੈ? ਤਾਂ ਉਸਦਾ ਇਹੀ ਜਵਾਬ ਹੁੰਦਾ-

'ਡੈਡੀ ਜੀ ਮੈਂ ਤਾਂ ਤੁਹਾਡੇ ਸਾਹਮਣੇ ਰੋਜ਼ਾਨਾਂ ਘਰੋਂ ਕਾਲਜ ਜਾਂਦਾ ਹਾਂ ਤੇ ਸਮੇਂ ਸਿਰ ਸਿੱਧਾ ਘਰੇ ਆਉਨਾਂ...ਪੁਲ਼ਸੀਆਂ ਨੂੰ ਪਤਾ ਨੀ ਮੇਰੇ 'ਤੇ ਕਾਹਦੀ ਸ਼ੱਕ ਪਈ ਹੋਈ ਐ!'

ਰੋਜ਼ਾਨਾਂ ਮਾਰੋ-ਮਾਰੀ ਦੇ ਮਾਹੌਲ ਤੋਂ ਤ੍ਰਹਿੰਦਿਆਂ ਮੰਨੇਂ ਦੇ ਮਾਪਿਆਂ ਨੇ ਉਸਦਾ ਕਾਲਜ ਜਾਣਾ ਬੰਦ ਕਰ ਦਿੱਤਾ। ਪਰ ਪੁਲੀਸ ਨੇ ਉਹਦਾ ਖਹਿੜਾ ਫਿਰ ਵੀ ਨਾ ਛੱਡਿਆ। ਇੱਕ ਦਿਨ ਸੁਭਾ-ਸਵੇਰੇ ਸੁਵਖਤੇ ਹੀ ਜਦੋਂ ਘਰ ਵਿਚ ਸਾਰੇ ਚਾਹ ਪੀ ਰਹੇ ਸਨ ਤਾਂ ਪੰਜਾਬ ਪੁਲੀਸ ਅਤੇ ਸੀ.ਆਰ.ਪੀ ਦੇ ਸਿਪਾਹੀ ਪਟਵਾਰੀ ਦੇ ਘਰ ਦੀ ਚਾਰਦੀਵਾਰੀ ਟੱਪ ਕੇ ਦਗੜ ਦਗੜ ਕਰਦੇ ਵਿਹੜੇ 'ਚ ਆ ਵੜੇ। ਜਿਵੇਂ ਕਿਤੇ ਉਨ੍ਹਾਂ ਨੂੰ ਪੱਕੀ ਸੂਹ ਹੋਵੇ, ਉਹ ਸਿੱਧੇ ਮੰਨੇਂ ਵਾਲ਼ੇ ਕਮਰੇ ਵਿਚ ਜਾ ਘੁਸੇ। ਸ਼ਿਕਾਰ ਫੜਨ ਵਾਂਗ ਉਹ ਮੰਨੇਂ ਨੂੰ ਵਿਹੜੇ 'ਚ ਨੂੰ ਧੂਅ ਲਿਆਏ। ਬਾਕੀ ਸਾਰੇ ਟੱਬਰ ਨੂੰ ਦੂਸਰੇ ਦੂਜੇ ਕਮਰੇ ਵਿਚ ਹੁਬੜ ਕੇ ਬਾਹਰੋਂ ਕੁੰਡਾ ਲਾ ਦਿੱਤਾ।

ਇੱਟਾਂ ਦੇ ਫਰਸ਼ ਵਾਲ਼ੇ ਵਿਹੜੇ ਵਿਚ ਮੰਨੇਂ ਨੂੰ ਲੰਮਾਂ ਪਾ ਕੇ ਪੁਲ਼ਸੀਏ ਬੁੱਚੜਾਂ ਵਾਂਗ ਉਹਦੀ ਮਾਰ ਕੁਟਾਈ ਕਰਨ ਲੱਗੇ। ਪਟਵਾਰੀ, ਮੰਨੇਂ ਦੀ ਮਾਂ ਅਤੇ ਭੈਣ-ਭਰਾਵਾਂ ਨੇ ਬਥ੍ਹੇਰੀ ਹਾਲ-ਪਾਹਰਿਆ ਕੀਤੀ ਕਿ ਸਾਡੇ ਮੁੰਡੇ ਦਾ ਕਸੂਰ ਤਾਂ ਦੱਸੋ? ਲਗਾਤਾਰ ਡੰਡੇ ਲਾਠੀਆਂ ਦੀ ਮਾਰ ਸਹਿੰਦਾ ਵਿਚਾਰਾ ਮੰਨਾਂ ਜਦ ਸੱਪ ਵਾਂਗ ਵਲ਼ ਖਾਂਦਾ ਅਰ੍ਹਾਟ ਪਾਉਂਦਾ ਤਾਂ ਕਸਾਈ ਸਿਪਾਹੀ ਉਸਦੇ ਥਾਂਹ-ਕੁਥਾਂਹ ਠੁੱਡੇ ਮਾਰਦੇ!

ਇਹ ਅਤਿ ਦਾ ਹੌਲਨਾਕ ਦ੍ਰਿਸ਼ ਦੇਖ ਕੇ ਮੰਨੇਂ ਦੇ ਪਰਿਵਾਰ-ਜਨ ਕਮਰੇ ਦੀਆਂ ਤਾਕੀਆਂ 'ਚੋਂ ਬਾਹਾਂ ਕੱਢ-ਕੱਢ ਪੁਲਸੀਆਂ ਦੇ ਤਰਲੇ ਹਾੜ੍ਹੇ ਕੱਢਦੇ ਰਹੇ। ਆਪਣੇ ਜਵਾਨ ਪੁੱਤ ਉੱਪਰ ਇਹ ਅਸਹਿ ਜ਼ੁਲਮ ਹੁੰਦਾ ਦੇਖ ਕੇ ਪਟਵਾਰੀ ਨੇ ਕੁਰਲਾਉਂਦਿਆਂ ਤਾਕੀ 'ਚੋਂ ਹੱਥ ਜੋੜੇ ਕਿ ਰੱਬ ਦਾ ਵਾਸਤਾ ਇਹਨੂੰ ਸਾਡੀਆਂ ਅੱਖਾਂ ਤੋਂ ਪਰੇ ਲੈ ਜਾਉ...ਸਾਥੋਂ ਪੁੱਤ ਹਲਾਲ ਹੁੰਦਾ ਨਹੀਂ ਦੇਖਿਆ ਜਾਂਦਾ...! ਜਲਾਦਾਂ ਨੇ ਮੁੰਡੇ ਨੂੰ ਘੜੀਸ ਕੇ ਘਰੋਂ ਬਾਹਰ ਲੈ ਆਂਦਾ ਤੇ ਗੱਡੀ 'ਚ ਸੁੱਟ ਕੇ ਪਿੰਡੋਂ ਬਾਹਰ ਹੋ ਗਏ।

ਦਹਿਸ਼ਤਜ਼ਦਾ ਹੋਏ ਆਂਢੀਆਂ-ਗੁਆਂਢੀਆਂ ਨੇ ਪੁਲ਼ਸੀਆਂ ਦੀ ਧਾੜ ਚਲੇ ਜਾਣ ਤੋਂ ਅੱਧਾ ਪੌਣਾ ਘੰਟਾ ਬਾਅਦ ਪਟਵਾਰੀ ਅਤੇ ਹੋਰ ਜੀਆਂ ਨੂੰ ਕਮਰੇ ਦਾ ਕੁੰਡਾ ਖੋਲ੍ਹ ਕੇ ਬਾਹਰ ਕੱਢਿਆ।

ਵਖਤਾਂ ਮਾਰੇ ਪਟਵਾਰੀ ਨੇ ਪਿੰਡ ਦੇ ਚੋਣਵੇਂ ਬੰਦਿਆਂ ਨੂੰ ਨਾਲ਼ ਲੈ ਕੇ ਮੰਨੇਂ ਨੂੰ ਚੁੱਕ ਲਿਜਾਣ ਵਾਲ਼ੀ ਪੁਲੀਸ ਦਾ ਪਿੱਛਾ ਕੀਤਾ। ਇਨ੍ਹਾਂ ਦੇ ਨਾਲ਼ ਇਕ ਸਾਬਕਾ ਪੁਲੀਸ ਮੁਲਾਜ਼ਮ ਹੋਣ ਕਰਕੇ ਮੁੰਡੇ ਦੀ ਸੂਹ ਤਾਂ ਅੱਗੇ ਤੋਂ ਅੱਗੇ ਮਿਲ਼ਦੀ ਰਹੀ ਪਰ ਸਾਰੇ ਥਾਣੇ ਚੌਂਕੀਆਂ ਵਾਲ਼ੇ ਪੱਕਾ ਦੱਸਣ ਦੀ ਬਜਾਏ ਟਾਲ਼ਾ-ਵਾਲ਼ਾ ਵੱਟਦੇ ਰਹੇ। ਨੂਰਮਹਿਲ ਵਾਲ਼ੇ ਇਨ੍ਹਾਂ ਨੂੰ ਭੇਜ ਦੇਣ ਸ਼ਾਹਕੋਟ ਨੂੰ ਤੇ ਉਹ ਆਖ ਦੇਣ ਕਿ ਤੁਹਾਡਾ ਮੁੰਡਾ ਨਕੋਦਰ ਹੈ। ਨਕੋਦਰ ਵਾਲ਼ਿਆਂ ਇਨ੍ਹਾਂ ਨੂੰ ਫਿਲੌਰ ਥਾਣੇ ਭੇਜ ਦਿੱਤਾ। ਸਾਰਾ ਦਿਨ ਘੁੰਮਦੇ ਘੁਮਾਉਂਦੇ ਦੇਰ ਰਾਤ ਇਹ ਭੁੱਖਣ-ਭਾਣੇ ਫਿਲੌਰ ਪਹੁੰਚੇ ਪਰ ਮੁੰਡਾ ਉੱਥੇ ਵੀ ਨਹੀਂ ਸੀ। ਥੱਕ ਹਾਰ ਕੇ ਇਨ੍ਹਾਂ ਨੇ ਦੂਜੇ ਦਿਨ ਭਾਲ਼ ਕਰਨ ਦੀ ਸਲਾਹ ਬਣਾਈ।

ਦੂਜੇ ਦਿਨ ਫਿਰ ਉਹੀ ਕਹਾਣੀ...ਚੱਲ ਗੁਰਾਇਆਂ ਚੱਲ ਫਗਵਾੜੇ। ਸਾਬਕਾ ਪੁਲ਼ਸੀਏ ਨੇ ਕਿਸੇ ਜਾਣੂ ਮੁਣਸ਼ੀ ਨਾਲ ਗੰਢ-ਤੁੱਪ ਕਰਕੇ ਪਤਾ ਕੀਤਾ ਕਿ ਮੰਨਾਂ ਨਵਾਂਸ਼ਹਿਰ ਥਾਣੇ ਹੈ। ਨਵਾਂਸ਼ਹਿਰ ਪਹੁੰਚਦਿਆਂ ਇਨ੍ਹਾਂ ਨੂੰ ਸ਼ਾਮ ਪੈ ਗਈ। ਇੱਥੇ ਵੱਡੇ ਅਫਸਰ ਦੀ ਜੇਬ ਉੱਤੇ 'ਓਂਕਾਰ ਸਿੰਘ' ਨਾਮ ਵਾਲ਼ੀ ਪੱਟੀ ਦੇਖ ਕੇ, ਉਹਨੂੰ 'ਸਿੱਖ ਭਰਾ' ਜਾਣਦਿਆਂ ਪਟਵਾਰੀ ਨੇ ਲੇਲ੍ਹੜੀਆਂ ਕੱਢੀਆਂ, ਤਰਲੇ ਮਾਰੇ ਕਿ ਸਾਨੂੰ ਮੰਨਾਂ ਮਿਲ਼ਾ ਦਿਉ। ਨਾਲ਼ ਦੇ ਬੰਦੇ ਵੀ ਮੰਨੇਂ ਦੇ ਸਾਊ-ਸ਼ਰੀਫ ਧਰਮੀਂ ਹੋਣ ਬਾਰੇ ਦੱਸ ਕੇ ਉਸ ਅਫਸਰ ਨੂੰ ਪਸੀਜ਼ਦਾ ਕਰਨ ਲੱਗੇ। ਕੁੱਝ ਚਿਰ ਇਨ੍ਹਾਂ ਵੱਲ ਅੱਖਾਂ ਫਾੜ-ਫਾੜ ਕੇ ਦੇਖਣ ਮਗਰੋਂ ਓਂਕਾਰ ਸਿੰਘ ਨੇ ਇੱਕ ਹੌਲਦਾਰ ਨੂੰ 'ਵਾਜ ਮਾਰ ਕੇ ਕਿਹਾ ਕਿ ਜਾਹ ਬਈ ਇਨ੍ਹਾਂ ਨੂੰ ਮੰਨਾਂ ਦਿਖਾ ਲਿਆ।

ਇਸ ਅਫਸਰ ਦਾ 'ਕੋਟਾਨਿ ਕੋਟ ਧੰਨਵਾਦ' ਕਰਕੇ ਇਹ ਸਾਰੇ ਜਣੇ ਹੌਲਦਾਰ ਦੇ ਨਾਲ ਚੱਲ ਪਏ। ਪਟਵਾਰੀ ਗੱਡੀ 'ਚ ਬੈਠਾ ਸੋਚ ਰਿਹਾ ਸੀ ਕਿ ਹੁਣ ਮੁੰਡੇ ਨੂੰ ਅੱਜ ਹੀ ਕਿਤੇ ਦੂਰ-ਦਰਾਜ ਛੱਡ ਆਵਾਂਗੇ, ਘਰੇ ਬਿਲ਼ਗੇ ਨਹੀਂ ਜਾਣਾ। ਨਵਾਂਸ਼ਹਿਰ ਥਾਣੇ ਤੋਂ ਗੱਡੀ ਬੰਗਾ ਰੋਡ ਵੱਲ ਚਲੇ ਗਈ। ਸਾਰਿਆਂ ਦੇ ਚਿਹਰੇ ਆਸ਼ਾਵਾਦੀ ਹੋ ਗਏ ਸਨ! ਅੱਗੇ ਜਾ ਕੇ ਪੁਰਾਣੀਆਂ ਜਿਹੀਆਂ ਦੁਕਾਨਾਂ ਕੋਲ ਗੱਡੀ ਰੁਕੀ ਤੇ ਹੌਲਦਾਰ ਨੇ ਇਕ ਚਾਰਦੀਵਾਰੀ ਵੱਲ ਹੱਥ ਕਰਕੇ ਕਿਹਾ-

'ਔਹ ਆ ਜੀ ਤੁਹਾਡਾ ਮੁੰਡਾ...ਮਿਲ਼ ਲਉ!'

ਹੌਲਦਾਰ ਨੇ ਜਿੱਧਰ ਇਸ਼ਾਰਾ ਕੀਤਾ ਸੀ ਓਧਰ ਕੋਈ ਬੰਦਾ-ਪਰਿੰਦਾ ਨਹੀਂ, ਸਗੋਂ ਸ਼ਮਸਾਨ ਘਾਟ ਦੇ ਥੜ੍ਹੇ ਉੱਤੇ ਸਿਵਾ ਬਲ਼ ਰਿਹਾ ਸੀ...!'

ਦੂਜੇ ਦਿਨ ਅਖਬਾਰਾਂ ਵਿਚ ਏਦਾਂ ਦੀ ਇਬਾਰਤ ਵਾਲ਼ੀ ਖਬਰ ਛਪੀ-

'ਬੀਤੇ ਦਿਨ ਬਿਸਤ ਦੁਆਬ ਨਹਿਰ ਦੇ ਸੋਇਤਾ-ਅਸਮਾਨ ਪੁਰ ਪੁਲ਼ ਲਾਗੇ ਹੋਏ ਗਹਿਗੱਚ ਮੁਕਾਬਲੇ ਵਿਚ ਮਾਰੇ ਗਏ ਅਣਪਛਾਤੇ ਅਤਿਵਾਦੀ ਦੀ ਪਛਾਣ ਹੋਈ। ਉਹ ਮੰਜਕੀ ਇਲਾਕੇ ਦਾ ਖਤਰਨਾਕ ਦਹਿਸ਼ਤਗਰਦ ਮਨਜੀਤ ਸਿੰਘ ਉਰਫ ਮੰਨਾਂ ਸੀ...!!'

ਮੰਨੇਂ ਦੇ ਅਭਾਗੇ ਮਾਪਿਆਂ ਨੂੰ ਉਸਦੀਆਂ ਅਸਥੀਆਂ ਕਿਵੇਂ ਮਿਲੀਆਂ? ਇਹ ਦੱਸਣ ਦੀ ਬਜਾਏ ਕੁੱਝ ਹੋਰ ਵੇਰਵੇ-

ਬਿਲ਼ਗੇ ਦੇ ਜਿਸ ਬੱਸ ਅੱਡੇ ਵਿਚ ਕਦੇ ਮੰਨਾਂ ਕਾਲਜ ਜਾਣ ਲਈ ਬੀਬਾ ਪੁੱਤ ਬਣ ਕੇ ਬੱਸੇ ਚੜ੍ਹਦਾ ਹੁੰਦਾ ਸੀ, ਥੋੜੇ ਚਿਰ ਬਾਅਦ ਬੱਸ ਅੱਡੇ ਦੇ ਦੁਕਾਨਦਾਰਾਂ ਨੇ ਇਹ ਦਰਦਨਾਕ ਦ੍ਰਿਸ਼ ਵੀ ਦੇਖਿਆ ਕਿ ਮੰਨੇਂ ਦੀ ਮਾਂ ਆਪਣੇ ਪੁੱਤ ਦੀਆਂ ਕਿਤਾਬਾਂ-ਕਾਪੀਆਂ ਲੈ ਕੇ ਅੱਡੇ 'ਚ ਅਰਧ-ਪਾਗਲਾਂ ਵਾਂਗ ਘੁੰਮਦੀ ਰਹਿੰਦੀ! ਬੱਸਾਂ 'ਚ ਉਤਰਦੇ-ਚੜ੍ਹਦੇ ਮੁੰਡੇ ਕੁੜੀਆਂ ਵੱਲ੍ਹ ਮੱਥੇ 'ਤੇ ਹੱਥ ਧਰ ਕੇ ਦੇਖਦੀ ਰਹਿੰਦੀ...ਕਿਸੇ ਮੁੰਡੇ ਨੂੰ ਪੁੱਛ ਲੈਂਦੀ-ਵੇ ਕਾਕਾ ਸਾਡਾ ਮੰਨਾਂ ਨੀ ਆਇਆ??

ਅੱਖਾਂ ਪੂੰਝਦੇ ਦੁਕਾਨਦਾਰ ਉਹਨੂੰ ਫੜ-ਫੜ ਕੇ ਘਰੇ ਛੱਡ ਜਾਂਦੇ। ਕਦੇ ਉਹਨੂੰ ਪਟਵਾਰੀ ਘਰੇ ਲਿਜਾਂਦਾ!

'ਅਣਪਛਾਤੀਆਂ ਲਾਸ਼ਾਂ ਕਹਿ ਕੇ ਕੋਹੇ ਬੋਟ ਅਲੂੰਏਂ
ਮੁਨਸਿਫ਼ ਕੋਲ਼ੋਂ ਪੁੱਤ ਭਾਲ਼ਦੀਆਂ ਖਾਲੜਿਆਂ ਦੀਆਂ ਮਾਵਾਂ!'-(ਸਾਦਿਕ)

ਪੱਥਰ ਦਿਲਾਂ ਨੂੰ ਰੁਆ ਦੇਣ ਵਾਲ਼ੀ ਇਹ ਹੌਲਨਾਕ ਵਾਰਤਾ ਮੈਂ ਏਸ ਕਾਰਨ ਨਹੀਂ ਲਿਖ ਰਿਹਾ ਕਿ ਮੰਨਾਂ ਮੇਰਾ ਭਾਣਜਾ ਲਗਦਾ ਸੀ ਤੇ ਮੈਂ ਉਹਦਾ ਮਾਮਾ। ਨਾ ਹੀ ਕਿਸੇ ਹਮਦਰਦੀ ਜਾਂ ਕੋਈ ਹੋਰ ਚਾਹਤ ਹੈ।

'ਲਹੂ ਬੇਦੋਸ਼ਿਆਂ ਦਾ ਜਦ ਵੀ ਡੁਲ੍ਹੇਗਾ ਇਹ ਤੜਪਣਗੇ
ਜੋ ਸ਼ਾਇਰ ਹੋਣਗੇ 'ਉਲਫਤ' ਉਨ੍ਹਾਂ ਨੂੰ ਦਰਦ ਆਏ ਗਾ।'-(ਉਲਫਤ ਬਾਜਵਾ)

ਕਿਉਂ ਕਿ ਪਟਵਾਰੀ ਭਾਈਏ ਦੇ ਪਰਿਵਾਰ ਨਾਲ 'ਫੂਲ ਵੋਹ ਤੋੜਾ ਕਿ ਚਮਨ ਮੇਂ ਵੀਰਾਨੀ ਹੂਈ' ਵਾਲ਼ੀ ਗੱਲ ਹੋਈ। ਮੰਨੇਂ ਦੇ ਸਦਮੇਂ ਵਿਚ ਹੀ ਪਹਿਲਾਂ ਸਾਡੀ ਭੈਣ ਪ੍ਰਕਾਸ਼ ਕੌਰ (ਫਿਲੌਰ ਲਾਗੇ ਥਲ਼ੇ ਪਿੰਡ ਵਾਲ਼ੀ ਭੂਆ ਦੀ ਬੇਟੀ) ਫਿਰ ਮੰਨੇਂ ਦੀ ਇੱਕ ਭੈਣ, ਇੱਕ ਭਰਾ ਅਤੇ ਫਿਰ ਪਟਵਾਰੀ ਖੁਦ, ਸਾਰੇ ਉੱਤੋ-ੜਿੱਤੀ ਮੌਤ ਦੇ ਮੂੰਹ ਜਾ ਪਏ।

ਇਹਤੋਂ ਵੀ ਕਿਤੇ ਵਧ ਕੇ ਦਰਦਨਾਕ ਅਣਹੋਣੀਆਂ ਉਸ ਦੌਰ ਵਿਚ ਹੋਈਆਂ, ਪਰ ਇਹ ਕਰੁਣਾਮਈ ਬਿਰਤਾਂਤ ਲਿਖਣ ਦਾ ਇਤਫਾਕ ਵੀ ਇੰਜ ਬਣਿਆਂ ਕਿ ਇੱਕ ਦਿਨ ਮੈਂ ਜਪੁਜੀ ਸਾਹਿਬ ਦਾ ਪਾਠ ਕਰ ਰਿਹਾ ਸਾਂ। ਬਾਰ੍ਹਵੀਂ ਪਉੜੀ ਦੀ ਤੁਕ 'ਮੰਨੇਂ ਕੀ ਗਤਿ ਕਹੀ ਨ ਜਾਇ॥' ਪੜ੍ਹਦਿਆਂ ਮੇਰਾ ਧਿਆਨ ਉੱਖੜ ਕੇ ਬਿਲ਼ਗੇ ਚਲਾ ਗਿਆ!

ਪਟਵਾਰੀ ਭਾਈਆ ਰੱਜ ਕੇ ਸ਼ੁਗਲੀ ਸੁਭਾਅ ਵਾਲ਼ਾ ਹੁੰਦਾ ਸੀ, ਪਰ ਮੰਨੇਂ ਦੀ ਮੌਤ ਤੋਂ ਬਾਅਦ ਕਿਤੇ ਉਹ ਸਾਡੇ ਘਰੇ ਆਇਆ ਤਾਂ ਉਕਤ ਵੇਰਵੇ ਦੱਸਦਿਆਂ ਅੱਖਾਂ ਭਰਕੇ ਕਹਿੰਦਾ-

'ਜਦ ਜੀ ਆਲ਼ੇ-ਦੁਆਲ਼ੇ ਦੇ ਸੱਜਣਾਂ-ਮਿੱਤਰਾਂ ਨੇ ਸਾਡੇ ਕੋਲ਼ ਮੰਨੇਂ ਦੀਆਂ ਸਿਫਤਾਂ ਕਰਨੀਆਂ ਤਾਂ ਮੈਂ ਹੱਸਦਿਆਂ ਕਹਿਣਾ-ਜੀ ਸਾਡਾ ਮੰਨਾਂ ਤਾਂ ਬਾਬੇ ਨਾਨਕ ਜੀ ਦੇ ਲਿਖੇ ਫੁਰਮਾਨ 'ਤੇ ਹੀ ਫੁੱਲ ਚੜ੍ਹਾਉਂਦਾ ਐ-ਮੰਨੇਂ ਕੀ ਗਤਿ ਕਹੀ ਨ ਜਾਇ॥'

ਬੱਸ ਮੈਂ ਪਾਠ ਸੰਪੂਰਨ ਕਰਕੇ ਲਿਖਣ ਬਹਿ ਗਿਆ ਦਿਲ ਦਾ ਦਰਦ! ਹੁਣ ਸਿਰਲੇਖ ਵਾਲ਼ੀ ਟਾਹਲੀ ਬਾਰੇ ਵੀ ਪੜ੍ਹ ਲਉ ਕਿ ਉਹ 'ਟਾਹਲੀ ਸਾਹਿਬ' ਕਿਉਂ ਬਣੀ-

ਮੰਨਾਂ-ਕਾਂਡ ਤੋਂ ਕੁੱਝ ਚਿਰ ਬਾਅਦ ਮੈਂ ਆਪਣੇ ਪਿੰਡੋਂ ਨਵਾਂਸ਼ਹਿਰ ਜਾਂਦਾ ਹੋਇਆ ਸਜਾਵਲ ਪੁਰ ਪਿੰਡ ਟੱਪਿਆ ਤਾਂ ਨਵਾਂਸ਼ਹਿਰ-ਚੰਡੀਗੜ੍ਹ ਰੋਡ ਉੱਤੇ ਕਾਫੀ ਲੋਕ ਇਕੱਠੇ ਹੋਏ ਦੇਖੇ। ਵਾਹੋ-ਦਾਹੀ ਸਾਈਕਲ ਚਲਾਉਂਦਾ ਮੈਂ ਵੀ ਭੀੜ ਕੋਲ ਜਾ ਖੜ੍ਹਾ ਹੋਇਆ। ਇਸ ਸੜਕ ਦੇ ਇੱਕ ਪਾਸੇ ਸਜਾਵਲ ਪੁਰ ਦਾ ਗੁਰਦੁਆਰਾ ਸ਼ਹੀਦਾਂ ਹੈ, ਦੂਜੇ ਪਾਸੇ ਸਾਹਮਣੇ ਇੱਕ ਦਰੱਖਤ ਵਿਚ ਪੁਲੀਸ ਦੀ ਜਿਪਸੀ ਬੜੀ ਬੁਰੀ ਤਰ੍ਹਾਂ ਵੱਜ ਕੇ ਦੋਫਾੜ ਹੋਈ ਪਈ ਸੀ। ਲੋਕ ਦੱਸ ਰਹੇ ਸਨ ਕਿ ਐਕਸੀਡੈਂਟ ਤਾਜ਼ਾ ਹੀ ਹੋਇਆ ਹੈ। ਸਟੇਅਰਿੰਗ 'ਤੇ ਮਰੇ ਫਸੇ ਪਏ ਇੱਕ ਪੁਲ਼ਸੀਏ ਦੀਆਂ ਅੱਖਾਂ ਬਾਹਰ ਨੂੰ ਇੰਜ ਨਿਕਲ਼ੀਆਂ ਹੋਈਆਂ ਸਨ ਜਿਵੇਂ ਬਰਸਾਤਾਂ ਵਿਚ ਡੱਡੂ ਮਰੇ ਪਏ ਹੁੰਦੇ ਹਨ। ਉਸ ਦੀਆਂ ਦੋਏ ਬਾਹਾਂ ਤੇ ਖੁੱਲ੍ਹੇ ਹੱਥ ਆਲ਼ੇ-ਦੁਆਲ਼ੇ ਨੂੰ ਫੈਲੇ ਹੋਏ ਸਿਕੰਦਰ ਦਾ ਕਥਨ ਚੇਤੇ ਕਰਾ ਰਹੇ ਜਾਪੇ ਕਿ ਅੰਤ ਸਮੇਂ ਮੇਰੇ ਦੋਏ ਹੱਥ ਕੱਫਣ ਤੋਂ ਬਾਹਰ ਕੱਢ ਦਿਉ!

ਬੁਰੀ ਤਰਾਂ ਲਹੂ-ਲੁਹਾਣ ਹੋਏ ਪਏ ਇਸ ਬਾਵਰਦੀ ਪੁਲ਼ਸੀਏ ਦੀ ਜੇਬ੍ਹ ਉਤਲੇ ਬੈਜ ਉੱਪਰ ਵੀ ਭਾਵੇਂ ਖ਼ੂਨ ਦੇ ਛਿੱਟੇ ਪਏ ਹੋਏ ਸਨ ਪਰ ਉਹਦਾ ਨਾਂ ਪੂਰਾ ਪੜ੍ਹਿਆ ਜਾ ਰਿਹਾ ਸੀ-'ਓਂਕਾਰ ਸਿੰਘ!'

...ਦੁਪਾਲ ਪੁਰ ਸਾਡੇ ਘਰੇ ਆਏ ਪਟਵਾਰੀ ਨੂੰ ਜਦ ਮੈਂ ਸਾਈਕਲ ਪਿੱਛੇ ਬਿਠਾ ਕੇ ਬੱਸੇ ਚੜ੍ਹਾਉਣ ਜਾਡਲੇ ਜਾ ਰਿਹਾ ਸੀ ਤਾਂ ਉਹ ਐਕਸੀਡੈਂਟ ਵਾਲ਼ਾ ਥਾਂਹ ਦਿਖਾਉਣ ਲਈ ਸਜਾਵਲ ਪੁਰ ਵਿਚੀਂ ਲੰਘਿਆ।

'ਭਾਈਆ ਜੀ ਆਹ ਟਾਹਲੀ ਐ ਜਿਹਦੇ ਵਿਚ ਵੱਜ ਕੇ ਮੰਨੇਂ ਦਾ ਮੁਕਾਬਲਾ ਬਣਾਉਣ ਵਾਲ਼ਾ ਪੁਲ਼ਸੀਆ ਮਰਿਆ!'

ਆਪਣੇ ਦੋਹਾਂ ਹੱਥਾਂ ਨਾਲ ਟਾਹਲੀ ਨੂੰ ਫੜ੍ਹ ਕੇ ਫਿੱਕੀ ਜ਼ਰਦ ਜਿਹੀ 'ਮੁਸਕਾਨ' ਚਿਹਰੇ 'ਤੇ ਲਿਆਉਂਦਿਆਂ ਭਾਈਆ ਬੋਲਿਆ-

'ਟਾਹਲੀ ਨਹੀਂ ਕਾਕਾ, ਇਹਨੂੰ ਟਾਹਲੀ ਸਾਹਿਬ ਕਹੁ!'

'ਭਸਮਾਂ ਭੂਤ ਹੋਆ ਖਿਨ ਭੀਤਰਿ
ਅਪਨਾ ਕੀਆ ਪਾਇਆ॥'
(ਸ੍ਰੀ ਗੁਰੂ ਅਰਜਨ ਦੇਵ ਜੀ)

# ਜ਼ਿੰਦਗੀ ਕੇ ਰੰਗ ਕਈ ਰੇ...



ਹਰਜੀਤ ਦਿਓਲ

ਇੱਕ ਮਹਾਂਨਗਰ ਦਾ ਵੱਡਾ ਸ੍ਰਰਾਫਾ ਬਾਜ਼ਾਰ। ਅੱਧੀ ਰਾਤ ਦਾ ਸਮਾਂ। ਸੁਨਿਆਰਿਆਂ ਦੀਆਂ ਸਾਰੀਆਂ ਦੁਕਾਨਾਂ ਦੇ ਸ਼ਟਰ ਬੰਦ ਹਨ ਤੇ ਉਨ੍ਹਾਂ 'ਤੇ ਵੱਡੇ ਜਿੰਦਰੇ ਲਟਕ ਰਹੇ ਹਨ। ਅਚਾਨਕ ਤਿੰਨ ਸਾਏ ਪ੍ਰਕਟ ਹੁੰਦੇ ਹਨ। ਕੀ ਇਹ ਕੋਈ ਲੁੱਟ ਨੂੰ ਅੰਜਾਮ ਦੇਣ ਆਏ ਹਨ? ਨਹੀਂ ਇਹ ਸੰਭਵ ਨਹੀਂ ਕਿਉਂਕਿ ਹੱਟੇ-ਕੱਟੇ ਹਥਿਆਰਬੰਦ ਚੌਕੀਦਾਰ ਪਹਿਰੇ 'ਤੇ ਹਨ। ਫੇਰ ਇਹ ਕਿਸ ਮੰਤਵ ਲਈ ਆਏ ਹਨ? ਦੱਸਦੇ ਹਾਂ। ਇਨ੍ਹਾਂ 'ਚੋਂ ਇੱਕ ਸੜਕ ਦੇ ਵਿਚਕਾਰ ਬਣੇ ਸੀਵਰ ਦਾ ਢੱਕਣ ਚੁੱਕਦਾ ਹੈ ਅਤੇ ਕੱਪੜੇ ਉਤਾਰ ਸੀਵਰ ਵਿਚ ਉਤਰ ਜਾਂਦਾ ਹੈ। ਬਾਹਰ ਖੜ੍ਹਾ ਦੂਜਾ ਉਸ ਨੂੰ ਰੱਸੀ ਬੰਨ੍ਹੀ ਇੱਕ ਬਾਲਟੀ ਫੜਾਉਂਦਾ ਹੈ। ਕੁਝ ਸਮੇਂ ਉਪਰੰਤ ਗਾੜ੍ਹੇ ਚਿੱਕੜ ਅਤੇ ਗੰਦਗੀ ਨਾਲ ਭਰੀ ਬਾਲਟੀ ਉੱਪਰ ਆਉਂਦੀ ਹੈ। ਹੁਣ ਮਲ ਮੂਤਰ 'ਤੇ ਹੋਰ ਬਦਬੂ ਮਾਰਦੀ ਗੰਦਗੀ ਨਾਲ ਭਰੇ ਸੀਵਰ ਵਿਚ ਉਤਰਨ ਦੀ ਵਾਰੀ ਦੂਜੇ ਵਿਅਕਤੀ ਦੀ ਹੈ। ਫਿਰ ਤੀਜੇ ਦੀ। ਕੋਈ ਦੋ ਘੰਟੇ ਦੀ ਮਸ਼ੱਕਤ ਮਗਰੋਂ ਫਾਲਤੂ ਪਾਣੀ ਨਿਤਾਰ ਕੇ ਇੱਕ ਬਾਲਟੀ ਗਾੜ੍ਹਾ ਚਿੱਕੜ ਇਹ ਲੋਕ ਆਪਣੇ ਅੱਡੇ 'ਤੇ ਲੈ ਜਾਂਦੇ ਹਨ। ਚੌਕੀਦਾਰ ਨੂੰ ਚਾਹ-ਪਾਣੀ ਦੇ ਦਿੱਤਾ ਜਾਂਦਾ ਹੈ। ਅਗਲੇ ਦਿਨ ਇਸ ਗਾੜ੍ਹੀ ਗੰਦਗੀ ਨੂੰ ਕਈ ਵਾਰ ਸਾਫ ਪਾਣੀ ਨਾਲ ਧੋ ਨਿਤਾਰਿਆ ਜਾਂਦਾ ਹੈ ਅਤੇ ਆਖਰ ਵਿਚ ਥੱਲੇ ਭਾਰੀ ਧਾਤੂ ਦੇ ਅਵਸ਼ੇਸ਼ ਰਹਿ ਜਾਂਦੇ ਹਨ।


ਅਗਲਾ ਕਦਮ ਇਸ ਮਿਸ਼ਰਣ ਵਿੱਚੋਂ ਸੋਨਾ ਅਲਗ ਕਰਨਾ ਹੁੰਦਾ ਹੈ। ਦਰਅਸਲ ਇਸ ਇਲਾਕੇ ਵਿਚਲੀਆਂ ਸੈਂਕੜੇ ਸੁਨਿਆਰਿਆਂ ਦੀਆਂ ਦੁਕਾਨਾਂ ਵਿਚੋਂ ਕਾਰੀਗਰਾਂ ਦੇ ਕੰਮ ਕਰਦੇ ਹੋਏ ਸੋਨੇ ਦੀ ਧੂੜ ਦਾ ਕੁਝ ਹਿੱਸਾ ਸਫਾਈ ਦੌਰਾਨ ਸੀਵਰ ਵਿਚ ਚਲਾ ਜਾਂਦਾ ਹੈ। ਹੁਣ ਇਸ ਮਿਸ਼ਰਣ ਵਿਚ ਇੱਕ ਖਾਸ ਤੇਜ਼ਾਬ ਪਾ ਅਣਚਾਹੀ ਧਾਤੂ ਨੂੰ ਗਲਾ ਕੇ ਬਾਹਰ ਕਰ ਦਿੱਤਾ ਜਾਂਦਾ ਹੈ ਅਤੇ ਆਖਰ ਵਿਚ ਬਚੇ ਸੋਨਾ ਮਿਸ਼ਰਤ ਧਾਤ ਨੂੰ ਪਾਰੇ ਦੇ ਸੰਪਰਕ ਵਿਚ ਲਿਆ ਸ਼ੁੱਧ ਸੋਨਾ ਅਲਗ ਕਰ ਲਿਆ ਜਾਂਦਾ ਹੈ।

ਸੋਚ ਰਹੇ ਹੋਵੋਗੇ ਕਿ ਫੇਰ ਤਾਂ ਇਹ ਤਿੱਕੜੀ ਬੜੀ ਅਮੀਰ ਹੋ ਗਈ ਹੋਵੇਗੀ! ਨਹੀਂ ਜੀ, ਬਦਬੂ ਮਾਰਦੇ ਮਲ-ਮੂਤਰ ਵਾਲੇ ਗੰਦੇ ਪਾਣੀ ਵਿਚੋਂ ਘੰਟਿਆਂ ਦੀ ਮੁਸ਼ੱਕਤ ਪਿੱਛੋਂ ਇਨ੍ਹਾਂ ਬਦਨਸੀਬ ਗਰੀਬਾਂ ਨੂੰ ਮਸਾਂ ਦਿਹਾੜੀ ਪੱਲੇ ਪੈਂਦੀ ਹੈ। ਇਹ ਦ੍ਰਿਸ਼ ਬੰਗਲਾ ਦੇਸ਼ ਦੇ ਮਹਾਨਗਰ ਢਾਕਾ ਦਾ ਹੈ, ਜਿਸ ਨੂੰ ਕਿਸੇ ਯੂਟਿਯੂਬਰ ਨੇ ਫਿਲਮਬੱਧ ਕਰ ਲਿਆ ਅਤੇ ਮੈਂ ਆਪ ਸਭ ਪਾਠਕਾਂ ਦੇ ਰੂਬਰੂ ਕਰ ਦਿੱਤਾ। ਧੰਨਵਾਦ!

# ਇਹੁ ਜਨਮੁ ਤੁਮਹਾਰੇ ਲੇਖੇ!

## ਕਿਸ਼ਤ - 17

***ਪੰਜਾਬੀ ਸਾਹਿਤ ਨੂੰ ਕਣਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਇਸ ਨਾਵਲ (ਜੋ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਹੈ) ਨਾਲ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਨਾਵਲ ਦੀ 17ਵੀਂ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ***






**ਗੁਰਬਚਨ ਸਿੰਘ ਭੁੱਲਰ**
**ਫੋਨ:+91 8076363058**
**bhullargs@gmail.com**

ਅਗਲੇ ਦਿਨ ਚੋਪੜਾ ਜੀ ਵਿਹਲੇ ਨਹੀਂ ਸਨ। ਉਹਨਾਂ ਨੇ ਅਗਲੇਰੇ ਦਿਨ ਮਿਲਣਾ ਸੀ। ਜਗਦੀਪ ਨੇ ਕਿਹਾ, 'ਚਲੋ, ਇਕ ਗੱਲੋਂ ਇਹ ਚੰਗਾ ਹੀ ਹੋਇਆ। ਮੈਂ ਦੋ ਥਾਂਈਂ ਜਾਣਾ ਸੋਚਿਆ ਹੋਇਆ ਹੈ। ਇਕ ਤਾਂ ਹਾਜੀ ਅਲੀ ਦੀ ਦਰਗਾਹ ਤੇ ਦੂਜੇ ਮੈਰੀ ਦਾ ਚਰਚ। ਚਰਨਜੀਤ, ਕੱਲ੍ਹ ਆਪਾਂ ਦੋਵੇਂ ਥਾਂ ਹੋ ਆਵਾਂਗੇ।'

ਜਗਦੀਪ ਦਿੱਲੀ 'ਤੋਂ ਹੀ ਇਕ ਤਰ੍ਹਾਂ ਨਾਲ ਇਹ ਸੁੱਖਣਾ ਸੁੱਖ ਕੇ ਆਈ ਸੀ। ਇਹ ਦੋਵੇਂ ਸਥਾਨ ਆਪਣੇ ਆਪਣੇ ਧਰਮ ਨਾਲ ਜੁੜੇ ਹੋਣ ਦੇ ਬਾਵਜੂਦ ਸਭ ਧਰਮਾਂ ਦੇ ਲੋਕਾਂ ਦੀ ਸ਼ਰਧਾ ਦੇ ਕੇਂਦਰ ਬਣ ਗਏ ਸਨ। ਹਰ ਸਾਲ ਉਹਨਾਂ ਦੇ ਦਰ ਪਹੁੰਚਣ ਵਾਲਿਆਂ ਦੀ ਗਿਣਤੀ ਲੱਖਾਂ ਨੂੰ ਜਾ ਢੁਕਦੀ ਸੀ। ਸ਼ਰਧਾਲੂ ਤਾਂ ਪਹੁੰਚਦੇ ਹੀ, ਧਰਮ ਦੀ ਦੁਨੀਆ ਤੋਂ ਕਿਨਾਰਾ ਕਰ ਚੁੱਕੇ ਜਗਦੀਪ ਵਰਗੇ ਲੋਕ ਵੀ ਆਪਣੀਆਂ ਇੱਛਾਵਾਂ ਦੀ ਪੂਰਤੀ ਦੇ ਵਿਸ਼ਵਾਸ ਨਾਲ ਜਾ ਸੀਸ ਝੁਕਾਉਂਦੇ। ਕਹਿੰਦੇ ਹਨ, ਬੁਖਾਰੇ ਦਾ ਧਨਵਾਨ ਵਪਾਰੀ ਸਭ ਕੁਛ ਤਿਆਗ ਕੇ ਹੱਜ ਕਰਨ ਮਗਰੋਂ ਸਈਅਦ ਪੀਰ ਹਾਜੀ ਅਲੀ ਸ਼ਾਹ ਬੁਖਾਰੀ ਬਣ ਗਿਆ ਤੇ ਦੁਨੀਆ ਘੁੰਮਦਾ ਬੰਬਈ ਆ ਟਿਕਿਆ। ਵਰਲੀ ਦੇ ਤੱਟ ਤੋਂ ਅੱਧਾ ਕਿਲੋਮੀਟਰ ਦੂਰ ਸਮੁੰਦਰ ਦੇ ਅੰਦਰ ਪੰਦਰਵੀਂ ਸਦੀ ਵਿਚ ਉਸਰੀ ਉਸ ਦੀ ਦਰਗਾਹ ਸੀ। ਉਥੇ ਦੁਨਿਆਵੀ ਤੇ ਪਾਰ-ਦੁਨਿਆਵੀ ਮੁਰਾਦਾਂ ਦੇ ਚਾਹਵਾਨਾਂ ਤੋਂ ਲੈ ਕੇ ਆਸ਼ਕਾਂ ਤੱਕ ਦੀਆਂ ਭੀੜਾਂ ਜੁੜੀਆਂ ਹੀ ਰਹਿੰਦੀਆਂ। ਬਾਂਦਰਾ ਦੇ ਮੈਰੀ ਚਰਚ ਦਾ ਇਤਿਹਾਸ ਸੋਲ੍ਹਵੀਂ ਸਦੀ ਵਿਚ ਪੁਰਤਗਾਲੀ ਪਾਦਰੀਆਂ ਦੇ ਸਥਾਪਤ ਕੀਤੇ ਮਾਂ ਮੈਰੀ ਦੇ ਬੁੱਤ ਨਾਲ ਸ਼ੁਰੂ ਹੋਇਆ। ਇਸ ਚਰਚ ਦੇ ਦੁਆਰ ਪਹੁੰਚ ਕੇ ਮੁਰਾਦਾਂ ਦੀ ਪੂਰਤੀ ਦੀ ਚਾਹ ਨਾਲ ਮੋਮਬੱਤੀਆਂ ਜਗਾਉਣ ਵਾਲੇ ਲੋਕਾਂ ਦਾ ਵੀ ਹਾਜੀ ਅਲੀ ਦੀ ਦਰਗਾਹ ਵਾਲ਼ਾ ਹੀ ਹਾਲ ਸੀ।

ਜਗਦੀਪ ਤੇ ਚਰਨਜੀਤ ਤੱਟ ਉੱਤੇ ਪਹੁੰਚੇ ਤਾਂ ਸਮੁੰਦਰ ਸ਼ਾਂਤ ਸੀ। ਜਦੋਂ ਸਮੁੰਦਰ ਦੀਆਂ ਛੱਲਾਂ ਚੜ੍ਹਦੀਆਂ, ਦਰਗਾਹ ਤੱਕ ਜਾਂਦਾ ਪੁਲ ਡੁੱਬ ਜਾਂਦਾ ਤੇ ਲੋਕ ਤੱਟ ਉੱਤੇ ਖਲੋਤੇ ਘੰਟਿਆਂ-ਬੱਧੀ ਲਹਿਰਾਂ ਉਤਰਨ ਦੀ ਦੁਆ ਤੇ ਉਡੀਕ ਕਰਦੇ ਰਹਿੰਦੇ। ਉਹ ਨਿਰਾਸ ਹੁੰਦੇ, ਹਾਜੀ ਅਲੀ ਸਾਨੂੰ ਆਪਣੇ ਦਰ ਤੱਕ ਪਹੁੰਚਣ ਤੋਂ ਰੋਕ ਰਹੇ ਨੇ! ਜਗਦੀਪ ਬਹੁਤ ਖ਼ੁਸ਼ ਹੋਈ। ਸਮੁੰਦਰ ਨੂੰ ਸ਼ਾਂਤ ਰੱਖ ਕੇ ਹਾਜੀ ਅਲੀ ਉਹਨੂੰ ਮੁਰਾਦਾਂ ਪੂਰੀਆਂ ਕਰਦੇ ਦਿੱਸੇ। ਉਹ ਮੈਰੀ ਦੇ ਦਰ ਪਹੁੰਚੇ ਤਾਂ ਪੌਣ ਵਗ ਰਹੀ ਸੀ। ਲੋਕ ਆਖਦੇ ਸਨ, ਹਵਾ ਨਾਲ ਮੋਮਬੱਤੀ ਬੁਝਣ ਦਾ ਮਤਲਬ ਹੁੰਦਾ ਹੈ, ਮੈਰੀ ਮੁਰਾਦ ਪੂਰੀ ਕਰਨੀ ਨਹੀਂ ਚਾਹੁੰਦੀ। ਉਹਨਾਂ ਨੇ ਮੋਮਬੱਤੀਆਂ ਬਾਲੀਆਂ ਤਾਂ ਲਟ-ਲਟ ਬਲ ਪਈਆਂ। ਮੰਦ ਮੰਦ ਵਗਦੀ ਪੌਣ ਨੇ ਸਗੋਂ ਉਹਨਾਂ ਦੀਆਂ ਲਾਟਾਂ ਹੋਰ ਲੰਮੀਆਂ ਕਰ ਦਿੱਤੀਆਂ। ਲਹਿਰਾਂ ਨੂੰ ਸ਼ਾਂਤ ਰੱਖ ਕੇ ਹਾਜੀ ਅਲੀ ਨੇ ਤੇ ਮੰਦ-ਮੰਦ ਪੌਣ ਵਗਾ ਕੇ ਮਾਂ ਮੈਰੀ ਨੇ ਜੋ ਉਹਨਾਂ ਦੀ ਦੁਆ ਕਬੂਲ ਕਰਨ ਦੀ ਮਿਹਰ ਕੀਤੀ ਸੀ, ਉਸ ਸਦਕਾ ਘੱਟੋ-ਘੱਟ ਜਗਦੀਪ ਨੂੰ ਤਾਂ ਆਪਣੇ ਮਨੋਰਥ ਦੀ ਕਾਮਯਾਬੀ ਵਿਚ ਕੋਈ ਸ਼ੱਕ ਨਹੀਂ ਸੀ ਰਹਿ ਗਿਆ। ਦੋਵਾਂ ਪਾਕ-ਪਵਿੱਤਰ ਥਾਂਵਾਂ ਦੀ ਜ਼ਿਆਰਤ ਕਰ ਕੇ ਉਹ ਧੰਨ ਹੋ ਗਈ। ਭਲਕੇ ਚੋਪੜਾ ਜੀ ਨੂੰ ਮਿਲ ਕੇ ਧਨ-ਦੌਲਤ ਦੇ ਅਰਥਾਂ ਵਿਚ ਵੀ ਤੇ ਅਲੌਕਿਕਤਾ ਦੇ ਅਰਥਾਂ ਵਿਚ ਵੀ ਮਾਇਆ-ਨਗਰੀ ਵਜੋਂ ਜਾਣੀ ਜਾਂਦੀ ਇੱਛਤ ਦੁਨੀਆ ਦੇ ਦੁਆਰ ਉਹਨਾਂ ਵਾਸਤੇ ਚੁਪੱਟ ਖੁੱਲ੍ਹ ਜਾਣੇ ਸਨ।

ਚੋਪੜਾ ਜੀ ਉੱਡ ਕੇ ਮਿਲੇ। ਸੋਢੀ ਨੇ ਜਾਣ-ਪਛਾਣ ਕਰਾਉਣੀ ਚਾਹੀ ਤਾਂ ਉਹ ਹੱਸੇ, 'ਜਗਦੀਪ ਜੀ ਨੂੰ ਕੌਣ ਨਹੀਂ ਜਾਣਦਾ! ਦੇਖੋ ਸੋਢੀ ਜੀ, ਇਹ ਤਾਂ ਸਾਡੀ ਪੀੜ੍ਹੀ ਦੀ ਬਦਨਸੀਬੀ ਸਮਝੋ ਕਿ ਸਾਡੇ ਬਚਪਨ ਦੇ ਜ਼ਮਾਨੇ ਵਿਚ ਸਾਨੂੰ ਮਾਂ-ਬੋਲੀ ਪੜ੍ਹਨ ਦਾ ਮੌਕਾ ਨਾ ਮਿਲਿਆ। ਤੁਹਾਡੇ ਵਾਂਗ ਮੈਂ ਵੀ ਉਰਦੂ ਦੇ ਰਾਹ ਪੈ ਗਿਆ। ਆਪਣਾ ਵੀ ਕੋਈ ਦੋਸ਼ ਨਹੀਂ ਸੀ, ਉਸ ਸਮੇਂ ਵਾਰਾ-ਪਹਿਰਾ ਹੀ ਉਰਦੂ ਦਾ ਸੀ। ਬੋਲੀ ਕੋਈ ਵੀ ਚੰਗੀ-ਮਾੜੀ ਨਹੀਂ ਹੁੰਦੀ ਤਾਂ ਵੀ ਬੰਦੇ ਨੂੰ ਮਾਂ-ਬੋਲੀ ਲਿਖਣੀ-ਪੜ੍ਹਨੀ ਤਾਂ ਆਉਣੀ ਹੀ ਚਾਹੀਦੀ ਹੈ। ਪਰ ਇਸ ਦਾ ਇਹ ਮਤਲਬ ਵੀ ਨਹੀਂ ਕਿ ਜਗਦੀਪ ਜੀ ਦੀ ਸ਼ੋਭਾ ਮੇਰੇ ਤੱਕ ਪਹੁੰਚੀ ਨਹੀਂ ਹੋਈ। ਅਸੀਂ ਫ਼ਿਲਮੀ ਲੋਕ ਤਾਂ ਜੀ ਦੋ ਘੜੀਆਂ ਵਿਹਲ ਨੂੰ ਤਰਸੇ ਹੋਏ ਲੋਕ ਹਾਂ। ਫ਼ੁਰਸਤ ਵਿਚ ਬੈਠ ਕੇ ਕੁਛ ਪੜ੍ਹਨ ਦਾ ਮੌਕਾ ਕਿਥੇ! ਕਦੀ-ਕਦੀ ਚਾਹ-ਪਾਣੀ ਪੀਂਦਿਆਂ ਜਾਂ ਕਿਸੇ ਦੀਆਂ ਫ਼ਜ਼ੂਲ ਗੱਲਾਂ ਬਰਦਾਸ਼ਤ ਕਰਦਿਆਂ ਮੇਜ਼ ਉੱਤੇ ਪਏ ਕਿਸੇ ਰਸਾਲੇ ਦੇ ਸਫ਼ੇ ਪਲਟ ਲਈਂਦੇ ਨੇ। ਇੰਜ ਹੀ ਪੰਨੇ ਪਲਟਦਿਆਂ ਇਕ-ਦੋ ਵਾਰ 'ਚਿਰਾਗ਼' ਦੀ ਸਜਾਵਟ ਨੇ ਜ਼ਰੂਰ ਧਿਆਨ ਖਿੱਚਿਆ।' ਉਹਨਾਂ ਨੇ ਦੁਬਾਰਾ ਹੱਥ ਵਧਾਇਆ, 'ਅੱਛਾ, ਚਰਨਜੀਤ ਜੀ ਉਹ ਕਲਾਕਾਰ ਨੇ! ਬੜੀ ਕਲਾ ਹੈ ਇਹਨਾਂ ਦੀਆਂ ਉਂਗਲਾਂ ਵਿਚ!'

ਜਗਦੀਪ ਦੇ ਗੀਤਾਂ ਤੇ ਗ਼ਜ਼ਲਾਂ ਦੀ ਗੱਲ ਚੱਲੀ ਤਾਂ ਉਹ ਬੋਲੇ, 'ਮੇਰੀ ਹੱਥਲੀ ਫ਼ਿਲਮ ਦਾ ਤਾਂ ਸਭ ਕੁਝ ਸੈੱਟ ਹੈ। ਸ਼ੂਟਿੰਗ ਤਾਂ ਅਜੇ ਅੱਧੀ ਰਹਿੰਦੀ ਹੈ ਪਰ ਗੀਤ ਸਾਰੇ ਬਹੁਤ ਪਹਿਲਾਂ ਰਿਕਾਰਡ ਹੋ ਚੁੱਕੇ ਨੇ। ਬਹੁਤੇ ਗੀਤਾਂ ਦੀ ਤਾਂ ਸ਼ੂਟਿੰਗ ਵੀ ਨਿੱਬੜ ਗਈ...'

ਜਗਦੀਪ ਹੈਰਾਨ ਹੋਈ ਤੇ ਗੱਲ ਟੋਕ ਕੇ ਕਹਿਣ ਲੱਗੀ, 'ਫ਼ਿਲਮ ਅੱਧੀ ਬਣੀ ਹੈ ਪਰ ਗੀਤਾਂ ਸਾਰਿਆਂ ਦੀ ਸ਼ੂਟਿੰਗ ਹੋ ਗਈ?'

ਚੋਪੜਾ ਜੀ ਖੁੱਲ੍ਹ ਕੇ ਹੱਸੇ, 'ਜਗਦੀਪ ਜੀ, ਇਹ ਤੁਸੀਂ ਹੀ ਨਹੀਂ, ਸਭ ਲੋਕ ਸੋਚਦੇ ਨੇ, ਫ਼ਿਲਮ ਦੀ ਸ਼ੂਟਿੰਗ ਪਹਿਲੇ ਸੀਨ ਤੋਂ ਸ਼ੁਰੂ ਹੋ ਕੇ, ਜਿਵੇਂ-ਜਿਵੇਂ ਫ਼ਿਲਮ ਪਰਦੇ ਉੱਤੇ ਦਿਸਦੀ ਹੈ, ਓਵੇਂ-ਓਵੇਂ ਹੁੰਦੀ ਜਾਂਦੀ ਹੈ। ਇਹ ਇੰਜ ਨਹੀਂ ਹੁੰਦਾ। ਜੋ-ਜੋ ਸੀਨ ਮੁਮਕਿਨ ਹੁੰਦੇ ਜਾਂਦੇ ਨੇ, ਨਿੱਬੜਦੇ ਜਾਂਦੇ ਨੇ। ਹੁਣ ਜੇ ਫ਼ਿਲਮ ਦੇ ਸ਼ੁਰੂ, ਦਰਮਿਆਨ ਤੇ ਅਖ਼ੀਰ ਵਿਚ ਸਵਿਟਜ਼ਰਲੈਂਡ ਦੇ ਦ੍ਰਿਸ਼ ਨੇ, ਫ਼ਿਲਮਸਾਜ਼ ਸ਼ੂਟਿੰਗ ਕਰਨ ਉਥੇ ਤਿੰਨ ਵਾਰ ਥੋੜ੍ਹੋ ਜਾਵੇਗਾ! ਉਹ ਇਕ ਵਾਰ ਗਿਆ ਕੰਮ ਮੁਕਦਾ ਕਰ ਆਉਂਦਾ ਹੈ।'

ਸੋਢੀ ਨੇ ਗੱਲ ਵਿਚ ਗੱਲ ਜੋੜੀ, 'ਗੀਤ ਤਾਂ ਆਮ ਕਰਕੇ ਪਹਿਲਾਂ ਹੀ ਨਿਬੇੜ ਲਏ ਜਾਂਦੇ ਨੇ। ਗੀਤਕਾਰ, ਸੰਗੀਤਕਾਰ, ਗਾਇਕ, ਸਭ ਦਾ ਕੰਮ ਮੁਕਦਾ ਹੁੰਦਾ ਏ।'

ਚੋਪੜਾ ਜੀ ਮੁਸਕਰਾਏ, 'ਵੱਡੇ ਐਕਟਰ, ਖ਼ਾਸ ਕਰਕੇ ਹੀਰੋ ਤੇ ਹੀਰੋਇਨ ਬੜਾ ਤੰਗ ਕਰਦੇ ਨੇ ਜੀ। ਉਹ ਭਾਵੇਂ ਕੋਆਪਰੇਟਿਵ ਵੀ ਹੋਣ, ਤੰਗ ਨਾ ਵੀ ਕਰਨਾ ਚਾਹੁਣ, ਉਹਨਾਂ ਦੀਆਂ ਆਪਣੀਆਂ ਡੇਟਾਂ ਦੀਆਂ, ਵਕਤ ਦੀਆਂ ਮਜਬੂਰੀਆਂ ਹੁੰਦੀਆਂ ਨੇ। ਫ਼ਿਲਮਾਂ ਬਹੁਤੀਆਂ ਫੜ ਬੈਠਦੇ ਨੇ। ਹਰ ਵਕਤ ਡਰਦੇ ਰਹਿੰਦੇ ਨੇ, ਕੀ ਪਤਾ ਮਸ਼ਹੂਰੀ ਦਾ ਸੂਰਜ ਕਦੋਂ ਢਲਣ ਲੱਗੇ। ਭੱਜੇ-ਭੱਜੇ ਆਉਂਦੇ ਨੇ, ਸੀਨ ਕਰਵਾ ਕੇ ਦੂਜੇ ਸਟੂਡੀਓ ਵੱਲ ਭਜਦੇ ਨੇ। ਇਸ ਕਰਕੇ ਜਦੋਂ ਕਦੀ ਕਾਬੂ ਆ ਜਾਣ, ਉਹਨਾਂ ਦੇ ਜਿੰਨੇ ਸੀਨ ਹੋ ਸਕਣ, ਮੁਕਾ ਛੱਡੀਂਦੇ ਨੇ। ਕਿੱਸਾ-ਕੋਤਾਹ, ਕਈ ਵਾਰ ਤਾਂ ਫ਼ਿਲਮ ਦੀ ਮਹੂਰਤ ਅੰਤਲੇ ਸੀਨ ਨਾਲ ਹੁੰਦੀ ਹੈ, ਬਾਕੀ ਸਾਰੀ ਫ਼ਿਲਮ ਬਾਅਦ ਵਿਚ ਬਣਦੀ ਹੈ।'

ਸੋਢੀ ਹੱਸਿਆ, 'ਜਗਦੀਪ ਜੀ, ਇਹ ਫ਼ਿਲਮੀ ਦੁਨੀਆ ਉਲਟੀ ਦੁਨੀਆ ਹੈ, ਸਿਰ-ਭਾਰ ਖੜ੍ਹੀ ਦੁਨੀਆ। ਹੁਣ ਵਾਹ ਪਵੇਗਾ ਤਾਂ ਜਾਣ ਜਾਉਗੇ।'

ਚੋਪੜਾ ਜੀ ਸੋਢੀ ਦੀ ਗੱਲ ਤੋਂ ਹੱਸੇ, 'ਚਲੋ ਸੋਢੀ ਭਾਈ, ਆਪਣਾ ਪੇਟ ਆਪ ਹੀ ਕਿਉਂ ਨੰਗਾ ਕਰਨਾ ਹੋਇਆ!... ਹਾਂ, ਜਗਦੀਪ ਜੀ, ਸਾਡੀ ਮਿਊਜ਼ਿਕ ਯੂਨਿਟ ਨੂੰ ਆਖ ਕੇ ਪਹਿਲਾਂ ਮੈਂ ਤੁਹਾਡੇ ਤਿੰਨ-ਚਾਰ ਗੀਤ-ਗ਼ਜ਼ਲਾਂ ਹਿੰਦੀ ਵਿਚ ਕਰਵਾ ਲੈਂਦਾ ਹਾਂ। ਉਹ ਅਜਿਹੇ ਕੰਮ ਦਾ ਮਾਹਿਰ ਕੋਈ ਬੰਦਾ ਆਪੇ ਲੱਭ ਲੈਣਗੇ। ਤੁਸੀਂ ਫ਼ਿਕਰ ਨਾ ਕਰੋ, ਇਹ ਉਹਨਾਂ ਦਾ ਕੰਮ ਹੈ, ਉਹ ਬਾਖ਼ੂਬੀ ਕਰਨਗੇ।' ਉਹਨਾਂ ਨੇ ਡਾਇਰੀ ਖੋਲ੍ਹੀ, 'ਅਗਲੇ ਐਤਵਾਰ ਅਸੀਂ ਸ਼ੂਟਿੰਗ ਵਾਸਤੇ ਸਾਊਥ ਵੱਲ ਨਿੱਕਲ ਰਹੇ ਹਾਂ। ਮੈਂ ਕਹਾਂਗਾ, ਹਿੰਦੀ ਦਾ ਕੰਮ ਵੀਰਵਾਰ ਮੇਰੇ ਮੇਜ਼ ਉੱਤੇ ਪਹੁੰਚ ਜਾਵੇ। ਫੇਰ ਆਪਾਂ ਸ਼ੁੱਕਰਵਾਰ ਗਿਆਰਾਂ ਬਜੇ ਮਿਲਦੇ ਹਾਂ। ਹਾਂ, ਹੁਣ ਸੋਢੀ ਜੀ ਨੂੰ ਖੇਚਲ ਦੇਣ ਦੀ ਜ਼ਰੂਰਤ ਨਹੀਂ। ਇਹ ਤਾਂ ਇਹਨਾਂ ਦਾ ਵਡੱਪਨ ਹੈ ਕਿ ਸਾਡੇ ਦਫ਼ਤਰ ਤਸ਼ਰੀਫ਼ ਲਿਆਏ ਨੇ ਤੇ ਖੁੱਲ੍ਹਾ ਸਮਾਂ ਲੈ ਕੇ ਆਏ ਨੇ, ਵਰਨਾ ਇਥੇ ਕਿਸੇ ਨੂੰ ਕਿਸੇ ਆਪਣੇ ਵਾਸਤੇ ਵੀ ਵਿਹਲ ਕਿਥੇ! ਇਹ ਤਾਂ ਹਮੇਸ਼ਾ ਤੋਂ ਸਾਡੇ ਮਿਹਰਬਾਨ ਰਹੇ ਨੇ!'

'ਸਸਤਾ ਹੀ ਮਿਲਿਆ ਲਗਦਾ ਹੈ। ਕੀ ਭਾਅ ਮਿਲਿਆ?' ਸੋਢੀ ਨੇ ਅਚਾਨਕ ਪੁੱਛਿਆ।

ਉਹਦਾ ਟਿੱਚਰੀ ਸੁਭਾਅ ਜਾਣਦੇ ਹੋਣ ਦੇ ਬਾਵਜੂਦ ਚੋਪੜਾ ਜੀ ਸਮਝ ਨਾ ਸਕੇ। ਉਹ ਆਲੇ-ਦੁਆਲੇ ਦੇਖ ਕੇ ਬੋਲੇ, 'ਕੀ?'

'ਮੱਖਣ!'

ਚੋਪੜਾ ਜੀ ਦਾ ਬੇਰੋਕ ਹਾਸਾ ਛੁੱਟ ਪਿਆ। ਨਾਲ ਹੀ ਸਾਰੇ ਹੱਸ ਪਏ। ਉਹ ਖੜ੍ਹੇ ਹੋ ਕੇ ਹੱਥ ਮਿਲਾਉਂਦਿਆਂ ਬੋਲੇ, 'ਤੁਹਾਡੀ ਇਸੇ ਸੁਹਿਰਦਤਾ, ਇਸੇ ਅਪਣੱਤ ਨੇ ਸਾਨੂੰ ਮੁਰੀਦ ਬਣਾ ਛੱਡਿਆ ਹੈ। ਮੈਂ ਤਾਂ ਜਗਦੀਪ ਜੀ ਦਾ ਸ਼ੁਕਰੀਆ ਕਰਾਂਗਾ ਜਿਨ੍ਹਾਂ ਸਦਕਾ ਤੁਸੀਂ ਸਾਨੂੰ ਅੱਜ ਏਨਾ ਵਕਤ ਦੇ ਦਿੱਤਾ।' ਉਹ ਜਜ਼ਬਾਤੀ ਹੋ ਗਏ ਤੇ ਸੋਢੀ ਦਾ ਹੱਥ ਦੁਬਾਰਾ ਫੜ ਲਿਆ, 'ਸੋਢੀ, ਮੇਰੇ ਭਾਈ, ਅਸੀਂ ਕਿਸ ਨਿਕੰਮੇ ਕਿੱਤੇ ਵਿਚ ਪੈ ਗਏ, ਆਪਣਿਆਂ ਲਈ ਵੀ ਸਮਾਂ ਨਹੀਂ। ਦੱਸੋ, ਅੱਜ ਆਪਾਂ ਕਿੰਨੀਆਂ ਮੁੱਦਤਾਂ ਬਾਅਦ ਮਿਲੇ ਹਾਂ। ਕਦੇ ਗ਼ੈਰ-ਫ਼ਿਲਮੀ ਬੰਦੇ ਬਣ ਕੇ ਵੀ ਮਿਲਿਆ ਕਰੀਏ। ਮੈਂ ਵਾਪਸ ਆ ਜਾਵਾਂ, ਮਿਲਦੇ ਹਾਂ, ਫ਼ਿਲਮੀਆਂ ਵਾਂਗ ਨਹੀਂ, ਭਰਾਵਾਂ ਵਾਂਗ। ਹਾਂ, ਇਕ ਗੱਲ ਹੋਰ। ਸੋਢੀ ਜੀ, ਪਲੀਜ਼, 'ਮੋਹੇ ਅੰਗ ਲਗਾ ਲੋ' ਦਾ ਫ਼ੈਸਲਾ ਕਰੋ। ਜਾਂ ਆਪ ਬਣਾਉ ਜਾਂ ਮੇਰੀ ਇੱਛਾ ਪੂਰੀ ਕਰੋ। ਜੇ ਤੁਸੀਂ ਇਸੇ ਦੁਬਿਧਾ ਵਿਚ ਰਹੇ, ਮੈਂ ਸੱਚਮੁੱਚ ਤੁਹਾਨੂੰ ਦੱਸੇ-ਪੁੱਛੇ ਬਿਨਾਂ ਇਸ ਕਹਾਣੀ ਦੀ ਫ਼ਿਲਮ ਬਣਾ ਲੈਣੀ ਹੈ। ਮਗਰੋਂ ਜੋ ਮਰਜ਼ੀ ਕਰਿਉ, ਜੁਰਮਾਨਾ ਕਰਵਾਇਉ, ਕੈਦ ਵਿਚ ਸੁਟਵਾਇਉ ਤੇ ਭਾਵੇਂ ਗੁੰਡਿਆਂ ਤੋਂ ਪਿਟਵਾਇਉ!'

ਸੋਢੀ ਹੱਸਿਆ, 'ਜਨਾਬ, ਗੋਲੀ ਕੀਹਦੀ ਤੇ ਗਹਿਣੇ ਕੀਹਦੇ!'

ਬੂਹੇ ਤੱਕ ਵਿਦਾਅ ਕਰਦਿਆਂ ਚੋਪੜਾ ਜੀ ਨੇ ਕਿਹਾ, 'ਨਾ ਮੈਨੂੰ ਗੋਲੀ ਚਾਹੀਦੀ ਹੈ ਤੇ ਨਾ ਗਹਿਣੇ! ਬੱਸ ਮੈਨੂੰ ਮੇਰੀ ਮਨਚਾਹੀ ਕਹਾਣੀ ਦੇ ਦਿਉ!'

* * *

ਸਮੁੰਦਰ ਕਿਨਾਰੇ ਦਿਨ ਚੜ੍ਹਾਉਣ ਦੀ ਸੋਚ ਕੇ ਅਗਲੀ ਸਵੇਰ ਜਗਦੀਪ ਤੇ ਚਰਨਜੀਤ ਸੁਵਖ਼ਤੇ ਹੀ ਜਾਗ ਪਏ। ਅੱਗੇ ਵਧਦੇ, ਪਿੱਛੇ ਹਟਦੇ ਪਾਣੀ ਦੇ ਨਾਲ-ਨਾਲ ਉਹ ਕਿੰਨੀ ਹੀ ਦੂਰ ਤੁਰਦੇ ਗਏ। ਸੁਹਣੀ ਜਿਹੀ ਥਾਂ ਦੇਖ ਕੇ ਜਗਦੀਪ ਕਹਿੰਦੀ, ਬੈਠ ਜਾਈਏ। ਚਰਨਜੀਤ ਦੀ ਇੱਛਾ ਸੀ, ਹੋਰ ਅੱਗੇ ਤੱਕ ਚਲਦੇ ਹਾਂ। ਜਗਦੀਪ 'ਅੱਛਾ ਤੂੰ ਅੱਗੇ ਹੋ ਆ, ਮੈਂ ਇਥੇ ਬੈਠਦੀ ਹਾਂ' ਆਖ ਕੇ ਸਿੱਲ੍ਹੇ ਬਰੇਤੇ ਉੱਤੇ ਬੈਠ ਗਈ। ਸਮੁੰਦਰ ਸ਼ਾਂਤ ਸੀ। ਲਹਿਰਾਂ ਕਿਸੇ ਕਾਹਲੀ ਤੋਂ ਬਿਨਾਂ ਇਕ ਦੂਜੀ ਦਾ ਪਿੱਛਾ ਕਰ ਰਹੀਆਂ ਸਨ। ਜਗਦੀਪ ਦੂਰ ਕਿਸੇ ਲਹਿਰ ਉੱਤੇ ਨਜ਼ਰ ਟਿਕਾਉਂਦੀ ਤੇ ਟਿਕਾਈ ਰਖਦੀ। ਕਦਮ-ਕਦਮ ਉਹ ਲਹਿਰ ਵਧਦੀ ਆਉਂਦੀ, ਵਧਦੀ ਆਉਂਦੀ ਤੇ ਆਖ਼ਰ ਸਫ਼ਰ ਮੁਕਾ ਕੇ ਸਾਹਿਲ ਨੂੰ ਚੁੰਮ ਆਪਣੀ ਮੰਜ਼ਿਲ ਪਾ ਲੈਂਦੀ।

ਜਗਦੀਪ ਦੀਆਂ ਇੱਛਾਵਾਂ ਤੇ ਵਿਉਂਤਾਂ ਇਹਨਾਂ ਲਹਿਰਾਂ ਵਾਂਗ ਜਾਗ ਪਈਆਂ ਤੇ ਇਕ-ਇਕ ਕਰ ਕੇ ਮੰਜ਼ਿਲ ਨੂੰ ਪਛਾਨਣ ਲੱਗੀਆਂ। ਜੇ ਹਿੰਦੀ ਵਿਚ ਹੋ ਕੇ ਆਏ ਗ਼ਜ਼ਲ ਤੇ ਗੀਤ ਚੋਪੜਾ ਜੀ ਨੂੰ ਤੇ ਉਹਨਾਂ ਦੇ ਸੰਗੀਤਕਾਰ ਨੂੰ ਪਸੰਦ ਆ ਜਾਣ, ਇਹ ਕੰਮ ਤਾਂ ਮੁੱਕੇ। ਉਹ ਹੋਰ ਗੀਤ-ਗ਼ਜ਼ਲਾਂ ਉਹਨਾਂ ਨੂੰ ਸੌਂਪ ਕੇ ਮੁਕਤ ਹੋਵੇਗੀ, ਆਪੇ ਸੰਗੀਤਕਾਰ ਦੀਆਂ ਧੁਨਾਂ ਵਿਚ ਢਲਦੀਆਂ ਰਹਿਣਗੀਆਂ। ਹੱਥਲੀ ਫ਼ਿਲਮ ਦੀ ਸ਼ੂਟਿੰਗ ਤਾਂ ਉਹ ਸਾਊਥ ਵਾਲੇ ਇਸ ਸ਼ਡਿਊਲ ਦੇ ਨਾਲ ਹੀ ਮੁਕੰਮਲ ਹੋ ਜਾਣੀ ਦਸਦੇ ਸਨ। ਵੱਡਾ ਪ੍ਰੋਡਕਸ਼ਨ ਹਾਊਸ ਹੈ, ਇਹਨਾਂ ਦੀਆਂ ਫ਼ਿਲਮਾਂ ਤਾਂ ਦਹਾਕਿਆਂ ਤੋਂ ਲਹਿਰਾਂ ਵਾਂਗ ਅਟੁੱਟ ਲੜੀ ਵਿਚ ਅੱਗੜ-ਪਿੱਛੜ ਆਉਂਦੀਆਂ ਹੀ ਰਹਿੰਦੀਆਂ ਨੇ। ਇਹਦੇ ਮੁਕਦਿਆਂ ਹੀ ਅਗਲੀ ਨੇ ਸ਼ੁਰੂ ਹੋ ਜਾਣਾ ਹੈ। ਅਚਾਨਕ ਉਹਦੇ ਕੰਨਾਂ ਵਿਚ ਆਵਾਜ਼ ਗੂੰਜੀ, ਅਬ ਆਪ ਨੌਸ਼ਾਦ ਕੀ ਧੁਨ ਪਰ ਲਤਾ ਮੰਗੇਸ਼ਕਰ ਕਾ ਗਾਇਆ ਔਰ ਜਗਦੀਪ ਕੀ ਜਾਦੂਗਰ ਕਲਮ ਕਾ ਲਿਖਾ ਹੂਆ ਗੀਤ ਸੁਨੀਏ। ਇਸ ਜਾਗਦੇ ਸੁਪਨੇ ਸਮੇਂ ਉਹਦੀ ਨਜ਼ਰ ਜਿਸ ਲਹਿਰ ਉੱਤੇ ਟਿਕੀ ਹੋਈ ਸੀ, ਗੀਤ ਦੀ ਧੁਨ ਸ਼ੁਰੂ ਹੋਣ ਦੇ ਨਾਲ ਹੀ ਉਹ ਸਾਹਿਲ ਨੂੰ ਪਰਾਪਤ ਕਰ ਕੇ ਧੰਨ ਹੋ ਗਈ।

ਉਹਦੀ ਨਜ਼ਰ ਇਕ ਹੋਰ ਲਹਿਰ ਉੱਤੇ ਟਿਕ ਗਈ। ਚੋਪੜਾ ਜੀ ਫ਼ਿਲਮ ਬਣਾਉਣ ਵਾਸਤੇ ਸੋਢੀ ਦੀ 'ਮੋਹੇ ਅੰਗ ਲਗਾ ਲੋ' ਮੰਗ ਰਹੇ ਸਨ ਜੋ, ਲਗਦਾ ਹੈ, ਉਹ ਦੇਣ ਵਾਸਤੇ ਤਿਆਰ ਨਹੀਂ ਸਨ। ਵਾਪਸ ਆਉਂਦਿਆਂ ਕਾਰ ਵਿਚ ਜਗਦੀਪ ਨੇ ਕਿਹਾ ਸੀ, 'ਸੋਢੀ ਜੀ, 'ਮੋਹੇ ਅੰਗ ਲਗਾ ਲੋ' ਵਰਗੀ ਖ਼ੂਬਸੂਰਤ ਕਹਾਣੀ ਨੂੰ ਚੋਪੜਾ ਜੀ ਵਰਗਾ ਫ਼ਿਲਮਸਾਜ਼ ਫ਼ਿਲਮ ਦਾ ਰੂਪ ਦੇਵੇ, ਕਮਾਲ ਹੀ ਹੋ ਜਾਵੇ। ਉਹ ਏਨੇ ਉਤਾਵਲੇ ਨੇ, ਤੁਸੀਂ ਦੇ ਕਿਉਂ ਨਹੀਂ ਦਿੰਦੇ?'

ਸੋਢੀ ਹੱਸਿਆ ਸੀ, 'ਜਗਦੀਪ, ਤੂੰ ਤਾਂ ਅਜੇ ਇਸ ਦੁਨੀਆ ਵਿਚ ਪੈਰ ਵੀ ਨਹੀਂ ਰੱਖਿਆ। ਤੁਸੀਂ ਦੋਵੇਂ ਤਾਂ ਇਸ ਤਮਾਸ਼ੇ ਦੇ ਦੂਰ ਖਲੋਤੇ ਦਰਸ਼ਕ ਹੋ। ਇਸ ਦੀ ਸਮਝ ਤੈਨੂੰ ਹੌਲੀ-ਹੌਲੀ ਹੀ ਆਵੇਗੀ। ਬੜੀ ਅਜੀਬ ਦੁਨੀਆ ਹੈ ਇਹ, ਗੋਰਖਧੰਦਾ ਵੀ ਤੇ ਬੇਕਿਰਕ ਵੀ। ਗਲ-ਕੱਟ ਮੁਕਾਬਲੇਬਾਜ਼ ਦੁਨੀਆ ਹੈ ਇਹ! ਇਕ ਤਾਂ 'ਮੋਹੇ ਅੰਗ ਲਗਾ ਲੋ' ਦੀ ਫ਼ਿਲਮ ਮੈਂ ਆਪ ਬਣਾਉਣੀ ਚਾਹੁੰਦਾ ਹਾਂ। ਮੇਰੀ ਚਾਹਨਾ ਹੈ, ਆਪਣੀਆਂ ਕੁਛ ਕਹਾਣੀਆਂ ਦੀਆਂ ਫ਼ਿਲਮਾਂ ਆਪਣੀ ਇੱਛਾ ਤੇ ਰੀਝ ਅਨੁਸਾਰ ਬਣਾਵਾਂ। ਹੋਰ ਲੋਕ ਉਹਨਾਂ ਵਿਚ ਵਪਾਰਕ ਨਜ਼ਰੀਏ ਤੋਂ ਤਬਦੀਲੀਆਂ ਕਰ ਦਿੰਦੇ ਨੇ। ਕਰਦੇ ਭਾਵੇਂ ਮੈਨੂੰ ਪੁੱਛ ਕੇ ਹੀ ਨੇ ਪਰ ਦਿਲੋਂ ਬੁਰਾ ਲਗਦਾ ਹੈ। ਮੈਂ ਸਮਝਦਾ ਹਾਂ, ਸ਼ੁਰੂਆਤ ਕਰਨ ਲਈ 'ਮੋਹੇ ਅੰਗ ਲਗਾ ਲੋ' ਵਧੀਆ ਰਹੇਗੀ। ਜਗਦੀਪ ਜੀ, ਇਕ ਭੇਤ ਹੋਰ ਵੀ ਹੈ। ਬਹੁਤ ਸਫ਼ਲ ਫ਼ਿਲਮ ਦਾ ਮਸਾਲਾ ਹੋਣ ਕਰਕੇ ਛਪਦਿਆਂ ਹੀ ਕਈਆਂ ਦੀ ਨਜ਼ਰ ਚੜ੍ਹ ਗਈ। ਇਥੇ ਇਹ ਹੁੰਦਾ ਹੈ, ਲੇਖਕ ਨੂੰ ਕੁਛ ਪੈਸੇ ਪੇਸ਼ਗੀ ਦੇ ਕੇ ਕਹਾਣੀ ਖ਼ਰੀਦ ਲਵੋ। ਜਦੋਂ ਬਣਾਉਣੀ ਹੋਈ, ਦੇਖਾਂਗੇ, ਪਰ ਕੋਈ ਹੋਰ ਤਾਂ ਨਾ ਬਣਾ ਸਕੇਗਾ। ਇਸ ਨਗਰੀ ਵਿਚ ਇਹਨੂੰ ਕਹਾਣੀ ਦੀ ਫ਼ਿਲਮ ਬਣਾਉਣਾ ਨਹੀਂ ਕਹਿੰਦੇ, ਕਹਾਣੀ ਬਲੌਕ ਕਰਨਾ ਕਹਿੰਦੇ ਨੇ! ਭਾਵੇਂ ਚੋਪੜਾ ਜੀ ਨੇਕ ਬੰਦੇ ਨੇ, ਮਿਥ ਕੇ ਅਜਿਹਾ ਨਹੀਂ ਕਰਨਗੇ ਪਰ ਇਸ ਦੁਨੀਆ ਦੀਆਂ ਆਪਣੀਆਂ ਮਜਬੂਰੀਆਂ ਵੀ ਨੇ ਜੋ ਚੰਗਿਆਂ-ਚੰਗਿਆਂ ਦੀ ਪੇਸ਼ ਨਹੀਂ ਜਾਣ ਦਿੰਦੀਆਂ।'

'ਸਾਨੂੰ ਫ਼ਿਲਮਾਂ ਤੋਂ ਬਾਹਰਲੇ ਲੋਕਾਂ ਨੂੰ ਤਾਂ ਇਹਨਾਂ ਦਾ ਪਤਾ ਹੀ ਨਹੀਂ, ਬੜੀਆਂ ਅਜੀਬ ਗੱਲਾਂ ਨੇ ਇਹ!' ਜਗਦੀਪ ਹੈਰਾਨ ਹੋਈ।

'ਪਰ ਸੋਢੀ ਜੀ', ਚਰਨਜੀਤ ਦੇ ਮਨ ਵਿਚ ਸਵਾਲ ਜਾਗਿਆ, 'ਕਹਾਣੀ, ਸਕਰੀਨਪਲੇਅ, ਡਾਇਆਲਾਗ, ਗੀਤ-ਗ਼ਜ਼ਲਾਂ...ਫ਼ਿਲਮ ਦਾ ਪੂਰੇ ਦਾ ਪੂਰਾ ਸਟਰਕਚਰ ਤਾਂ ਸਾਹਿਤ ਉੱਤੇ ਹੀ ਖੜ੍ਹਾ ਹੁੰਦਾ ਹੈ?'

'ਬਿਲਕੁਲ ਠੀਕ ਕਿਹਾ ਤੁਸੀਂ। ਪਰ ਵਚਿੱਤਰ ਸੱਚ ਇਹ ਹੈ ਕਿ ਇਸ ਸਭ ਕੁਛ ਨੂੰ ਲੈ ਕੇ ਬੁਣੀ ਹੋਈ ਹੋਣ ਦੇ ਬਾਵਜੂਦ ਫ਼ਿਲਮ ਦੀ ਦੁਨੀਆ ਸਾਹਿਤ ਦੀ ਦੁਨੀਆ ਤੋਂ ਬਿਲਕੁਲ ਵੱਖਰੀ ਹੈ। ਜ਼ਰੂਰੀ ਨਹੀਂ, ਕਾਮਯਾਬ ਸਾਹਿਤਕ ਰਚਨਾ ਤੋਂ ਬਣੀ ਫ਼ਿਲਮ ਵੀ ਕਾਮਯਾਬ ਹੀ ਹੋਵੇ। ਅਨੇਕ ਬਹੁਤ ਖ਼ੂਬਸੂਰਤ ਕਹਾਣੀਆਂ ਪਰਦੇ ਉੱਤੇ ਠੁੱਸ ਹੋ ਜਾਂਦੀਆਂ ਨੇ। ਇਕ ਬਹੁਤ ਵੱਡਾ ਫ਼ਰਕ ਹੋਰ ਹੈ। ਲਿਖਣ ਸਮੇਂ ਪਾਠਕ ਲੇਖਕ ਦੀ ਨਜ਼ਰ ਵਿਚ ਨਹੀਂ ਹੁੰਦਾ, ਉਸਦੀ ਲਿਖਤ ਨੂੰ ਪ੍ਰਭਾਵਿਤ ਨਹੀਂ ਕਰਦਾ। ਫ਼ਿਲਮਸਾਜ਼ ਦੇ ਕਹਾਣੀ ਚੁਣਨ ਤੋਂ ਲੈ ਕੇ ਫ਼ਿਲਮ ਰੀਲੀਜ਼ ਹੋਣ ਤੱਕ ਦੇ ਪੂਰੇ ਸਫ਼ਰ ਵਿਚ ਦਰਸ਼ਕ ਉਹਦੇ ਮੋਢਿਆਂ ਉੱਤੇ ਸਵਾਰ ਰਹਿੰਦਾ ਹੈ।' ਸੋਢੀ ਨੇ ਆਪਣੀ ਗੱਲ ਜਾਰੀ ਰੱਖੀ, 'ਕਿਤਾਬ ਛਪ ਗਈ, ਲੇਖਕ ਦਾ ਮਨੋਰਥ ਪੂਰਾ ਹੋਇਆ। ਪਾਠਕ ਖਰੀਦ ਕੇ ਪੂਰੀ ਪੜ੍ਹੇ ਜਾਂ ਨਾ ਪੜ੍ਹੇ, ਪਸੰਦ ਕਰੇ ਜਾਂ ਰੱਦੀ ਵਿਚ ਵੇਚੇ, ਲੇਖਕ ਨੂੰ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ ਕਿਉਂਕਿ ਪਾਠਕ ਦੀ ਗੱਲ ਦਾ ਮੂੰਹੋਂ-ਮੂੰਹ ਅਸਰ ਕੋਈ ਬਹੁਤੀ ਦੂਰ ਤੱਕ ਨਹੀਂ ਜਾਂਦਾ। ਫ਼ਿਲਮਾਂ ਦੀ ਗੱਲ ਬਿਲਕੁਲ ਉਲਟੀ ਹੈ। ਫ਼ਿਲਮ ਦੀ ਕਾਮਯਾਬੀ ਦਾ ਦਾਰੋਮਦਾਰ ਸਭ ਤੋਂ ਸਸਤੀ ਟਿਕਟ ਵਾਲੇ ਦਰਸ਼ਕ ਉੱਤੇ ਹੁੰਦਾ ਹੈ। ਜੇ ਉਹ 'ਕਿਆ ਬਕਵਾਸ ਬਨਾਈ ਹੈ ਸਾਲੋਂ ਨੇ' ਕਹਿੰਦਾ ਸਿਨਮੇ ਦੇ ਬੂਹਿਉਂ ਬਾਹਰ ਨਿੱਕਲੇ, ਸਮਝੋ ਸੱਤਿਆਨਾਸ! ਤੇ ਜੇ, ਰੱਬ ਨਾ ਕਰੇ, ਉਹ ਫ਼ਿਲਮ ਦੇ ਵਿਚਾਲਿਉਂ ਉੱਠ ਕੇ ਆ ਜਾਵੇ, ਸਮਝੋ, ਸਵਾ ਸੱਤਿਆਨਾਸ!'

'ਤੇ ਸਿਆਣੇ ਦਰਸ਼ਕ? ਅਖ਼ਬਾਰਾਂ ਵਿਚ ਵਡਿਆਈ ਕਰਨ ਵਾਲੇ ਕਰਿਟਿਕ?' ਜਗਦੀਪ ਨੇ ਪੁੱਛਿਆ।

'ਸਿਆਣੇ ਦਰਸ਼ਕ ਚੁੱਪਚਾਪ ਘਰ ਚਲੇ ਜਾਂਦੇ ਨੇ ਤੇ ਅਖ਼ਬਾਰਾਂ ਦੀਆਂ ਗੱਲਾਂ ਤਾਂ ਵੈਸੇ ਹੀ ਅਖ਼ਬਾਰੀ ਹੁੰਦੀਆਂ ਨੇ। ਸਭ ਜਾਣਦੇ ਨੇ, ਪੈਸੇ ਦੇ ਕੇ ਜੋ ਮਰਜ਼ੀ ਲਿਖਵਾ ਲਵੋ, ਫੇਰ ਉਹਨਾਂ ਦੇ ਲਿਖੇ ਦੀ ਕੀ ਅਹਿਮੀਅਤ ਰਹਿ ਜਾਂਦੀ ਹੈ। ਸਾਹਿਤ ਦਾ ਕਰਿਟੀਸਿਜ਼ਮ ਵੀ ਤਾਂ ਆਮ ਕਰਕੇ ਦਾਰੂ ਪੀ ਕੇ ਹੀ ਕੀਤਾ ਜਾਂਦਾ ਹੈ। ਚੰਗੀ ਰਾਇ ਪੜ੍ਹ ਕੇ ਕਿੰਨੇ ਕੁ ਪਾਠਕ ਕਿਤਾਬ ਖਰੀਦਦੇ ਨੇ? ਮੁਸ਼ਕਲ ਨਾਲ ਦਸ-ਵੀਹ ਦਾ ਫ਼ਰਕ ਪੈਂਦਾ ਹੋਵੇਗਾ। ਮੇਰੀ 'ਆਹਟ' ਵਧੀਆ ਕਹਾਣੀ ਸੀ, ਉਸ ਨਾਲੋਂ ਵੀ ਵਧੀਆ ਫ਼ਿਲਮ ਬਣੀ। ਮੈਂ ਪੂਰਾ ਜ਼ੋਰ ਲਾ ਦਿੱਤਾ। ਪਰ ਇਸ ਮੂਹਰਲੀ ਕਤਾਰ ਵਾਲੇ ਦਰਸ਼ਕ ਕਾਰਨ ਪਿਟ ਗਈ। ਫ਼ਾਈਨੈਂਸਰ ਨੂੰ ਵਿਆਜ ਦੀਆਂ ਕਿਸਤਾਂ ਭਰ ਰਿਹਾ ਹਾਂ, ਮੂਲ ਕਦੋਂ ਤੇ ਕਿਵੇਂ ਮੁੜੇਗਾ, ਪਤਾ ਨਹੀਂ! ਕਾਰੋਬਾਰੀ ਨਜ਼ਰੀਏ ਤੋਂ ਮੈਂ ਜੇ ਪੂਰਾ ਬਰਬਾਦ ਨਹੀਂ, ਨੀਮ ਬਰਬਾਦ ਤਾਂ ਹੋ ਹੀ ਗਿਆ! ਇਸ ਕਰਕੇ ਇਸ ਦੁਨੀਆ ਵਿਚ ਵੱਡੇ ਤੋਂ ਵੱਡਾ ਫੰਨੇਖਾਂ ਪ੍ਰੋਡਿਊਸਰ, ਡਾਇਰੈਕਟਰ ਵੀ ਸੌ ਵਾਰ ਸੋਚ ਕੇ ਕੋਈ ਕਦਮ ਚੁਕਦਾ ਹੈ।' ਸੋਢੀ ਨੂੰ ਖ਼ਿਆਲ ਆਇਆ, ਕਿਤੇ ਇਹ ਅਜਿਹਾ ਨਾ ਸੋਚਣ, ਮੈਂ ਇਹਨਾਂ ਨੂੰ ਡਿਸਕਰਿੱਜ ਕਰ ਰਿਹਾ ਹਾਂ, 'ਪਰ ਇਹਦਾ ਇਹ ਮਤਲਬ ਵੀ ਨਹੀਂ, ਚੰਗੇ ਸਾਹਿਤ ਦੇ ਪਾਰਖੂ ਜੌਹਰੀਆਂ ਦਾ ਇਥੇ ਕੋਈ ਵਜੂਦ ਹੀ ਨਹੀਂ। ਬਥੇਰੇ ਪਾਰਖੂ ਹੈਗੇ ਨੇ, ਚੰਗੀ ਰਚਨਾ ਦੇ ਕਦਰਦਾਨ।'

###


## ਸੁਖ਼ਨਵਰ ਜਿਓਣ ਮਰ ਕੇ ਵੀ...

# 'ਲੋਹ ਪੁਰਸ਼' ਅਮੋਲਕ ਸਿੰਘ ਜੰਮੂ ਨੂੰ ਜਨਮ ਦਿਨ 'ਤੇ ਯਾਦ ਕਰਦਿਆਂ...

ਪੰਜਾਬੀ ਪੱਤਰਕਾਰੀ ਅਤੇ ਸਾਹਿਤ ਦੇ ਖੇਤਰ ਵਿਚ ਅਮੋਲਕ ਸਿੰਘ ਜੰਮੂ ਇੱਕ ਜਾਣਿਆ-ਪਛਾਣਿਆ ਨਾਂਅ ਹੈ। ਹਰਿਆਣਾ ਦੇ ਸਿਰਸਾ ਜ਼ਿਲ੍ਹੇ ਦੇ ਪਿੰਡ 'ਕੁੱਤੇਵੱਢ' ਦੇ ਜੰਮਪਲ, 'ਪੰਜਾਬ ਟਾਈਮਜ਼' ਦੇ ਬਾਨੀ ਦੀ ਗੱਲ ਅਗਾਂਹ ਤੋਰਨ ਤੋਂ ਪਹਿਲਾਂ, ਪੰਜਾਬ ਦੇ ਸਿਰਮੌਰ ਸਾਹਿਤਕਾਰ ਗੁਰਭਜਨ ਗਿੱਲ ਦੀਆਂ ਕੁਝ ਖ਼ੂਬਸੂਰਤ ਸਤਰਾਂ ਪਾਠਕਾਂ ਨਾਲ ਸਾਂਝੀਆਂ ਕਰਨੀਆਂ ਬਣਦੀਆਂ ਹਨ... ਜੋ ਉਸ ਨੇ ਅਮੋਲਕ ਜੰਮੂ ਨੂੰ ਸਮਰਪਿਤ ਕੀਤੀਆਂ ਹਨ...

ਮਨ ਵਿਹੜੇ ਵਿਚ ਮਰੂਆ ਮਹਿਕੇ,
ਬੂਹੇ ਖਿੜੀ ਚੰਬੇਲੀ ਜੀਕਣ।
ਜਗ ਮਗ ਜਗ ਮਗ
ਹਿੰਮਤੀ, ਕਣ ਕਣ।
ਯਾਰ ਅਮੋਲਕ,
ਤੇਰੇ ਰਾਹੀਂ,
ਹਿੰਮਤ ਨੂੰ ਮੈਂ ਅੱਖੀ ਡਿੱਠਾ
ਕੌਣ ਆਖਦੈ?
'ਲੋਹੇ ਦਾ ਬੰਦਾ' ਨਹੀਂ ਹੁੰਦਾ।

ਸੂਝਵਾਨ ਪਾਠਕ ਜਾਣਦੇ ਹਨ ਕਿ ਲੋਹ ਪੁਰਸ਼ ਅਤੇ ਪੁਰਸ਼ ਵਿਚ ਕਾਫੀ ਅੰਤਰ ਹੁੰਦਾ ਹੈ। ਬੰਦਿਆਂ ਨਾਲ ਭਰੇ ਇਸ ਜਹਾਨ ਵਿਚ ਸਿਰਫ਼ ਮੁੱਠੀ ਭਰ ਇਨਸਾਨ ਯਾਦਗਾਰੀ ਮਿਸਾਲ ਬਣਦੇ ਹਨ। ਅਮੋਲਕ ਸਿੰਘ ਜੰਮੂ ਵਰਗੀ ਸਿਰਮੌਰ ਸ਼ਖ਼ਸੀਅਤ ਨੂੰ ਦੋ-ਚਾਰ ਲਾਈਨਾਂ ਵਿਚ ਬੰਦ ਕਰਨਾ ਉਸ ਨਾਲ ਇਨਸਾਫ ਨਹੀਂ ਹੋਵੇਗਾ। ਕੁੱਜਿਆਂ ਵਿਚ ਸਮੁੰਦਰ ਬੰਦ ਨਹੀਂ ਹੁੰਦੇ ਤੇ ਨਾ ਹੀ ਅਮੋਲਕ ਜੰਮੂ ਵਰਗੇ ਵਿਸ਼ਾਲ ਦਿਲ ਵਾਲੇ ਦਿਲਦਾਰ ਹੀ। 1978 ਤੋਂ 'ਪੰਜਾਬੀ ਟ੍ਰਿਬਿਊਨ' ਵਿਚ ਪੱਤਰਕਾਰੀ ਦਾ ਲੰਮਾ ਕੈਰੀਅਰ ਸ਼ੁਰੂ ਕਰਨ ਵਾਲੇ ਅਮੋਲਕ ਸਿੰਘ ਜੰਮੂ, ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਅਤੇ ਪੱਤਰਕਾਰੀ ਦੇ ਪੋਸਟ ਗਰੈਜੂਏਟ ਸਨ।



**ਕੁਲਵਿੰਦਰ ਸਿੰਘ ਬਾਠ**
**ਫੋਨ: 209-600-2897**

ਪੰਜਾਬੀ ਅਖ਼ਬਾਰ ਦੀ ਸ਼ੁਰੂਆਤ ਕਰਨਾ ਅਤੇ ਉਹ ਵੀ ਪਰਦੇਸ ਵਿਚ ਕੋਈ ਸੌਖਾ ਕਾਰਜ ਨਹੀਂ ਹੈ। ਸਿਰੜੀ, ਹਿੰਮਤੀ ਅਤੇ ਦੂਰਦਰਸ਼ੀ ਸੋਚ ਦੇ ਮਾਲਕ ਅਮੋਲਕ ਜੰਮੂ ਨੇ ਢਾਈ ਕੁ ਦਹਾਕੇ ਪਹਿਲਾਂ ਲਏ 'ਪੰਜਾਬ ਟਾਈਮਜ਼' ਦੇ ਸੁਪਨੇ ਨੂੰ ਸਿਰਫ਼ ਰੂਹ ਨਾਲ ਸਾਕਾਰ ਹੀ ਨਹੀਂ ਕੀਤਾ, ਬਲਕਿ, ਬੁਲੰਦੀਆਂ ਤੱਕ ਵੀ ਪਹੁੰਚਾਇਆ। ਇਹ ਪੇਪਰ ਲੇਖਕਾਂ, ਪਾਠਕਾਂ ਅਤੇ ਸਾਹਿਤ ਪ੍ਰੇਮੀਆਂ ਦੀ ਰੂਹ ਦੀ ਖ਼ੁਰਾਕ ਹੈ।

'ਬੋਲਦੇ ਅੱਖਰਾਂ' ਵਾਲਾ 'ਪੰਜਾਬ ਟਾਈਮਜ਼' ਮਹਿਜ਼ ਇੱਕ ਅਖ਼ਬਾਰ ਹੀ ਨਹੀਂ, ਸਗੋਂ, ਪਾਏਦਾਰ ਸਾਹਿਤਕ ਸਮੱਗਰੀ ਨਾਲ ਭਰਪੂਰ ਵਿਲੱਖਣ ਖਜ਼ਾਨਾ ਹੈ। 4 ਪੰਨਿਆਂ ਤੋਂ ਸ਼ੁਰੂ ਹੋਏ ਇਸ ਪੇਪਰ ਦਾ ਪੰਨਾ-ਪੰਨਾ ਪੜ੍ਹਨਯੋਗ ਹੁੰਦਾ ਹੈ। ਦੁਨੀਆ ਭਰ ਦੇ ਸੁਲਝੇ ਹੋਏ ਲਿਖਾਰੀ ਅਤੇ ਸਾਹਿਤ ਪ੍ਰੇਮੀ ਇਸਦਾ ਹਿੱਸਾ ਬਣਨਾ ਆਪਣਾ ਮਾਣ ਸਮਝਦੇ ਹਨ।

ਅਮੋਲਕ ਜੰਮੂ ਨੇ ਆਪਣੀ ਪੱਤਰਕਾਰੀ ਦਾ ਮੁੱਢਲਾ ਸਮਾਂ ਪੰਜਾਬੀ ਟ੍ਰਿਬਿਊਨ ਦੇ ਲੇਖੇ ਲਾਇਆ। ਇਸ ਲੇਖੇ-ਜੋਖੇ ਦੇ 12 ਸਾਲ ਪਰੂਫ ਰੀਡਰ ਤੋਂ ਸਬ-ਐਡੀਟਰ ਵਾਲੀ ਪੌੜੀ ਚੜ੍ਹਦਿਆਂ ਲੱਗ ਗਏ। ਘੱਟ ਮਿੱਠੇ ਤੇ ਬਹੁਤੇ ਕੌੜੇ ਤਜਰਬਿਆਂ, ਸੌੜੀਆਂ ਰਾਜਨੀਤਕ ਚਾਲਾਂ, ਯੂਨੀਅਨ ਦੇ ਦਬਾਓ, ਤਰੱਕੀਆਂ ਲਈ ਲੱਗੀਆਂ ਜੰਗਾਂ ਅਤੇ 'ਬਾਰਾਂ ਸਾਲ ਬਾਅਦ ਰੂੜੀ ਦੇ ਸੁਣੇ ਜਾਣ' ਦੌਰਾਨ ਉਸ ਨੇ ਐਮ. ਫਿਲ., ਲਾਅ, ਮਾਸ ਕਮਿਊਨੀਕੇਸ਼ਨ ਦੀਆਂ ਡਿਗਰੀਆਂ ਵੀ ਪੂਰੀਆਂ ਕਰ ਲਈਆਂ ਅਤੇ ਟ੍ਰਾਂਸਲੇਸ਼ਨ ਦਾ ਡਿਪਲੋਮਾ ਵੀ ਹਾਸਲ ਕਰ ਲਿਆ। ਪਲ-ਪਲ ਚੁੱਭਦੇ ਕੰਡਿਆਂ ਨੂੰ ਜਰਦੇ ਰਹੇ ਤੇ ਤਿਮਾਹੀ-ਛਿਮਾਹੀ ਖਿੜਦੇ ਅਤੇ ਮਹਿਕਦੇ ਫੁੱਲਾਂ ਦੀ ਖੁਸ਼ਬੂ ਨੂੰ ਮਾਣਦੇ ਰਹੇ। 'ਜ਼ਿੰਦਗੀ ਦੇ ਰੰਗ ਸੱਜਣਾ... ਅੱਜ ਹੋਰ ਤੇ ਕੱਲ੍ਹ ਨੂੰ ਹੋਰ' ਸੋਚਦਿਆਂ ਕਠਿਨਾਈਆਂ ਤੇ ਅਟਕਲਾਂ ਦੌਰਾਨ ਵੀ ਧੁਰ ਰੂਹ ਤੋਂ ਮੁਸਕਰਾਉਂਦੇ ਰਹੇ।

ਪੰਜਾਬੀ ਟ੍ਰਿਬਿਊਨ ਨਾਲ ਪਈ ਮੁਹੱਬਤ ਬਾਰੇ ਉਹ ਫਿਰ ਵੀ ਆਖ ਛੱਡਦੇ,... 'ਸੱਜਣ-ਮਿੱਤਰ ਅਤੇ ਪੜ੍ਹਨ ਵਾਲੇ ਅਕਸਰ ਕਹਿ ਦਿੰਦੇ ਨੇ ਕਿ 'ਪੰਜਾਬ ਟਾਈਮਜ਼' ਵਿਚੋਂ 'ਪੰਜਾਬੀ ਟ੍ਰਿਬਿਊਨ' ਵਰਗਾ ਸਾਹਿਤਕ ਰਸ ਆਉਂਦਾ ਹੈ ਤੇ ਟ੍ਰਿਬਿਊਨ ਦਾ ਝਉਲਾ ਵੀ ਪੈਂਦਾ ਹੈ...। ਮੈਂ ਕਿਵੇਂ ਸਮਝਾਵਾਂ ਉਨ੍ਹਾਂ ਸੱਜਣਾ-ਮਿੱਤਰਾਂ ਨੂੰ ਕਿ 'ਪੰਜਾਬੀ ਟ੍ਰਿਬਿਊਨ' ਤਾਂ ਮੇਰੀ ਰੂਹ ਅਤੇ ਹੱਡਾਂ ਵਿਚ ਰਚਿਆ ਹੋਇਆ ਹੈ!' ਪੰਜਾਬੀ ਟ੍ਰਿਬਿਊਨ ਵਿਚ ਬਿਤਾਇਆ ਵਕਤ ਅਤੇ ਤਜਰਬਾ 'ਪੰਜਾਬ ਟਾਈਮਜ਼' ਦਾ ਨੀਂਹ ਪੱਥਰ ਬਣ ਗਿਆ।

ਸੰਸਾਰ ਪ੍ਰਸਿੱਧ ਸਾਇੰਸਦਾਨ 'ਸਟੀਫਨ ਹਾਕਿੰਗ' ਨੂੰ ਅਮੋਲਕ ਜੀ ਆਪਣਾ ਰੋਲ ਮਾਡਲ ਮੰਨਦੇ ਸਨ। ਅਮੋਲਕ ਜੰਮੂ ਨੂੰ ਜਾਨਣ ਵਾਲੇ ਉਸ ਨੂੰ 'ਪੰਜਾਬੀਆਂ ਦਾ ਸਟੀਫਨ ਹਾਕਿੰਗ' ਆਖਦੇ ਹਨ। ਇੱਕ ਬਹੁਤ ਹੀ ਪ੍ਰਤਿਭਾਸ਼ਾਲੀ ਸ਼ਖ਼ਸੀਅਤ ਜਿਸ ਨੇ ਦ੍ਰਿੜ ਵਿਸ਼ਵਾਸ, ਸੱਚੀ ਲਗਨ ਅਤੇ ਹਿੰਮਤ ਨਾਲ ਆਪਣੀ ਮੰਜ਼ਿਲ ਪਾਉਣ ਦੀ ਵਿਲੱਖਣ ਮਿਸਾਲ ਕਾਇਮ ਕੀਤੀ। ਸੰਘਰਸ਼ ਭਰਪੂਰ ਜੀਵਨ ਜਿਉਂਦਿਆਂ ਵੀ ਲਗਨ, ਚੜ੍ਹਦੀ ਕਲਾ ਅਤੇ ਜ਼ਿੰਦਾਦਿਲੀ ਅਮੋਲਕ ਜੰਮੂ ਜੀ ਦੀ ਰੂਹ ਅੰਦਰ ਹਮੇਸ਼ਾ ਕਾਇਮ ਰਹਿੰਦੀ ਸੀ। ਜਿਉਂਦੇ ਜੀਅ... ਪਰਬਤਾਂ ਦੀ ਹਿੱਕ ਵਿਚੋਂ ਫੁੱਟੇ ਚਸ਼ਮੇ ਵਾਂਗ ਉਹ ਖ਼ੁਦ ਦੇ ਪੈਂਡੇ ਖ਼ੁਦ ਬਣਾਉਂਦੇ ਰਹੇ ਅਤੇ ਆਪਣੀ ਤੋਰੇ ਨਿਰੰਤਰ ਵਹਿੰਦੇ ਰਹੇ...।

ਭਾਈ ਵੀਰ ਸਿੰਘ ਦੀਆਂ ਇਹ ਖ਼ੂਬਸੂਰਤ ਸਤਰਾਂ ਮੈਨੂੰ ਅਕਸਰ ਹੀ ਅਮੋਲਕ ਜੰਮੂ ਦੀ ਜ਼ਿੰਦਗੀ ਨੂੰ ਬਿਆਨ ਕਰਦੀਆਂ ਲੱਗਦੀਆਂ ਰਹਿੰਦੀਆਂ ਹਨ...

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ
ਓਹ ਕਰ ਅਰਾਮ ਨਹੀਂ ਬਹਿੰਦੇ।
ਨਿਉਂ ਵਾਲੇ ਨੈਣਾਂ ਕੀ ਨੀਂਦਰ
ਓਹ ਦਿਨੇ ਰਾਤ ਪਏ ਵਹਿੰਦੇ।
ਇੱਕੋ ਲਗਨ ਲੱਗੀ ਲਈ ਜਾਂਦੀ
ਹੈ ਟੋਰ ਅਨੰਤ ਉਨ੍ਹਾਂ ਦੀ,
ਵਸਲੋਂ ਉਰੇ ਮੁਕਾਮ ਨ ਕੋਈ
ਸੋ ਚਾਲ ਪਏ ਨਿਤ ਰਹਿੰਦੇ।

ਇਹ ਗੱਲ ਬਿਲਕੁਲ ਦਰੁਸਤ ਹੈ ਕਿ ਦੁਨੀਆ ਦੀ ਲੰਮੀ-ਚੌੜੀ ਭੀੜ ਵਿਚ ਉਹ ਸ਼ਖ਼ਸ ਤੁਹਾਡਾ ਆਪਣਾ ਹੀ ਹੁੰਦਾ ਹੈ ਜਿਸ ਨਾਲ ਗੱਲਬਾਤ ਕਰਦਿਆਂ ਮਨ ਦਾ ਦੁੱਖ ਘਟ ਜਾਏ.. ਅਤੇ ਖ਼ੁਸ਼ੀ ਕਈ ਗੁਣਾ ਵਧ ਜਾਏ। ਅਮੋਲਕ ਸਿੰਘ ਜੰਮੂ ਨੂੰ ਕਰੀਬ ਤੋਂ ਜਾਨਣ ਵਾਲੇ ਵੀ ਉਨ੍ਹਾਂ ਬਾਰੇ ਕੁਝ ਇੰਜ ਹੀ ਆਖਦੇ ਨੇ!! ਮੇਰਾ ਉਨ੍ਹਾਂ ਨਾਲ ਆਹਮੋ-ਸਾਹਮਣੇ ਮੇਲ ਮਿਲਾਪ ਤਾਂ ਨਾ ਹੋ ਸਕਿਆ, ਪਰ ਈ-ਮੇਲ ਰਾਹੀਂ ਗੱਲਾਂ-ਬਾਤਾਂ ਅਕਸਰ ਹੁੰਦੀਆਂ ਰਹੀਆਂ, ਵਿਚਾਰਾਂ ਦਾ ਆਦਾਨ-ਪ੍ਰਦਾਨ ਹੁੰਦਾ ਰਿਹਾ ਅਤੇ ਰਾਬਤਾ ਕਾਇਮ ਰਿਹਾ।

'ਪੰਜਾਬ ਟਾਈਮਜ਼' ਅਤੇ ਪੰਜਾਬੀ ਸਾਹਿਤ ਵਿਚ ਮੇਰੀ ਰੁਚੀ ਨੂੰ ਜਾਣਦਿਆਂ ਉਨ੍ਹਾਂ ਕਈ ਵਾਰ ਤਾਕੀਦ ਕੀਤੀ,...

'ਤੁਸੀਂ ਕੁਝ ਲਿਖ ਸਕਦੇ ਹੋ। ਜ਼ਰੂਰ ਲਿਖਿਆ ਕਰੋ! ਲਿਖ ਕੇ ਪੰਜਾਬ ਟਾਈਮਜ਼ ਨੂੰ ਭੇਜਿਆ ਵੀ ਕਰੋ!'

ਇੱਕ ਵਾਰ ਮੈਂ ਪੁੱਛ ਹੀ ਲਿਆ,...

'ਜੇ ਕੁਝ ਲਿਖਿਆ ਅਤੇ ਭੇਜਿਆ... ਤਾਂ ਛਾਪੋਗੇ ਵੀ?'

ਅੱਗੋਂ ਜਵਾਬ ਆਇਆ,...

'ਹਾਂ... ਬਿਲਕੁਲ ਛਾਪਾਂਗੇ... ਜੇਕਰ 'ਛਾਪਣ ਵਾਲਾ' ਲਿਖਿਆ ਹੋਵੇਗਾ... ਤਾਂ..ਹੀ!!'

ਅਮੋਲਕ ਜੰਮੂ ਦੇ ਵਿਦਿਆਰਥੀ ਜੀਵਨ ਦੀਆਂ ਦਿਲਚਸਪ ਯਾਦਾਂ ਵਾਲੇ ਚਰਚਿਤ ਕਾਲਮ 'ਕਮਲਿਆਂ ਦਾ ਟੱਬਰ' ਸਮੇਤ 'ਪੰਜਾਬ ਟਾਈਮਜ਼' ਪੇਪਰ ਨੂੰ ਮੈਂ ਹਮੇਸ਼ਾ ਪੜ੍ਹਦਾ ਰਿਹਾ ਹਾਂ।



ਅੱਜ ਵੀ ਪੜ੍ਹਦਾ ਹਾਂ, ਪਰ ਬਹੁਤ ਕੋਸ਼ਿਸ਼ ਦੇ ਬਾਵਜੂਦ ਵੀ ਅਮੋਲਕ ਜੀ ਦੇ ਜਿਉਂਦੇ-ਜੀਅ ਮੈਂ ਕੁਛ ਨਾ ਲਿਖ ਸਕਿਆ। ਇਸ ਗੱਲ ਦਾ ਮੈਨੂੰ ਪਛਤਾਵਾ ਰਹੇਗਾ।

ਅਮੋਲਕ ਜੀ ਬੜੇ ਸਿਰੜੀ ਇਨਸਾਨ ਸਨ। ਉਨ੍ਹਾਂ ਦੀ ਦਲੇਰਾਨਾ ਸੋਚ ਤੇ ਸਿਰੜੀ ਸੁਭਾਅ ਦੀ ਇੱਕ ਝਲਕ ਇਸ ਸਕਾਰਾਤਮਕ ਸੁਨੇਹੇ ਅੰਦਰ ਸਾਫ ਝਲਕਦੀ ਹੈ, ਜੋ ਉਨ੍ਹਾਂ ਮੈਨੂੰ 25 ਫ਼ਰਵਰੀ 2017 ਨੂੰ ਈ-ਮੇਲ ਰਾਹੀਂ ਭੇਜਿਆ ਸੀ...

**Bath Sahib,**

**Thanks for your kind words of sympathy.This will encourage me to fight with my problem. By the way Stephen Hawkins is my role model. He is fighting with ALS since more than 52 years and I am fighting with it since 42 years.**

**I am determined to keep the fight on.**

**Thanks.**

**Amolak Singh Jammu**

ਜਹਾਨ ਨੂੰ ਖ਼ਬਰਾਂ ਦੇਣ ਵਾਲੇ 'ਲੋਹੇ ਦੇ ਬੰਦੇ' ਦੇ ਖ਼ੁਦ ਹੀ ਤੁਰ ਜਾਣ ਦੀ ਖ਼ਬਰ ਪਰਿਵਾਰ ਸਮੇਤ ਉਸ ਦੇ ਜਾਣੂਆਂ, ਸਾਹਿਤ ਪ੍ਰੇਮੀਆਂ ਅਤੇ ਦੋਸਤਾਂ-ਮਿੱਤਰਾਂ ਦੀ ਰੂਹ ਕੱਢ ਕੇ ਲੈ ਗਈ!

ਉਸ ਦਿਨ ਅੰਬਰ ਕਾਲਾ ਹੋਇਆ, ਜਿਸ ਦਿਨ ਸਾਡਾ ਯਾਰ ਤੁਰ ਗਿਆ।

ਹਾਸੇ ਤੁਰ ਗਏ, ਮਹਿਫ਼ਲ ਛੱਡ ਕੇ, ਸਾਡੇ 'ਚੋਂ ਸਰਦਾਰ ਤੁਰ ਗਿਆ।

... ਗੁਰਭਜਨ ਗਿੱਲ

ਭਾਵੇਂ ਜੰਮੂ ਜੀ ਸਰੀਰਕ ਤੌਰ 'ਤੇ ਸਾਡੇ ਤੋਂ ਵਿਛੜ ਗਏ, ਪਰ ਕਿਹਾ ਇਹ ਵੀ ਜਾਂਦਾ ਹੈ ਕਿ ਵਿਛੜਨ ਵਾਲੇ ਮੁਹੱਬਤੀ ਇਨਸਾਨ ਪੂਰੀ ਤਰ੍ਹਾਂ ਕਦੇ ਵੀ ਨਹੀਂ ਵਿਛੜਦੇ। ਉਨ੍ਹਾਂ ਦਾ ਕੁਝ ਹਿੱਸਾ ਸਾਡੇ ਦਿਲਾਂ ਅੰਦਰ ਰਹਿ ਜਾਂਦਾ ਹੈ ਅਤੇ ਸਾਡਾ 'ਕੁਛ ਨਾ ਕੁਛ' ਉਹ ਆਪਣੇ ਨਾਲ ਲੈ ਜਾਂਦੇ ਹਨ। ਅਮੋਲਕ ਸਿੰਘ ਜੰਮੂ ਵੀ ਇਹੋ ਜਿਹੀ ਸ਼ਖ਼ਸੀਅਤ ਹੀ ਸਨ ਜੋ ਜਾ ਕੇ ਵੀ ਕਦੀ ਨਹੀਂ ਗਏ... ਹਿੰਮਤੀ ਅਤੇ ਸਿਰੜੀ ਸੁਖ਼ਨਵਰ... ਸੁਰਜੀਤ ਪਾਤਰ ਜੀ ਦੇ ਕਹਿਣ ਵਾਂਗ...

ਜਦੋਂ ਤਕ ਲਫਜ਼ ਜਿਊਂਦੇ ਨੇ ਸੁਖਨਵਰ ਜਿਓਣ ਮਰ ਕੇ ਵੀ।

ਉਹ ਕੇਵਲ ਜਿਸਮ ਹੁੰਦੇ ਨੇ ਜੋ ਸਿਵਿਆਂ ਵਿਚ ਸੁਆਹ ਬਣਦੇ

ਅਮੋਲਕ ਜੰਮੂ ਜੀ ਮਿਠ-ਬੋਲੜੇ, ਮਿਲਣਸਾਰ, ਮੁਹੱਬਤੀ, ਖ਼ੂਬਸੂਰਤ ਸ਼ਖ਼ਸੀਅਤ ਅਤੇ ਵਧੀਆ ਇਨਸਾਨ ਸਨ ਜੋ ਸਮਾਜ ਨੂੰ ਖ਼ੂਬਸੂਰਤ ਬਣਾਉਣ ਨੂੰ ਆਪਣਾ ਫ਼ਰਜ਼ ਸਮਝਦੇ ਸਨ। ਇਹੋ ਜਿਹੇ ਜ਼ਿੰਦਾ-ਦਿਲ ਤੇ ਮੁਹੱਬਤੀ ਵਣਜਾਰੇ ਬਹੁਤਾਤ ਵਿਚ ਨਹੀਂ ਹੁੰਦੇ... ਜੋ ਆਪਣੀ ਮੁਹੱਬਤ, ਸਾਹਿਤਕ ਸਫ਼ਰਾਂ ਦੀਆਂ ਪੈੜਾਂ, ਸਮਾਜਿਕ ਅਤੇ ਸੱਭਿਆਚਾਰਕ ਕਾਰਜਾਂ ਕਾਰਨ ਲੋਕਾਂ ਦੇ ਮਨਾਂ ਵਿਚ ਜਿਉਂਦੇ-ਵੱਸਦੇ ਰਹਿੰਦੇ ਹਨ।

ਭਾਵੇਂ...
ਕਦੇ ਕਦਾਈਂ ਹੀ ਸਹੀ
ਪਰ ਕੁਝ ਕੁ ਜ਼ਿੰਦਾ-ਦਿਲ ਲੋਕ
ਮਿਲਦੇ ਹਨ ਤਾਂ ਮਹਿਕਾਂ ਫੈਲਾ ਜਾਂਦੇ ਨੇ
ਲੰਘਦੇ-ਵੜਦੇ ਸੰਦਲੀ ਪੈੜਾਂ ਪਾ ਜਾਂਦੇ ਨੇ
ਜ਼ਿੰਦਾਦਿਲੀ ਦੀ ਜਿਉਂਦੀ ਮਿਸਾਲ ਬਣ ਜਾਂਦੇ ਨੇ
ਚਿੱਟੀ ਧੁੱਪ ਦੀਆਂ ਕਣੀਆਂ ਵਿਚ ਖਿੜ-ਖਿੜ
ਹੱਸਦੇ ਫੁੱਲਾਂ ਵਾਂਗ ਮੁਹੱਬਤਾਂ ਵੰਡਦੇ ਜਾਂਦੇ ਨੇ

ਉਂਜ...
ਐਸੇ ਖੁੱਲ੍ਹ-ਦਿਲੇ ਲੋਕ
ਕਿਤੇ ਕਿਤੇ ਈ ਮਿਲਦੇ ਹਨ
ਬੰਦਿਆਂ ਦੀਆਂ ਲੰਮੀਆਂ ਚੌੜੀਆਂ
ਭੀੜਾਂ ਵਿਚੋਂ ਐਸੇ ਮੁਹੱਬਤੀ ਵਣਜਾਰਿਆਂ ਨੂੰ
ਢੂੰਡਣਾ ਮੁਸ਼ਕਲ ਹੁੰਦਾ ਹੈ
ਛੱਡਣਾ ਹੋਰ ਮੁਸ਼ਕਲ ਹੁੰਦਾ ਹੈ
ਵਿਛੜਨਾ ਉਸ ਤੋਂ ਵੀ ਮੁਸ਼ਕਲ ਹੁੰਦਾ ਹੈ
ਭੁੱਲਣਾ ਤਾਂ ਨਾਮੁਮਕਿਨ ਹੀ ਹੁੰਦਾ ਹੈ !!

ਅਮੋਲਕ ਸਿੰਘ ਜੰਮੂ ਨੇ ਆਪਣੀ ਜ਼ਿੰਦਗੀ ਨੂੰ ਪੰਜਾਬੀ ਸਾਹਿਤ, ਸਮਾਜ, ਅਤੇ ਸੱਭਿਆਚਾਰ ਦੇ ਲੇਖੇ ਲਾਉਂਦਿਆਂ 'ਪੰਜਾਬ ਟਾਈਮਜ਼' ਦਾ ਜੋ ਬੀਜ ਬੀਜਿਆ ਸੀ ਉਹ ਅੱਜ ਇੱਕ ਛਾਂ-ਦਾਰ ਅਤੇ ਫ਼ਲ-ਦਾਰ ਬਿਰਖ ਬਣ ਕੇ ਉਸ ਦੀ ਮੁਹੱਬਤੀ ਰੂਹ ਦੇ ਸੰਗ ਝੂਲ ਰਿਹਾ ਹੈ...!

ਸਾਹਿਤਕ ਹਲਕਿਆਂ ਵਿਚ ਅਮੋਲਕ ਜੰਮੂ ਅਤੇ 'ਪੰਜਾਬ ਟਾਈਮਜ਼' ਦਾ ਨਿਵੇਕਲਾ ਸਥਾਨ ਹੈ। ਜੰਮੂ ਜੀ ਦੇ ਸਰੀਰਕ ਤੌਰ 'ਤੇ ਵਿਛੜ ਜਾਣ ਤੋਂ ਬਾਅਦ ਉਨ੍ਹਾਂ ਦੀ ਜੀਵਨ ਸਾਥਣ ਜਸਪ੍ਰੀਤ ਕੌਰ ਅਤੇ 'ਪੰਜਾਬ ਟਾਈਮਜ਼' ਦੀ ਪੂਰੀ ਟੀਮ ਪੂਰੀ ਮਿਹਨਤ ਅਤੇ ਲਗਨ ਨਾਲ ਇਸ 'ਲੋਹ ਪੁਰਸ਼' ਦੇ ਮਿਸ਼ਨ ਨੂੰ ਹੋਰ ਅੱਗੇ ਤੋਰ ਰਹੇ ਹਨ।

ਏਸ ਮੁਹੱਬਤੀ ਇਨਸਾਨ ਨੂੰ ਯਾਦ ਕਰਦਿਆਂ...


ਆਸ ਅਤੇ ਅਰਦਾਸ ਹੈ ਕਿ ਉਹ ਜਿੱਥੇ ਵੀ ਹਨ,... ਹਮੇਸ਼ਾ ਖੁਸ਼ ਰਹਿਣ!!

ਜ਼ਿੰਦਗੀ ਜ਼ਿੰਦਾਬਾਦ।

---

# ਅਮੋਲਕ ਹੁੰਦੇ ਮੁੱਲਵਾਨ, ਨਾਮ ਹੀ ਦੱਸਦਾ
# ਮਿੱਤਰ-ਪਿਆਰਾ ਹਮੇਸ਼ਾਂ, ਚੇਤਿਆਂ ਵਿਚ ਰਹੇਗਾ ਵੱਸਦਾ!

ਅਚਾਨਕ ਹੀ ਮਿਲਿਆ 1980 ਵਿਚ, ਆਕਰਸ਼ਕ ਸ਼ਖਸੀਅਤ ਦਾ ਮਾਲਕ, ਅਚਾਨਕ ਹੀ ਪੰਜ ਸਾਲ ਪਹਿਲੇ ਵਿਛੋੜਾ ਦੇ ਗਿਆ। ਪਹਿਲੀ ਵਾਰ ਮਿਲਿਆ ਸੀ ਮੇਰੇ ਪਿੰਡ ਦੇ ਨੇੜੇ ਨਿਦਾਮਪੁਰ ਬੱਸ ਅੱਡੇ 'ਤੇ। ਸਿਰਸਾ-ਚੰਡੀਗੜ੍ਹ ਰੂਟ ਦੀ ਬੱਸ, ਛੋਟੇ ਅੱਡਿਆਂ 'ਤੇ ਨਹੀਂ ਸੀ ਰੁਕਦੀ। ਮੈਂ ਹੱਥ ਦਾ ਇਸ਼ਾਰਾ ਕੀਤਾ ਰੁਕਣ ਲਈ, ਬਹੁਤੀ ਸਵਾਰੀ ਨਹੀਂ ਸੀ ਬੱਸ ਵਿਚ, ਤੇਜ਼ ਰਫ਼ਤਾਰ ਬੱਸ ਰੁਕਦਿਆਂ-ਰੁਕਦਿਆਂ, ਵੀਹ ਗਜ਼ ਅੱਗੇ ਜਾ ਕੇ ਰੁਕੀ।



**ਅਮਰਜੀਤ ਸਿੰਘ ਤੂਰ**
**ਫੋਨ: 98784-69639**

ਮੇਰੇ ਕੋਲ 50 ਕਿਲੋ ਕਣਕ ਦੀ ਬੋਰੀ ਅਤੇ ਬੈਗ ਸਨ। ਮੈਂ ਦੌੜ ਕੇ ਪਹਿਲਾਂ ਕਣਕ ਦੀ ਬੋਰੀ, ਬੱਸ ਦੀ ਪਿਛਲੀ ਵਿੰਡੋ ਵਿਚ ਸੁੱਟ ਦਿੱਤੀ, ਅੰਦਰੋਂ ਅਮੋਲਕ ਸਿੰਘ ਉੱਠ ਕੇ ਆਇਆ, ਉਸਨੇ ਮੇਰੀ ਬੋਰੀ ਫੜੀ, ਮੈਂ ਦੁਬਾਰਾ ਦੌੜ ਕੇ ਕੱਪੜਿਆਂ ਵਾਲਾ ਬੈਗ ਚੁੱਕ ਕੇ ਲਿਆਂਦਾ, ਬੜੀ ਮੁਸ਼ਕਿਲ ਨਾਲ ਬੱਸ ਵਿਚ ਚੜ੍ਹਿਆ। ਮੈਂ ਵੀ ਚੰਡੀਗੜ੍ਹ ਹੀ ਪਹੁੰਚਣਾ ਸੀ। ਅਮੋਲਕ ਸਿੰਘ ਨਾਲ ਖੁੱਲ੍ਹ ਕੇ ਗੱਲਾਂ ਹੋਈਆਂ ਇਹ ਸੀ ਮੇਰੀ ਪਹਿਲੀ ਮੁਲਾਕਾਤ।

ਇਸ ਤੋਂ ਬਾਅਦ ਵੀ ਅਮੋਲਕ ਸਿੰਘ ਨਾਲ ਪੰਜਾਬੀ ਟ੍ਰਿਬਿਊਨ ਦੇ ਦਫਤਰ ਵਿਚ ਮੁਲਾਕਾਤ ਹੁੰਦੀ ਰਹਿੰਦੀ ਸੀ। 1983-84 ਵਿਚ ਉਨ੍ਹਾਂ ਦੀ ਸ਼ਾਦੀ ਹੋ ਗਈ, ਮੈਂ ਪਰਿਵਾਰ ਸਮੇਤ 15 ਸੈਕਟਰ ਕਿਰਾਏ 'ਤੇ ਰਹਿੰਦਾ ਸੀ। ਉਹ ਮੇਰੇ ਕੋਲ ਆਏ ਕਿ ਮਕਾਨ ਕਿਰਾਏ ਵਾਸਤੇ ਚਾਹੀਦਾ ਹੈ। ਵਿਚਕਾਰਲੀ ਮੰਜ਼ਿਲ ਉੱਤੇ ਇੱਕ ਸੈਟ ਖਾਲੀ ਸੀ, ਮੇਰੇ ਨਾਲ ਦੇ ਸੈਟ ਵਿਚ ਹੀ ਉਨ੍ਹਾਂ ਨੇ ਡੇਰਾ ਲਾ ਲਿਆ। ਉੱਥੇ ਹੀ ਉਨ੍ਹਾਂ ਦੀ ਪਤਨੀ ਨਾਲ, ਮੇਰੀ ਮੁਲਾਕਾਤ ਹੋਈ। ਤਿੰਨ-ਚਾਰ ਮਹੀਨੇ ਬਾਅਦ ਉਨ੍ਹਾਂ ਨੂੰ ਟ੍ਰਿਬਿਊਨ ਕਲੋਨੀ ਵਿਚ ਹੀ ਮਕਾਨ ਅਲਾਟ ਹੋ ਗਿਆ। ਮੈਂ ਫੋਟੋ ਕੈਪਸ਼ਨ ਵਿਚ ਵੀ ਭਾਗ ਲੈਂਦਾ ਸੀ, ਅਤੇ ਹੋਰ ਰਚਨਾਵਾਂ ਵੀ ਉਨ੍ਹਾਂ ਦੇ ਰਾਹੀਂ ਟ੍ਰਿਬਿਊਨ ਵਿਚ ਛਪਦੀਆਂ ਰਹੀਆਂ।



1990-91 ਵਿਚ ਮੇਰਾ ਰਾਬਤਾ ਉਨ੍ਹਾਂ ਨਾਲ ਟੁੱਟ ਗਿਆ। ਕਈ ਥਾਵਾਂ ਤੋਂ ਪੁੱਛ-ਪੜਤਾਲ ਕਰਨ ਤੋਂ ਬਾਅਦ ਵੀ ਪਤਾ ਨਾ ਚੱਲਿਆ। ਫਿਰ ਇੱਕ ਆਰਟੀਕਲ ਉਨ੍ਹਾਂ ਦੇ ਪਿਤਾ ਜੀ ਨੂੰ ਸ਼ਰਧਾਂਜਲੀ ਦੇ ਤੌਰ 'ਤੇ ਛਪਿਆ ਉਸ ਤੋਂ ਪਤਾ ਲੱਗਿਆ ਕਿ ਉਨ੍ਹਾਂ ਨੇ ਆਪਣਾ 'ਪੰਜਾਬ ਟਾਈਮਜ਼' ਦਾ ਹਫਤਾਵਾਰੀ ਅਖਬਾਰ ਯੂ.ਐਸ.ਏ. ਤੋਂ ਛਾਪਣਾ ਸ਼ੁਰੂ ਕਰ ਦਿੱਤਾ ਹੈ। ਕੈਪਸ਼ਨ ਮੁਕਾਬਲੇ ਵਾਲਾ ਕਾਲਮ 'ਪੰਜਾਬੀ ਟ੍ਰਿਬਿਊਨ' ਨੇ ਬੰਦ ਕਰ ਦਿੱਤਾ ਸੀ। ਫਿਰ 'ਪੰਜਾਬ ਟਾਈਮਜ਼' ਵਿਚ ਕੈਪਸ਼ਨ ਮੁਕਾਬਲਾ ਅਤੇ ਮੇਰੀਆਂ ਹੋਰ ਰਚਨਾਵਾਂ ਛਪਦੀਆਂ ਰਹੀਆਂ।

21 ਸਾਲ ਦੀ ਉਮਰ ਵਿਚ ਹੀ ਉਨ੍ਹਾਂ ਨੂੰ ਏਐਲਐਸ ਨਾਮ ਦੀ ਨਾਮੁਰਾਦ ਬਿਮਾਰੀ ਨੇ ਘੇਰ ਲਿਆ। ਅਪ੍ਰੈਲ 2021 ਵਿਚ ਉਹ ਇਸ ਫਾਨੀ ਦੁਨੀਆ ਤੋਂ ਕੂਚ ਕਰ ਗਏ। ਸਦਾ ਲਈ ਅਮਰ ਹੋ ਗਏ। ਹੁਣ ਸਾਡੇ ਲਈ ਚਾਨਣ ਮੁਨਾਰੇ ਦਾ ਕੰਮ ਕਰਨਗੇ।

***ਅਲਵਿਦਾ!***

# ਨਿਰੰਤਰ ਸਫ਼ਲਤਾ ਦਾ ਸਿਰਨਾਵਾਂ ਸੁਨੰਦਾ ਸ਼ਰਮਾ

ਕਲਾ ਪਰਿਕਰਮਾ

ਅਜੀਤਪਾਲ ਜੀਤੀ

ਸੁਨੰਦਾ ਸ਼ਰਮਾ ਪੰਜਾਬੀ ਗਾਇਕੀ ਤੇ ਅਦਾਕਾਰੀ ਦੇ ਖੇਤਰ ਵਿਚ ਵੱਡੀਆਂ ਸੰਭਾਵਨਾਵਾਂ ਸਮੋਈ ਬੈਠੀ ਹੈ। ਉਸ ਦੇ ਹੁਣ ਤੱਕ ਦੇ ਸਫ਼ਰ ਨੇ ਸਾਬਤ ਕਰ ਦਿੱਤਾ ਹੈ ਕਿ ਉਸ ਦੀ ਮੰਜ਼ਿਲ-ਏ-ਮਕਸੂਦ ਅਸਮਾਨ ਹੈ। ਜੇਕਰ ਇਮਾਨਦਾਰੀ ਨਾਲ ਉਸ ਦੀ ਸ਼ਖ਼ਸੀਅਤ ਦਾ ਮੁਲਾਂਕਣ ਕੀਤਾ ਜਾਵੇ ਤਾਂ ਇੰਜ ਮਹਿਸੂਸ ਹੁੰਦਾ ਹੈ ਕਿ ਉਹ ਬਣੀ ਹੀ ਕਲਾ ਲਈ ਹੈ। ਦੂਜੇ ਪਾਸੇ- ਇਹ ਵੀ ਮੰਨਣਾ ਪਵੇਗਾ ਕਿ ਉਹ ਕਿਸਮਤ ਵਾਲੀ ਵੀ ਬਹੁਤ ਹੈ। ਸੂਰਜ ਦੀ ਤਰ੍ਹਾਂ ਦਗਦੇ ਉਸ ਦੇ ਚਿਹਰੇ 'ਤੇ ਐਨਾ ਜਲੌਅ ਖੇਡਦਾ ਰਹਿੰਦਾ ਹੈ ਕਿ ਉਸ ਨੂੰ ਵੇਖਣ ਵਾਲੇ ਤਮਾਮ ਲੋਕ ਵੀ ਊਰਜਾਵਾਨ ਹੋ ਜਾਂਦੇ ਹਨ।



ਸਕਾਰਾਤਮਕਤਾ ਸੁਨੰਦਾ ਸ਼ਰਮਾ ਦਾ ਮੀਰੀ ਗੁਣ ਆਖਿਆ ਜਾ ਸਕਦਾ ਹੈ। ਲੱਖਾਂ ਲੋਕਾਂ ਦੇ ਦਿਲਾਂ ਦੇ ਰਾਜ਼ ਕਰਨ ਦੇ ਨਾਲ ਉਹ ਪਿਛਲੇ ਸਮੇਂ ਦੌਰਾਨ ਕੁਝ ਪਰਿਵਾਰਕ ਦਰਦਾਂ ਨਾਲ ਵੀ ਦੋ-ਚਾਰ ਹੁੰਦੀ ਰਹੀ ਹੈ ਪਰ ਉਹ ਹਰ ਘਟਨਾ ਵਿੱਚੋਂ ਪਹਿਲਾਂ ਦੇ ਮੁਕਾਬਲਤਨ ਹੋਰ ਮਜ਼ਬੂਤ ਹੋ ਕੇ ਨਿਕਲਦੀ ਰਹੀ ਹੈ। ਇਸ ਵੇਲੇ ਉਸ ਦੌਲਤ ਤੇ ਸ਼ੋਹਰਤ ਦੀ ਕੋਈ ਵੀ ਕਮੀ ਨਹੀਂ ਪਰ ਕੁਦਰਤ ਦੀ ਰਹਿਮਤ ਇਹ ਵੀ ਹੈ ਕਿ ਉਹ ਅੱਤ ਦਰਜੇ ਦੀ ਹਲੀਮੀ ਤੇ ਨਿਮਰਤਾ ਬਰਕਰਾਰ ਰੱਖਣ ਵਾਲੀ ਕੁੜੀ ਸਾਬਤ ਹੋਈ ਹੈ। ਅਸਲ ਵਿਚ ਸੁਨੰਦਾ ਦੀ ਵੱਡੀ ਸੰਗੀਤ ਕੰਪਨੀ ਨਾਲ ਸੰਗਤ ਉਸ ਲਈ ਸੋਨੇ 'ਤੇ ਸੁਹਾਗਾ ਹੋ ਨਿੱਬੜੀ। ਬੇਸ਼ੱਕ ਸੋਨਾ ਤਾਂ ਸੁਨੰਦਾ ਪਹਿਲਾਂ ਹੀ ਸੀ ਪਰ ਉਸ ਦਾ ਮਨਮੋਹਕ ਗਹਿਣਾ ਨਿਪੁੰਨ ਕਾਰੀਗਰਾਂ ਦੇ ਮੁਬਾਰਕ ਹੱਥਾਂ ਨੇ ਬਣਾਇਆ।



ਪਹਿਲੇ ਗੀਤ 'ਬਿੱਲੀ ਅੱਖ' ਤੋਂ ਪਹਿਲਾਂ ਲਗਾਤਾਰ 18-18 ਘੰਟੇ ਸੁਨੰਦਾ ਨੂੰ ਬਾਕਾਇਦਾ ਤਾਲੀਮ ਦਿੱਤੀ ਜਾਂਦੀ ਰਹੀ। ਵੱਡੀ ਗੱਲ ਇਹ ਹੈ ਕਿ ਸੁਨੰਦਾ ਕਦੇ ਵੀ ਮਿਹਨਤ ਕਰਨ ਤੋਂ ਨਹੀਂ ਭੱਜੀ। ਟੀਮ ਤੋਂ ਪਹਿਲਾਂ ਹੀ ਸੁਨੰਦਾ ਤਿਆਰੀ ਲਈ ਤਿਆਰ ਬਰ ਤਿਆਰ ਰਹਿੰਦੀ ਹੈ। ਬੇਸ਼ੱਕ ਪਹਿਲੇ ਗੀਤ ਤੋਂ ਬਾਅਦ ਹੀ ਸੁਨੰਦਾ ਦੇ ਹਿੱਸੇ ਵੱਡਾ ਸਟਾਰਡਮ ਆ ਗਿਆ ਸੀ ਪਰ ਉਸ ਨੇ ਮਿਹਨਤ ਹੋਰ ਵੀ ਸਖ਼ਤ ਕਰ ਦਿੱਤੀ। ਉਸ ਦੇ ਨੇੜੇ ਰਹਿਣ ਵਾਲੇ ਦੱਸਦੇ ਕਿ ਉਹ ਅੱਜ ਵੀ ਨਵੇਂ ਗੀਤ ਦੀ ਤਿਆਰੀ ਸਮੇਂ ਆਪਣੇ ਆਪ ਨੂੰ ਮੁੱਢਲੇ ਪੜਾਅ 'ਤੇ ਹੀ ਮਹਿਸੂਸ ਕਰ ਕੇ ਮੁਸ਼ੱਕਤ ਕਰਦੀ ਹੈ। ਆਪਣੀ ਹਰੇਕ ਸਫਲਤਾ ਨੂੰ ਉਹ ਪੜਾਅ ਦਾ ਦਰਜਾ ਹੀ ਦਿੰਦੀ ਹੈ। ਜੇਕਰ ਇਹ ਵੀ ਆਖ ਦੇਈਏ ਕਿ ਉਹ ਹਰ ਗੀਤ ਨੂੰ ਗਾਉਣ ਸਮੇਂ ਖ਼ੁਦ ਗੀਤ ਬਣ ਜਾਂਦੀ ਹੈ ਤਾਂ ਵੀ ਕੋਈ ਅੱਤਕਥਨੀ ਨਹੀਂ ਹੋਵੇਗੀ। ਜਿਥੇ ਉਸ ਦੇ ਸੁਭਾਅ ਵਿਚ ਕਲ-ਕਲ ਵਗਦੇ ਪਾਣੀਆਂ ਵਰਗੀ ਸ਼ਾਂਤੀ ਹੈ, ਉਥੇ ਜ਼ਿੰਦਗੀ ਨੂੰ ਰੱਜ ਕੇ ਜਿਊਣ ਦਾ ਜਜ਼ਬਾ ਵੀ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਆਪਣੇ ਮਕਸਦ ਤੋਂ ਸੁਨੰਦਾ ਕਦੇ ਇਕ ਰੱਤੀ ਵੀ ਆਸ-ਪਾਸ ਨਹੀਂ ਗਈ। ਖ਼ਾਸ ਕਿਸਮ ਦੀ ਮਾਸੂਮੀਅਤ ਉਸ ਦੀ ਹਸਤੀ ਨੂੰ ਹੋਰ ਵੀ ਚਾਰ ਚੰਨ ਲਗਾ ਦਿੰਦੀ ਹੈ। ਸਟੇਜ 'ਤੇ ਜਾਂ ਰੂਬਰੂ ਸਮੇਂ ਗਾਉਣ ਦੇ ਨਾਲ-ਨਾਲ ਸੁਨੰਦਾ ਦਾ ਬੋਲਣ ਦਾ ਮਖ਼ਸੂਸ ਅੰਦਾਜ਼ ਵੀ ਲੋਕਾਂ 'ਤੇ ਜਾਦੂਈ ਅਸਰ ਕਰਦਾ ਹੈ। ਮਿੱਠੇ-ਮਿੱਠੇ ਲਫਜ਼ਾਂ ਦਾ ਉਸ ਦੇ ਮੁਖ਼ਾਰ ਬਿੰਦ ਵਿੱਚੋਂ ਉਚਾਰਣ ਇੰਜ ਅਹਿਸਾਸ ਕਰਵਾਉਂਦਾ ਹੈ, ਜਿਵੇਂ ਉਸ ਦੇ ਬੋਲਣ ਸਮੇਂ ਫੁੱਲ ਕਿਰਦੇ ਹੋਣ। ਸੁਨੰਦਾ ਦਾ ਮਨਮੋਹਕ ਹਾਸਾ ਤਾਂ ਕਹਿੰਦੀਆਂ-ਕਹਾਉਂਦੀਆਂ ਅਦਾਕਾਰਾਂ ਨੂੰ ਮਾਤ ਦਿੰਦਾ ਹੈ। ਅਨੇਕ ਰੁਝੇਵਿਆਂ ਦੀ ਥਕਾਵਟ ਕਦੇ ਵੀ ਉਸ ਨੇ ਮਹਿਸੂਸ ਨਹੀਂ ਕੀਤੀ। ਕੁਦਰਤ ਤੇ ਕਾਦਰ ਵਿਚ ਉਸ ਦਾ ਪੂਰਾ ਵਿਸ਼ਵਾਸ ਹੈ। ਸੁਨੰਦਾ ਮੰਨਦੀ ਹੈ ਕਿ ਗੀਤਾਂ ਵਿਚ ਮਨੋਰੰਜਨ ਦੇ ਨਾਲ-ਨਾਲ ਸਮਾਜਿਕ ਚੁਣੌਤੀਆਂ ਦੀ ਗੱਲ ਵੀ ਹੋਣੀ ਚਾਹੀਦੀ ਹੈ।

ਸੁਨੰਦਾ ਮੂਲ ਰੂਪ ਵਿਚ ਬੇਹੱਦ ਸੰਵੇਦਨਸ਼ੀਲ ਰੂਹ ਹੈ। ਸਮਾਜ ਦਾ ਦਰਦ ਉਸ ਨੂੰ ਕਈ ਵਾਰ ਪੂਰੀ ਤਰ੍ਹਾਂ ਝੰਜੋੜ ਦਿੰਦਾ ਹੈ। ਲੋਕਾਂ ਦੇ ਦਰਦ ਵਿਹਾਜਣ ਲਈ ਵਕਤ ਵੀ ਜ਼ਰੂਰ ਕੱਢਦੀ ਹੈ। ਕਦੇ ਉਹ ਮੰਦਬੁੱਧੀ ਤੇ ਲਾਵਾਰਿਸ ਬੱਚਿਆਂ ਨਾਲ ਵਕਤ ਗੁਜ਼ਾਰਦੀ ਹੈ ਅਤੇ ਕਦੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਨਤਮਸਤਕ ਹੋਣ ਲਈ ਵੀ ਲੰਬਾ ਪੈਂਡਾ ਸਰ ਕਰਦੀ ਹੈ। ਇਹ ਵੀ ਸਨਦ ਰਹੇ ਕਿ ਸੁਨੰਦਾ ਜਿਥੇ ਦੋ ਪੈਰ ਵੱਧ ਤੁਰ ਰਹੀ ਹੈ, ਉਥੇ ਤੁਰ ਵੀ ਪੂਰੀ ਮੜਕ ਨਾਲ ਰਹੀ ਹੈ। ਉਸ ਦਾ ਅਕਸ ਨਿਰੰਤਰ ਵੱਡਾ ਹੋ ਰਿਹਾ ਹੈ। ਇਸ ਤੋਂ ਵੱਡੀ ਗੱਲ ਕੀ ਹੋ ਸਕਦੀ ਹੈ. ਕਿ ਫਿਲਮਾਂ ਵਾਲੇ ਤੇ ਦੁਨੀਆ ਭਰ ਦੇ ਪਰਮੋਟਰ ਸੁਨੰਦਾ ਨਾਲ ਕੰਮ ਕਰਨ ਨੂੰ ਆਪਣੇ ਧੰਨਭਾਗ ਸਮਝਦੇ ਹਨ।

**ਸੁਨੰਦਾ ਦੀ ਇਕ ਹੋਰ ਵੱਡੀ ਪ੍ਰਾਪਤੀ ਹੈ ਉਸ ਦਾ ਗੀਤ 'ਪਟਾਕੇ'। ਇਸ ਗੀਤ ਦੀ ਸਫਲਤਾ ਨੇ ਤਾਂ ਪੰਜਾਬੀ ਸੰਗੀਤ ਖੇਤਰ ਦੀਆਂ ਸੀਮਾਵਾਂ ਹੀ ਹੋਰ ਮਿਥ ਦਿੱਤੀਆਂ ਹਨ। ਪਿੰਡਾਂ ਦੇ ਟਰੈਕਟਰਾਂ ਤੋਂ ਲੈ ਕੇ ਕਰੋੜਾਂ ਰੁਪਏ ਦੀਆਂ ਗੱਡੀਆਂ ਵਿਚ ਇਹ ਗਾਣਾ ਨਿਰੰਤਰ ਵਜਦਾ ਸੁਣਿਆ ਜਾ ਸਕਦਾ ਹੈ। 'ਜਾਨੀ ਤੇਰਾ ਨਾਂਅ' ਅਤੇ 'ਮੋਰਨੀ' ਵੀ ਸੁਨੰਦਾ ਦੇ ਯਾਦਗਾਰੀ ਟਰੈਕ ਆਖੇ ਜਾ ਸਕਦੇ ਹਨ।**

ਪੰਜਾਬ ਦੇ ਸਭ ਤੋਂ ਵੱਡੇ ਹੀਰੋ ਮੰਨੇ ਜਾਂਦੇ ਦਿਲਜੀਤ ਦੋਸਾਂਝ ਨਾਲ 'ਸੱਜਣ ਸਿੰਘ ਰੰਗਰੂਟ' ਵਰਗੀ ਵੱਡੀ ਫਿਲਮ ਵਿਚ ਕੰਮ ਕਰਨਾ ਸੁਨੰਦਾ ਦੀ ਪ੍ਰਤਿਭਾ ਦਾ ਇਕ ਖ਼ਾਸ ਤਸਦੀਕਸ਼ੁਦਾ ਪ੍ਰਮਾਣ ਹੈ। ਹਾਂ, ਬੇਸ਼ੱਕ ਅੱਜ ਉਹ ਅਸਮਾਨ ਨੂੰ ਛੂਹ ਰਹੀ ਹੈ ਪਰ ਪੈਰ ਉਸ ਦੇ ਸਰਜ਼ਮੀਂ 'ਤੇ ਹੀ ਹਨ। ਆਪਣੀਆਂ ਜੜ੍ਹਾਂ ਦੀ ਅਹਿਮੀਅਤ ਕਦੇ ਵੀ ਉਸ ਨੇ ਜ਼ਿੰਦਗੀ ਵਿੱਚੋਂ ਮਨਫ਼ੀ ਨਹੀਂ ਹੋਣ ਦਿੱਤੀ। ਅੰਮ੍ਰਿਤਸਰ ਜ਼ਿਲ੍ਹੇ ਦਾ ਕਸਬਾ ਫਤਹਿਗੜ੍ਹ ਚੂੜੀਆਂ ਉਸ ਦੀ ਜਨਮ ਭੂਮੀ ਹੈ ਅਤੇ ਕਰਮ ਭੂਮੀ ਸ਼ੁਰੂ ਤੋਂ ਹੀ ਮੋਹਾਲੀ ਰਹੀ ਹੈ। ਸੁਨੰਦਾ ਇਕੱਲੇ ਪੰਜਾਬ ਜਾਂ ਭਾਰਤ ਦੀ ਨਹੀਂ ਸਗੋਂ ਵਿਸ਼ਵ ਭਰ ਵਿਚ ਪੰਜਾਬੀਆਂ ਤੇ ਗ਼ੈਰ-ਪੰਜਾਬੀਆਂ ਦੀ ਗਾਇਕਾ ਤੇ ਨਾਇਕਾ ਸਾਬਿਤ ਹੋ ਰਹੀ ਹੈ। ਦਿੱਲੀ, ਰਾਂਚੀ, ਮੁੰਬਈ, ਰਾਜਸਥਾਨ ਤੋਂ ਲੈ ਕੇ ਦੇਸ਼ ਦੇ ਹਰ ਰਾਜ ਵਿਚ ਉਸ ਦੇ ਸ਼ੋਅ ਹੋਏ ਹਨ। ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ, ਯੂਰਪ ਸਮੇਤ ਹਰ ਛੋਟੇ-ਵੱਡੇ ਦੇਸ਼ ਵਿਚ ਸੁਨੰਦਾ ਸ਼ੋਅ ਸੋਲਡਆਊਟ ਰਹੇ ਹਨ।

ਸੁਨੰਦਾ ਦੀ ਇਕ ਹੋਰ ਵੱਡੀ ਪ੍ਰਾਪਤੀ ਹੈ ਉਸ ਦਾ ਗੀਤ 'ਪਟਾਕੇ'। ਇਸ ਗੀਤ ਦੀ ਸਫਲਤਾ ਨੇ ਤਾਂ ਪੰਜਾਬੀ ਸੰਗੀਤ ਖੇਤਰ ਦੀਆਂ ਸੀਮਾਵਾਂ ਹੀ ਹੋਰ ਮਿਥ ਦਿੱਤੀਆਂ ਹਨ। ਪਿੰਡਾਂ ਦੇ ਟਰੈਕਟਰਾਂ ਤੋਂ ਲੈ ਕੇ ਕਰੋੜਾਂ ਰੁਪਏ ਦੀਆਂ ਗੱਡੀਆਂ ਵਿਚ ਇਹ ਗਾਣਾ ਨਿਰੰਤਰ ਵਜਦਾ ਸੁਣਿਆ ਜਾ ਸਕਦਾ ਹੈ। 'ਜਾਨੀ ਤੇਰਾ ਨਾਂਅ' ਅਤੇ 'ਮੋਰਨੀ' ਵੀ ਸੁਨੰਦਾ ਦੇ ਯਾਦਗਾਰੀ ਟਰੈਕ ਆਖੇ ਜਾ ਸਕਦੇ ਹਨ। ਵਿਆਹਾਂ ਵਿਚ ਸੁਨੰਦਾ ਦਾ ਸ਼ੋਅ ਕਰਵਾਉਣਾ ਜਿਥੇ ਲੋਕਾਂ ਲਈ 'ਸਟੇਟਸ ਸਿੰਬਲ' ਬਣ ਗਿਆ ਹੈ, ਉਥੇ ਜਨਤਕ ਸਮਾਗਮਾਂ ਵਾਲਿਆਂ ਲਈ 'ਕਰਾਊਡ ਪੁੱਲਰ ਕਲਾਕਾਰਾ ਦਾ ਖ਼ਿਤਾਬ ਵੀ ਉਸ ਦੇ ਹਿੱਸੇ ਆਉਂਦਾ ਹੈ। ਪੰਜਾਬੀ ਸੰਗੀਤ ਦੀ ਸਫਲਤਾ ਤੋਂ ਬਾਅਦ ਸੁਨੰਦਾ ਲਈ ਬਾਲੀਵੁੱਡ ਦਾ ਰਾਹ ਵੀ ਪੂਰੀ ਤਰ੍ਹਾਂ ਸਾਫ਼ ਹੋ ਚੁੱਕਾ ਹੈ।



## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਜੁਲਾਈ 2026 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-751



*ਕਰ ਗਿਆ ਮੇਰਾ ਦੇਸ਼ ਤਰੱਕੀ, ਹਾਲੇ ਹਾਲ਼ੀ ਪਾਲ਼ੀ ਉਹੀਓ ਹੈ,*
*ਹਿੰਮਤ ਰਹੀ ਨ ਬਲਦ ਖਰੀਦੇ, ਪਰ ਗਲ਼ ਪੰਜਾਲ਼ੀ ਉਹੀਓ ਹੈ।*
*ਚਾਹੇ ਵਤਨ ਪਹੁੰਚਿਆ ਮੰਗਲ, ਸ਼ਬ ਹਨ੍ਹੇਰੀ ਕਾਲ਼ੀ ਉਹੀਓ ਹੈ,*
*ਦਿਨ ਬਦਲੇ ਨੇਤਾਵਾਂ ਦੇ 'ਕੱਲੇ, ਸਾਡੇ ਈਦ ਦੀਵਾਲ਼ੀ ਉਹੀਓ ਹੈ।*

### ਕੈਪਸ਼ਨ ਮੁਕਾਬਲਾ-749



ਰਹਿੰਦੀਆਂ ਸੀ ਕਦੇ ਘਰ ਹੀ ਵੜੀਆਂ।
ਕਹਿੰਦੇ ਸਨ ਉਨ੍ਹਾਂ ਕੁੜੀਆਂ ਚਿੜੀਆਂ।
ਹੁੰਦੀਆਂ ਨਹੀਂ ਸਨ ਬਹੁਤਾ ਪੜ੍ਹੀਆਂ।
ਚੁਲ੍ਹੇ ਸਾਂਭਣ ਜਿੰਨਾ ਗੂੜ੍ਹੀਆਂ ਰੜ੍ਹੀਆਂ।
ਬਦਲਿਆ ਸਮਾਂ ਨਜ਼ਰੀਏ ਹਾਲਾਤ।
ਘਰੋਂ ਨਿਕਲ ਉਨ੍ਹਾਂ ਮਾਰੀ ਝਾਤ।
ਚੜ੍ਹਿਆ ਦਿਨ ਸ਼ੁਭ, ਗੁਜ਼ਰੀ ਰਾਤ।
ਮਰਦ ਔਰਤਾਂ ਕਰਨ ਖੜ੍ਹ ਬਾਤ।
ਖੇਡ ਮੈਦਾਨਾਂ ਵਿਚ ਆ ਖੜ੍ਹੀਆਂ।
ਨਾਲ ਮਰਦ ਪੁਲਾੜ ਜਾ ਚੜ੍ਹੀਆਂ।
ਫ਼ੌਜੀ ਬਣ ਕੇ ਸਰਹੱਦ 'ਤੇ ਲੜੀਆਂ।
ਰਫ਼ਤਾਰ ਇੰਨੀ, ਜਾਣ ਨਾ ਫੜੀਆਂ।

***-ਗੁਰਬਖਸ਼ ਸਿੰਘ 'ਨਾਕਾਮ'***

---

ਹੱਥਾਂ ਵਿਚ ਨਿਸ਼ਾਨ ਜਿੱਤ ਦਾ
ਚਿਹਰੇ ਉੱਪਰ ਚਮਕ ਹੈ ਛਾਈ।
ਜੇਤੂ ਪੈਰ ਟਿਕਾ ਕੇ ਬਾਲ 'ਤੇ
ਨਾਲ਼ ਮਾਣ ਤਸਵੀਰ ਖਿਚਾਈ।
ਸ਼ਾਬਾਸ਼ ਧੀਏ! ਅੰਬਰ ਛੂਹੇਂ
ਹੋਰਨਾਂ ਲਈ ਮਿਸਾਲ ਬਣਾਈ।

***-ਜਗਮੀਤ ਸਿੰਘ ਪੰਧੇਰ***

---

ਕਈ ਅਰਸੇ ਦੁਰਕਾਰਦੇ ਰਹੇ
ਲੋਕ ਧੀਆਂ ਨੂੰ
ਅੱਜ ਸਾਬਤ ਹੋ ਗਿਆ
ਅਰਸ਼ ਅਤੇ ਫਰਸ਼ 'ਤੇ
ਧੀਆਂ ਕਿਸੇ ਤੋਂ ਘੱਟ ਨਹੀਂ
ਪੁਲਾੜ 'ਚ ਹਰ ਮੁਸ਼ਕਲ ਕੰਮ 'ਚ
ਹਰ ਖਿੱਤੇ 'ਚ ਪੁਲਿੰਗ ਇਸਤਰੀ ਲਿੰਗ
ਕੋਈ ਕਿਸੇ ਤੋਂ ਘੱਟ ਨਹੀਂ
ਖੇਡਾਂ 'ਚ ਤਾਂ ਅੱਜ ਸਭ ਤੋਂ ਅੱਗੇ
ਦੁਨੀਆ ਦੀ ਕਾਇਨਾਤ
ਵੰਸ਼ ਹੀ ਖਤਮ ਹੋ ਜਾਂਦੇ
ਜੇ ਇਸਤਰੀ ਹੀ ਨਾ ਹੁੰਦੀ।

***-ਦਰਸ਼ਨ ਪਾਲ ਦੋਸਾਂਝ***

## ਭੂਆ ਦਾ ਸਤਗੁਰ

*ਸ਼ਾਮ ਨੂੰ ਰਹਿਰਾਸ ਸਮੇਂ ਭਾਈ ਜੀ ਸਾਡੇ ਘਰ ਦੇ ਨੇੜੇ ਬਣੇ ਗੁਰੂ ਦੇ ਸਪੀਕਰ ਵਿਚ ਸ਼ਬਦ ਗਾਇਨ ਕਰ ਰਹੇ ਸੀ ਸਤਿਗੁਰ ਮੇਰਾ-ਸਤਿਗੁਰ ਮੇਰਾ..!!!*

*ਮੇਰੇ ਮਾਮੇ ਦਾ ਮੁੰਡਾ ਗਲੀ ਚੋਂ ਖੇਡਦਾ ਹੋਇਆ ਭੱਜਿਆ-ਭੱਜਿਆ ਅੰਦਰ ਆ ਵੜਿਆ ਉਸਦੇ ਚਿਹਰੇ ਦੀ ਰੰਗਤ ਬਦਲੀ ਹੋਈ ਸੀ, ਆਉਣ ਸਾਰ ਮੇਰੀ ਮਾਂ ਦੀ ਗੋਦ ਵਿੱਚ ਬੈਠਦਿਆਂ ਰੋਣ-ਹੱਕਾ ਹੋ ਕੇ ਕਹਿਣ ਲੱਗਾ। ਭੂਆ ਮੈਂ ਤਾਂ ਤੇਰਾ, ਮੇਰੀ ਮਾਂ ਨੇ ਹੈਰਾਨ ਹੁੰਦਿਆਂ ਉਸਨੂੰ ਕਲਾਵੇ 'ਚ ਲੈਂਦਿਆਂ ਕਿਹਾ, ਹਾਂ ਪੁੱਤ ਤੂੰ ਮੇਰਾ ਹੀ ਹੈਂ ਕੀ ਹੋਇਆ...?*

*ਤੂੰ ਪਰੇਸ਼ਾਨ ਕਿਉਂ ਹੋ ਰਿਹੈਂ, ਕਿਸੇ ਨੇ ਕੁਝ ਕਿਹਾ ਤੈਨੂੰ। ਉਹ ਹੌਲੀ ਜਿਹੇ ਬੋਲਿਆ ਗੁਰਦੁਆਰੇ ਵਾਲਾ ਬਾਬਾ ਕਹਿੰਦਾ ਸਤਗੁਰ ਮੇਰਾ, ਸਤਗੁਰ ਮੇਰਾ। ਮੈਂ ਤਾਂ ਤੇਰਾਂ। ਉਸਨੇ ਇਹ ਕਹਿੰਦਿਆਂ ਆਪਣੀ ਭੂਆ ਨੂੰ ਘੁੱਟ ਕੇ ਜੱਫੀ ਪਾ ਲਈ। ਸਾਡਾ ਸਾਰਿਆਂ ਦਾ ਹਾਸਾ ਨਿੱਕਲ ਗਿਆ।*

***-ਰਛਪਾਲ ਸਿੰਘ ਰੈਸਲ***

# ਸਮੱਸਿਆਵਾਂ ਨਾਲ ਜੂਝਦੇ ਸ਼ਹਿਰ

ਕੁੱਝ ਕੁ ਸਾਲ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਵੈਬੀਨਾਰ ਵਿਚ ਆਖਿਆ ਸੀ ਕਿ ਆਜ਼ਾਦੀ ਦੇ ਇੰਨੇ ਵਰ੍ਹੇ ਬੀਤਣ ਤੋਂ ਬਾਅਦ ਵੀ ਸ਼ਹਿਰਾਂ ਦਾ ਚੰਗੀ ਤਰ੍ਹਾਂ ਵਿਕਾਸ ਨਹੀਂ ਹੋ ਪਾਇਆ ਹੈ। ਕਰੋੜਾਂ ਰੁਪਏ ਖ਼ਰਚਣ ਦੇ ਬਾਵਜੂਦ ਅੱਜ ਸ਼ਹਿਰ ਅਨੇਕਾਂ ਤਰ੍ਹਾਂ ਦੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ।



**ਸੰਜੀਵ ਸੈਣੀ**

ਹਰ ਮੌਨਸੂਨ 'ਚ ਦੇਸ਼ ਦੇ ਲੋਕ ਬਰਸਾਤ ਸਬੰਧੀ ਸਮੱਸਿਆਵਾਂ ਨਾਲ ਜੂਝਦੇ ਹਨ। ਦੇਸ਼ ਦੇ ਛੋਟੇ-ਵੱਡੇ ਸ਼ਹਿਰ ਪਾਣੀ ਭਰਨ ਨਾਲ ਜੂਝ ਰਹੇ ਹਨ। ਮੌਨਸੂਨ ਦੀ ਪਹਿਲੀ ਬਾਰਿਸ਼ ਕਈ ਥਾਵਾਂ 'ਤੇ ਆਫ਼ਤ ਲੈ ਕੇ ਆਈ ਹੈ। ਲਗਾਤਾਰ ਮੀਂਹ ਪੈਣ ਕਾਰਨ ਕਈ ਥਾਵਾਂ 'ਤੇ ਪਾਣੀ ਭਰਨ ਨਾਲ ਹਾਦਸੇ ਹੁੰਦੇ ਹਨ, ਟਰੈਫਿਕ ਜਾਮ ਹੋ ਜਾਂਦੀ ਹੈ। ਸੜਕਾਂ ਟੁੱਟ ਜਾਂਦੀਆਂ ਹਨ। ਖੁੱਲ੍ਹੇ ਮੈਨਹੋਲਾਂ ਵਿਚ ਵੀ ਕਈ ਲੋਕ ਜਾ ਡਿੱਗਦੇ ਹਨ। ਨਦੀਆਂ-ਨਾਲਿਆਂ ਦੀ ਚੰਗੀ ਤਰ੍ਹਾਂ ਸਫਾਈ ਤੱਕ ਨਹੀਂ ਹੋਈ। ਬਿਜਲੀ ਦੇ ਖੰਭਿਆਂ ਵਿਚ ਕਰੰਟ ਆਉਣ ਕਾਰਨ ਅਣਸੁਖਾਵੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ। ਪਹਾੜੀ ਖੇਤਰਾਂ ਵਿਚ ਲਗਾਤਾਰ ਬੱਦਲ ਫਟਣ ਦੀਆਂ ਖਬਰਾਂ ਅਸੀਂ ਆਮ ਸੁਣਦੇ ਹਾਂ। ਅੱਗੇ ਜਦੋਂ ਹੋਰ ਲਗਾਤਾਰ ਬਾਰਿਸ਼ ਹੋਣੀ ਹੈ ਤਾਂ ਹਾਲਾਤ ਬੇਕਾਬੂ ਹੋ ਸਕਦੇ ਹਨ। ਮੁੰਬਈ ਵਿਚ ਹੋ ਰਹੀ ਲਗਾਤਾਰ ਬਾਰਿਸ਼ ਦੀਆਂ ਖਬਰਾਂ ਅਸੀਂ ਆਮ ਸੁਣ ਰਹੇ ਹਾਂ। ਪਹਾੜੀ ਖੇਤਰਾਂ ਵਿਚ ਲੈਂਡਸਲਾਈਡ ਜਾਂ ਢਿੱਗਾਂ ਡਿੱਗਣ ਦੀਆਂ ਖਬਰਾਂ ਪੜ੍ਹਦੇ ਹਾਂ। ਅੱਜ ਵੱਡੇ ਮਹਾਂ ਨਗਰਾਂ ਨੂੰ ਬਾਰਿਸ਼ ਦੌਰਾਨ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੇਂਡੂ ਸ਼ਹਿਰੀ ਕਸਬਿਆਂ ਦਾ ਤਾਂ ਕੀ ਹਾਲ ਹੋਵੇਗਾ? ਯੋਜਨਾਬੱਧ ਤਰੀਕੇ ਨਾਲ ਵਿਕਾਸ ਨੂੰ ਤਰਜੀਹ ਨਹੀਂ ਦਿੱਤੀ ਗਈ। ਕਈ ਸ਼ਹਿਰਾਂ ਵਿਚ ਗੰਦਗੀ ਦੇ ਢੇਰ ਲੱਗੇ ਹੋਏ ਹਨ। ਕੋਈ ਵਿਰਲਾ ਹੀ ਸ਼ਹਿਰ ਹੋਣਾ, ਜਿਸ ਵਿਚ ਸੀਵਰੇਜ ਤੇ ਪੀਣ ਵਾਲੇ ਪਾਣੀ ਦੀ ਸਪਲਾਈ ਵਧੀਆ ਹੋਵੇ। ਨਹੀਂ ਤਾਂ ਵੱਡੇ-ਵੱਡੇ ਪ੍ਰਾਪਰਟੀ ਡੀਲਰਜ਼ ਨੇ ਸਿਆਸੀ ਲੋਕਾਂ ਨਾਲ ਮਿਲ ਕੇ ਅਣ-ਅਧਿਕਾਰਤ ਕਲੋਨੀਆਂ ਕੱਟੀਆਂ ਹੋਈਆਂ ਹਨ, ਜੋ ਅਨੇਕ ਸਮੱਸਿਆਵਾਂ ਨਾਲ ਘਿਰੀਆਂ ਹੋਈਆਂ ਹਨ। ਨਾ ਤਾਂ ਉੱਥੇ ਪੀਣ ਵਾਲੇ ਪਾਣੀ ਦੀ ਚੰਗੀ ਤਰ੍ਹਾਂ ਸਪਲਾਈ ਹੈ, ਤੇ ਨਾ ਹੀ ਸੀਵਰੇਜ ਦਾ ਕੋਈ ਢੁਕਵਾਂ ਪ੍ਰਬੰਧ ਹੈ। ਸੀਵਰ ਓਵਰ-ਫਲੋ ਕਰਕੇ ਗਲੀਆਂ ਵਿਚ ਜਾ ਰਿਹਾ ਹੈ। ਪਿੱਛੇ ਜਿਹੇ ਇੰਦੌਰ ਸ਼ਹਿਰ ਵਿਚ ਸੀਵਰ ਦਾ ਗੰਦਾ ਪਾਣੀ ਪੀਣ ਵਾਲੇ ਪਾਣੀ ਵਿਚ ਮਿਲਣ ਕਾਰਨ ਕਈ ਜਾਨਾਂ ਗਈਆਂ। ਹਾਲਾਂਕਿ ਸਫਾਈ ਪੱਖੋਂ ਇੰਦੌਰ ਹਮੇਸ਼ਾ ਪਹਿਲੇ ਨੰਬਰ 'ਤੇ ਰਿਹਾ। ਕਈ ਜਗ੍ਹਾ 'ਤੇ ਟਰੀਟਮੈਂਟ ਪਲਾਂਟ ਵੀ ਚਿੱਟਾ ਹਾਥੀ ਸਾਬਤ ਹੋ ਰਹੇ ਹਨ। ਨਤੀਜੇ ਵਜੋਂ ਸ਼ਹਿਰ ਦੀਆਂ ਰੋਜ਼ਾਨਾ ਦੀਆਂ ਮੁਸ਼ਕਲਾਂ ਘਟਣ ਦੇ ਕੋਈ ਆਸਾਰ ਦਿਖਦੇ ਨਹੀਂ ਹਨ। ਟੁੱਟੀਆਂ ਸੜਕਾਂ ਤੇ ਚਿੱਕੜ ਵਾਲੀਆਂ ਗਲੀਆਂ ਵਿਚੋਂ ਲੋਕ ਲੰਘਣ ਲਈ ਮਜਬੂਰ ਹਨ। ਸਫਾਈ ਮੁਲਾਜ਼ਮਾਂ ਨੂੰ ਤਨਖਾਹਾਂ ਲਈ ਹੜਤਾਲਾਂ ਕਰਨੀਆਂ ਪੈਂਦੀਆਂ ਹਨ।

ਸ਼ਹਿਰਾਂ ਮੂਹਰੇ ਅਨੇਕਾਂ ਸਮੱਸਿਆਵਾਂ ਚਟਾਨ ਵਾਂਗੂੰ ਖੜ੍ਹੀਆਂ ਹਨ। ਵਿਚਾਰਨ ਵਾਲੀ ਗੱਲ ਹੈ ਕਿ ਲੋਕ ਪ੍ਰਾਪਰਟੀ ਟੈਕਸ ਭਰਦੇ ਹਨ, ਪਰ ਅਜਿਹੀਆਂ ਬਹੁਤ ਸਾਰੀਆਂ ਕਲੋਨੀਆਂ ਹਨ, ਜਿੱਥੇ ਲੋਕ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਹਨ। ਬਰਸਾਤਾਂ ਦੌਰਾਨ ਸੜਕਾਂ 'ਤੇ ਪਾਣੀ ਖੜ੍ਹਾ ਹੋ ਜਾਂਦਾ ਹੈ। ਫੁੱਟਪਾਥਾਂ 'ਤੇ ਨਾਜਾਇਜ਼ ਕਬਜ਼ੇ ਹਨ, ਜਿਸ ਕਾਰਨ ਰਾਹਗੀਰਾਂ ਨੂੰ ਚੱਲਣ ਵਿਚ ਮੁਸ਼ਕਲ ਆਉਂਦੀ ਹੈ। ਮੋਦੀ ਜੀ ਨੇ ਸੰਬੋਧਨ ਕਰਦਿਆਂ ਕਿਹਾ ਸੀ ਕਿ ਨਗਰ ਕੌਂਸਲ, ਨਗਰ ਨਿਗਮ, ਨਗਰ ਪੰਚਾਇਤਾਂ ਸਥਾਨਕ ਸਰਕਾਰਾਂ ਦੇ ਅਧੀਨ ਆਉਂਦੀਆਂ ਹਨ, ਅਜੇ ਤੱਕ ਵੀ ਇਹ ਸਹੀ ਤਰੀਕੇ ਨਾਲ ਕੰਮ ਨਹੀਂ ਕਰ ਰਹੀਆਂ। ਸ਼ਹਿਰਾਂ ਦਾ ਵਿਕਾਸ ਕਰਨਾ ਸੂਬਾ ਸਰਕਾਰ ਦੀ ਜ਼ਿੰਮੇਵਾਰੀ ਹੈ। ਮੋਦੀ ਜੀ ਨੇ ਕਿਹਾ ਕਿ ਆਜ਼ਾਦੀ ਦੇ ਇੰਨੇ ਵਰ੍ਹੇ ਬਾਅਦ ਵੀ ਲੋਕਾਂ ਨੂੰ ਸਾਫ਼-ਸੁਥਰਾ ਪਾਣੀ ਵੀ ਨਹੀਂ ਮਿਲ ਰਿਹਾ, ਜਿਸ ਕਾਰਨ ਲੋਕ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਨਾਲ ਪ੍ਰਭਾਵਿਤ ਹਨ। ਸ਼ਹਿਰੀ ਸਮੱਸਿਆਵਾਂ ਨਾ ਸਿਰਫ ਲੋਕਾਂ ਦੀ ਸਰੀਰਕ ਸਿਹਤ ਬਲਕਿ ਉਨ੍ਹਾਂ ਦੀ ਦਿਮਾਗੀ ਸਿਹਤ 'ਤੇ ਵੀ ਮਾੜਾ ਪ੍ਰਭਾਵ ਪਾ ਰਹੀਆਂ ਹਨ। ਭ੍ਰਿਸ਼ਟਾਚਾਰ ਵੀ ਬਹੁਤ ਗੰਭੀਰ ਮੁੱਦਾ ਹੈ। ਸਮਾਰਟ ਸਿਟੀ ਯੋਜਨਾ ਤਹਿਤ ਸ਼ਹਿਰਾਂ ਨੂੰ ਗਰਾਂਟਾਂ ਵੀ ਵੰਡੀਆਂ ਜਾਂਦੀਆਂ ਹਨ। ਅੰਦਾਜ਼ੇ ਤੋਂ ਤਾਂ ਇਹੀ ਜਾਪਦਾ ਹੈ ਕਿ ਗਰਾਂਟਾਂ ਦੀ ਸਹੀ ਵਰਤੋਂ ਨਹੀਂ ਹੁੰਦੀ ਹੈ। ਅਜਿਹੇ ਕਾਲੋਨਾਈਜ਼ਰ ਦੀਆਂ ਕਾਲੋਨੀਆਂ ਸਥਾਨਕ ਸਰਕਾਰਾਂ ਦੇ ਅਧਿਕਾਰੀਆਂ ਨੂੰ ਬਿਲਕੁਲ ਵੀ ਪਾਸ ਨਹੀਂ ਕਰਨੀਆਂ ਚਾਹੀਦੀਆਂ। ਵੋਟਾਂ ਖ਼ਾਤਰ ਕਈ ਨੇਤਾ ਅਜਿਹੇ ਕਾਲੋਨਾਈਜ਼ਰ ਦਾ ਸਾਥ ਦਿੰਦੇ ਹਨ। ਹਾਲਾਂਕਿ ਅਣ-ਅਧਿਕਾਰਿਤ ਕਾਲੋਨੀਆਂ ਦੀਆਂ ਰਜਿਸਟਰੀਆਂ ਵੀ ਬੰਦ ਹਨ, ਫ਼ਿਰ ਵੀ ਕਈ ਜਗ੍ਹਾ ਅਧਿਕਾਰੀਆਂ ਰਾਹੀਂ ਪੈਸੇ ਲੈ ਕੇ ਰਜਿਸਟਰੀਆਂ ਕਰਨ ਦੀਆਂ ਖ਼ਬਰਾਂ ਸੁਣਦੇ ਹਾਂ। ਅਜਿਹੀਆਂ ਖ਼ਬਰਾਂ ਆਉਂਦੀਆਂ ਹਨ ਕਿ ਅੱਜ ਸਾਡੇ ਸ਼ਹਿਰ ਪ੍ਰਦੂਸ਼ਣ, ਸੀਵਰੇਜ, ਗੰਦਗੀ, ਕੂੜੇ-ਕਰਕਟ ਦੇ ਢੇਰ, ਆਵਾਜਾਈ ਸਮੱਸਿਆ ਨਾਲ ਜੂਝ ਰਹੇ ਹਨ। ਕਾਲੋਨਾਈਜ਼ਰ ਆਮ ਨਾਗਰਿਕਾਂ ਨੂੰ ਝੂਠ, ਬੋਲ ਕੇ ਆਪਣੇ ਜਾਲ ਵਿਚ ਫਸਾ ਲੈਂਦੇ ਹਨ। ਪੈਸੇ ਲੈ ਕੇ ਆਪ ਤਿੱਤਰ ਹੋ ਜਾਂਦੇ ਹਨ ਤੇ ਜੋ ਲੋਕ ਉੱਥੇ ਰਹਿੰਦੇ ਹਨ ਉਨ੍ਹਾਂ ਨੂੰ ਸਾਰੀ ਉਮਰ ਲਈ ਪਿੱਟਣਾ ਪੈ ਜਾਂਦਾ ਹੈ। ਵਿਕਸਿਤ ਭਾਰਤ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਵਧੀਆ ਸ਼ਹਿਰੀ ਬੁਨਿਆਦੀ ਢਾਂਚਾ ਹੋਣਾ ਜ਼ਰੂਰੀ ਹੈ। ਵਧੀਆ ਸ਼ਹਿਰੀਕਰਨ ਲਈ ਸੰਸਦਾਂ ਨੂੰ ਮਾਹਿਰਾਂ ਦੀ ਰਾਏ ਲੈਣੀ ਚਾਹੀਦੀ ਹੈ। ਨਗਰ ਨਿਗਮ ਦੇ ਅਧਿਕਾਰੀਆਂ ਤੇ ਨੁਮਾਇੰਦਿਆਂ ਨੂੰ ਜਵਾਬਦੇਹ ਬਣਾਉਣਾ ਚਾਹੀਦਾ ਹੈ। ਯੋਜਨਾਬੱਧ ਵਿਕਾਸ ਨਾਲ ਹੀ ਵਿਕਸਿਤ ਭਾਰਤ ਦੇ ਟੀਚੇ ਨੂੰ ਹਾਸਿਲ ਕੀਤਾ ਜਾ ਸਕਦਾ ਹੈ।




## ਟਿੰਡ 'ਚ ਕਾਨ੍ਹਾ

ਘੱਗਰਾ ਘੁਮਾਈ ਰੱਖ,
ਗੇੜਾ ਜਿਹਾ ਲਾਈ ਰੱਖ-
ਵਿਹਲਿਆਂ ਦੇ ਨਾਲੋਂ
ਕਾਨ੍ਹਾ ਟਿੰਡ ਵਿੱਚ ਪਾਈ ਰੱਖ...।

ਲੀਡਰਾਂ ਨੂੰ ਛੱਡ ਹੁਣ ਇਨ੍ਹਾਂ ਦਾ ਵਸਾਹ ਨੀ
ਨਿੱਤ ਲੈਂਦੇ ਸਿਰ ਨਵੀਂ ਟੋਪੀ 'ਚ ਫਸਾ ਨੀ
ਤੇਰਾ ਈ ਕਸੂਰ ਏ
ਕਾਹਨੂੰ ਰਿਹਾਂ ਝੂਰ ਏ
ਝੋਰਿਆਂ ਦੇ ਵਿਹੜੇ ਵਿਚ ਮੰਜਾ ਬਸ ਡਾਹੀ ਰੱਖ
ਘੱਗਰਾ...।

ਮਿਲ ਦੀਆਂ ਮੁਫਤ ਵਿਚ ਰਿਉੜੀਆਂ ਨੇ ਖਾਣ ਨੂੰ
ਭੁੱਲ ਨਾ ਤੂੰ ਜਾਈਂ ਕਿਤੇ ਐਸ਼ ਜਿਹੀ ਉਡਾਉਣ ਨੂੰ
ਚਿੱਟਾ ਏ ਜਾਂ ਕਾਲਾ ਏ
ਮਿਲਦਾ ਸੁਖਾਲਾ ਏ
ਨਿੱਕੇ ਨਿੱਕੇ ਲਾਲਚਾਂ ਨਾਲ ਪੁੱਤ ਮਰਵਾਈ ਰੱਖ-
ਘੱਗਰਾ...।

ਸਿਆਸਤ ਦੀ ਖੋਲ੍ਹੀ ਇਨ੍ਹਾਂ ਸਾਂਝੀ ਹੀ ਦੁਕਾਨ ਏ
ਹਾਲੇ ਤੱਕ ਥੋਨੂੰ ਇਹੋ ਆਈ ਨੀ ਪਛਾਣ ਏ
ਬੋਚੀ ਜਾਵੋ ਬੁਰਕੀਆਂ
ਸਹੀ ਜਾਵੋ ਘੁਰਕੀਆਂ
ਗੁੱਡੀ ਵਾਂਗ ਸੁਪਨੇ ਵੀ ਹਵਾ 'ਚ ਉਡਾਈ ਰੱਖ-
ਘੱਗਰਾ...।

ਜਿੰਦਾਬਾਦ ਆਖ ਆਖ ਪਾਈ ਜਾਓ ਬੋਲੀਆਂ
ਇਨ੍ਹਾਂ ਹੀ ਤਾਂ ਸੱਜਣਾਂ ਨੇ ਜਹਿਰਾਂ ਭੌਰੇ ਘੋਲੀਆਂ
ਉੱਚਾ ਐਵੇਂ ਬੋਲੀ ਨਾ
ਭੇਦ ਸਾਰੇ ਖੋਲੀਂ ਨਾ
ਜਿੰਦਾਂ ਕੋਈ ਨੱਚਦਾ ਏ ਉਵੇਂ ਹੀ ਨਚਾਈ ਰੱਖ-
ਘੱਗਰਾ...।

# ਰਣਨੀਤਕ ਖ਼ੁਦਮੁਖਤਿਆਰੀ ਨੂੰ ਖੋਰਾ

***ਦੇਸ਼ ਵਿਚ ਸਾਵਾਂ ਤੇ ਟਿਕਾਊ ਵਿਕਾਸ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਕਿ ਸਾਡੀ ਆਰਥਿਕ ਅਤੇ ਸਮਾਜਿਕ ਵਿਕਾਸ ਦੀ ਨੀਤੀ ਦੇਸ਼ ਦੀਆਂ ਹਕੀਕਤਾਂ ਅਤੇ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਬਣਾਈ ਅਤੇ ਲਾਗੂ ਕੀਤੀ ਜਾਵੇ। ਇਹ ਤਾਂ ਹੀ ਸੰਭਵ ਹੈ ਜੇਕਰ ਦੇਸ਼ ਦੀ ਚੁਣੀ ਹੋਈ ਸਰਕਾਰ ਲੋਕਾਂ ਅਤੇ ਦੇਸ਼ ਦੀਆਂ ਲੋੜਾਂ ਅਨੁਸਾਰ ਸਟੈਂਡ ਲੈਂਦੀ ਹੈ।***

ਬਰਤਾਨਵੀ ਸਾਮਰਾਜ ਤੋਂ ਆਜ਼ਾਦੀ ਮਿਲਣ 'ਤੇ ਸਾਡੇ ਦੇਸ਼ ਵਿਚ ਜਮਹੂਰੀਅਤ ਕਾਇਮ ਕਰਨ ਦਾ ਐਲਾਨ ਕੀਤਾ ਗਿਆ ਸੀ। ਹਰ ਬਾਲਗ ਨਾਗਰਿਕ ਲਈ ਬਗੈਰ ਕਿਸੇ ਭੇਦ-ਭਾਵ ਵੋਟ ਪਾਉਣ ਅਤੇ ਚੋਣ ਲੜਨ ਦਾ ਅਧਿਕਾਰ ਸੰਵਿਧਾਨਕ ਤੌਰ 'ਤੇ ਯਕੀਨੀਂ ਬਣਾਇਆ ਗਿਆ ਅਤੇ ਦੇਸ਼ ਵਿਚ ਜਮਹੂਰੀ, ਧਰਮ-ਨਿਰਪੱਖ ਅਤੇ ਸੁਤੰਤਰ ਗਣਤੰਤਰ ਕਾਇਮ ਕੀਤਾ ਗਿਆ। ਇਹ ਕਾਰਜ 26 ਜਨਵਰੀ 1950 ਵਿਚ ਸੰਵਿਧਾਨ ਲਾਗੂ ਕਰਕੇ ਰਸਮੀ ਤੌਰ 'ਤੇ ਪੂਰਾ ਕੀਤਾ ਗਿਆ ਸੀ। ਸੰਸਦ ਅਤੇ ਵਿਧਾਨ ਸਭਾਵਾਂ ਦੀਆਂ 1952 'ਚ ਹੋਈਆਂ ਚੋਣਾਂ ਦੌਰਾਨ ਇਸ ਨੂੰ ਅਮਲੀ ਰੂਪ ਵਿਚ ਲਾਗੂ ਕਰ ਦਿੱਤਾ ਗਿਆ।

ਪੇਂਡੂ ਖੇਤਰਾਂ ਵਿਚ ਭੂਮੀ ਸੁਧਾਰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ। ਜ਼ਮੀਨ ਦੀ ਮਾਲਕੀ ਦੀ ਵੱਧ ਤੋਂ ਵੱਧ ਸੀਮਾ ਨਿਰਧਾਰਿਤ ਕੀਤੀ ਗਈ ਅਤੇ ਵਾਧੂ ਜ਼ਮੀਨ ਨੂੰ ਬੇਜ਼ਮੀਨੇ ਕਿਸਾਨਾਂ ਵਿਚ ਵੰਡਣ ਦੇ ਉਪਰਾਲੇ ਕੀਤੇ ਗਏ। ਮੁਜ਼ਾਰਿਆਂ ਦੀ



**ਸੁੱਚਾ ਸਿੰਘ ਗਿੱਲ**

ਸੁਰੱਖਿਆ ਵਾਸਤੇ ਕਾਨੂੰਨ ਪਾਸ ਕੀਤੇ ਗਏ। ਉਦਯੋਗਿਕ ਨੀਤੀਆਂ ਅਨੁਸਾਰ ਕੁੰਜੀਵਤ ਅਤੇ ਰਣਨੀਤਕ ਉਦਯੋਗਿਕ ਇਕਾਈਆਂ ਨੂੰ ਜਨਤਕ ਖੇਤਰ ਵਾਸਤੇ ਰਾਖਵਾਂ ਕੀਤਾ ਗਿਆ।

ਘਰੇਲੂ ਅਤੇ ਛੋਟੀਆਂ ਦਸਤਕਾਰੀਆਂ ਨੂੰ ਖ਼ਾਸ ਰਿਆਇਤਾਂ ਦੇਣ ਦਾ ਐਲਾਨ ਕੀਤਾ ਗਿਆ। ਉਦਯੋਗਿਕ ਅਤੇ ਵਪਾਰਕ ਖੇਤਰ ਵਿਚ ਅਜ਼ਾਰੇਦਾਰੀ ਨੂੰ ਰੋਕਣ ਵਾਸਤੇ ਵੱਡੀਆਂ ਕੰਪਨੀਆਂ ਨੂੰ ਲਾਇਸੈਂਸ ਜਾਰੀ ਕਰਨ ਵੇਲੇ ਕੁਝ ਸ਼ਰਤਾਂ ਲਗਾਈਆਂ ਗਈਆਂ। 1950ਵਿਆਂ ਅਤੇ 1960ਵਿਆਂ ਦੌਰਾਨ ਲੀਡਰਸ਼ਿਪ ਦਾ ਵਿਚਾਰ ਸੀ ਕਿ ਦੇਸ਼ ਵਿਚ ਆਰਥਿਕ ਅਤੇ ਸਮਾਜਿਕ ਬਰਾਬਰੀ ਅਤੇ ਲੋਕ ਕਲਿਆਣ ਤੋਂ ਬਗੈਰ ਜਮਹੂਰੀਅਤ ਅਤੇ ਗਣਤੰਤਰ ਨੂੰ ਸੁਰੱਖਿਅਤ ਨਹੀਂ ਰੱਖਿਆ ਜਾ ਸਕਦਾ। ਇਸ ਵਿਚਾਰ ਦੇ ਮੁੱਖ ਵਿਆਖਿਆਕਾਰ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਸਨ। ਸੰਵਿਧਾਨ ਦੇ ਲਾਗੂ ਹੋਣ ਤੋਂ ਦੋ ਦਹਾਕਿਆਂ ਤੱਕ ਇਸ ਵਿਚਾਰ 'ਤੇ ਦੇਸ਼ ਵਿਚ ਆਮ ਸਹਿਮਤੀ ਬਣੀ ਹੋਈ ਸੀ।

ਇਸ ਸਮੇਂ ਦੌਰਾਨ ਯੋਜਨਾ ਕਮਿਸ਼ਨ (1960) ਦੀ ਅਗਵਾਈ ਹੇਠ ਦੇਸ਼ ਵਿਚ ਆਰਥਿਕ-ਸਮਾਜਿਕ ਵਿਕਾਸ ਦਾ ਮੁੱਢ ਬੱਝਿਆ। ਜਨਤਕ ਖੇਤਰ ਦੇ ਵਿਕਾਸ ਨਾਲ ਰੁਜ਼ਗਾਰ ਦੀ ਗੁਣਵੱਤਾ ਵਿਚ ਸੁਧਾਰ ਹੋਇਆ। ਕੁੰਜੀਵਤ ਅਤੇ ਰਣਨੀਤਕ ਖੇਤਰਾਂ ਤੋਂ ਅਗਾਂਹ 1969 ਵਿਚ ਵੱਡੇ ਪ੍ਰਾਈਵੇਟ ਬੈਂਕਾਂ ਦਾ ਕੌਮੀਕਰਨ ਕਰਕੇ ਜਨਤਕ ਖੇਤਰ ਦਾ ਪਸਾਰ ਕੀਤਾ ਗਿਆ। ਜਿਸ ਨੂੰ ਮਿਸ਼ਰਤ ਆਰਥਿਕਤਾ ਦਾ ਨਾਮ ਦਿੱਤਾ ਗਿਆ। ਆਰਥਿਕਤਾ ਦੇ ਇਸ ਮਾਡਲ ਨਾਲ ਮਜ਼ਦੂਰ ਅਤੇ ਮੁਲਾਜ਼ਮ ਜਥੇਬੰਦੀਆਂ ਤਕੜੀਆਂ ਹੋਈਆਂ ਅਤੇ ਦੇਸ਼ ਦੀ ਜਮਹੂਰੀਅਤ ਮਜ਼ਬੂਤ ਹੋਈ। ਇਸ ਮਾਡਲ ਨੂੰ ਮਜ਼ਬੂਤੀ ਨਾਲ ਲਾਗੂ ਕਰਨ ਵਿਚ ਮੁਸ਼ਕਿਲਾਂ ਆਈਆਂ ਅਤੇ ਵੱਡੀਆਂ ਕਾਰਪੋਰੇਟ ਕੰਪਨੀਆਂ ਤੇ ਘਰਾਣੇ ਕਾਨੂੰਨੀ ਚੋਰ-ਮੋਰੀਆਂ ਦਾ ਫ਼ਾਇਦਾ ਉਠਾ ਕੇ ਆਪਣਾ ਕਾਰੋਬਾਰ ਫੈਲਾਉਣ ਵਿਚ ਕਾਮਯਾਬ ਰਹੇ।

ਇਸ ਵਿਕਾਸ ਮਾਡਲ ਨੂੰ 1974 ਵਿਚ ਘਰੇਲੂ ਅਤੇ ਵਿਦੇਸ਼ੀ ਦਬਾਅ ਹੇਠ ਗੰਭੀਰ ਚੁਣੌਤੀਆਂ ਨੇ ਆਣ ਘੇਰਿਆ। ਤੇਜ਼ੀ ਨਾਲ ਵਧ ਰਹੀਆਂ ਕੀਮਤਾਂ ਨੇ ਮੁਦਰਾ-ਸਫ਼ੀਤੀ ਦੀ ਸਮੱਸਿਆ ਪੈਦਾ ਕਰ ਦਿੱਤੀ। ਅਲਾਹਾਬਾਦ ਹਾਈਕੋਰਟ ਦੇ ਜੱਜ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸੰਸਦੀ ਚੋਣ ਨੂੰ ਰੱਦ ਕਰ ਦਿੱਤਾ ਸੀ। ਇਸ ਕਰਕੇ ਵਿਰੋਧੀਆਂ ਵੱਲੋਂ ਪ੍ਰਧਾਨ ਮੰਤਰੀ ਦੇ ਅਸਤੀਫ਼ੇ ਦੀ ਮੰਗ ਉੱਠਣ 'ਤੇ ਦੇਸ਼ ਵਿਚ ਅੰਦਰੂਨੀ ਐਮਰਜੈਂਸੀ ਲਗਾ ਦਿੱਤੀ ਗਈ। ਇੱਕ ਲੱਖ ਦੇ ਲਗਪਗ ਵਿਰੋਧੀ ਪਾਰਟੀਆਂ ਦੇ ਆਗੂਆਂ ਅਤੇ ਕਾਰਕੁਨਾਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ ਸੀ। ਅਖ਼ਬਾਰਾਂ 'ਤੇ ਸੈਂਸਰਸ਼ਿਪ ਲਗਾ ਦਿੱਤੀ ਗਈ, ਪਰ ਐਮਰਜੈਂਸੀ ਦਾ ਵਿਰੋਧੀ ਪਾਰਟੀਆਂ ਨੇ ਸਖ਼ਤ ਵਿਰੋਧ ਕੀਤਾ ਸੀ। ਅਖ਼ਬਾਰਾਂ ਵੱਲੋਂ ਸੈਂਸਰ ਕਾਰਨ ਰੋਕੀਆਂ ਖ਼ਬਰਾਂ ਦੀ ਜਗ੍ਹਾ ਖਾਲੀ ਛੱਡ ਕੇ 'ਸੈਂਸਰ ਦੀ ਭੇਟ' ਲਿਖ ਕੇ ਵਿਰੋਧ ਕੀਤਾ ਜਾਂਦਾ ਸੀ। 21 ਮਾਰਚ 1977 ਨੂੰ ਐਮਰਜੈਂਸੀ ਹਟਾ ਦਿੱਤੀ ਗਈ ਅਤੇ ਇਸ ਮਗਰੋਂ ਹੋਈਆਂ ਚੋਣਾਂ ਵਿਚ ਕਾਂਗਰਸ ਪਾਰਟੀ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ। 1980 ਵਿਚ ਕਾਂਗਰਸ ਮੁੜ ਸੱਤਾ ਵਿਚ ਆਈ। ਉਸ ਵੇਲੇ ਵਿਦੇਸ਼ੀ ਸਿੱਕੇ ਦੀ ਘਾਟ ਕਾਰਨ ਕੌਮਾਂਤਰੀ ਮੁਦਰਾ ਕੋਸ਼ ਤੋਂ ਵੱਡਾ ਕਰਜ਼ਾ ਲਿਆ ਗਿਆ ਅਤੇ ਸ਼ਰਤਾਂ ਅਨੁਸਾਰ ਆਰਥਿਕਤਾ ਵਿਚ ਵਿਦੇਸ਼ੀ ਤੇ ਘਰੇਲੂ ਸਰਮਾਏ ਵਾਸਤੇ ਖੁੱਲ੍ਹਾਂ ਮਨਜ਼ੂਰ ਕੀਤੀਆਂ ਗਈਆਂ। ਇਹ ਸਿਲਸਿਲਾ ਲਗਾਤਾਰ ਚਲਦਾ ਰਿਹਾ। ਇਸ ਮਗਰੋਂ 1991 ਵਿਚ ਵੱਡੇ ਝਟਕੇ ਨਾਲ ਨਵੀਂ ਆਰਥਿਕ ਨੀਤੀ ਅਪਣਾਈ ਗਈ ਅਤੇ ਦੇਸ਼ ਦੀ ਆਰਥਿਕਤਾ ਨੂੰ ਕਾਰਪੋਰੇਟ ਘਰਾਣਿਆਂ ਲਈ ਪੂਰੀ ਤਰ੍ਹਾਂ ਖੋਲ੍ਹ ਕੇ ਵਿਸ਼ਵ ਆਰਥਿਕਤਾ ਨਾਲ ਜੋੜ ਦਿੱਤਾ ਗਿਆ। ਪਹਿਲੀ ਜਨਵਰੀ 1996 ਵਿਚ ਵਿਸ਼ਵ ਵਪਾਰ ਸੰਸਥਾ ਦੇ ਹੋਂਦ ਵਿਚ ਆਉਣ ਮਗਰੋਂ ਭਾਰਤ ਦੀ ਆਰਥਿਕਤਾ ਹੋਰ ਜ਼ਿਆਦਾ ਪੱਧਰ 'ਤੇ ਵਿਸ਼ਵ ਆਰਥਿਕਤਾ ਨਾਲ ਜੁੜੀ। ਹੌਲੀ-ਹੌਲੀ ਆਰਥਿਕ ਬਰਾਬਰੀ ਦੇ ਵਿਕਾਸ ਦੇ ਸਿਧਾਂਤ ਦੇ ਉਲਟ ਕਾਰਪੋਰੇਟ ਆਧਾਰਿਤ ਨਾਬਰਾਬਰੀ ਦੇ ਆਰਥਿਕ ਵਿਕਾਸ ਦੇ ਸਿਧਾਂਤ ਨੂੰ ਅਪਣਾ ਲਿਆ ਗਿਆ।

ਇਸ ਦੇ ਮਾੜੇ ਪ੍ਰਭਾਵਾਂ ਨੂੰ ਰੋਕਣ ਲਈ ਸਿੱਖਿਆ ਦਾ ਅਧਿਕਾਰ, ਸੂਚਨਾ ਦਾ ਅਧਿਕਾਰ, ਖੁਰਾਕ ਸੁਰੱਖਿਆ ਅਤੇ ਮਨਰੇਗਾ ਐਕਟ ਪਾਸ ਕੀਤੇ ਗਏ। ਇਨ੍ਹਾਂ ਕਾਨੂੰਨਾਂ ਨੂੰ 2014 ਤੋਂ ਬਾਅਦ ਬੇਅਸਰ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਯੋਜਨਾ ਕਮਿਸ਼ਨ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਨਵੀਂ ਆਰਥਿਕ ਨੀਤੀ ਦੇ ਪ੍ਰਭਾਵਾਂ ਖ਼ਿਲਾਫ਼ ਲੋਕਾਂ ਦੇ ਗੁੱਸੇ ਨੂੰ ਰੋਕਣ ਵਾਸਤੇ ਸਖ਼ਤ ਕਾਨੂੰਨ ਬਣਾਏ ਗਏ ਹਨ ਅਤੇ ਲੋਕ ਲਹਿਰਾਂ 'ਤੇ ਸੁਰੱਖਿਆ ਬਲਾਂ ਵੱਲੋਂ ਸਖ਼ਤੀ ਵਰਤੀ ਜਾਂਦੀ ਹੈ। ਸਮਾਜਿਕ ਕਾਰਕੁਨਾਂ 'ਤੇ ਝੂਠੇ ਕੇਸ ਦਰਜ ਕਰਕੇ ਜੇਲ੍ਹਾਂ ਵਿਚ ਬੰਦ ਕੀਤਾ ਜਾ ਰਿਹਾ ਹੈ। ਮੀਡੀਆ ਸਰਕਾਰੀ ਕੰਟਰੋਲ ਹੇਠ ਲਿਆਂਦਾ ਜਾ ਰਿਹਾ ਹੈ। ਜਮਹੂਰੀਅਤ ਦੇ ਥੰਮ੍ਹ ਕਮਜ਼ੋਰ ਕੀਤੇ ਜਾ ਰਹੇ ਹਨ। ਸਮਾਜਿਕ ਲਹਿਰ ਦੇ ਕਾਰਕੁਨਾਂ ਅਤੇ ਸਰਕਾਰ ਨੂੰ ਸਵਾਲ ਕਰਨ ਵਾਲਿਆਂ ਨੂੰ ਸ਼ਹਿਰੀ ਨਕਸਲੀ, ਪਰਜੀਵੀ, ਦੇਸ਼ ਵਿਰੋਧੀ ਆਦਿ ਕਿਹਾ ਜਾਂਦਾ ਹੈ। ਕਿਰਤ ਕਾਨੂੰਨਾਂ ਨੂੰ ਕਮਜ਼ੋਰ ਕਰਨ ਲਈ ਚਾਰ ਨਵੇਂ ਕੋਡ ਤਿਆਰ ਕੀਤੇ ਗਏ ਹਨ। ਜਮਹੂਰੀਅਤ ਦੇ ਬੁਨਿਆਦੀ ਸਿਧਾਂਤ 'ਲੋਕ ਸਰਕਾਰ ਨੂੰ ਚੁਣਦੇ ਹਨ' ਦੇ ਉਲਟ ਸਰਕਾਰ ਇਹ ਫੈਸਲਾ ਲੈ ਰਹੀ ਹੈ ਕਿ 'ਕੌਣ ਵੋਟਾਂ ਪਾ ਸਕਦੇ ਹਨ'। ਮੌਜੂਦਾ ਹਾਲਾਤ ਦਾ ਅਧਿਐਨ ਕਰਨ ਤੋਂ ਬਾਅਦ ਸਵੀਡਨ ਦੀ ਸੰਸਥਾ ਵੀ ਡੈਮ ਦੀ ਰਿਪੋਰਟ 2026 ਨੇ ਭਾਰਤ ਨੂੰ ਇੱਕ ਚੁਣੀ ਹੋਈ ਤਾਨਾਸ਼ਾਹੀ (Elected Autocracy) ਕਰਾਰ ਦਿੱਤਾ ਹੈ। ਇਸ ਦੇ ਪੰਜ ਮੁੱਖ ਲੱਛਣ ਹਨ: (1) ਆਪਣੇ ਵਿਚਾਰ ਰੱਖਣ ਦੀ ਆਜ਼ਾਦੀ 'ਤੇ ਰੋਕ, (2) ਜਥੇਬੰਦੀਆਂ ਬਣਾਉਣ ਅਤੇ ਚਲਾਉਣ ਦੀ ਆਜ਼ਾਦੀ ਦੀ ਘਾਟ, (3) ਪਾਰਟੀਆਂ ਦੇ ਸਿਆਸੀ ਮੁਕਾਬਲੇ ਦੀ ਅਣਹੋਂਦ, (4) ਚੋਣਵੀਂ ਮੀਡੀਆ ਸੈਂਸਰਸ਼ਿਪ ਅਤੇ ਨਾਗਰਿਕ ਸਮਾਜਸੇਵੀ ਜਥੇਬੰਦੀਆਂ 'ਤੇ ਸਖ਼ਤੀ ਅਤੇ (5) ਅਕਾਦਮਿਕ ਤੇ ਧਾਰਮਿਕ ਆਜ਼ਾਦੀ 'ਤੇ ਰੋਕ। ਇਹ ਬਹੁਤ ਗੰਭੀਰ ਦਾ ਵਿਸ਼ਾ ਹੈ। ਰਾਜਨੀਤੀ ਵਿਚ ਇੱਕ ਹੋਰ ਮਹੱਤਵਪੂਰਨ ਤਬਦੀਲੀ ਦੇਸ਼ ਵਿਚ ਵਧ ਰਿਹਾ ਫ਼ਿਰਕੂ ਧਰੁਵੀਕਰਨ ਹੈ।

ਬਹੁਗਿਣਤੀ ਧਾਰਮਿਕ ਭਾਈਚਾਰੇ ਨੂੰ ਘੱਟਗਿਣਤੀਆਂ ਖ਼ਿਲਾਫ਼ ਲਾਮਬੰਦ ਕੀਤਾ ਜਾ ਰਿਹਾ ਹੈ। ਇਸ ਆਧਾਰ 'ਤੇ ਕ੍ਰਿਸਟੋਵ ਜੈਫਰੇਲੋਟ; ਸੈਮੀ ਸਮੂਹਾ ਅਨੁਸਾਰ ਦੇਸ਼ ਵਿਚ 'ਹਿੰਦੂ ਰਾਸ਼ਟਰਵਾਦ ਅਤੇ ਨਸਲੀ ਜਮਹੂਰੀਅਤ ਦੀ ਉਤਪਤੀ' ਹੋ ਚੁੱਕੀ ਹੈ।


ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਭਾਰਤ ਦੀ ਪ੍ਰਭੂਸੱਤਾ 'ਤੇ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ। ਕਿਸੇ ਦੇਸ਼ ਤੋਂ ਕਿਹੜੀ ਵਸਤੂ ਭਾਰਤ ਨੇ ਮੰਗਵਾਉਣੀ ਹੈ, ਇਸ ਵਿਚ ਅਮਰੀਕਾ ਦਖਲਅੰਦਾਜ਼ੀ ਕਰ ਰਿਹਾ ਹੈ। ਭਾਰਤ ਕੂਟਨੀਤਕ ਫ਼ੈਸਲੇ ਲੈਣ ਮੌਕੇ ਮੁਸ਼ਕਿਲਾਂ ਦਾ ਸਾਹਮਣਾ ਕਰ ਰਿਹਾ ਹੈ। ਅਮਰੀਕਾ ਦੇ ਸਹਿਯੋਗੀ ਦੇਸ਼ ਭਾਵੇਂ ਇਸ ਨਾਲ ਸਹਿਮਤ ਨਹੀਂ ਹਨ, ਪਰ ਉਹ ਭਾਰਤ ਪ੍ਰਤੀ ਅਮਰੀਕਾ ਦੇ ਵਿਹਾਰ ਬਾਰੇ ਬੋਲਦੇ ਵੀ ਨਹੀਂ। ਕੂਟਨੀਤਕ ਖ਼ੁਦਮੁਖਤਿਆਰੀ ਨਾਲ ਸਮਝੌਤਾ ਕਰਨ ਨਾਲ ਦੇਸ਼ ਵਾਸਤੇ ਭਵਿੱਖ ਵਿਚ ਮਾੜੇ ਨਤੀਜੇ ਨਿਕਲਣ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ। ਸਿਆਸੀ ਤੌਰ 'ਤੇ ਦੇਸ਼ ਦੀ ਆਜ਼ਾਦ ਹਸਤੀ ਅਤੇ ਗਣਤੰਤਰਤਾ ਨੂੰ ਠੇਸ ਪੁੱਜ ਸਕਦੀ ਹੈ। ਸਿੱਧਾ ਵਿਦੇਸ਼ੀ ਦਖ਼ਲ ਅਤੇ ਵਿਦੇਸ਼ੀ ਕੰਪਨੀਆਂ ਦਾ ਅਸਿੱਧਾ ਕੰਟਰੋਲ ਦੇਸ਼ ਦੀ ਆਰਥਿਕ ਅਤੇ ਸਮਾਜਿਕ ਦਿਸ਼ਾ ਤੇ ਦਸ਼ਾ ਨੂੰ ਪ੍ਰਭਾਵਿਤ ਕਰਕੇ ਲੋਕ ਵਿਰੋਧੀ ਰੂਪ ਧਾਰਨ ਕਰ ਸਕਦਾ ਹੈ। ਇਸ ਨਾਲ ਦੇਸ਼ ਦੀ ਆਰਥਿਕ ਨੀਤੀ ਘੜਨ ਅਤੇ ਲਾਗੂ ਕਰਨ ਵਿਚ ਮੁਸ਼ਕਿਲਾਂ ਆ ਸਕਦੀਆਂ ਹਨ। ਇਸ ਦੀ ਮੁੱਖ ਮਿਸਾਲ ਖੇਤੀ ਨਾਲ ਸਬੰਧਿਤ ਵਿਦੇਸ਼ੀ ਸਾਮਾਨ ਮੰਗਵਾਉਣ ਬਾਰੇ ਹੈ। ਵਿਸ਼ਵ ਵਪਾਰ ਸੰਸਥਾ ਬਣਨ ਤੋਂ 10 ਸਾਲ ਬਾਅਦ ਸਾਲ 2005 ਤੋਂ ਹੀ ਅਮਰੀਕਾ ਅਤੇ ਯੂਰੋਪੀ ਸੰਘ ਦਬਾਅ ਪਾ ਰਹੇ ਸਨ ਕਿ ਭਾਰਤ ਖੇਤੀ ਵਸਤਾਂ ਦੀ ਮੰਡੀ ਵਿਚ ਵਿਦੇਸ਼ੀ ਮਾਲ ਆਉਣ ਦੀ ਖੁੱਲ੍ਹ ਦੇਵੇ, ਪਰ ਭਾਰਤ ਸਰਕਾਰ ਨੇ ਇਸ ਦੀ ਇਜਾਜ਼ਤ ਨਹੀਂ ਸੀ ਦਿੱਤੀ ਪਰ ਹੁਣ ਅਮਰੀਕਾ-ਭਾਰਤ ਵਪਾਰ ਸਮਝੌਤੇ ਤਹਿਤ ਅਮਰੀਕਾ ਤੋਂ ਖੇਤੀ ਵਸਤਾਂ ਦੇ ਆਉਣ 'ਤੇ ਰੋਕ ਨੂੰ ਹਟਾਉਣ ਦੇ ਸੰਕੇਤ ਮਿਲ ਰਹੇ ਹਨ। ਇਸ ਦੀ ਮਾਰ ਭਾਰਤ ਦੀ ਛੋਟੀ ਕਿਸਾਨੀ 'ਤੇ ਪਵੇਗੀ। ਇਉਂ ਹੀ ਘਰੇਲੂ ਅਤੇ ਛੋਟੀਆਂ ਇਕਾਈਆਂ ਵਿਦੇਸ਼ੀ ਬਹੁਕੌਮੀ ਕੰਪਨੀਆਂ ਦੇ ਸਾਹਮਣੇ ਨਹੀਂ ਟਿਕ ਸਕਦੀਆਂ।

ਦੇਸ਼ ਵਿਚ ਸਾਵਾਂ ਤੇ ਟਿਕਾਊ ਵਿਕਾਸ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਕਿ ਸਾਡੀ ਆਰਥਿਕ ਅਤੇ ਸਮਾਜਿਕ ਵਿਕਾਸ ਦੀ ਨੀਤੀ ਦੇਸ਼ ਦੀਆਂ ਹਕੀਕਤਾਂ ਅਤੇ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਬਣਾਈ ਅਤੇ ਲਾਗੂ ਕੀਤੀ ਜਾਵੇ। ਇਹ ਤਾਂ ਹੀ ਸੰਭਵ ਹੈ ਜੇਕਰ ਦੇਸ਼ ਦੀ ਚੁਣੀ ਹੋਈ ਸਰਕਾਰ ਲੋਕਾਂ ਅਤੇ ਦੇਸ਼ ਦੀਆਂ ਲੋੜਾਂ ਅਨੁਸਾਰ ਸਟੈਂਡ ਲੈਂਦੀ ਹੈ।

***-ਡਾ. ਸੁੱਚਾ ਸਿੰਘ ਗਿੱਲ ਉੱਘੇ ਅਰਥਵਿਗਿਆਨੀ ਹਨ।***

## ਕਾਵਿ-ਕਿਆਰੀ

ਅਮਰੀਕ ਸਿੰਘ
ਸ਼ਿਕਾਗੋ
(ਯੂ.ਐਸ.ਏ.)



### 'ਬੋਹੜ ਦੀ ਥਾਂ ਜਿਹੇ'

ਬੋਹੜਾਂ ਦੀ ਛਾਂ ਜਿਹੇ ਕਦੇ ਹੁੰਦੇ ਸੀ,
ਦੁੱਖਾਂ ਵਿਚ ਵੀ ਹੱਸਣਾ ਸਿਖਾ ਗਏ ਕੁਝ ਲੋਕ।
ਅੱਜ ਓਹੀ ਰੂਹਾਂ ਬੋਹਰ ਬਣ ਬੈਠੀਆਂ,
ਨੇੜੇ ਆ ਕੇ ਵੀ ਦੂਰ ਕਰਾ ਗਏ ਕੁਝ ਲੋਕ।

ਮੈਂ ਤਾਂ ਘਰ ਨਹੀਂ, ਦਿਲਾਂ ਵਿਚ ਵੱਸਿਆ ਸੀ,
ਸੋਚਿਆ ਸੀ ਮੇਰੇ ਲਈ ਵੀ ਕੋਈ ਬੂਹਾ ਖੁੱਲ੍ਹਾ ਹੋਵੇਗਾ।
ਪਰ ਜਦੋਂ ਵਕਤ ਦੀ ਧੁੱਪ ਨੇ ਘੇਰ ਲਿਆ,
ਹਰ ਸਾਇਆ ਆਪਣੇ ਘਰ ਨੂੰ ਮੁੜ ਗਿਆ।

'ਅਮਰ' ਲੱਭਦਾ ਰਿਹਾ ਸਰਨਾਮੇ ਤੇਰੀ,
ਕਿਤੋਂ ਸਾਰ ਨਾ ਮਿਲੇ, ਨਾ ਨਿਸ਼ਾਨ ਮਿਲੇ।
ਜਿਨ੍ਹਾਂ ਲਈ ਉਮਰ ਭਰ ਦੁਆਵਾਂ ਮੰਗੀਆਂ,
ਓਹੀ ਲੋਕ ਰਾਹਾਂ ਵਿਚ ਬੇਜ਼ੁਬਾਨ ਮਿਲੇ।

ਕਿੰਨੇ ਖ਼ਤ ਲਿਖੇ ਹਵਾਵਾਂ ਦੇ ਨਾਂ,
ਕਿੰਨੇ ਹੰਝੂ ਰਾਤਾਂ ਦੀ ਝੋਲੀ ਪਾਏ।
ਸਵੇਰ ਹੋਈ ਤਾਂ ਇਹੀ ਸਮਝ ਆਈ—
ਕੁਝ ਲੋਕ ਮੁੜਦੇ ਨਹੀਂ, ਸਿਰਫ਼ ਯਾਦਾਂ ਛੱਡ ਜਾਂਦੇ।

ਹੁਣ ਕਿਸੇ ਦੀਆਂ ਗੱਲਾਂ 'ਤੇ ਯਕੀਨ ਨਹੀਂ ਆਉਂਦਾ,
ਹਰ ਮੁਸਕਾਨ ਦੇ ਪਿੱਛੇ ਇੱਕ ਹਿਸਾਬ ਲੁਕਿਆ ਏ।
ਇੱਥੇ ਰਿਸ਼ਤਿਆਂ ਦੀ ਕੀਮਤ ਨਹੀਂ ਪੁੱਛੀ ਜਾਂਦੀ,
ਬੰਦੇ ਦੀ ਔਕਾਤ ਦਾ ਭਾਅ ਲਾਇਆ ਜਾਂਦਾ ਏ।
ਉਹ ਦਿਨ ਵੀ ਕਿੰਨੇ ਸੋਹਣੇ ਸਨ,
ਜਦੋਂ ਦਿਲਾਂ ਦੇ ਦਰਵਾਜ਼ੇ ਖੁੱਲ੍ਹੇ ਰਹਿੰਦੇ ਸਨ।
ਹੁਣ ਤਾਂ ਘਰ ਵੱਡੇ ਹੋ ਗਏ ਨੇ,
ਪਰ ਅੰਦਰਲੇ ਕਮਰੇ ਸੁੰਨੇ ਰਹਿੰਦੇ ਨੇ।

ਨਾ ਕੋਈ ਬੋਹੜ ਬਚਿਆ, ਨਾ ਉਹ ਛਾਂ,
ਹਰ ਪਾਸੇ ਬੋਹਰਾਂ ਦੀ ਹਕੂਮਤ ਵੇਖੀ।
ਜਿੱਥੇ ਪਿਆਰ ਦੇ ਫੁੱਲ ਖਿੜਦੇ ਸਨ,
ਉੱਥੇ ਨਫ਼ਰਤ ਦੀ ਖੇਤੀ ਵੇਖੀ।
ਕਬਰਾਂ ਚੁੱਪ ਨੇ, ਪਰ ਬੋਲਦੀਆਂ ਨੇ,
'ਜਿਉਂਦਿਆਂ ਨੇ ਮੁਰਦਿਆਂ ਨਾਲੋਂ ਵੱਧ ਦਫ਼ਨ ਕੀਤਾ।'
ਚਿਹਰੇ ਨਹੀਂ ਬਦਲੇ ਲੋਕਾਂ ਦੇ,
ਸਿਰਫ਼ ਜ਼ਮੀਰਾਂ ਨੇ ਕੱਪੜੇ ਬਦਲ ਲਏ।

ਮੈਂ ਅੱਜ ਵੀ ਦੁਆ ਕਰਦਾ ਹਾਂ,
ਕਿਸੇ ਦੇ ਹਿੱਸੇ ਇਹ ਵਿਛੋੜਾ ਨਾ ਆਵੇ।
ਜਿਸ ਨੂੰ ਆਪਣਾ ਕਹਿ ਕੇ ਰੂਹ ਸੌਂਪੋ,
ਉਹੀ ਇੱਕ ਦਿਨ ਅਜਨਬੀ ਨਾ ਬਣ ਜਾਵੇ।

'ਅਮਰ' ਅੱਜ ਵੀ ਬੋਹੜ ਲੱਭਦਾ ਫਿਰਦਾ ਏ,
ਕਿਸੇ ਥੱਕੇ ਮੁਸਾਫ਼ਿਰ ਨੂੰ ਛਾਂ ਦੇਣ ਲਈ।
ਪਰ ਇਸ ਮਤਲਬੀ ਜ਼ਮਾਨੇ ਨੇ ਇੱਕੋ ਸਬਕ ਦਿੱਤਾ—
ਬੋਹੜ ਬਣਨ ਵਾਲੇ ਕੱਟੇ ਜਾਂਦੇ ਨੇ,
ਬੋਹਰ ਬਣਨ ਵਾਲੇ ਬਚ ਜਾਂਦੇ ਨੇ।

---

### ਪੰਜਾਬ

ਜੀਣਾ ਹੋਏ ਮੁਹਾਲ ਨੇਤਾ ਰੱਖੇ ਨ ਖਿਆਲ,
ਵੋਟਾਂ ਨਾ ਜਗਾਈਆਂ ਸੁੱਤੀਆਂ ਤਕਦੀਰਾਂ।
ਇੱਕ ਨਸ਼ੇ ਦੀ ਮਾਰ ਉਤੋਂ ਕਰਜ਼ੇ ਦਾ ਭਾਰ,
ਖੁਦਕੁਸ਼ੀ ਦੀਆਂ ਨਿੱਤ ਛਪਣ ਤਸਵੀਰਾਂ।

ਕਿਤੇ ਮਜ਼੍ਹਬਾਂ ਦਾ ਰੌਲਾ ਪੁਜਾਰੀ ਬਣੇ ਭੋਲਾ,
ਜਾਤ-ਪਾਤ ਉਚ ਨੀਚ ਨਾ ਤੋੜੇ ਤਦਬੀਰਾਂ।

ਰਿਸ਼ਵਤ ਬੈਠੀ ਮੱਲ ਨਾ ਪਵੇ ਕਿਤੇ ਠੱਲ੍ਹ,
ਸਰਕਾਰਾਂ ਦੀਆਂ ਫੇਲ੍ਹ ਹੋਈਆਂ ਤਕਰੀਰਾਂ।

ਅੱਜ ਖੁਦ ਗਏ ਤੁਲ ਚੰਦ ਕੌਡੀਆਂ ਦੇ ਮੁੱਲ,
ਭੈੜੀਆਂ ਹੋਈਆਂ ਅੱਜ ਸਾਡੀਆਂ ਤਸੀਰਾਂ।

ਖੁਦਗਰਜ਼ੀ ਦਾ ਦੌਰ ਜਿਨ੍ਹੇਂ ਕੀਤਾ ਸਭ ਚੌੜ,
ਉਤੋਂ ਚੰਦਰੀ ਮਹਿੰਗਾਈ ਘੱਤੀਆਂ ਵਹੀਰਾਂ।

ਰੱਬ ਦਾ ਨਾਮ ਭੁੱਲੇ ਸਾਰੇ ਜਾਮ ਉਤੇ ਡੁੱਲ੍ਹੇ
ਛਿੱਲੇ ਜ਼ਖ਼ਮ ਮਨੁੱਖਤਾ ਦੇ ਵਾਂਗ ਕਰੀਰਾਂ।

ਵੇਚ ਕੇ ਜ਼ਮੀਰਾਂ ਜਿਹੜੇ ਲੈਂਦੇ ਨੇ ਜਗੀਰਾਂ,
ਰੁਲ ਗਏ ਆਪੇ ਕੌਮਾਂ ਹੋਈਆਂ ਨਾ ਤਮੀਰਾਂ।

*-ਸੇਵਾ ਸਿੰਘ 'ਨੂਰਪੁਰੀ'*

---

### ਵਕਤ

ਕਦੀ ਰੁਆਉਂਦਾ ਕਦੀ ਹਸਾਉਂਦਾ ਹੈ ਵਕਤ।
ਕਦੀ ਰੁਸਾਉਂਦਾ ਕਦੀ ਮਨਾਉਂਦਾ ਹੈ ਵਕਤ।
ਕਦੇ ਲੈ ਤੁਰਦਾ ਹੈ ਭਟਕਣ ਦੇ ਰਾਹਵਾਂ 'ਤੇ,
ਕਦੇ ਮੁਹੱਬਤ ਦੇ ਗੀਤ ਗੁਆਉਂਦਾ ਹੈ ਵਕਤ।

ਕਦੇ ਲੈ ਜਾਂਦਾ ਏ ਅਤੀਤ ਦੇ ਵਿਚ,
ਕਦੇ ਅੱਜ ਵਿਚ ਜੀਉਣਾ ਸਿਖਾਉਂਦਾ ਹੈ ਵਕਤ।
ਜਿਨ੍ਹਾਂ ਰਾਹਵਾਂ 'ਤੇ ਕਦੇ ਉਡੀਕਦਾ ਸੀ ਸੱਜਣ,
ਕਦੇ ਉਨ੍ਹਾਂ ਰਾਹਵਾਂ 'ਤੇ ਲਿਜਾਉਂਦਾ ਹੈ ਵਕਤ।
ਕਦੇ ਚਾੜ੍ਹ ਦਿੰਦਾ ਏ ਆਕਾਸ਼ 'ਤੇ ਗੁੱਡੀ,
ਕਦੇ ਗਲੀਆਂ ਦੇ ਵਿਚ ਰੁਲਾਉਂਦਾ ਹੈ ਵਕਤ।
ਕਦੇ ਕਿਸੇ ਨੂੰ ਬਿਠਾਉਂਦਾ ਏ ਤਖ਼ਤ 'ਤੇ ਇਹ,
ਕਦੇ ਕਿਸੇ ਨੂੰ ਤਖ਼ਤੇ 'ਤੇ ਚੜ੍ਹਾਉਂਦਾ ਹੈ ਵਕਤ।

ਕਦੇ ਕਿਸੇ ਨੂੰ ਭਰਦਾ ਏ ਹਉਮੈ ਦੇ ਨਾਲ,
ਕਦੇ ਕਿਸੇ ਨੂੰ ਹਲੀਮੀ ਸਿਖਾਉਂਦਾ ਹੈ ਵਕਤ।
ਗਿਲਾ ਨਾ ਕਰੀਂ 'ਨਾਗਰਾ' ਕਦੇ ਵਕਤ ਨਾਲ,
ਵਕਤ-ਵਕਤ 'ਤੇ ਰੰਗ ਵਿਖਾਉਂਦਾ ਹੈ ਵਕਤ।

*-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'*

---

### ਮੈਨੀ ਫੈਸਟੋ ਬਨਾਮ ਚੋਣ ਨਾਮਾ!

ਬੇਰ ਪੱਕ ਗਏ ਵੋਟਾਂ ਦੀਆਂ ਬੇਰੀਆਂ ਦੇ,
ਹੀਰ ਆਖਦੀ ਰਾਂਝਣਾਂ ਲਾਹ ਲਈਏ।
ਜੋ ਡੁੱਲ੍ਹ ਗਏ ਉਨ੍ਹਾਂ ਨੂੰ ਰਹਿਣ ਦੇਈਏ,
ਬਾਕੀ ਤੋੜ ਕੇ ਝੋਲੀ ਵਿਚ ਪਾ ਲਈਏ।
ਕਿਸੇ ਗੋਰਖ ਦੀ ਧੂਣੀ 'ਤੇ ਟੇਕ ਮੱਥਾ,
ਮੱਥੇ ਰਾਖ ਦਾ ਤਿਲਕ ਲੁਆ ਲਈਏ।
ਬਹੁਤ ਉਚੇ ਨੇ ਟੀਸੀ ਨੂੰ ਬੇਰ ਲੱਗੇ,
ਤੋੜਨ ਵਾਸਤੇ ਪੌੜੀਆਂ ਲਾ ਲਈਏ।
ਕਿਸੇ ਸੁੰਦਰਾਂ ਰਾਣੀ ਦੇ ਮਹਿਲ ਅੱਗੇ,
ਭੇਸ ਬਦਲ ਕੇ ਅਲਖ ਜਗਾ ਲਈਏ।
ਮੈਨੀਫੈਸਟੋ ਦੀ ਥਾਂ 'ਤੇ ਚੋਣ ਨਾਮਾ,
ਵਾਰਸ ਸ਼ਾਹ ਤੋਂ ਚੱਲ ਲਿਖਵਾ ਲਈਏ।

*-ਗੁਲਪੁਰ*

---

### ਪੰਜਾਬੀਅਤ ਦਾ ਗੀਤ

ਚੁੰਨੀਆਂ ਦੇ ਨਾਲ ਮੁਟਿਆਰਾਂ ਸੋਂਹਦੀਆਂ
ਪੱਗਾਂ ਨੇ ਪੰਜਾਬੀਆਂ ਦੀ ਸ਼ਾਨ ਹੁੰਦੀਆਂ
ਚੂੜੀਆਂ ਤੋਂ ਇੱਜਤਾਂ ਦੇ ਨਾਪ ਮਿਲਦੇ
ਕੜਿਆਂ ਤੋਂ ਅਣਖਾਂ ਪਛਾਣ ਹੁੰਦੀਆਂ।
ਪਾਇਆ ਚਿੱਟਾ ਚਾਦਰਾ ਕੜਿੱਲਾਂ ਕੱਢਦਾ
ਕੁੜਤਾ-ਪਜਾਮਾ ਪੂਰੀ ਛਾਪ ਛੱਡਦਾ
ਦਾਹੜੀ ਨਾਲ ਬੰਦਿਆਂ ਦਾ ਰੋਹਬ ਵੱਖਰਾ
ਮੁੱਛਾਂ ਤੋਂ ਆ ਚੜ੍ਹਤਾਂ ਬਿਆਨ ਹੁੰਦੀਆਂ
ਚੂੜੀਆਂ ਤੋਂ ਇੱਜਤਾਂ ਦੇ ਨਾਪ ਮਿਲਦੇ
ਕੜਿਆਂ ਤੋਂ ਅਣਖਾਂ ਪਛਾਣ ਹੁੰਦੀਆਂ

ਬਾਪੂ ਨਾਲ ਸਦਾ ਸਰਦਾਰੀ ਜੱਗ 'ਤੇ
ਮਾਂ ਜਿਹੀ ਚੀਜ਼ ਨਾ ਪਿਆਰੀ ਜੱਗ 'ਤੇ
ਹੌਸਲੇ ਬੁਲੰਦ ਰਹਿੰਦੇ ਪੁੱਤਾਂ ਕਰਕੇ
ਧੀਆਂ ਸਦਾ ਮਾਪਿਆਂ ਦੀ ਜਾਨ ਹੁੰਦੀਆਂ
ਚੂੜੀਆਂ ਤੋਂ ਇੱਜਤਾਂ ਦੇ ਨਾਪ ਮਿਲਦੇ
ਕੜਿਆਂ ਤੋਂ ਅਣਖਾਂ ਪਛਾਣ ਹੁੰਦੀਆਂ।
ਜਿਉਂਦਿਆਂ ਜ਼ਮੀਰਾਂ ਨਾਲ ਸੋਹਦੀ ਜਿੰਦਗੀ
ਗੀਤ ਕੁਰਬਾਨੀਆਂ ਦੇ ਗਾਉਂਦੀ ਜਿੰਦਗੀ
ਸਦਾ ਕਿਰਦਾਰਾਂ ਨਾਲ ਦਿਨ ਕੱਟੀਏ
ਅਣਖਾਂ ਨੇ ਬੰਦਿਆਂ ਦਾ ਮਾਣ ਹੁੰਦੀਆਂ
ਗੱਲਾਂ ਨਾਲ ਨਹੀਓਂ ਗੱਲਬਾਤ ਬਣਦੀ
ਛੱਜਾਂ ਨਾਲ ਘੁੰਡੀਆਂ ਨੀ ਛਾਣ ਹੁੰਦੀਆਂ
ਚੁੰਨੀਆਂ ਤੋਂ ਇੱਜਤਾਂ ਦੇ ਨਾਪ ਮਿਲਦੇ
ਪੱਗਾਂ ਤੋਂ ਨੇ ਅਣਖਾਂ ਪਛਾਣ ਹੁੰਦੀਆਂ।

ਯਾਰਾਂ ਨਾਲ ਸਦਾ ਹੀ ਚੜ੍ਹਾਈਆਂ ਰਹਿਨੀਆਂ
ਚੁੱਲਿਆਂ ਤੇ ਚੜ੍ਹੀਆਂ ਕੜ੍ਹਾਈਆਂ ਰਹਿਨੀਆਂ
'ਸਹੋਤਿਆ' ਸ਼ਹੀਦ ਹੋਏ ਕਿੰਨੇ ਕੌਮ ਦੇ
ਨੰਬਰਾਂ ਤੋਂ ਕੌਮਾਂ ਸਦਾ ਜਾਣ ਹੁੰਦੀਆਂ
ਚੁੰਨੀਆਂ ਤੋਂ ਇੱਜਤਾਂ ਦੇ ਨਾਪ ਮਿਲਦੇ
ਪੱਗਾਂ ਤੋਂ ਨੇ ਅਣਖਾਂ, ਪਛਾਣ ਹੁੰਦੀਆਂ।
ਕਰਕੇ ਬਰੀਕ ਲਾਉਣੇ ਪੈਂਦੇ ਛਾਣਨੇ
ਛੱਜਾਂ ਨਾਲ ਘੁੰਡੀਆਂ ਨੀ ਛਾਣ ਹੁੰਦੀਆਂ।

*-ਕੁਲਵੀਰ ਸਿੰਘ ਡਾਨਸੀਵਾਲ*

---

### ਹਾਏ ਮੇਰੇ ਪੰਜਾਬ!

ਮੈਨੂੰ ਗਏ ਪੰਜਾਬ ਦੀ ਭਾਲ ਕੁੜੇ।
ਕਦੇ ਹੈ ਸੀ ਜੋ ਮਾਲੋ-ਮਾਲ ਕੁੜੇ।
ਦੋਖੀ ਬੇੜੀ ਵੱਟੇ ਪਾਉਂਦੇ ਰਹੇ,
ਹੁਣ ਹੋ ਗਿਆ ਹਾਲੋਂ ਬੇਹਾਲ ਕੁੜੇ।
ਸਨ ਜੁੱਸਿਆਂ ਵਾਲੇ ਜਵਾਨ ਇਥੇ।
ਸੁੰਦਰ ਤ੍ਰੀਮਤਾਂ ਵਾਲੀ ਖਾਨ ਇਥੇ।
ਪੱਟੇ ਅਵੱਲਿਆਂ ਅਮਲਾਂ ਨੇ,
ਇਹ ਮੂੰਹ ਅੱਡ ਖੜ੍ਹਾ ਸਵਾਲ ਕੁੜੇ।
ਇਹਦਾ ਭੋਲਾਪਣ ਇਹਨੂੰ ਲੈ ਬੈਠਾ।
ਬਾਹਲਾ ਵੰਡਣ ਦਾ ਚਾਅ ਲੈ ਬੈਠਾ।
ਗੈਰਾਂ ਲਈ ਮਿਟ-ਮਿਟ ਜਾਂਦਾ ਇਹ,
ਖੜ੍ਹੇ ਵੈਰੀ ਅੱਗੇ ਬਣ ਢਾਲ ਕੁੜੇ।
ਥੱਲੋਂ ਭੋਂ ਆਪਣੀ ਪਾਣੀ ਕੱਢਦਾ ਹੈ।
ਲੱਖ ਦਰਿਆ ਬੇ-ਸ਼ੱਕ ਵਗਦਾ ਹੈ।

ਨਹੀਂ ਲੋੜ ਪਰ ਝੋਨਾ ਲਾਉਂਦਾ ਏ,
ਕਦੇ ਸੋਚ ਨਾ ਕਰੇ ਖ਼ਿਆਲ ਕੁੜੇ।
ਇਹਦੀ ਹੋਂਦ ਗੈਰਾਂ ਨੂੰ ਖਟਕਦੀ ਹੈ।
ਅੱਖੀਂ ਮਟਕ ਨਿਰਾਲੀ ਰੜਕਦੀ ਹੈ।
ਇਹਦਾ ਖੁਰਾ-ਖੋਜ ਮਿਟਾਵਣ ਨੂੰ,
ਦੋਖੀ ਚੱਲਣ ਗਹਿਰੀ ਚਾਲ ਕੁੜੇ।
ਇਹਦੇ ਵੈਰੀਆਂ ਹੱਥ ਪੈਰ ਬੰਨ੍ਹ ਲਏ।
ਉਤੋਂ ਘਰ-ਘਰ ਵੀ ਲੱਗ ਸੰਨ੍ਹ ਗਏ।
ਮੂੰਹ ਤਾਲੇ ਲੱਗ ਗਏ ਭਾਰੇ ਨੇ,
ਵਿੰਨ੍ਹਾ ਕਰਜ ਥੱਲੇ ਹਰ ਵਾਲ ਕੁੜੇ।
ਉਠੋ ਦਰਦਵੰਦੋ ਨਾ ਹੁਣ ਦੇਰ ਕਰੋ।
ਕਾਲੀ ਰਾਤ ਨੂੰ ਬਦਲ ਸਵੇਰ ਕਰੋ।
ਹਰ ਹੱਥ 'ਚ ਦੂਜਾ ਹੱਥ ਹੋਵੇ,
ਸੰਗ ਕਦਮ, ਕਦਮ ਦੀ ਤਾਲ ਜੁੜੇ।

*-ਗੁਰਬਖਸ਼ ਸਿੰਘ 'ਨਾਕਾਮ'*

# ਕੱਚੇ, ਪੱਕੇ, ਮਿੱਠੇ ਫਲ ਤੇ ਟਹਿਣੀਓਂ ਟੱਪਕੇ ਭੰਗੂ

ਨਿੱਕ ਸੁੱਕ

ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com



ਅਜੋਕੇ ਪਿੰਡੇ ਤੇ ਪੱਕੇ ਹੋਏ ਫਲ ਦੇਖ ਕੇ ਆੜੂ, ਆਲੂਬੁਖਾਰਾ, ਜਾਮਣ, ਸੇਬ ਤੇ ਅੰਬਾਂ ਦੀ ਬਰਕਤਾ ਚੇਤੇ ਕਰਨ ਨੂੰ ਮਨ ਕਰ ਆਇਆ ਹੈ। ਖਰਬੂਜੇ ਨੂੰ ਦੇਖ ਕੇ ਖਰਬੂਜਾ ਰੰਗ ਬਦਲਦਾ ਹੈ ਵਰਗੇ ਅਖਾਣ ਵੀ। ਹਰੇ, ਕਾਲੇ, ਪੀਲੇ ਜਾਂ ਨੀਲੇ ਹੋਣ, ਏਸ ਪਾਸੇ ਧਿਆਨ ਹੀ ਨਹੀਂ ਜਾਂਦਾ। 'ਗੋਰੇ ਰੰਗ ਨੂੰ ਝਰੀਟਾਂ ਪਾਈਆਂ, ਬੇਰੀਆਂ ਦੇ ਬੇਰ ਖਾਣੀਏ,' ਤਾਂ ਬਹੁਤ ਦੂਰ ਦੀ ਗੱਲ ਹੈ। ਮੌਸਮ ਬਦਲ ਰਿਹਾ ਹੈ ਤੇ ਮੌਸਮ ਵਲੋਂ ਆਪਣਾ ਰੰਗ ਦਿਖਾਉਣਾ ਵੀ ਜਾਰੀ ਹੈ। ਉੱਪਰ ਵਾਲੇ ਦੀ ਕੰਜੂਸੀ ਜਾਂ ਮਿਹਰਬਲ ਸਮੇਤ ਜਿਸਨੂੰ ਹਰਬੰਸ ਗਿੱਲ ਇਉਂ ਪੇਸ਼ ਕਰਦੀ ਹੈ:

ਰੱਬ ਭਰੋਸੇ ਦੁਨੀਆਂ ਵਸਦੀ
ਖਿੜੀਆਂ ਨੇ ਗੁਲਜ਼ਾਰਾਂ
ਅੰਬਰ ਧਰਤੀ ਸਭ ਨੇ ਉਹਦੇ
ਜਿਸ ਵਿਚ ਰੰਗ ਹਜ਼ਾਰਾਂ
ਕੁਦਰਤ ਦਾ ਵੀ ਮਾਲਕ ਰੱਬ ਹੈ
ਸਭ ਦਾ ਆਪ ਰਚੇਤਾ
ਮੌਸਮ ਰੁੱਤਾਂ ਹੁਨਰ ਨੇ ਉਸਦੇ
ਕੀ ਦਰਿਆ ਕੀ ਰੇਤਾ
ਓ ਬੰਦਿਆ ਤੂੰ ਬੰਦਾ ਬਣ ਜਾ
ਛੱਡ ਕੇ ਚੋਰ ਚੜ੍ਹਾਵੇ
ਕਿਸ ਕੰਮ ਤੈਨੂੰ ਰੱਬ ਨੇ ਘੱਲਿਆ
ਸਮਝ ਨਾ ਤੈਨੂੰ ਆਵੇ
ਦੋ ਅੱਖਰਾਂ ਤੋਂ ਰੱਬ ਹੈ ਬਣਦਾ
ਬੱਬੇ ਪਹਿਲੋਂ ਰਾਰਾ
ਪੜ੍ਹਨ-ਲਿਖਣ ਵਿਚ ਛੋਟਾ ਲੱਗੇ
ਪਰ ਭਾਰੇ ਤੋਂ ਭਾਰਾ
ਰੱਬ ਬਾਰੇ ਮੈਂ ਪੁੱਛਿਆ ਜਿਸ ਤੋਂ
ਜੋ ਆਈ ਸੋ ਕਹਿ ਗਿਆ



ਪੰਡਤ, ਮੁੱਲਾਂ, ਭਾਈ, ਆਪਣੀ
ਪੋਥੀ ਲੈ ਕੇ ਬਹਿ ਗਿਆ
ਰੱਬ ਨੂੰ ਯਾਰ ਬਣਾ ਲੈ ਬੰਦਿਆ
ਕਰ ਨਾ ਰੋਜ਼ ਬੁਰਾਈਆਂ
ਉਸਦਾ ਲੜ ਤੂੰ ਫੜ ਲੈ ਬੀਬਾ
ਛੱਡ ਕੇ ਸਭ ਚਤੁਰਾਈਆਂ
ਗਿੱਲ ਹੋਵੇ ਜਦ ਰਹਿਮਤ ਉਸਦੀ
ਹੋ ਜਾਵੇ ਰੱਜ ਦਿਲ ਦਾ
ਉਸ ਤੋਂ ਵਿਛੜਿਆਂ ਹਰ ਬੰਦਾ
ਉਸਨੂੰ ਹੈ ਜਾ ਮਿਲਦਾ

ਮੈਂ ਪੱਕੇ ਹੋਏ ਫਲਾਂ ਦੀ ਗੱਲ ਕਰ ਰਿਹਾ ਸਾਂ ਤਾਂ ਮੀਡੀਆ ਵਿਚ ਸਵਰਨ ਸਿੰਘ ਭੰਗੂ ਦਾ ਜ਼ਿਕਰ ਆ ਗਿਆ ਜਿਸਨੇ ਮੈਨੂੰ ਉਸ ਤੋਂ ਵੀਹ ਸਾਲ ਵੱਡਾ ਸਵਰਨ ਸਿੰਘ ਭੰਗੂ ਚੇਤੇ ਕਰਵਾ ਦਿੱਤਾ ਹੈ। ਉਹ ਮੇਰਾ ਸਕਾ ਮਾਮਾ ਸੀ ਤੇ ਮੇਰੇ ਨਾਲੋਂ ਪੰਦਰਾਂ-ਅਠਾਰਾਂ ਦਿਨ ਵੱਡਾ। ਇਹ ਗੱਲ ਵੱਖਰੀ ਹੈ ਕਿ ਉਹ ਲੇਖਕ ਨਹੀਂ ਸੀ ਪਰ ਕਿਸੇ ਹੋਰ ਦੀ ਲਿਖੀ ਕਵਿਤਾ ਨੂੰ ਸਟੇਜ ਉਤੇ ਏਸ ਤਰ੍ਹਾਂ ਪੇਸ਼ ਕਰਦਾ ਸੀ ਕਿ ਲਿਖਣ ਵਾਲਾ ਖਲੋ ਕੇ ਦਾਦ ਦੇਣ ਲਈ ਮਜਬੂਰ ਹੋ ਜਾਂਦਾ ਸੀ।

ਇਕ ਹੋਰ ਫਰਕ ਇਹ ਵੀ ਸੀ ਕਿ ਮੇਰੇ ਮਾਮੇ ਦੇ ਵਡੇਰੇ ਬਾਬਾ ਮਹਤਾਬ ਸਿੰਘ ਭੰਗੂ ਨੇ ਭਾਈ ਸੁੱਖਾ ਸਿੰਘ ਨੂੰ ਨਾਲ ਲੈ ਕੇ ਮੱਸਾ ਰੰਘੜ ਦੀ ਹੱਤਿਆ ਕੀਤੀ ਸੀ। ਕਾਰਨ ਇਹ ਕਿ ਮੱਸਾ ਹਰਿਮੰਦਰ ਵਿਚ ਇਕ ਨਚਾਰ ਕੁੜੀ ਦਾ ਨਾਚ ਵੇਖਦਾ ਹੋਇਆ ਹੁੱਕਾ ਵੀ ਪੀਂਦਾ ਹੁੰਦਾ ਸੀ। ਅੱਜ ਦੇ ਦਿਨ ਦੋਵੇਂ ਸਵਰਨ ਭੰਗੂ ਚਲਾਣਾ ਕਰ ਚੁੱਕੇ ਹਨ। ਉਨ੍ਹਾਂ ਵਿਚੋਂ ਵੱਡੇ ਦਾ ਪਰਿਵਾਰ ਜਰਮਨੀ ਦੇ ਸ਼ਹਿਰ ਹੈਮਬਰਗ ਰਹਿੰਦਾ ਹੈ ਜਿੱਥੇ ਉਸਦੇ ਤਿੰਨ ਬੇਟਿਆਂ ਦੇ ਸ਼ਰੀਕ-ਏ-ਹਯਾਤ ਵਸਦੇ ਹਨ। ਉਹ ਉਸ ਸ਼ਹਿਰ ਵਿਚ ਮੀਰਾਂਕੋਟੀਏ ਵਜੋਂ ਜਾਣੇ ਜਾਂਦੇ ਹਨ। ਮੈਂ ਉਨ੍ਹਾਂ ਕੋਲ ਜਾਂਦਾ ਰਹਿੰਦਾ ਹਾਂ ਤੇ ਉਨ੍ਹਾਂ ਵਿਚੋਂ ਮੋਟੂ ਭੰਗੂ ਦੀ ਪਤਨੀ ਸੁਖਚੈਨ ਕੌਰ ਉਰਫ ਸੁੱਖੀ ਦੋ ਹਫਤੇ ਪਹਿਲਾਂ ਮੇਰੇ ਚੰਡੀਗੜ੍ਹ ਵਾਲੇ ਘਰ ਮਿਲ ਕੇ ਗਈ ਹੈ। ਏਸ ਲਈ ਵੀ ਕਿ ਉਨ੍ਹਾਂ ਦੇ ਚੰਡੀਗੜ੍ਹ ਵਾਲੇ ਘਰ ਦੀਆਂ ਚਾਬੀਆਂ ਮੇਰੇ ਕੋਲ ਹੁੰਦੀਆਂ ਹਨ। ਛੋਟਾ ਭੰਗੂ ਭੁੱਚੋ ਮੰਡੀ ਨੇੜਲਾ ਆਪਣਾ ਘਰ ਛੱਡ ਕੇ ਚਮਕੌਰ ਸਾਹਿਬ ਨੇੜੇ ਚੈਰੀਟੇਬਲ ਵਿਦਿਅਕ ਸੰਸਥਾ ਦਾ ਸੰਥਾਪਕ ਸੀ। ਲਿਖਣ ਵਾਲੇ ਲਿਖਦੇ ਨੇ ਕਿ ਉਹ ਆਪਣੇ ਪਰਿਵਾਰ ਨੂੰ ਪੂਰਾ ਪਰਵਾਣ ਤੇ ਬੜਾ ਮਿਲਣਸਾਰ ਸੀ, ਗਮੀਆਂ ਖੁਸ਼ੀਆਂ ਨੂੰ ਇੱਕੋ ਰੱਸੇ ਬੰਨ੍ਹਣ ਵਾਲਾ; ਮਿਰਜ਼ਾ ਗਾਲਿਬ ਦੇ ਕਹਿਣ ਅਨੁਸਾਰ

'ਨਗਮਾਏ ਗ਼ਮ ਕੋ ਭੀ ਐ ਦਿਲ ਗ਼ਨੀਮਤ ਜਾਣੀਏ
ਬੇ-ਸਦਾ ਹੋ ਜਾਏਗਾ ਯੇਹ ਸਾਜ਼-ਏ-ਹਸਤੀ ਏਕ ਦਿਨ'

ਜਾਂਦੇ ਜਾਂਦੇ ਇਹ ਵੀ ਦਸ ਦਿਆਂ ਕਿ ਮੈਂ ਤੇ ਸਵਰਨ ਖੰਨਾ ਮੰਡੀ ਦੇ ਆਰੀਆ ਸਕੂਲ ਵਿਚ ਪੜ੍ਹੇ ਹਾਂ ਅਤੇ ਕਾਗਜ਼ਾਂ ਵਿਚ ਦੋਨਾਂ ਦੀ ਜਨਮ-ਤਿਥੀ ਇਕ ਹੀ ਹੈ; 27 ਫਰਵਰੀ, 1995, ਅਸਲ ਜਨਮ ਇਸ ਤੋਂ 11-12 ਮਹੀਨੇ ਵੱਡੀ ਸੀ। ਅਸਲ ਜਨਮ ਦਿਨਾਂ ਬਾਰੇ ਦੱਸਣ ਵਾਲਾ ਮੇਰਾ ਪਿਤਾ ਸੀ। ਭਾਵੇਂ ਅਸੀਂ ਦੋਵੇਂ ਮੇਰੇ ਨਾਨਕੇ ਪਿੰਡ ਜੰਮੇ ਸੀ ਪਰ ਮੈਂ ਆਪਣੀ ਮਾਂ ਦਾ ਪਹਿਲਾ ਬੱਚਾ ਸਾਂ ਤੇ ਸਵਰਨ ਮੇਰੀ ਨਾਨੀ ਦਾ ਆਖਰੀ ਬੱਚਾ। ਹੋਰ ਪੁਛਦੇ ਹੋ ਤਾਂ ਮੇਰਾ ਸਕਾ ਮਾਮਾ ਪਰ ਨਕਲੀ ਜਨਮ ਦਿਨ ਵਾਲੇ ਦਿਨ ਚਾਰ ਸਾਲ ਪਹਿਲਾਂ ਖਾਂਦਾ-ਪੀਂਦਾ ਤੁਰ ਗਿਆ ਸੀ। ਵੱਡੇ ਭੰਗੂ ਦੀ ਤਸਵੀਰ ਮੇਰੇ ਕਲੋਂ ਅਜਿਹੀ ਥਾਂ ਰੱਖੀ ਗਈ ਹੈ ਜਿਹੜੀ ਇਸ ਸਮੇਂ ਲੱਭ ਨਹੀਂ ਰਹੀ। ਦੋਨੋਂ ਭੰਗੂ ਜ਼ਿੰਦਾਬਾਦ।

### ਅੰਤਿਕਾ

—ਸਿਆਣਪਾਂ (ੳ)—
ਜ਼ਿੰਦਗੀ ਜ਼ਿੰਦਾਦਿਲੀ ਦਾ ਨਾਮ ਹੈ
ਮੁਰਦਾਦਿਲ ਕਿਆ ਖਾਕ ਜੀਆ ਕਰਤੇ ਹੈਂ।

# ਛੋਟੇ ਰੋਬੋਟ, ਵੱਡੇ ਕੰਮ: ਸਵਾਰਮ ਇੰਟੈਲੀਜੈਂਸ

***ਕੁਦਰਤ ਤੋਂ ਸਿੱਖ ਕੇ ਮਨੁੱਖ ਅਜਿਹੀਆਂ ਤਕਨਾਲੋਜੀਆਂ ਵਿਕਸਿਤ ਕਰ ਰਿਹਾ ਹੈ ਜੋ ਵਧੇਰੇ ਲਚਕੀਲੀਆਂ, ਭਰੋਸੇਯੋਗ ਅਤੇ ਪ੍ਰਭਾਵਸ਼ਾਲੀ ਹਨ। ਜੇਕਰ ਇਸਦੇ ਵਿਕਾਸ ਨੂੰ ਜ਼ਿੰਮੇਵਾਰੀ, ਪਾਰਦਰਸ਼ਤਾ ਅਤੇ ਸਹੀ ਨਿਯਮਾਂ ਦੇ ਨਾਲ ਅੱਗੇ ਵਧਾਇਆ ਜਾਵੇ ਤਾਂ ਸਵਾਰਮ ਏਆਈ ਨਾ ਸਿਰਫ਼ ਤਕਨੀਕੀ ਤਰੱਕੀ ਨੂੰ ਤੇਜ਼ ਕਰੇਗੀ, ਸਗੋਂ ਮਨੁੱਖੀ ਜੀਵਨ ਨੂੰ ਹੋਰ ਸੁਰੱਖਿਅਤ, ਸੁਵਿਧਾਜਨਕ ਅਤੇ ਟਿਕਾਊ ਬਣਾਉਣ ਵਿਚ ਵੀ ਮਹੱਤਵਪੂਰਨ ਭੂਮਿਕਾ ਨਿਭਾਏਗੀ।***

ਕੁਦਰਤ ਸਾਨੂੰ ਅਕਸਰ ਅਜਿਹੇ ਅਨੋਖੇ ਸਬਕ ਸਿਖਾਉਂਦੀ ਹੈ ਜੋ ਆਧੁਨਿਕ ਵਿਗਿਆਨ ਅਤੇ ਤਕਨਾਲੋਜੀ ਲਈ ਪ੍ਰੇਰਣਾ ਬਣ ਜਾਂਦੇ ਹਨ। ਚੀਟੀਆਂ ਦੀ ਇੱਕ ਕਾਲੋਨੀ ਨੂੰ ਦੇਖੋ। ਉਨ੍ਹਾਂ ਕੋਲ ਕੋਈ ਇੱਕ ਆਗੂ ਨਹੀਂ ਹੁੰਦਾ, ਫਿਰ ਵੀ ਉਹ ਭੋਜਨ ਤੱਕ ਪਹੁੰਚਣ ਲਈ ਸਭ ਤੋਂ ਛੋਟਾ ਰਸਤਾ ਲੱਭ ਲੈਂਦੀਆਂ ਹਨ। ਇਸੇ ਤਰ੍ਹਾਂ ਮੱਖੀਆਂ ਦਾ ਝੁੰਡ ਨਵਾਂ ਛੱਤਾ ਬਣਾਉਣ ਲਈ ਸਾਂਝੇ ਤੌਰ 'ਤੇ ਫ਼ੈਸਲੇ ਕਰਦਾ ਹੈ ਅਤੇ ਅਸਮਾਨ ਵਿਚ ਉੱਡਦੇ ਪੰਛੀਆਂ ਦੇ ਝੁੰਡ ਬਿਨਾਂ ਕਿਸੇ ਕੇਂਦਰੀ ਨਿਯੰਤਰਣ ਦੇ ਇਕੱਠੇ ਦਿਸ਼ਾ ਬਦਲ ਲੈਂਦੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਵਿਚੋਂ ਕੋਈ ਵੀ ਜੀਵ ਪੂਰੀ ਤਸਵੀਰ ਨਹੀਂ ਜਾਣਦਾ, ਪਰ ਸਾਰੇ ਮਿਲ ਕੇ ਅਜਿਹਾ ਵਿਵਹਾਰ ਕਰਦੇ ਹਨ ਜਿਵੇਂ ਇੱਕ ਹੀ ਦਿਮਾਗ਼ ਉਨ੍ਹਾਂ ਨੂੰ ਚਲਾ ਰਿਹਾ ਹੋਵੇ। ਇਸੇ ਕੁਦਰਤੀ ਸਿਧਾਂਤ ਤੋਂ ਪ੍ਰੇਰਿਤ ਹੋ ਕੇ ਵਿਗਿਆਨੀਆਂ ਨੇ



**ਡਾ. ਗੁਰਜੀਤ ਸਿੰਘ ਭੱਠਲ**
**ਫੋਨ: 98142-05475**

'ਸਵਾਰਮ ਇੰਟੈਲੀਜੈਂਸ' ਜਾਂ 'ਝੁੰਡ ਬੁੱਧੀ' ਦੀ ਧਾਰਨਾ ਵਿਕਸਿਤ ਕੀਤੀ ਹੈ, ਜੋ ਅੱਜ ਕ੍ਰਿਤ੍ਰਿਮ ਬੁੱਧੀ ਅਤੇ ਰੋਬੋਟਿਕਸ ਦੇ ਖੇਤਰ ਵਿਚ ਇੱਕ ਨਵੀਂ ਕ੍ਰਾਂਤੀ ਦਾ ਆਧਾਰ ਬਣ ਰਹੀ ਹੈ।

ਸਵਾਰਮ ਇੰਟੈਲੀਜੈਂਸ ਦਾ ਮੂਲ ਵਿਚਾਰ ਬਹੁਤ ਸਧਾਰਨ ਹੈ। ਇਸ ਵਿਚ ਬਹੁਤ ਸਾਰੀਆਂ ਛੋਟੀਆਂ ਅਤੇ ਸੁਤੰਤਰ ਮਸ਼ੀਨਾਂ ਜਾਂ ਏਜੰਟ ਇੱਕ ਦੂਜੇ ਨਾਲ ਸਹਿਯੋਗ ਕਰਕੇ ਅਜਿਹੇ ਕੰਮ ਕਰਦੇ ਹਨ ਜੋ ਇਕੱਲੀ ਮਸ਼ੀਨ ਲਈ ਕਰਨਾ ਮੁਸ਼ਕਲ ਜਾਂ ਅਸੰਭਵ ਹੋ ਸਕਦਾ ਹੈ। ਹਰ ਏਜੰਟ ਕੋਲ ਸੀਮਤ ਜਾਣਕਾਰੀ ਅਤੇ ਸੀਮਤ ਸਮਰੱਥਾ ਹੁੰਦੀ ਹੈ, ਪਰ ਜਦੋਂ ਸਾਰੇ ਏਜੰਟ ਇੱਕ ਦੂਜੇ ਨਾਲ ਸੰਚਾਰ ਕਰਦੇ ਹੋਏ ਕੰਮ ਕਰਦੇ ਹਨ ਤਾਂ ਉਹ ਇਕੱਠੇ ਮਿਲ ਕੇ ਬਹੁਤ ਹੀ ਜਟਿਲ ਸਮੱਸਿਆਵਾਂ ਦਾ ਹੱਲ ਲੱਭ ਸਕਦੇ ਹਨ। ਇਹ ਪ੍ਰਣਾਲੀ ਕਿਸੇ ਇੱਕ ਕੇਂਦਰੀ ਕੰਪਿਊਟਰ ਜਾਂ ਕੰਟਰੋਲਰ 'ਤੇ ਨਿਰਭਰ ਨਹੀਂ ਕਰਦੀ, ਸਗੋਂ ਹਰ ਇਕਾਈ ਆਪਣੇ ਆਲੇ-ਦੁਆਲੇ ਦੀ ਜਾਣਕਾਰੀ ਦੇ ਆਧਾਰ 'ਤੇ ਫ਼ੈਸਲੇ ਕਰਦੀ ਹੈ।

ਰਵਾਇਤੀ ਕ੍ਰਿਤ੍ਰਿਮ ਬੁੱਧੀ ਪ੍ਰਣਾਲੀਆਂ ਵਿਚ ਆਮ ਤੌਰ 'ਤੇ ਇੱਕ ਕੇਂਦਰੀ ਨਿਯੰਤਰਣ ਇਕਾਈ ਹੁੰਦੀ ਹੈ ਜੋ ਸਾਰੇ ਫ਼ੈਸਲੇ ਲੈਂਦੀ ਹੈ। ਜੇਕਰ ਉਹ ਇਕਾਈ ਕਿਸੇ ਕਾਰਨ ਕਰਕੇ ਫੇਲ ਹੋ ਜਾਵੇ ਤਾਂ ਪੂਰੀ ਪ੍ਰਣਾਲੀ ਪ੍ਰਭਾਵਿਤ ਹੋ ਸਕਦੀ ਹੈ। ਇਸਦੇ ਉਲਟ ਸਵਾਰਮ ਏਆਈ ਵਿਚ ਬੁੱਧੀ ਕਈ ਇਕਾਈਆਂ ਵਿਚ ਵੰਡੀ ਹੋਈ ਹੁੰਦੀ ਹੈ। ਜੇ ਕੁਝ ਏਜੰਟ ਕੰਮ ਕਰਨਾ ਬੰਦ ਵੀ ਕਰ ਦੇਣ ਤਾਂ ਬਾਕੀ ਏਜੰਟ ਮਿਲ ਕੇ ਆਪਣਾ ਕੰਮ ਜਾਰੀ ਰੱਖ ਸਕਦੇ ਹਨ। ਇਸ ਕਾਰਨ ਇਹ ਪ੍ਰਣਾਲੀ ਵਧੇਰੇ ਮਜ਼ਬੂਤ, ਲਚਕੀਲੀ ਅਤੇ ਭਰੋਸੇਯੋਗ ਮੰਨੀ ਜਾਂਦੀ ਹੈ।

ਰੋਬੋਟਿਕਸ ਦੇ ਖੇਤਰ ਵਿਚ ਇਸ ਤਕਨਾਲੋਜੀ ਨੇ 'ਸਵਾਰਮ ਰੋਬੋਟਿਕਸ' ਨੂੰ ਜਨਮ ਦਿੱਤਾ ਹੈ। ਇਸ ਵਿਚ ਛੋਟੇ-ਛੋਟੇ ਰੋਬੋਟਾਂ ਦਾ ਇੱਕ ਸਮੂਹ ਮਿਲ ਕੇ ਕਿਸੇ ਨਿਰਧਾਰਤ ਕੰਮ ਨੂੰ ਪੂਰਾ ਕਰਦਾ ਹੈ। ਉਦਾਹਰਨ ਲਈ ਜੇ ਕਿਸੇ ਭੂਚਾਲ ਜਾਂ ਇਮਾਰਤ ਡਿੱਗਣ ਦੀ ਘਟਨਾ ਤੋਂ ਬਾਅਦ ਬਚਾਅ ਕਾਰਜ ਚਲਾਉਣਾ ਹੋਵੇ ਤਾਂ ਇੱਕ ਵੱਡੇ ਰੋਬੋਟ ਦੀ ਥਾਂ ਸੈਂਕੜੇ ਛੋਟੇ ਰੋਬੋਟ ਮਲਬੇ ਵਿਚ ਦਾਖ਼ਲ ਹੋ ਕੇ ਪ੍ਰਭਾਵਿਤ ਖੇਤਰ ਦਾ ਨਕਸ਼ਾ ਤਿਆਰ ਕਰ ਸਕਦੇ ਹਨ, ਫਸੇ ਹੋਏ ਲੋਕਾਂ ਦੀ ਪਛਾਣ ਕਰ ਸਕਦੇ ਹਨ ਅਤੇ ਰਾਹਤ ਟੀਮਾਂ ਨੂੰ ਮਹੱਤਵਪੂਰਨ ਜਾਣਕਾਰੀ ਭੇਜ ਸਕਦੇ ਹਨ। ਜੇ ਕੁਝ ਰੋਬੋਟ ਨੁਕਸਾਨੀਏ ਵੀ ਹੋ ਜਾਣ ਤਾਂ ਬਾਕੀ ਰੋਬੋਟ ਮਿਸ਼ਨ ਨੂੰ ਜਾਰੀ ਰੱਖ ਸਕਦੇ ਹਨ।

ਸਵਾਰਮ ਏਆਈ ਦੀ ਸਭ ਤੋਂ ਵੱਡੀ ਤਾਕਤ ਇਸ ਦੀ ਸਮੂਹਿਕ ਕਾਰਗੁਜ਼ਾਰੀ ਹੈ। ਹਰ ਏਜੰਟ ਇੱਕ ਛੋਟਾ ਕੰਮ ਕਰਦਾ ਹੈ, ਪਰ ਸਾਰੇ ਮਿਲ ਕੇ ਇੱਕ ਵੱਡਾ ਅਤੇ ਜਟਿਲ ਕੰਮ ਪੂਰਾ ਕਰਦੇ ਹਨ। ਇਹ ਢੰਗ ਖੋਜ ਅਤੇ ਬਚਾਅ ਕਾਰਜਾਂ, ਵਾਤਾਵਰਣ ਦੀ ਨਿਗਰਾਨੀ, ਸਰੋਤਾਂ ਦੇ ਪ੍ਰਬੰਧਨ ਅਤੇ ਡਾਟਾ ਇਕੱਠਾ ਕਰਨ ਵਰਗੇ ਖੇਤਰਾਂ ਵਿਚ ਬਹੁਤ ਪ੍ਰਭਾਵਸ਼ਾਲੀ ਸਾਬਤ ਹੋ ਰਿਹਾ ਹੈ। ਖੋਜਕਰਤਾਵਾਂ ਦਾ ਮੰਨਣਾ ਹੈ ਕਿ ਜਿੱਥੇ ਹਾਲਾਤ ਤੇਜ਼ੀ ਨਾਲ ਬਦਲਦੇ ਹਨ ਜਾਂ ਜਿੱਥੇ ਅਨਿਸ਼ਚਿਤਤਾ ਜ਼ਿਆਦਾ ਹੁੰਦੀ ਹੈ, ਉੱਥੇ ਸਵਾਰਮ ਆਧਾਰਿਤ ਪ੍ਰਣਾਲੀਆਂ ਰਵਾਇਤੀ ਕੇਂਦਰੀ ਪ੍ਰਣਾਲੀਆਂ ਨਾਲੋਂ ਬਿਹਤਰ ਪ੍ਰਦਰਸ਼ਨ ਕਰ ਸਕਦੀਆਂ ਹਨ।

ਪਿਛਲੇ ਕੁਝ ਸਾਲਾਂ ਵਿਚ ਸਵਾਰਮ ਇੰਟੈਲੀਜੈਂਸ ਦੇ ਅਸਲ ਜੀਵਨ ਵਿਚ ਵਰਤੋਂ ਦੇ ਕਈ ਉਦਾਹਰਨ ਸਾਹਮਣੇ ਆਏ ਹਨ। ਡਰੋਨ ਸਵਾਰਮ ਇਸਦਾ ਸਭ ਤੋਂ ਪ੍ਰਸਿੱਧ ਉਦਾਹਰਨ ਹੈ। ਅੱਜ ਕਈ ਦੇਸ਼ ਸੈਂਕੜੇ ਡਰੋਨਾਂ ਨੂੰ ਇੱਕੋ ਸਮੇਂ ਉਡਾ ਕੇ ਨਿਗਰਾਨੀ, ਮੈਪਿੰਗ ਅਤੇ ਜਾਣਕਾਰੀ ਇਕੱਠੀ ਕਰਨ ਦੇ ਕੰਮ ਕਰ ਰਹੇ ਹਨ। ਵੱਡੇ ਸਮਾਗਮਾਂ ਵਿਚ ਡਰੋਨ ਲਾਈਟ ਸ਼ੋਅ ਵੀ ਸਵਾਰਮ ਤਕਨਾਲੋਜੀ ਦੀ ਕਾਮਯਾਬੀ ਨੂੰ ਦਰਸਾਉਂਦੇ ਹਨ, ਜਿੱਥੇ ਸੈਂਕੜੇ ਡਰੋਨ ਬਿਨਾਂ ਟਕਰਾਏ ਬਿਲਕੁਲ ਸਹੀ ਤਾਲਮੇਲ ਨਾਲ ਅਸਮਾਨ ਵਿਚ ਵੱਖ-ਵੱਖ ਆਕ੍ਰਿਤੀਆਂ ਬਣਾਉਂਦੇ ਹਨ।

ਖੇਤੀਬਾੜੀ ਵਿਚ ਵੀ ਇਸ ਤਕਨਾਲੋਜੀ ਦੀ ਮਹੱਤਤਾ ਤੇਜ਼ੀ ਨਾਲ ਵਧ ਰਹੀ ਹੈ। ਛੋਟੇ ਰੋਬੋਟਾਂ ਦੇ ਸਮੂਹ ਖੇਤਾਂ ਵਿਚ ਫਸਲਾਂ ਦੀ ਸਿਹਤ ਦੀ ਜਾਂਚ ਕਰ ਸਕਦੇ ਹਨ, ਕੀੜਿਆਂ ਅਤੇ ਬਿਮਾਰੀਆਂ ਦੀ ਪਛਾਣ ਕਰ ਸਕਦੇ ਹਨ ਅਤੇ ਪਾਣੀ ਦੀ ਲੋੜ ਦਾ ਅੰਦਾਜ਼ਾ ਲਗਾ ਸਕਦੇ ਹਨ। ਇਸ ਨਾਲ ਕਿਸਾਨਾਂ



ਨੂੰ ਸਮੇਂ ਸਿਰ ਸਹੀ ਜਾਣਕਾਰੀ ਮਿਲਦੀ ਹੈ ਅਤੇ ਖਾਦਾਂ, ਕੀਟਨਾਸ਼ਕਾਂ ਅਤੇ ਪਾਣੀ ਦੀ ਵਰਤੋਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾ ਸਕਦਾ ਹੈ। ਭਵਿੱਖ ਵਿਚ ਇਹ ਤਕਨਾਲੋਜੀ ਸਟੀਕ ਖੇਤੀਬਾੜੀ ਨੂੰ ਹੋਰ ਵੀ ਅੱਗੇ ਲੈ ਜਾ ਸਕਦੀ ਹੈ।

ਆਵਾਜਾਈ ਅਤੇ ਸਮਾਰਟ ਸ਼ਹਿਰਾਂ ਵਿਚ ਵੀ ਸਵਾਰਮ ਏਆਈ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ। ਟ੍ਰੈਫਿਕ ਸਿਗਨਲਾਂ ਨੂੰ ਵਾਹਨਾਂ ਦੀ ਅਸਲ ਸਮੇਂ ਦੀ ਆਵਾਜਾਈ ਦੇ ਅਨੁਸਾਰ ਨਿਯੰਤਰਿਤ ਕਰਨ ਲਈ ਸਵਾਰਮ ਐਲਗੋਰਿਦਮ ਵਰਤੇ ਜਾ ਰਹੇ ਹਨ। ਇਹ ਪ੍ਰਣਾਲੀਆਂ ਸੜਕਾਂ 'ਤੇ ਵਾਹਨਾਂ ਦੀ ਗਿਣਤੀ, ਗਤੀ ਅਤੇ ਦਿਸ਼ਾ ਦਾ ਵਿਸ਼ਲੇਸ਼ਣ ਕਰਕੇ ਜਾਮ ਘਟਾਉਣ ਵਿਚ ਮਦਦ ਕਰਦੀਆਂ ਹਨ। ਇਸ ਨਾਲ ਇੰਧਨ ਦੀ ਬਚਤ ਹੁੰਦੀ ਹੈ, ਸਮਾਂ ਬਚਦਾ ਹੈ ਅਤੇ ਪ੍ਰਦੂਸ਼ਣ ਵਿਚ ਵੀ ਕਮੀ ਆਉਂਦੀ ਹੈ।

ਰੱਖਿਆ ਖੇਤਰ ਵਿਚ ਸਵਾਰਮ ਤਕਨਾਲੋਜੀ ਨੂੰ ਇੱਕ ਮਹੱਤਵਪੂਰਨ ਭਵਿੱਖੀ ਸਾਧਨ ਮੰਨਿਆ ਜਾ ਰਿਹਾ ਹੈ। ਕਈ ਦੇਸ਼ ਅਜਿਹੇ ਡਰੋਨ ਸਵਾਰਮ ਵਿਕਸਿਤ ਕਰ ਰਹੇ ਹਨ ਜੋ ਨਿਗਰਾਨੀ, ਖੁਫੀਆ ਜਾਣਕਾਰੀ ਇਕੱਠੀ ਕਰਨ ਅਤੇ ਵਿਸ਼ੇਸ਼ ਮਿਸ਼ਨਾਂ ਨੂੰ ਅੰਜਾਮ ਦੇਣ ਦੇ ਯੋਗ ਹੋਣ। ਇੱਕੋ ਸਮੇਂ ਕਈ ਮਨੁੱਖ-ਰਹਿਤ ਵਾਹਨ ਵੱਡੇ ਖੇਤਰਾਂ ਦੀ ਨਿਗਰਾਨੀ ਕਰ ਸਕਦੇ ਹਨ ਅਤੇ ਤੁਰੰਤ ਜਾਣਕਾਰੀ ਫ਼ੈਸਲਾ ਲੈਣ ਵਾਲੀਆਂ ਏਜੰਸੀਆਂ ਤੱਕ ਪਹੁੰਚਾ ਸਕਦੇ ਹਨ। ਇਸ ਕਾਰਨ ਰੱਖਿਆ ਖੇਤਰ ਵਿਚ ਇਸ ਤਕਨਾਲੋਜੀ ਦੀ ਮਹੱਤਤਾ ਲਗਾਤਾਰ ਵਧ ਰਹੀ ਹੈ।

ਸਵਾਰਮ ਰੋਬੋਟਿਕਸ ਦੀ ਸਫਲਤਾ ਦੇ ਪਿੱਛੇ ਕ੍ਰਿਤ੍ਰਿਮ ਬੁੱਧੀ, ਮਸ਼ੀਨ ਲਰਨਿੰਗ, ਸੈਂਸਰ ਤਕਨਾਲੋਜੀ ਅਤੇ ਵਾਇਰਲੈੱਸ ਸੰਚਾਰ ਦਾ ਵੱਡਾ ਯੋਗਦਾਨ ਹੈ। ਏਆਈ ਹਰ ਏਜੰਟ ਨੂੰ ਆਪਣੇ ਆਲੇ-ਦੁਆਲੇ ਦੇ ਮਾਹੌਲ ਨੂੰ ਸਮਝਣ ਅਤੇ ਫ਼ੈਸਲੇ ਲੈਣ ਦੀ ਸਮਰੱਥਾ ਦਿੰਦੀ ਹੈ। ਮਸ਼ੀਨ ਲਰਨਿੰਗ ਉਨ੍ਹਾਂ ਨੂੰ ਅਨੁਭਵ ਤੋਂ ਸਿੱਖਣ ਅਤੇ ਆਪਣੇ ਕੰਮ ਵਿਚ ਸੁਧਾਰ ਕਰਨ ਵਿਚ ਮਦਦ ਕਰਦੀ ਹੈ। ਇਸਦੇ ਨਾਲ ਹੀ ਉੱਚ-ਗਤੀ ਸੰਚਾਰ ਪ੍ਰਣਾਲੀਆਂ ਏਜੰਟਾਂ ਨੂੰ ਜਾਣਕਾਰੀ ਸਾਂਝੀ ਕਰਨ ਅਤੇ ਤਾਲਮੇਲ ਬਣਾਈ ਰੱਖਣ ਯੋਗ ਬਣਾਉਂਦੀਆਂ ਹਨ।

ਇਸ ਤਕਨਾਲੋਜੀ ਦਾ ਇੱਕ ਹੋਰ ਵੱਡਾ ਫ਼ਾਇਦਾ ਇਸਦੀ ਵਿਸਤਾਰਯੋਗਤਾ ਹੈ। ਜੇ ਕਿਸੇ ਕੰਮ ਲਈ ਹੋਰ ਏਜੰਟਾਂ ਦੀ ਲੋੜ ਹੋਵੇ ਤਾਂ ਨਵੇਂ ਏਜੰਟ ਆਸਾਨੀ ਨਾਲ ਸ਼ਾਮਲ ਕੀਤੇ ਜਾ ਸਕਦੇ ਹਨ। ਪੂਰੀ ਪ੍ਰਣਾਲੀ ਨੂੰ ਦੁਬਾਰਾ ਡਿਜ਼ਾਈਨ ਕਰਨ ਦੀ ਲੋੜ ਨਹੀਂ ਪੈਂਦੀ। ਇਸ ਕਾਰਨ ਸਵਾਰਮ ਪ੍ਰਣਾਲੀਆਂ ਵੱਡੇ ਪੱਧਰ 'ਤੇ ਕੰਮ ਕਰਨ ਲਈ ਬਹੁਤ ਉਚਿਤ ਹਨ। ਇਸਦੇ ਨਾਲ ਹੀ ਇਹ ਲਾਗਤ ਪੱਖੋਂ ਵੀ ਫ਼ਾਇਦੇਮੰਦ ਹਨ ਕਿਉਂਕਿ ਇਹ ਮਹਿੰਗੀਆਂ ਅਤੇ ਜਟਿਲ ਮਸ਼ੀਨਾਂ ਦੀ ਥਾਂ ਕਈ ਛੋਟੀਆਂ ਅਤੇ ਸਸਤੀ ਇਕਾਈਆਂ 'ਤੇ ਆਧਾਰਿਤ ਹੁੰਦੀਆਂ ਹਨ।

ਹਾਲਾਂਕਿ ਸਵਾਰਮ ਏਆਈ ਦੇ ਬਹੁਤ ਸਾਰੇ ਲਾਭ ਹਨ, ਪਰ ਇਸਦੇ ਨਾਲ ਕੁਝ ਚੁਣੌਤੀਆਂ ਵੀ ਜੁੜੀਆਂ ਹੋਈਆਂ ਹਨ। ਵੱਡੀ ਗਿਣਤੀ ਵਿਚ ਏਜੰਟਾਂ ਦਾ ਤਾਲਮੇਲ ਬਣਾਈ ਰੱਖਣਾ ਆਸਾਨ ਨਹੀਂ ਹੁੰਦਾ। ਜੇ ਸੰਚਾਰ ਵਿਚ ਰੁਕਾਵਟ ਆ ਜਾਵੇ ਜਾਂ ਜਾਣਕਾਰੀ ਗਲਤ ਪਹੁੰਚੇ ਤਾਂ ਪੂਰੀ ਪ੍ਰਣਾਲੀ ਦੀ ਕਾਰਗੁਜ਼ਾਰੀ ਪ੍ਰਭਾਵਿਤ ਹੋ ਸਕਦੀ ਹੈ। ਇਸ ਤੋਂ ਇਲਾਵਾ ਸਾਈਬਰ ਸੁਰੱਖਿਆ ਵੀ ਇੱਕ ਵੱਡਾ ਮੁੱਦਾ ਹੈ। ਜੇ ਕੋਈ ਹਮਲਾਵਰ ਸੰਚਾਰ ਪ੍ਰਣਾਲੀ ਵਿਚ ਦਖ਼ਲ ਦੇਵੇ ਤਾਂ ਉਹ ਏਜੰਟਾਂ ਦੇ ਵਿਵਹਾਰ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਨੈਤਿਕ ਅਤੇ ਕਾਨੂੰਨੀ ਸਵਾਲ ਵੀ ਇਸ ਤਕਨਾਲੋਜੀ ਨਾਲ ਜੁੜੇ ਹੋਏ ਹਨ। ਖਾਸ ਕਰਕੇ ਰੱਖਿਆ ਖੇਤਰ ਵਿਚ ਸਵੈਚਾਲਿਤ ਮਸ਼ੀਨਾਂ ਦੀ ਵਰਤੋਂ ਬਾਰੇ ਜ਼ਿੰਮੇਵਾਰੀ ਅਤੇ ਨਿਯੰਤਰਣ ਦੇ ਮੁੱਦੇ ਉੱਠਦੇ ਹਨ। ਜਦੋਂ ਮਸ਼ੀਨਾਂ ਖੁਦ ਫ਼ੈਸਲੇ ਲੈਣ ਲੱਗਣ ਤਾਂ ਇਹ ਨਿਰਧਾਰਤ ਕਰਨਾ ਜ਼ਰੂਰੀ ਹੋ ਜਾਂਦਾ ਹੈ ਕਿ ਕਿਸੇ ਗਲਤੀ ਜਾਂ ਨੁਕਸਾਨ ਲਈ ਜ਼ਿੰਮੇਵਾਰ ਕੌਣ ਹੋਵੇਗਾ। ਇਸ ਲਈ ਸਵਾਰਮ ਏਆਈ ਦੇ ਵਿਕਾਸ ਦੇ ਨਾਲ-ਨਾਲ ਸਪੱਸ਼ਟ ਨੀਤੀਆਂ ਅਤੇ ਨਿਯਮ ਵੀ ਲਾਜ਼ਮੀ ਹਨ।

ਭਾਰਤ ਵਿਚ ਵੀ ਸਵਾਰਮ ਇੰਟੈਲੀਜੈਂਸ ਅਤੇ ਰੋਬੋਟਿਕਸ ਵੱਲ ਰੁਚੀ ਤੇਜ਼ੀ ਨਾਲ ਵਧ ਰਹੀ ਹੈ। Defence Research and Development Organisation ਅਤੇ Indian Space Research Organisation ਵਰਗੀਆਂ ਸੰਸਥਾਵਾਂ ਇਸ ਤਕਨਾਲੋਜੀ ਦੀਆਂ ਸੰਭਾਵਨਾਵਾਂ ਦਾ ਅਧਿਐਨ ਕਰ ਰਹੀਆਂ ਹਨ। ਖੇਤੀਬਾੜੀ, ਰੱਖਿਆ, ਪੁਲਾੜ ਖੋਜ ਅਤੇ ਸਮਾਰਟ ਸ਼ਹਿਰਾਂ ਦੇ ਵਿਕਾਸ ਵਿਚ ਇਸਦੀ ਵਰਤੋਂ ਲਈ ਕਈ ਪ੍ਰਯੋਗ ਕੀਤੇ ਜਾ ਰਹੇ ਹਨ। ਭਾਰਤੀ ਸਟਾਰਟਅਪ ਅਤੇ ਯੂਨੀਵਰਸਿਟੀਆਂ ਵੀ ਇਸ ਖੇਤਰ ਵਿਚ ਨਵੀਆਂ ਖੋਜਾਂ ਅਤੇ ਉਤਪਾਦ ਵਿਕਸਿਤ ਕਰ ਰਹੀਆਂ ਹਨ। ਡਿਜੀਟਲ ਇੰਡੀਆ ਅਤੇ ਆਤਮਨਿਰਭਰ ਭਾਰਤ ਵਰਗੀਆਂ ਪਹਿਲਕਦਮੀਆਂ ਦੇ ਮੱਦੇਨਜ਼ਰ ਇਹ ਤਕਨਾਲੋਜੀ ਭਵਿੱਖ ਵਿਚ ਹੋਰ ਮਹੱਤਵਪੂਰਨ ਬਣ ਸਕਦੀ ਹੈ।

ਆਉਣ ਵਾਲੇ ਸਮੇਂ ਦੀ ਕਲਪਨਾ ਕੀਤੀ ਜਾਵੇ ਤਾਂ ਸਵਾਰਮ ਏਆਈ ਦੀਆਂ ਸੰਭਾਵਨਾਵਾਂ ਬੇਹੱਦ ਰੋਮਾਂਚਕ ਹਨ। ਭਵਿੱਖ ਦੇ ਸ਼ਹਿਰਾਂ ਵਿਚ ਟ੍ਰੈਫਿਕ ਆਪਣੇ ਆਪ ਸੁਚਾਰੂ ਢੰਗ ਨਾਲ ਚੱਲ ਸਕੇਗਾ, ਆਫ਼ਤਾਂ ਦੇ ਸਮੇਂ ਰੋਬੋਟਾਂ ਦੇ ਝੁੰਡ ਤੁਰੰਤ ਮੌਕੇ 'ਤੇ ਪਹੁੰਚ ਕੇ ਜਾਨਾਂ ਬਚਾ ਸਕਣਗੇ ਅਤੇ ਪੁਲਾੜ ਖੋਜ ਵਿਚ ਛੋਟੇ ਰੋਬੋਟ ਮਿਲ ਕੇ ਦੂਰ-ਦੁਰਾਡੇ ਗ੍ਰਹਿਆਂ ਦਾ ਅਧਿਐਨ ਕਰ ਸਕਣਗੇ। ਉਦਯੋਗਾਂ ਵਿਚ ਸਵੈ-ਸੰਗਠਿਤ ਮਸ਼ੀਨਾਂ ਉਤਪਾਦਨ ਪ੍ਰਕਿਰਿਆਵਾਂ ਨੂੰ ਹੋਰ ਤੇਜ਼, ਸੁਰੱਖਿਅਤ ਅਤੇ ਕੁਸ਼ਲ ਬਣਾ ਸਕਦੀਆਂ ਹਨ।

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਸਵਾਰਮ ਏਆਈ ਅਤੇ ਸਵਾਰਮ ਰੋਬੋਟਿਕਸ ਬੁੱਧੀਮਾਨ ਪ੍ਰਣਾਲੀਆਂ ਦੇ ਵਿਕਾਸ ਵਿਚ ਇੱਕ ਨਵਾਂ ਅਤੇ ਮਹੱਤਵਪੂਰਨ ਮੋੜ ਹਨ। ਕੁਦਰਤ ਤੋਂ ਸਿੱਖ ਕੇ ਮਨੁੱਖ ਅਜਿਹੀਆਂ ਤਕਨਾਲੋਜੀਆਂ ਵਿਕਸਿਤ ਕਰ ਰਿਹਾ ਹੈ ਜੋ ਵਧੇਰੇ ਲਚਕੀਲੀਆਂ, ਭਰੋਸੇਯੋਗ ਅਤੇ ਪ੍ਰਭਾਵਸ਼ਾਲੀ ਹਨ। ਜੇਕਰ ਇਸਦੇ ਵਿਕਾਸ ਨੂੰ ਜ਼ਿੰਮੇਵਾਰੀ, ਪਾਰਦਰਸ਼ਤਾ ਅਤੇ ਸਹੀ ਨਿਯਮਾਂ ਦੇ ਨਾਲ ਅੱਗੇ ਵਧਾਇਆ ਜਾਵੇ ਤਾਂ ਸਵਾਰਮ ਏਆਈ ਨਾ ਸਿਰਫ਼ ਤਕਨੀਕੀ ਤਰੱਕੀ ਨੂੰ ਤੇਜ਼ ਕਰੇਗੀ, ਸਗੋਂ ਮਨੁੱਖੀ ਜੀਵਨ ਨੂੰ ਹੋਰ ਸੁਰੱਖਿਅਤ, ਸੁਵਿਧਾਜਨਕ ਅਤੇ ਟਿਕਾਊ ਬਣਾਉਣ ਵਿਚ ਵੀ ਮਹੱਤਵਪੂਰਨ ਭੂਮਿਕਾ ਨਿਭਾਏਗੀ।

# ਰੁੱਖ ਲਗਾਓ ਤੇ ਅਮਰ ਹੋ ਜਾਓ

ਕਈ ਵਾਰ ਜ਼ਿੰਦਗੀ ਦੀਆਂ ਵੱਡੀਆਂ ਸਿੱਖਿਆਵਾਂ ਕਿਤਾਬਾਂ ਵਿਚੋਂ ਨਹੀਂ, ਸਗੋਂ ਸੜਕਾਂ 'ਤੇ ਤੁਰਦਿਆਂ ਹੀ ਮਿਲ ਜਾਂਦੀਆਂ ਹਨ। ਪਿਛਲੇ ਸਾਲ ਜੂਨ ਮਹੀਨੇ ਦੀ ਇੱਕ ਤਪਦੀ ਦੁਪਹਿਰ ਮੇਰੀ ਜ਼ਿੰਦਗੀ ਦੀਆਂ ਯਾਦਗਾਰ ਦੁਪਹਿਰਾਂ ਵਿਚ ਸ਼ਾਮਲ ਹੋ ਗਈ। ਕੁਦਰਤੀ ਸਬੱਬ ਐਸਾ ਬਣਿਆ ਕਿ ਮੈਨੂੰ ਆਪਣੇ ਇੱਕ ਜ਼ਹੀਨ ਮਿੱਤਰ ਨਾਲ ਚੰਡੀਗੜ੍ਹ ਦੀਆਂ ਸੜਕਾਂ 'ਤੇ ਕੁਝ ਸਮਾਂ ਪੈਦਲ ਤੁਰਨਾ ਪਿਆ। ਸਿਖ਼ਰ ਦੁਪਹਿਰੇ ਸੂਰਜ ਦੇਵਤਾ ਅੱਗ ਵਰਸਾ ਰਹੇ ਸੀ ਪਰ ਅਸੀਂ ਦੋਵੇਂ ਸੜਕ ਕਿਨਾਰੇ

**ਹਰਪ੍ਰੀਤ ਸਿੰਘ ਸਵੈਚ**
**ਫੋਨ: 98782-24000**

ਵਿਸ਼ਾਲ ਰੁੱਖਾਂ ਦੀ ਠੰਢੀ ਛਾਂ ਹੇਠ ਬੇਫ਼ਿਕਰੀ ਨਾਲ ਤੁਰ ਰਹੇ ਸਾਂ। ਮੈਂ ਸਹਿਜੇ ਹੀ ਕਿਹਾ, 'ਯਾਰ, ਜੇ ਇਹ ਰੁੱਖ ਨਾ ਹੁੰਦੇ ਤਾਂ ਅੱਜ ਸਾਡਾ ਕੀ ਬਣਨਾ ਸੀ। ਸਾਨੂੰ ਇਨ੍ਹਾਂ ਰੁੱਖਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ, ਜੋ ਸਾਡੇ ਵਰਗੇ ਕਿੰਨੇ ਰਾਹਗੀਰਾਂ ਨੂੰ ਆਪਣੀ ਛਾਂ ਦੇ ਕਲਾਵੇ ਵਿਚ ਲੈ ਕੇ ਗਰਮੀ ਤੋਂ ਬਚਾਉਂਦੇ ਹਨ।' ਮੇਰੇ ਮਿੱਤਰ ਨੇ ਜਵਾਬ ਦਿੱਤਾ, 'ਬਿਲਕੁਲ, ਪਰ ਇਨ੍ਹਾਂ ਰੁੱਖਾਂ ਦੇ ਨਾਲ-ਨਾਲ ਉਨ੍ਹਾਂ ਲੋਕਾਂ ਦਾ ਵੀ ਧੰਨਵਾਦ ਕਰਨਾ ਬਣਦਾ ਹੈ, ਜਿਨ੍ਹਾਂ ਨੇ ਇਹ ਰੁੱਖ ਲਗਾਏ ਜਾਂ ਲਗਵਾਏ।' ਸਾਡੇ ਦੋਵਾਂ ਦੇ ਮੂੰਹੋਂ ਨਿਕਲਿਆ, 'ਡਾ. ਮਹਿੰਦਰ ਸਿੰਘ ਰੰਧਾਵਾ ਜੀ, ਤੁਹਾਡਾ ਧੰਨਵਾਦ।' ਜ਼ੁਬਾਨ 'ਤੇ ਇਹ ਨਾਮ ਆਉਂਦਿਆਂ ਹੀ ਮੈਂ ਆਪਣੇ ਖਿਆਲਾਂ ਦੀ ਦੁਨੀਆ ਵਿਚ ਲਗਭਗ ਪੰਝੀ ਸਾਲ ਪਿੱਛੇ ਪਹੁੰਚ ਗਿਆ।

ਗੱਲ ਸਾਲ 2001 ਦੀ ਹੈ। ਸਕੂਲ ਵਿਚ ਗਰਮੀ ਦੀਆਂ ਛੁੱਟੀਆਂ ਸਨ। ਮੈਂ ਚੰਡੀਗੜ੍ਹ ਰੈੱਡ ਕਰਾਸ ਦਫ਼ਤਰ ਵਿਚ ਇੱਕ ਮਹੀਨੇ ਦੇ ਫਸਟ ਏਡ ਕੋਰਸ ਵਿਚ ਦਾਖਲਾ ਲਿਆ ਹੋਇਆ ਸੀ। ਰੋਜ਼ਾਨਾ ਆਪਣੇ ਘਰ ਮੋਹਾਲੀ ਤੋਂ ਸਿਖ਼ਰ ਦੁਪਹਿਰੇ ਸਾਈਕਲ 'ਤੇ ਚੰਡੀਗੜ੍ਹ ਜਾਂਦਾ ਹੁੰਦਾ ਸੀ। ਜੂਨ ਦੀ ਤਪਦੀ ਧੁੱਪ ਵਿਚ ਜਦੋਂ ਵੀ ਮੈਂ ਸੜਕ ਕਿਨਾਰੇ ਲੱਗੇ ਇਨ੍ਹਾਂ ਵੱਡੇ ਰੁੱਖਾਂ ਦੀ ਛਾਂ ਹੇਠੋਂ ਲੰਘਦਾ, ਸਰੀਰ ਨੂੰ ਹੀ ਨਹੀਂ ਬਲਕਿ ਮੇਰੀ ਰੂਹ ਨੂੰ ਵੀ ਠੰਢਕ ਅਤੇ ਸਕੂਨ ਮਿਲਦਾ ਪਰ ਜਿੱਥੇ ਚੌਕਾਂ ਜਾਂ ਖੁੱਲ੍ਹੇ ਹਿੱਸਿਆਂ ਵਿਚ ਛਾਂ ਨਹੀਂ ਹੁੰਦੀ ਸੀ, ਉੱਥੇ ਸੂਰਜ ਦੀ ਤਪਸ਼ ਆਪਣਾ ਅਸਲ ਰੂਪ ਵਿਖਾਉਂਦੀ ਸੀ ਤੇ ਇਹੀ ਪਲ ਹੁੰਦਾ ਸੀ ਜਦੋਂ ਰੁੱਖਾਂ ਦੀ ਅਹਿਮੀਅਤ ਨਜ਼ਰ ਆਉਂਦੀ ਸੀ। ਉਨ੍ਹਾਂ ਦਿਨਾਂ ਵਿਚ ਮੇਰੇ ਜ਼ਿਹਨ ਵਿਚ ਅਕਸਰ ਇਹ ਖਿਆਲ ਆਉਂਦਾ ਸੀ ਕਿ ਉਹ ਕਿੰਨਾ ਮਹਾਨ ਇਨਸਾਨ ਹੋਵੇਗਾ, ਜਿਸ ਨੇ ਕਈ ਦਹਾਕੇ ਪਹਿਲਾਂ ਸਾਡੇ ਵਰਗੇ ਅਣਜਾਣ ਰਾਹਗੀਰਾਂ ਲਈ ਇਹ ਰੁੱਖ ਲਗਾਏ ਹੋਣਗੇ ਪਰ ਉਸ ਵੇਲੇ ਮੈਨੂੰ ਇਸ ਬਾਰੇ ਕੁਝ ਵੀ ਪਤਾ ਨਹੀਂ ਸੀ।

ਦੋ-ਤਿੰਨ ਸਾਲਾਂ ਬਾਅਦ ਜਦੋਂ ਮੈਂ ਚੰਡੀਗੜ੍ਹ ਦੇ ਸੈਕਟਰ-11 ਸਰਕਾਰੀ ਕਾਲਜ ਵਿਚ ਗ੍ਰੈਜੂਏਸ਼ਨ ਕਰ ਰਿਹਾ ਸੀ, ਤਾਂ ਸਾਡੇ ਪੰਜਾਬੀ ਦੇ ਇੱਕ ਪ੍ਰੋਫੈਸਰ ਨੇ ਦੱਸਿਆ ਕਿ ਚੰਡੀਗੜ੍ਹ ਨੂੰ ਹਰਾ-ਭਰਾ ਬਣਾਉਣ ਵਿਚ ਸਭ ਤੋਂ ਵੱਡਾ ਯੋਗਦਾਨ ਕੁਦਰਤ-ਪ੍ਰੇਮੀ ਅਤੇ ਬਾਗਬਾਨੀ ਵਿਸ਼ੇ ਦੇ ਮਾਹਿਰ ਡਾ. ਐਮ. ਐੱਸ. ਰੰਧਾਵਾ ਦਾ ਹੈ, ਜੋ ਚੰਡੀਗੜ੍ਹ ਦੇ ਪ੍ਰਸ਼ਾਸਨਿਕ ਅਧਿਕਾਰੀ ਰਹੇ ਹਨ। ਉਦੋਂ ਪਹਿਲੀ ਵਾਰ ਮੈਂ ਡਾ. ਰੰਧਾਵਾ ਦਾ ਨਾਮ ਸੁਣਿਆ ਸੀ ਤੇ ਮੈਨੂੰ ਆਪਣੇ ਉਸ ਪੁਰਾਣੇ ਸਵਾਲ ਦਾ ਜਵਾਬ ਮਿਲਿਆ ਸੀ। ਉਸ ਦਿਨ ਤੋਂ ਮੇਰੇ ਮਨ ਵਿਚ




ਉਨ੍ਹਾਂ ਪ੍ਰਤੀ ਬੇਹੱਦ ਸਤਿਕਾਰ ਪੈਦਾ ਹੋ ਗਿਆ। ਸ਼ਾਇਦ ਇਹ ਮੇਰੀ ਜ਼ਿੰਦਗੀ ਦਾ ਪਹਿਲਾ ਮੌਕਾ ਸੀ ਜਦੋਂ ਮੈਂ ਆਪਣੇ ਸਿਲੇਬਸ ਤੋਂ ਬਾਹਰ ਕਿਸੇ ਵਿਅਕਤੀ ਬਾਰੇ ਜਾਣਨ ਲਈ ਖ਼ੁਦ ਲਾਇਬ੍ਰੇਰੀ ਵਿਚ ਕਿਤਾਬਾਂ ਲੱਭਣ ਲੱਗ ਪਿਆ।

ਉਨ੍ਹਾਂ ਬਾਰੇ ਮਾੜਾ-ਮੋਟਾ ਪੜ੍ਹ ਕੇ ਹੀ ਪਤਾ ਚੱਲਿਆ ਕਿ ਉਹ ਡਾ. ਰੰਧਾਵਾ ਹੀ ਸਨ, ਜਿਨ੍ਹਾਂ ਨੇ ਚੰਡੀਗੜ੍ਹ ਨੂੰ ਪੱਥਰਾਂ ਦੇ ਸ਼ਹਿਰ ਤੋਂ ਹਰਿਆ ਭਰਿਆ 'ਸਿਟੀ ਬਿਊਟੀਫੁੱਲ' ਬਣਾਇਆ। ਉਹ ਬਾਗਬਾਨੀ ਦੇ ਨਾਲ-ਨਾਲ ਪੰਜਾਬ ਦੇ ਸੱਭਿਆਚਾਰ, ਕਲਾ ਅਤੇ ਇਤਿਹਾਸ ਦੇ ਉੱਘੇ ਵਿਦਵਾਨ ਸਨ। ਰੋਜ਼ ਗਾਰਡਨ ਨੂੰ ਵੀ ਉਨ੍ਹਾਂ ਦੀ ਹੀ ਦੇਣ ਸਮਝਿਆ ਜਾ ਸਕਦਾ ਹੈ। ਉਨ੍ਹਾਂ ਨੇ ਸ਼ਹਿਰ ਵਿਚ ਰੁੱਖਾਂ ਦੀਆਂ ਅਜਿਹੀਆਂ ਕਿਸਮਾਂ ਲਗਵਾਈਆਂ ਜੋ ਹਰ ਰੁੱਤ ਵਿਚ ਚੰਡੀਗੜ੍ਹ ਨੂੰ ਨਵਾਂ ਰੰਗ ਬਖ਼ਸ਼ਦੀਆਂ ਹਨ। ਇਹ ਉਨ੍ਹਾਂ ਦੀ ਦੂਰਅੰਦੇਸ਼ੀ ਦਾ ਹੀ ਨਤੀਜਾ ਹੈ ਕਿ ਐਨੇ ਸਾਲ ਬਾਅਦ ਵੀ ਲੋਕ ਬਿਨਾਂ ਉਨ੍ਹਾਂ ਨੂੰ ਜਾਣੇ ਹਰ ਰੋਜ਼ ਉਨ੍ਹਾਂ ਦੀ ਸੋਚ ਦਾ ਲਾਹਾ ਲੈ ਰਹੇ ਹਨ।

ਮੇਰੇ ਖਿਆਲਾਂ ਦੀ ਲੜੀ ਨੂੰ ਤੋੜਦਿਆਂ ਮੇਰੇ ਮਿੱਤਰ ਨੇ ਹੱਸਦਿਆਂ ਕਿਹਾ, 'ਯਾਰ, ਮੈਂ ਸੋਚਦਾਂ ਕਿ ਪੁਰਾਣੇ ਸਮਿਆਂ ਵਿਚ ਰਿਸ਼ੀ-ਮੁਨੀ ਅਮਰ ਹੋਣ ਲਈ ਐਵੇਂ ਸਾਲਾਂਬੱਧੀ ਤਪੱਸਿਆ ਕਰਦੇ ਰਹਿੰਦੇ ਸਨ, ਸਾਡੇ ਸਮੇਂ ਵਿਚ ਤਾਂ ਕੰਮ ਹੀ ਬੜਾ ਸੌਖਾ ਹੈ, ਰੁੱਖ ਲਗਾਓ ਤੇ ਸਦਾ ਲਈ ਅਮਰ ਹੋ ਜਾਓ।' ਉਸ ਦੇ ਮੂੰਹੋਂ ਸਹਿਜ-ਸੁਭਾਅ ਨਿਕਲੇ ਇਹ ਸ਼ਬਦ ਮੇਰੇ ਜ਼ਿਹਨ ਵਿਚ ਇਸ ਤਰ੍ਹਾਂ ਵੱਸ ਗਏ, ਜਿਵੇਂ ਕਿਸੇ ਨੇ ਜ਼ਿੰਦਗੀ ਦਾ ਕੋਈ ਡੂੰਘਾ ਭੇਤ ਸਮਝਾ ਦਿੱਤਾ ਹੋਵੇ। ਸੱਚਮੁੱਚ, ਜਿਹੜਾ ਇਨਸਾਨ ਰੁੱਖ ਲਗਾ ਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਛਾਂ, ਆਕਸੀਜਨ ਅਤੇ ਜੀਵਨ ਛੱਡ ਜਾਂਦਾ ਹੈ, ਉਹ ਹਰ ਉਸ ਰਾਹਗੀਰ ਦੀ ਦੁਆ ਵਿਚ ਜਿਉਂਦਾ ਰਹਿੰਦਾ ਹੈ ਜੋ ਉਸ ਰੁੱਖ ਦੀ ਛਾਂ ਮਾਣਦਾ ਹੈ। ਉਸ ਦਿਨ ਅਸੀਂ ਦੋਵਾਂ ਨੇ ਖੁਦ ਨਾਲ ਇੱਕ ਵਾਅਦਾ ਕੀਤਾ ਕਿ ਜਿੰਨਾ ਸੰਭਵ ਹੋ ਸਕੇ, ਵੱਧ ਤੋਂ ਵੱਧ ਰੁੱਖ ਲਗਾ ਕੇ ਵਾਤਾਵਰਣ ਪ੍ਰਤੀ ਤੇ ਇਨਸਾਨੀ ਜ਼ਾਤ ਪ੍ਰਤੀ ਆਪਣਾ ਇਖਲਾਕੀ ਫਰਜ਼ ਨਿਭਾਵਾਂਗੇ। ਡਾ. ਮਹਿੰਦਰ ਸਿੰਘ ਰੰਧਾਵਾ ਵਰਗੇ ਲੋਕ ਸਰੀਰਕ ਤੌਰ 'ਤੇ ਭਾਵੇਂ ਇਸ ਦੁਨੀਆ ਵਿਚ ਨਹੀਂ ਰਹੇ ਪਰ ਉਨ੍ਹਾਂ ਵੱਲੋਂ ਲਗਾਏ ਰੁੱਖਾਂ ਦੀ ਹਰਿਆਲੀ ਵਿਚ ਉਹ ਅੱਜ ਵੀ ਸਾਹ ਲੈ ਰਹੇ ਹਨ।



# ਚਾਚੀ ਦੀਪੋ ਦੀ ਭੱਠੀ

*ਪੰਜਾਬ, ਪਿੰਡਾਂ ਵਿਚ ਵੱਸਦਾ ਤੇ ਪਿੰਡਾਂ ਵਿਚ ਰੱਬ ਵੱਸਦਾ ਕਿਉਂਕਿ ਪਿੰਡਾਂ ਵਿਚ ਹੀ ਵੱਸਦੇ ਸਨ ਰੱਬ ਵਰਗੇ ਫਰਿਸ਼ਤਾ ਲੋਕ। ਪਿੰਡ ਦੇ ਸਮਾਜਿਕ ਰੰਗਾਂ ਦੀ ਖੂਬਸੂਰਤੀ ਵਿਚ ਵੱਖ-ਵੱਖ ਕਿੱਤਿਆਂ, ਜਾਤਾਂ ਤੇ ਧਰਮਾਂ ਦੇ ਲੋਕਾਂ ਦਾ ਆਪਸੀ ਸਹਿਚਾਰ, ਭਾਈਚਾਰਕ ਸਾਂਝ, ਇਕ ਦੂਜੇ ਦੇ ਕੰਮ ਆਉਣ ਦਾ ਜਜ਼ਬਾ, ਲੋੜਾਂ ਤੇ ਥੋੜ੍ਹਾਂ ਨੂੰ ਸਮਝਣ ਅਤੇ ਪੂਰਾ ਕਰਨ ਦੀ ਤਤਪਰਤਾ ਆਦਿ ਸਭ ਸ਼ਾਮਲ ਹੁੰਦਾ ਸੀ। ਪੇਂਡੂਆਂ ਦੇ ਮਨਾਂ ਦੀ ਪਾਕੀਜ਼ਗੀ ਤੇ ਸਾਦਗੀ ਦੀ ਸੰਗਤ ਵਿਚ ਮੌਲਦੀਆਂ ਨਸਲਾਂ ਨੇ ਆਪਣੇ ਪੁਰਖਿਆਂ ਦੀਆਂ ਸੁਮੱਤਾਂ ਅਤੇ ਸਮਝੌਤਿਆਂ ਵਿਚੋਂ ਆਪਣੀ ਸੁਪਨਸਾਜ਼ੀ ਨੂੰ ਪ੍ਰਵਾਜ਼ ਦਿੱਤੀ। ਕੁਝ ਲੋਕ ਆਮ ਹੁੰਦਿਆਂ ਵੀ ਖਾਸਮ-ਖਾਸ ਹੋਏ ਮੇਰੇ ਚੇਤਿਆਂ ਵਿਚ ਵੱਸਦੇ ਨੇ ਜਿਨ੍ਹਾਂ ਦਾ ਸ਼ਾਬਦਿਕ ਚਿੱਤਰ ਪੰਜਾਬੀ ਪਿਆਰਿਆਂ ਲਈ ਹਾਜ਼ਰ ਹੈ। ਸ਼ਾਇਦ ਇਹ ਲੋਕ ਸਾਡੇ ਸਾਰਿਆਂ ਦੇ ਹੀ ਚੇਤਿਆਂ ਵਿਚ ਵੱਸਦੇ ਹਨ ਕਿਉਂਕਿ ਇਹ ਸਾਡੇ ਆਪਣੇ ਲੋਕ ਸਨ। ਤੁਸੀਂ ਇਨ੍ਹਾਂ ਰਾਹੀਂ ਆਪਣੇ ਵਿਰਸੇ ਨੂੰ ਜ਼ਰੂਰ ਯਾਦ ਕਰਨਾ। ਇਹੀ ਉਨ੍ਹਾਂ ਨੂੰ ਸਭ ਤੋਂ ਵੱਡੀ ਅਕੀਦਤ ਹੋਵੇਗੀ।*

## ਮੇਰੇ ਆਪਣੇ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਸਵੇਰੇ ਸਵੇਰੇ ਘਰ ਦੀ ਬੈੱਲ ਵੱਜਦੀ ਹੈ। ਦਰਵਾਜ਼ਾ ਖੋਲ੍ਹਦਾ ਹਾਂ। ਗੇਟ ਮੂਹਰੇ ਮੇਰੇ ਪਿੰਡ ਦੀ ਝਿਊਰੀ ਚਾਚੀ ਦੀਪੋ ਆਪਣੀ ਧੀ ਅਤੇ ਦੋਹਤੀ ਨਾਲ ਖੜ੍ਹੀਆਂ ਹਨ। ਮੈਨੂੰ ਦੇਖਦਿਆਂ ਹੀ ਚਾਚੀ ਦੇ ਚਿਹਰੇ 'ਤੇ ਖੁਸ਼ੀ ਫੈਲਦੀ ਹੈ। ਮੈਂ ਬੜਾ ਖੁਸ਼ ਅਤੇ ਹੈਰਾਨ ਹਾਂ ਕਿ ਇੰਨੇ ਸਾਲਾਂ ਬਾਅਦ ਚਾਚੀ ਦੀਪੋ ਨੂੰ ਇੰਝ ਮੇਰੇ ਘਰ ਆਉਣ ਦੀ ਲੋੜ ਕਿਉਂ ਪਈ? ਉਸਨੂੰ ਮੇਰੇ ਘਰ ਦਾ ਪਤਾ ਕਿਵੇਂ ਲੱਗਾ ਅਤੇ ਉਹ ਆਪਣੀ ਧੀ ਅਤੇ ਦੋਹਤੀ ਨੂੰ ਕਿਉਂ ਨਾਲ ਲਿਆਈ ਹੈ? ਮੈਂ ਕੁਝ ਵੀ ਪੁੱਛਣ ਦੀ ਬਜਾਏ ਸਾਰਿਆਂ ਨੂੰ ਕਿਹਾ ਕਿ ਧੰਨਭਾਗ ਚਾਚੀ ਜੀ ਤੁਸੀਂ ਆਏ ਹੋ। ਕਮਰੇ ਵਿਚ ਬੈਠਦਿਆਂ ਸਾਰ ਹੀ ਚਾਚੀ ਸ਼ੁਰੂ ਹੋ ਗਈ, 'ਮੈਂ ਆਪਣੀ ਧੀ ਨੂੰ ਕਿਹਾ ਸੀ ਕਿ ਪੀਤੋ ਦਾ ਬਖਸ਼ੀ ਸ਼ਹਿਰ ਦੇ ਕਾਲਜ ਵਿਚ ਪ੍ਰੋਫੈਸਰ ਲੱਗਾ ਹੋਇਆ ਹੈ। ਜਦ ਵੀ ਤੈਨੂੰ ਕਿਸੇ ਕਿਸਮ ਦੀ ਲੋੜ ਹੋਈ ਤਾਂ ਮੈਨੂੰ ਜ਼ਰੂਰ ਦੱਸੀਂ। ਮੇਰਾ ਕਿਹਾ ਤਾਂ ਉਹ ਮੋੜ ਨਹੀਂ ਸਕਦਾ। ਵੈਸੇ ਤੂੰ ਵੀ ਉਸ ਕੋਲ ਜਾ ਸਕਦੀ ਏਂ। ਬਖਸ਼ੀ ਦੱਸਾਂ! ਮੇਰੀ ਦੋਹਤੀ ਤੇਰੇ ਕਾਲਜ ਵਿਚ ਪੜ੍ਹਦੀ ਆ। ਇਸਨੂੰ ਫੀਸ ਦੇਣ ਵਿਚ ਮੁਸ਼ਕਲ ਆ ਰਹੀ ਸੀ। ਮੈਂ ਕਿਹਾ ਕਿ ਆਪਾਂ ਬਖਸ਼ੀ ਨੂੰ ਕਹਾਂਗੇ, ਉਹ ਆਪੇ ਫ਼ੀਸ ਮੁਆਫ਼ ਕਰਵਾ ਦੇਵੇਗਾ। ਬਖਸ਼ੀ ਨੂੰ ਤਾਂ ਮੈਂ ਨਿੱਕੇ ਹੁੰਦੇ ਤੋਂ ਜਾਣਦੀ ਹਾਂ ਜਦ ਉਹ ਭੱਠੀ 'ਤੇ ਦਾਣੇ ਭੁਨਾਉਣ ਆਉਂਦਾ ਸੀ ਜਾਂ ਕਦੇ-ਕਦੇ ਤਾਂ ਅੱਧੀ ਛੁੱਟੀ ਵੇਲੇ ਦਾਣੇ ਭੁੰਨਾਉਣ ਲਈ ਸਭ ਤੋਂ ਇਹ ਕਾਹਲਾ ਹੁੰਦਾ ਸੀ। ਇਹ ਬਹੁਤ ਪੜ੍ਹਾਕੂ ਸੀ। ਭਾਵੇਂ ਇਸਦਾ ਭਾਪਾ ਅਤੇ ਪੀਤੋ ਦੋਵੇਂ ਅਨਪੜ੍ਹ ਸਨ ਪਰ ਇਹ 16 ਜਮਾਤਾਂ ਪੜ੍ਹ ਗਿਆ। ਦੇਖ ਲੈ ਹੁਣ ਪ੍ਰੋਫੈਸਰ ਬਣ ਗਿਆ ਜਦ ਕਿ ਇਸਦੇ ਨਾਲ ਦੇ ਕਈ ਜੁਆਕ ਤਾਂ ਕਾਲਜ ਦੀ ਪੜ੍ਹਾਈ ਵਿੱਚੇ ਛੱਡ ਕੇ ਬਾਹਰਲੇ ਦੇਸ਼ਾਂ ਵਿਚ ਚਲੇ ਗਏ। ਚੰਗਾ ਸਗੋਂ ਇਹ ਸਾਡੇ ਵਰਗਿਆਂ ਦੇ ਕੰਮ ਤਾਂ ਆਊਗਾ।' ਚਾਚੀ ਲਗਾਤਾਰ ਬੋਲੀ ਜਾ ਰਹੀ ਸੀ ਅਤੇ ਮੈਨੂੰ ਕੁਝ ਪੁੱਛਣ ਦਾ ਮੌਕਾ ਹੀ ਨਹੀਂ ਸੀ ਦਿੰਦੀ।

ਆਖਰ ਮੈਂ ਉਸਨੂੰ ਕੰਮ ਪੁੱਛਿਆ। ਜਦ ਉਸਨੇ ਫੀਸ ਮੁਆਫੀ ਦੀ ਗੱਲ ਕੀਤੀ ਤਾਂ ਮੈਂ ਆਖਿਆ ਕਿ ਤੁਹਾਡਾ ਕੰਮ ਹੋ ਜਾਵੇਗਾ। ਉਸਦੀ ਦੋਹਤੀ ਨੂੰ ਕਿਹਾ ਕਿ ਕਾਲਜ ਵਿਚ ਕੋਈ ਵੀ ਕੰਮ ਹੋਵੇ ਤਾਂ ਚਾਚੀ ਨੂੰ ਪਿੰਡੋਂ ਸੱਦਣ ਦੀ ਖੇਚਲ ਨਹੀਂ ਕਰਨੀ। ਬਿਨਾਂ ਝਿਜਕ ਮੈਨੂੰ ਆ ਕੇ ਮਿਲ ਲੈਣਾ। ਤੂੰ ਤਾਂ ਸਾਡੇ ਪਿੰਡ ਦੀ ਦੋਹਤੀ ਏਂ। ਤੇਰੀ ਮਦਦ ਕਰਨਾ ਤਾਂ ਮੇਰਾ ਪਹਿਲਾ ਫਰਜ਼ ਆ। ਘੰਟਾ ਕੁ ਬਹਿ, ਚਾਹ ਪਾਣੀ ਪੀਂਦਿਆਂ ਪਿੰਡ ਦੀਆਂ ਸਾਰੀਆਂ ਬੀਤੀਆਂ ਸਾਂਝੀਆਂ ਕਰਦੀ ਰਹੀ। ਮੇਰੀ ਵਿਛੜ ਚੁੱਕੀ ਮਾਂ ਦੀਆਂ ਗੱਲਾਂ ਕਰਦੀ ਵਿਚ-ਵਿਚ ਭਾਵੁਕ ਵੀ ਹੋ ਜਾਂਦੀ। ਮੇਰੀ ਪਤਨੀ ਨੇ ਉਸਦੀ ਦੋਹਤੀ ਨੂੰ ਸ਼ਗਨ ਦਿੱਤਾ ਤਾਂ ਉਹ ਬਹੁਤ ਹੀ ਭਾਵੁਕ ਹੋ ਗਈ ਅਤੇ ਢੇਰ ਸਾਰੀਆਂ ਅਸੀਸਾਂ ਦਿੰਦੀ ਚਲੇ ਗਈ। ਦਰਅਸਲ ਉਸਦੀ ਬੇਟੀ ਕਪੂਰਥਲੇ ਵਿਆਹੀ ਹੋਈ ਸੀ ਜਿਸਦੀ ਬੇਟੀ ਰਣਧੀਰ ਕਾਲਜ ਵਿਚ ਪੜ੍ਹਦੀ ਸੀ। ਸ਼ਾਇਦ ਚਾਚੀ ਦੀ ਦੋਹਤੀ ਨੇ ਘਰ ਗੱਲ ਕੀਤੀ ਹੋਵੇ ਕਿ ਕੋਈ ਪ੍ਰੋ. ਭੰਡਾਲ ਕਾਲਜ ਵਿਚ ਪੜ੍ਹਾਉਂਦਾ ਹੈ ਅਤੇ ਉਹ ਸਾਡੀ ਮਦਦ ਕਰ ਸਕਦਾ ਹੈ। ਉਨ੍ਹੀਂ ਦਿਨੀਂ ਚਾਚੀ ਕਪੂਰਥਲੇ ਆਈ ਹੋਈ ਸੀ ਤਾਂ ਉਹ ਆਪਣੀ ਧੀ ਅਤੇ ਦੋਹਤੀ ਨੂੰ ਲੈ ਕੇ ਮੇਰੇ ਕਾਲਜ ਜਾਣ ਤੋਂ ਪਹਿਲਾਂ ਹੀ ਘਰ ਆ ਗਈਆਂ। ਉਸਦਾ ਮਾਵਾਂ ਵਰਗਾ ਦਾਈਆ ਰੱਖਣਾ ਅਤੇ ਅਪਣੱਤ ਨਾਲ ਮੇਰੇ ਘਰ ਆਉਣਾ ਦਰਅਸਲ ਪੰਜਾਬੀ ਤਹਿਜ਼ੀਬ ਦਾ ਸਭ ਤੋਂ ਸੁਨਹਿਰਾ ਪੱਖ ਹੈ। ਪਿੰਡ ਦਾ ਕੋਈ ਬੱਚਾ ਪੜ੍ਹ-ਲਿਖ ਕੇ ਕਿੰਨਾ ਵੀ ਵੱਡਾ ਹੋ ਜਾਵੇ, ਉਹ ਪਿੰਡ ਵਾਲਿਆਂ ਲਈ ਕਦੇ ਵੀ ਵੱਡਾ ਜਾਂ ਓਪਰਾ ਨਹੀਂ ਹੁੰਦਾ। ਉਹ ਉਨ੍ਹਾਂ ਦਾ ਆਪਣਾ ਹੁੰਦਾ ਜਿਸਨੂੰ ਉਸਦੇ ਬਚਪਨੀ ਨਾਮ ਨਾਲ ਸੰਬੋਧਨ ਕਰਕੇ ਨਿੱਘੇ ਰਿਸ਼ਤਿਆਂ ਦਾ ਆਨੰਦ ਮਾਣਿਆ ਜਾਂਦਾ।

ਚਾਚੀ ਦੀਪੋ ਮੱਧਰੀ ਜਹੀ। ਪੱਕਾ ਰੰਗ। ਮੂੰਹ 'ਤੇ ਮਾਤਾ ਦੇ ਦਾਗ। ਹਰ ਕੰਮ ਵਿਚ ਬਹੁਤ ਫੁਰਤੀਲੀ ਅਤੇ ਨਿਪੁੰਨ। ਉਸਦਾ ਘਰ ਵਾਲਾ ਦੋਧੀ ਸੀ ਅਤੇ ਛੇਤੀ ਹੀ ਉਸਦੀ ਮੌਤ ਹੋ ਗਈ। ਆਪਣੀਆਂ ਧੀਆਂ ਦੀ ਜ਼ਿੰਮੇਵਾਰੀ ਉਸਦੇ ਸਿਰ ਆ ਪਈ। ਪਿੰਡਾਂ ਵਿਚ ਝਿਊਰ ਘਰਾਂ ਵਿਚ ਪਾਣੀ ਭਰਨ ਦਾ ਕੰਮ ਕਰਦੇ ਸਨ ਪਰ ਨਲਕੇ ਲੱਗਣ ਨਾਲ ਝਿਊਰਾਂ ਦਾ ਤਾਂ ਕੋਈ ਕੰਮ ਨਾ ਰਿਹਾ। ਉਹ ਸਵੇਰੇ ਬਾਲਣ ਇਕੱਠਾ ਕਰਦੀ। ਹਰ ਰੋਜ਼ ਅੱਧੀ ਛੁੱਟੀ ਵੇਲੇ ਅਤੇ ਸ਼ਾਮ ਨੂੰ ਭੱਠੀ ਤਪਾਉਂਦੀ। ਦਾਣੇ ਭੁੰਨਣ ਵਿਚ ਬੜੀ ਮਾਹਿਰ ਸੀ ਭਾਵੇਂ ਇਹ ਮੱਕੀ ਦੇ ਹੋਣ, ਕਣਕ ਜਾਂ ਛੋਲੇ ਹੋਣ। ਮੱਕੀ ਦੀਆਂ ਖਿੱਲਾਂ ਪਹਿਲਾਂ ਕੱਢ ਦੇਣੀਆਂ ਅਤੇ ਬਾਕੀ ਦਾਣੇ ਚੰਗੀ ਤਰ੍ਹਾਂ ਰਾੜ ਦੇਣੇ। ਕਈ ਵਾਰ ਅੱਧ-ਭੁੰਨੇ ਮੱਕੀ ਦੇ ਦਾਣੇ ਵੀ ਕੱਢ ਲੈਣੇ, ਜੋ ਬਹੁਤ ਹੀ ਸਵਾਦ ਹੁੰਦੇ ਜਿਨ੍ਹਾਂ ਨੂੰ ਆਭੂ ਕਹਿੰਦੇ ਸਨ। ਅੱਧੀ ਛੁੱਟੀ ਵੇਲੇ ਦਾਣੇ ਭੁੰਨਾਉਣ ਵਾਲੇ ਤਾਂ ਸਕੂਲ ਜਾਣ ਵਾਲੇ ਬੱਚੇ ਹੀ ਹੁੰਦੇ ਪਰ ਸ਼ਾਮ ਨੂੰ ਉਸਦੀ ਭੱਠੀ 'ਤੇ ਬਹੁਤ ਰੌਣਕ ਹੁੰਦੀ। ਦਾਣੇ ਭੁੰਨਣ ਲੱਗਿਆਂ ਲੱਪ ਭਰ ਕੇ ਭਾੜਾ ਕੱਢ ਲੈਂਦੀ ਭਾਵੇਂ ਕੋਈ ਬੱਚਾ ਹੋਵੇ ਜਾਂ ਜਵਾਨ। ਅਕਸਰ ਘਰ ਵਾਲੇ ਛੋਟੇ ਬੱਚਿਆਂ ਨੂੰ ਦਾਣੇ ਭੁੰਨਾਉਣ ਲਈ ਭੇਜਦੇ। ਚਾਚੀ ਦਾਣੇ ਭੁੰਨ ਕੇ, ਸਾਫ਼ੇ ਜਾਂ ਪੋਣੇ ਵਿਚ ਪਾ ਕੇ ਉਪਰੋਂ ਗੰਢ ਮਾਰ ਦਿੰਦੀ ਤਾਂ ਕਿ ਬੱਚਾ ਜੇ ਕਿਧਰੇ ਡਿੱਗ ਪਏ ਤਾਂ ਦਾਣੇ ਨਾ ਖਿੱਲਰ ਜਾਣ। ਕਈ ਬੱਚੇ ਤਾਂ ਝੱਗੇ ਦੀ ਝੋਲੀ ਵਿਚ ਹੀ ਦਾਣੇ ਪਾ ਕੇ ਦਾਣੇ ਭੁੰਨਾਉਣ ਆ ਜਾਂਦੇ। ਉਹ ਪੱਤੀ ਦੇ ਹਰ ਬੱਚੇ ਨੂੰ ਛੋਟਾ ਨਾਂ ਲੈ ਕੇ ਬੁਲਾਉਂਦੀ ਅਤੇ ਨਾਲ ਹੀ ਉਸਦੀ ਮਾਂ ਨੂੰ ਕਈ ਵਾਰ ਸੁਨੇਹਾ ਵੀ ਭੇਜ ਦਿੰਦੀ।

ਪੱਤੀ ਦੇ ਹਰ ਘਰ ਵਿਚ ਹੋਣ ਵਾਲੇ ਸਾਰੇ ਸਮਾਗਮਾਂ ਭਾਵੇਂ ਇਹ ਅਖੰਡ ਪਾਠ ਹੋਵੇ, ਨਵ-ਜਨਮੇ ਬੱਚੇ ਦਾ ਤੇਹਰਵਾਂ ਹੋਵੇ, ਮੰਗਣੀ ਜਾਂ ਵਿਆਹ, ਜਾਂ ਮਰਗ ਦਾ ਭੋਗ ਹੋਵੇ, ਉਹ ਭਾਂਡੇ ਮਾਂਜਣ ਲਈ ਸਵੇਰੇ ਆ ਜਾਂਦੀ ਅਤੇ ਸੰਦੇਹਾਂ ਵਾਪਸ ਪਰਤਦੀ। ਘਰ ਦੇ ਲਾਗੀਆਂ ਵਿਚ ਉਸਦਾ ਖਾਸਾ ਰੋਅਬ ਹੁੰਦਾ। ਉਹ ਆਪਣੀ ਮਨਮਰਜ਼ੀ ਦਾ ਲਾਗ ਲੈਂਦੀ। ਇਹ ਇਸ 'ਤੇ ਨਿਰਭਰ ਕਰਦਾ ਕਿ ਵਿਆਹ ਵਾਲਾ ਪਰਿਵਾਰ ਮਾਲਦਾਰ ਸਾਮੀ ਜਾਂ ਸਧਾਰਨ ਪਰਿਵਾਰ ਹੈ?

ਦਰਅਸਲ ਪਿੰਡਾਂ ਵਿਚ ਲਾਗੀ ਹਰ ਘਰ ਦਾ ਇਕ ਅਹਿਮ ਹਿੱਸਾ। ਘਰ ਦੇ ਹਰ ਰਾਜ਼ ਤੋਂ ਜਾਣੂ। ਪਰਿਵਾਰ ਦੇ ਹਰ ਜੀਅ ਦੀਆਂ ਆਦਤਾਂ ਜਾਣਦੇ। ਉਨ੍ਹਾਂ ਨੂੰ ਇਹ ਵੀ ਪਤਾ ਹੁੰਦਾ ਕਿ ਕਿਹੜੇ ਜੀਅ ਨੇ ਜਲਦੀ ਨਰਾਜ਼ ਹੋਣਾ, ਕਿਹੜਾ ਖੁਸ਼ ਹੀ ਰਹਿੰਦਾ? ਕਿਸੇ ਆਏ ਹੋਏ ਪ੍ਰਾਹੁਣੇ ਸਾਹਮਣੇ ਘਰ ਦਾ ਇੱਜ਼ਤ ਮਾਣ ਕਿਵੇਂ ਵਧਾਉਣਾ? ਉਹ ਘਰ ਦੇ ਜੀਆਂ ਵਾਂਗ ਵਿਚਰਦੇ। ਹਰ ਸਮਾਗਮ ਦੇ ਸੁੱਖੀ-ਸਾਂਦੀ ਪੂਰਾ ਹੋਣ 'ਤੇ ਬਹੁਤ ਖੁਸ਼ ਹੁੰਦੇ। ਤੇ ਫਿਰ ਲਾਗੀ ਦੀ ਮਰਜ਼ੀ ਚੱਲਦੀ ਕਿ ਕਿੰਨੀ ਭਾਜੀ ਲੈਣੀ, ਕਿੰਨਾ ਲਾਗ ਲੈਣਾ ਅਤੇ ਕਿਸ ਤਰ੍ਹਾਂ ਦਾ ਸੂਟ/ਕਪੜੇ ਆਦਿ ਲੈਣੇ। ਹਰ ਸਵਾਣੀ ਦੀ ਇਹੀ ਭਾਵਨਾ ਹੁੰਦੀ ਕਿ ਘਰ ਆਏ ਹਰ ਲਾਗੀ ਦਾ ਹੱਕ ਪੂਰਾ ਕੀਤਾ ਜਾਵੇ ਜਿਨ੍ਹਾਂ ਨੇ ਆਪਣੇ ਜੀਅ-ਜਾਨ ਨਾਲ ਸਮਾਗਮ ਵਿਚ ਹਰ ਪ੍ਰਕਾਰ ਦਾ ਹੱਥ ਵਟਾ ਕੇ ਸੰਪੂਰਨ ਕੀਤਾ।

ਪਿੰਡ ਦੇ ਸਮਾਜਿਕ ਤਾਣੇ-ਬਾਣੇ ਦਾ ਇਹ ਸਭ ਤੋਂ ਖੂਬਸੂਰਤ ਪਹਿਲੂ ਹੁੰਦਾ ਸੀ ਕਿ ਕਿਸੇ ਪਰਿਵਾਰ ਦਾ ਕੋਈ ਵੀ ਸਮਾਗਮ ਇਕ ਪਰਿਵਾਰ ਦਾ ਨਹੀਂ ਸਗੋਂ ਸਮੁੱਚੇ ਕਬੀਲੇ/ਪੱਤੀ ਦਾ ਹੁੰਦਾ ਸੀ। ਹਰ ਕੋਈ ਇਸਨੂੰ ਆਪਣਾ ਸਮਝ ਕੇ ਇਸਦੀ ਸੰਪੂਰਨਤਾ ਵਿਚ ਹੱਥ ਵਟਾਉਂਦਾ ਸੀ।

ਦੀਪੋ ਚਾਚੀ ਤਾਂ ਮੇਰੀ ਮਾਂ ਨੂੰ ਅਕਸਰ ਹੀ ਕਹਿ ਦਿੰਦੀ ਕਿ ਇਹ ਤੇਰਾ ਪੁੱਤ ਜ਼ਿਆਦਾ ਨਹੀਂ। ਮੇਰਾ ਵੀ ਉਨਾ ਹੀ ਹੈ। ਭਾਵੇਂ ਇਹ ਪ੍ਰੋਫੈਸਰ ਹੋਊ ਕਾਲਜ ਵਿਚ। ਮੇਰਾ ਤਾਂ ਉਹੀ ਬਖਸ਼ੀ ਆ ਜਿਹੜਾ ਭੱਠੀ 'ਤੇ ਦਾਣੇ ਭੁੰਨਾਉਣ ਆਉਂਦਾ ਸੀ। ਮੈਂ ਇਸਨੂੰ ਤੇਰੇ ਤੋਂ ਵੀ ਜ਼ਿਆਦਾ ਆਪਣਾ ਸਮਝਦੀ ਹਾਂ। ਤਾਂ ਹੀ ਉਸਨੇ ਮੇਰੇ ਵਿਆਹ ਵੇਲੇ ਮੇਰੀ ਮਾਂ ਕੋਲੋਂ ਧੱਕੇ ਅਤੇ ਰੋਅਬ ਨਾਲ ਜ਼ਿਆਦਾ ਲਾਗ ਲਿਆ ਸੀ।

ਦੀਪੋ ਦੀ ਸਭ ਤੋਂ ਵੱਡੀ ਸ਼ਖਸੀ ਖੂਬਸੂਰਤੀ ਇਹ ਸੀ ਕਿ ਉਹ ਹਰੇਕ ਦੇ ਮੂੰਹ 'ਤੇ ਸੱਚ ਕਹਿ ਦਿੰਦੀ ਸੀ ਭਾਵੇਂ ਕਿਸੇ ਨੂੰ ਇਹ ਚੁੱਭੇ ਹੀ ਕਿਉਂ ਨਾ। ਸਾਰੀ ਪੱਤੀ ਵਾਲੇ ਉਸਦੀ ਇਸ ਆਦਤ ਤੋਂ ਵਾਕਫ ਸਨ। ਕੋਈ ਵੀ ਉਸਦੀ ਕਿਸੇ ਵੀ ਗੱਲ ਦਾ ਗੁੱਸਾ ਨਹੀਂ ਸੀ ਕਰਦਾ। ਬਹੁਤ ਹੀ ਬੇਬਾਕ, ਜ਼ਿੰਦਾ ਦਿਲ ਅਤੇ ਹੱਸਮੁੱਖ ਸੀ ਚਾਚੀ ਦੀਪੋ।

ਚਾਚੀ ਦੀਪੋ ਉਨ੍ਹਾਂ ਬੱਚਿਆਂ ਨੂੰ ਬਹੁਤ ਘੂਰਦੀ ਸੀ ਜਿਹੜੇ ਜਾਣ-ਬੁੱਝ ਕੇ ਸਕੂਲੇ ਨਾ ਜਾਂਦੇ। ਉਹ ਕਿਸੇ ਵੀ ਪਰਿਵਾਰ ਦੇ ਬੱਚੇ ਨੂੰ ਝਿੜਕ ਸਕਦੀ ਸੀ। ਉਸਦੇ ਮਾਪਿਆਂ ਨੂੰ ਬੱਚੇ ਦੀ ਕਿਸੇ ਵੀ ਭੈੜੀ ਆਦਤ ਤੋਂ ਜਾਣੂ ਕਰਵਾਉਣਾ ਆਪਣਾ ਧਰਮ ਸਮਝਦੀ ਸੀ। ਉਸਦੀਆਂ ਸੂਖਮ ਅਤੇ ਅਚੇਤ ਰੂਪ ਵਿਚ ਦਿੱਤੀਆਂ ਹੋਈਆਂ ਮੱਤਾਂ ਨੂੰ ਆਪਣੇ ਮਨ ਵਿਚ ਯਾਦ ਕਰਦਾ ਤਾਂ ਪਤਾ ਲੱਗਦਾ ਕਿ ਸਾਡੇ ਬਜ਼ੁਰਗ ਬਹੁਤ ਸਿਆਣੇ ਅਤੇ ਸਮਝਦਾਰ ਹੁੰਦੇ ਸਨ। ਨਿੱਕੀਆਂ-ਨਿੱਕੀਆਂ ਸਲਾਹੁਤਾਂ, ਸਮਝੌਤੀਆਂ ਅਤੇ ਸਿਆਣਪਾਂ ਦਿੰਦੀ, ਸੀਮਤ ਜਹੀ ਆਮਦਨ ਨਾਲ ਆਪਣੀ ਜ਼ਿੰਦਗੀ ਨੂੰ ਹੱਸ ਕੇ ਜੀਣ ਵਾਲੀ ਅਤੇ ਆਪਣੀਆਂ ਬੱਚੀਆਂ ਦੇ ਸਭ ਕਾਰਜ ਪੂਰੇ ਕਰਨ ਵਾਲੀ ਚਾਚੀ ਦੀਪੋ ਆਖਰੀ ਦਮ ਤੱਕ ਪਿੰਡ ਵਿਚ ਹੀ ਰਹੀ।

ਕਦੋਂ ਮਿਲਦੇ ਨੇ ਪਿੰਡ ਦੇ ਬਾਕਮਾਲ ਚਾਚੀ ਦੀਪੋ ਜਹੇ ਪਾਤਰ ਜਿਨ੍ਹਾਂ ਲਈ ਆਪਣੇ ਆਪ ਤੋਂ ਵੀ ਉਪਰ ਹੁੰਦਾ ਸੀ ਪਿੰਡ, ਭਾਈਚਾਰੇ ਦੇ ਲੋਕ ਅਤੇ ਪੱਤੀ ਦਾ ਹਰ ਨਿਆਣਾ-ਸਿਆਣਾ ਅਤੇ ਜਿਨ੍ਹਾਂ ਦੇ ਕੰਮ ਆ ਕੇ ਸ਼ੁਕਰ-ਸਬੂਰੀ ਵਿਚੋਂ ਹੀ ਆਪਣੇ ਜੀਵਨ ਦੀ ਧੰਨਭਾਗਤਾ ਸਮਝਦੇ ਸਨ।

ਚਾਚੀ ਦੀਪੋ ਵਰਗੇ ਕੁਝ ਅਣਗੌਲੇ ਪਰ ਖੂਬਸੂਰਤ ਲੋਕ ਹੀ ਹੁੰਦੇ ਜਿਹੜੇ ਪਿੰਡ ਦੀ ਫ਼ਿਜ਼ਾ ਨੂੰ ਪਾਕੀਜ਼ਗੀ ਬਖਸ਼, ਪਿੰਡ ਨੂੰ ਸਵਰਗ ਬਣਾਉਣ ਵਿਚ ਹੀ ਆਪਣੀ ਬੰਦਗੀ ਸਮਝਦੇ ਸਨ।

ਚਾਚੀ ਦੀਪੋ ਦਾ ਚੇਤਾ ਆਉਣ 'ਤੇ ਮੈਂ ਆਪਣੇ ਬਚਪਨੇ ਦੇ ਉਨ੍ਹਾਂ ਪਲਾਂ ਨੂੰ ਮੁੜ ਜਿਉਣ ਗੋਚਰਾ ਹੋਇਆ ਜਿਹੜੇ ਪਲ ਹੁਣ ਵੀ ਮੈਨੂੰ ਸਕੂਨ ਦਿੰਦੇ ਨੇ। ਤਾਂ ਹੀ ਮੈਂ ਗਾਹੇ-ਬਗਾਹੇ ਪਿੰਡ ਦਾ ਗੇੜਾ ਲਾਉਂਦਾ ਹਾਂ ਭਾਵੇਂ ਕਿ ਪਿੰਡ ਹੁਣ ਉਹ ਨਹੀਂ ਰਿਹਾ ਜਿਹੜਾ ਮੇਰੀਆਂ ਯਾਦਾਂ ਵਿਚ ਵੱਸਦਾ ਹੈ।

# ਚੋਰੀ ਹੋਈ ਫੀਫਾ ਟਰਾਫੀ ਨੂੰ ਕੁੱਤੇ ਨੇ ਕਿਵੇਂ ਲੱਭਿਆ?

ਹਰਜਿੰਦਰ ਸਿੰਘ ਗੁਲਪੁਰ
ਮੈਲਬੌਰਨ (ਅਸਟਰੇਲੀਆ)

ਓਲੰਪਿਕ ਖੇਡਾਂ ਵਾਂਗ ਵਿਸ਼ਵ ਫੁੱਟਬਾਲ ਕੱਪ ਵੀ ਚਾਰ ਸਾਲ ਬਾਅਦ ਹੁੰਦਾ ਹੈ। ਇਸ ਦਾ ਪ੍ਰਬੰਧ ਫੀਫਾ (ਫੈਡਰੇਸ਼ਨ ਆਫ ਇੰਟਰਨੈਸ਼ਨਲ ਫੁੱਟਬਾਲ ਆਰਗੇਨਾਈਜੇਸ਼ਨ) ਵਲੋਂ ਕੀਤਾ ਜਾਂਦਾ ਹੈ। ਦੂਜੀਆਂ ਖੇਡਾਂ ਦੇ ਮੁਕਾਬਲੇ ਇਸ ਵਿਸ਼ਵ ਕੱਪ ਨੂੰ ਜ਼ਿਆਦਾ ਦਰਸ਼ਕਾਂ ਵਲੋਂ ਦੇਖਿਆ ਜਾਂਦਾ ਹੈ।

ਇਸ ਦੀ ਸ਼ੁਰੂਆਤ 1930 ਵਿਚ ਹੋਈ ਸੀ। ਹੁਣ ਤੱਕ 22 ਕੱਪ ਆਯੋਜਿਤ ਹੋ ਚੁੱਕੇ ਹਨ। 2026 ਦਾ ਵਿਸ਼ਵ ਕੱਪ ਚੱਲ ਰਿਹਾ ਹੈ। ਇਥੇ ਅਸੀਂ ਵਿਸ਼ਵ ਫੁੱਟਬਾਲ ਬਾਰੇ ਗੱਲ ਕਰਨ ਦੀ ਥਾਂ ਇਸ ਮੁਕਾਬਲੇ ਵਿਚ ਜੇਤੂ ਰਹਿਣ ਵਾਲੀ ਟੀਮ ਨੂੰ ਦਿੱਤੀ ਜਾਣ ਵਾਲੀ ਫੀਫਾ 'ਟਰਾਫੀ' ਬਾਰੇ ਚਰਚਾ ਕਰਾਂਗੇ। ਫੀਫਾ ਵਿਸ਼ਵ ਕੱਪ ਦੀ ਵਰਤਮਾਨ ਟਰਾਫੀ ਦਾ ਡਿਜ਼ਾਈਨ ਇਟਾਲੀਅਨ ਮੂਰਤੀਕਾਰ ਸਲੀਵਿਓ ਗਜ਼ਜ਼ਾਨਿਗਾ ਨੇ ਬਣਾਇਆ ਸੀ। ਇਸ ਡਿਜ਼ਾਈਨ ਨੂੰ 1974 ਵਿਚ ਅਪਣਾਇਆ ਗਿਆ ਸੀ। ਇਹ ਟਰਾਫੀ 18 ਕੈਰਟ ਸੋਨੇ ਨਾਲ ਬਣੀ ਹੋਈ ਹੈ ਜਿਸ ਦਾ ਭਾਰ 6.175 ਕਿਲੋਗ੍ਰਾਮ ਅਤੇ ਉਚਾਈ 36.5 ਸੈਂਟੀਮੀਟਰ ਹੈ। ਇਸ ਵਿਚ ਧਰਤੀ ਨੂੰ ਪਕੜੇ ਹੋਏ ਦੋ ਮਨੁੱਖੀ ਆਕ੍ਰਿਤੀਆਂ ਨੂੰ ਦਿਖਾਇਆ ਗਿਆ ਹੈ। ਪਹਿਲਾਂ ਇਸ ਟਰਾਫੀ ਦਾ ਨਾਮ ਜੂਲਸ ਰੀਮੇਟ ਟਰਾਫੀ ਹੁੰਦਾ ਸੀ। 1930 ਤੋਂ 1970 ਤੱਕ ਜੇਤੂ ਟੀਮ ਨੂੰ ਇਹ ਟਰਾਫੀ ਦਿੱਤੀ ਜਾਂਦੀ ਸੀ। ਇਸ ਦਾ ਨਾਮ ਫੀਫਾ ਦੇ ਪੂਰਬ ਪ੍ਰਧਾਨ ਜੂਲਸ ਰਿਮੇਟ ਦੇ ਨਾਮ 'ਤੇ ਰੱਖਿਆ ਗਿਆ ਸੀ। ਨਿਯਮਾਂ ਅਨੁਸਾਰ, ਜੋ ਦੇਸ਼ ਤਿੰਨ ਵਾਰ ਵਿਸ਼ਵ ਫੁੱਟਬਾਲ ਕੱਪ ਜਿੱਤਦਾ ਸੀ, ਉਸ ਨੂੰ ਇਹ ਟਰਾਫੀ ਪੱਕੇ ਤੌਰ 'ਤੇ ਦੇ ਦਿੱਤੀ ਜਾਂਦੀ ਸੀ। ਬ੍ਰਾਜ਼ੀਲ ਨੇ 1970 ਵਿਚ ਤੀਸਰੀ ਵਾਰ ਵਿਸ਼ਵ ਕੱਪ ਜਿੱਤ ਕੇ ਸਥਾਈ ਰੂਪ ਵਿਚ ਇਸ ਟਰਾਫੀ 'ਤੇ ਕਬਜ਼ਾ ਕਰ ਲਿਆ ਸੀ। 1970 ਤੋਂ ਬਾਅਦ ਫੀਫਾ ਨੇ ਇਸ ਪ੍ਰਤੀਯੋਗਤਾ ਲਈ ਨਵੀਂ ਟਰਾਫੀ ਦਾ ਨਿਰਮਾਣ ਕਰਵਾਇਆ। 53 ਡਿਜ਼ਾਇਨਾਂ ਵਿਚੋਂ ਉਪਰੋਕਤ ਮੂਰਤੀਕਾਰ ਦੇ ਡਿਜ਼ਾਇਨ ਦੀ ਚੋਣ ਕੀਤੀ ਗਈ। 2005 ਵਿਚ ਫੀਫਾ ਵਲੋਂ ਇਹ ਨਿਯਮ ਬਣਾਇਆ ਗਿਆ ਕਿ ਕੋਈ ਵੀ ਟੀਮ ਇਸ ਅਸਲੀ ਟਰਾਫੀ ਨੂੰ ਹਮੇਸ਼ਾ ਲਈ ਆਪਣੇ ਕੋਲ ਨਹੀਂ ਰੱਖ ਸਕੇਗੀ। ਇਸ ਨਿਯਮ ਅਨੁਸਾਰ ਜੇਤੂ ਟੀਮ ਨੂੰ ਗੋਲਡ ਪਲੇਟਡ ਕਾਂਸੀ ਦੀ ਟਰਾਫੀ ਦਿੱਤੀ ਜਾਂਦੀ ਹੈ। ਅਸਲੀ ਟਰਾਫੀ ਨੂੰ ਫੀਫਾ ਦੀ ਪ੍ਰਾਪਰਟੀ ਘੋਸ਼ਿਤ ਕਰ ਦਿੱਤਾ ਗਿਆ। ਅਸਲੀ ਅਤੇ 'ਮੂਲ ਫੀਫਾ ਵਰਡ ਕੱਪ ਟਰਾਫੀ' ਹਮੇਸ਼ਾ ਸਵਿਟਜ਼ਰਲੈਂਡ ਦੇ ਜਿਊਰਿਖ ਸਥਿਤ ਫੀਫਾ ਦੇ ਮੁੱਖ ਦਫਤਰ ਵਿਖੇ ਸੁਰੱਖਿਅਤ ਰੱਖੀ ਜਾਂਦੀ ਹੈ। ਇਹ ਕੇਵਲ ਅਧਿਕਾਰਤ ਫੀਫਾ ਵਰਡ ਕੱਪ ਟੂਰ ਅਤੇ ਵਿਸ਼ਵ ਕੱਪ ਦੌਰਾਨ ਹੀ ਬਾਹਰ ਕੱਢੀ ਜਾਂਦੀ ਹੈ। ਫੀਫਾ ਵਲੋਂ ਇਨਾਮ ਵੰਡ ਜਸ਼ਨ ਤੋਂ ਬਾਅਦ ਇਸ ਨੂੰ ਆਪਣੇ ਅਧਿਕਾਰ ਵਿਚ ਲੈ ਲਿਆ ਜਾਂਦਾ ਹੈ।

ਇਸ ਟਰਾਫੀ ਨੂੰ ਐਨਾ ਸੰਭਾਲ ਕੇ ਰੱਖਣ ਪਿੱਛੇ ਵੀ ਇੱਕ ਇਤਿਹਾਸ ਛੁਪਿਆ ਹੋਇਆ ਹੈ। ਅਸਲ ਵਿਚ ਇਹ ਅਸਲੀ ਟਰਾਫੀ ਦੋ ਵਾਰ ਚੋਰੀ ਹੋ ਚੁੱਕੀ ਹੈ। 1966 ਦਾ ਵਿਸ਼ਵ



ਫੁੱਟਬਾਲ ਕੱਪ ਇੰਗਲੈਂਡ ਵਿਚ ਹੋਣਾ ਸੀ। ਵਿਸ਼ਵ ਕੱਪ ਸ਼ੁਰੂ ਹੋਣ 'ਤੋਂ ਕੁਝ ਮਹੀਨੇ ਪਹਿਲਾਂ ਲੰਡਨ ਦੇ ਵੈਸਟ ਮਨਿਸਟਰ ਸੈਂਟਰਲ ਹਾਲ ਵਿਚ ਇਸ ਟਰਾਫੀ ਦੀ ਪ੍ਰਦਰਸ਼ਨੀ ਲਗਾਈ ਗਈ ਸੀ। ਉਥੋਂ ਇਹ ਟਰਾਫੀ ਭੇਦ-ਭਰੇ ਢੰਗ ਨਾਲ ਚੋਰੀ ਹੋ ਗਈ ਸੀ। ਇੱਕ ਹਫਤੇ ਬਾਅਦ 'ਪਿਕਲਸ' ਨਾਮ ਦਾ ਕੁੱਤਾ ਜਦੋਂ ਆਪਣੇ ਮਾਲਕ ਨਾਲ ਸੈਰ ਕਰ ਰਿਹਾ ਸੀ ਤਾਂ ਉਸ ਨੂੰ ਝਾੜੀਆਂ ਵਿਚ ਇੱਕ ਪੈਕਟ ਮਿਲਿਆ। ਇਸ ਪੈਕਟ ਨੂੰ ਜਦੋਂ ਖੋਲ੍ਹਿਆ ਗਿਆ ਤਾਂ ਇਸ ਦੇ ਅੰਦਰ ਬੇਸ਼ਕੀਮਤੀ ਟਰਾਫੀ ਸੁਰੱਖਿਅਤ ਮਿਲ ਗਈ ਸੀ। ਇੱਥੇ ਹੀ ਬਸ ਨਹੀਂ ਇਸ ਟਰਾਫੀ ਨੂੰ ਦੂਜੀ ਵਾਰ ਫੇਰ ਚੋਰੀ ਕੀਤਾ ਗਿਆ। 1983 ਵਿਚ ਬ੍ਰਾਜ਼ੀਲ ਦੇ ਰਿਓ ਡੀ ਜਨੇਰੀਓ ਵਿਖੇ ਸਥਿਤ ਬ੍ਰਾਜ਼ੀਲੀਆਨ ਫੁੱਟਬਾਲ ਕਨਫੈਡਰੇਸ਼ਨ ਦੇ ਮੁੱਖ ਦਫਤਰ ਵਿਚੋਂ ਇਹ ਟਰਾਫੀ ਚੋਰੀ ਹੋ ਗਈ ਸੀ। ਇਸ ਵਾਰ ਚੋਰੀ ਹੋਈ ਅਸਲੀ ਟਰਾਫੀ ਦੇ ਚੋਰਾਂ ਦਾ ਕੁੱਝ ਵੀ ਪਤਾ ਨਹੀਂ ਲੱਗਿਆ। ਇਸ ਸਮੇਂ ਤੱਕ ਖੇਡਾਂ ਦਾ ਆਧਾਰ ਨੈਤਿਕਤਾ ਨੂੰ ਮੰਨਿਆ ਜਾਂਦਾ ਸੀ, ਲੇਕਿਨ ਇਸ ਤਰਾਂ ਦੀਆਂ ਘਟਨਾਵਾਂ ਤੋਂ ਬਾਅਦ ਖਿਡਾਰੀਆਂ ਅਤੇ ਟਰਾਫੀਆਂ ਨੂੰ ਸੁਰੱਖਿਆ ਅੰਦਰ ਰੱਖਣਾ ਪ੍ਰਬੰਧਕਾਂ ਦੀ ਮਜਬੂਰੀ ਬਣ ਗਈ ਹੈ। ਮੰਨਿਆ ਇਹ ਜਾਂਦਾ ਹੈ ਕਿ ਚੋਰਾਂ ਨੇ ਇਸ ਕੀਮਤੀ ਟਰਾਫੀ ਨੂੰ ਪਿਘਲਾ ਕੇ ਵੇਚ ਦਿੱਤਾ ਹੋਵੇਗਾ। ਖੇਡ ਪ੍ਰੇਮੀਆਂ ਦੀਆਂ ਭਾਵਨਾਵਾਂ ਨਾਲ ਜੁੜੀ ਇਸ ਅੰਤਰਰਾਸ਼ਟਰੀ ਟਰਾਫੀ ਦਾ ਬਾਅਦ ਵਿਚ ਧੂੰਆਂ ਵੀ ਨਹੀ ਨਿਕਲਿਆ। ਫੀਫਾ ਵਿਸ਼ਵ ਕੱਪ ਟਰਾਫੀ ਨੂੰ ਅਜੇ ਤੱਕ ਅੱਠ ਦੇਸ਼ਾਂ ਨੇ ਜਿੱਤਿਆ ਹੈ। ਇਹਨਾਂ ਦੇਸ਼ਾਂ ਵਿਚ ਬ੍ਰਾਜ਼ੀਲ, ਜਰਮਨੀ, ਇਟਲੀ ਅਰਜਨਟਾਇਨਾ, ਉਰੂਗੁਏ, ਫਰਾਂਸ, ਇੰਗਲੈਂਡ ਅਤੇ ਸਪੇਨ ਨੇ ਕ੍ਰਮਵਾਰ 5,4,4,3,2,2,1,1 ਵਾਰ ਇਸ ਮਾਣਮੱਤੀ ਟਰਾਫੀ ਨੂੰ ਜਿੱਤਣ ਦਾ ਸਿਹਰਾ ਆਪੋ ਆਪਣੇ ਸਿਰ ਬੰਨ੍ਹਿਆ ਹੈ। ਦੇਖੋ! ਇਸ ਵਾਰ ਕਿਹੜਾ ਦਿਲਦਾਰ ਦੇਸ਼ ਇਸ ਸੋਨੇ ਦੀ ਦੁਲਹਨੀਆਂ ਨੂੰ ਆਪਣੇ ਨਾਲ ਆਪਣੀ ਸਰ ਜ਼ਮੀਨ 'ਤੇ ਲੈ ਜਾਂਦਾ ਹੈ। ਸਭ ਨੂੰ ਸ਼ੁਭ ਇੱਛਾਵਾਂ।

# ਬਾਬਾ ਫੌਜਾ ਸਿੰਘ ਨੂੰ ਯਾਦ ਕਰਦਿਆਂ

## ਪਹਿਲੀ ਬਰਸੀ 'ਤੇ

ਬਾਬਾ ਫੌਜਾ ਸਿੰਘ ਨੂੰ ਗੁਜ਼ਰਿਆਂ ਇੱਕ ਸਾਲ ਹੋ ਗਿਐ। ਉਸ ਦੇ ਅੰਤਮ ਸੰਸਕਾਰ ਸਮੇਂ ਪੰਜਾਬ ਦੇ ਗਵਰਨਰ ਤੇ ਮੁੱਖ ਮੰਤਰੀ ਬਿਆਸ ਪਿੰਡ ਆਏ ਸਨ ਤੇ ਸ਼ਰਧਾਂਜਲੀਆਂ ਦੇ ਗਏ ਸਨ। ਕੁਝ ਵਾਇਦੇ ਵੀ ਕਰ ਗਏ ਸਨ ਪਰ ਉਹ ਅਜੇ ਤਕ ਪੂਰੇ ਨਹੀਂ ਹੋਏ। ਪ੍ਰਧਾਨ ਮੰਤਰੀ ਨੇ ਵੀ ਪਰਿਵਾਰ ਨਾਲ ਹਾਰਦਿਕ ਸੰਵੇਦਨਾ ਪਰਗਟ ਕੀਤੀ ਸੀ। ਪੰਜਾਬ ਪੁਲਿਸ ਨੇ ਉਸ ਗੱਡੀ ਦਾ ਡਰਾਈਵਰ ਲੱਭ ਲਿਆ ਸੀ, ਜਿਸ ਨਾਲ ਹੋਏ ਹਾਦਸੇ 'ਚ ਬਾਬੇ ਦੀ ਜਾਨ ਚਲੀ ਗਈ ਸੀ। ਹਾਦਸੇ ਦਾ ਕਾਰਨ ਸੀ ਦੂਹਰੀ ਸੜਕ ਪਾਰ ਕਰਨ ਲਈ ਯੋਗ ਪ੍ਰਬੰਧ ਦਾ ਨਾ ਹੋਣਾ। ਫੌਜਾ ਸਿੰਘ ਆਪਣੇ



**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**

ਖੇਤ ਤੇ ਪੁੱਤਰ ਦੀ ਯਾਦ ਵਿਚ ਬਣੇ ਕੁਲਦੀਪ ਵੈਸ਼ਨੂੰ ਢਾਬੇ ਵੱਲ ਜਾਣ ਲਈ ਕਿੱਥੋਂ ਦੀ ਲੰਘਦਾ? ਉਨ੍ਹਾਂ ਪਿੰਡਾਂ ਲਾਗੋਂ ਲੰਘਦੀ ਮੁੱਖ ਸੜਕ ਨੂੰ ਪਾਰ ਕਰਨ ਦਾ ਅਜੇ ਵੀ ਕੋਈ ਯੋਗ ਪ੍ਰਬੰਧ ਨਹੀਂ ਕੀਤਾ ਗਿਆ। ਚਲੋ ਦੂਜੀ ਬਰਸੀ ਤਕ ਹੀ ਹੋ ਜਾਵੇ, ਧੰਨਵਾਦੀ ਹੋਵਾਂਗੇ।

ਬਾਬੇ ਦੀ ਜੀਵਨ ਗਾਥਾ ਜੱਗੋਂ ਨਿਆਰੀ ਹੈ। ਬਿਰਧ ਅਵਸਥਾ ਨੂੰ ਪੁੱਜਾ ਉਹ ਆਪਣੀ ਧੀ, ਪਤਨੀ ਤੇ ਜੁਆਨ ਪੁੱਤ ਦੀਆਂ ਮੌਤਾਂ ਨਾਲ ਹੋਰ ਜਿਓਣ ਤੋਂ ਪੱਲਾ ਝਾੜ ਬੈਠਾ ਸੀ। ਕਹਿਣ ਲੱਗ ਪਿਆ ਸੀ ਕਿ ਹੁਣ ਜਿਉਂ ਕੇ ਕੀ ਲੈਣਾ? ਉਹ ਸ਼ੁਦਾਈ ਹੋਇਆ ਸਿਵਿਆਂ 'ਚ ਬੈਠਾ ਰਹਿੰਦਾ। ਉਸ ਨੇ ਉਪਰਾਮਤਾ ਤੇ ਨਿਰਾਸ਼ਾ 'ਚ ਮਰ ਜਾਣਾ ਸੀ ਜੇ ਵਲੈਤੀਏ ਪੁੱਤਰ ਅਤੇ ਰਿਸ਼ਤੇਦਾਰਾਂ ਦੇ ਆਖੇ ਇੰਗਲੈਂਡ ਨਾ ਜਾਂਦਾ ਤੇ ਬੁੱਢੇ ਵਾਰੇ ਚੈਰਟੀ ਦੌੜਾਂ 'ਚ ਭਾਗ ਨਾ ਲੈਣ ਲੱਗਦਾ।

ਭਲਾ ਹੋਵੇ ਦੌੜਾਂ ਦੇ ਕੋਚ ਹਰਮੰਦਰ ਸਿੰਘ ਦਾ ਜਿਸ ਨੇ ਇਲਫੋਰਡ ਦੇ ਪਾਰਕ ਵਿਚ ਸਿਰ ਸੁੱਟੀ ਬੈਠੇ ਬਾਬੇ ਨੂੰ ਵੈਟਰਨ ਦੌੜਾਕ ਬਣਨ ਲਈ ਪ੍ਰੇਰ ਲਿਆ। ਉਸ ਨੇ ਬਾਬਾ ਫੌਜਾ ਸਿੰਘ ਨੂੰ ਧਰਵਾਸ ਦਿੰਦਿਆਂ ਕਿਹਾ ਕਿ ਮੇਰਾ ਬਾਪ ਵੀ ਕੁਝ ਦਿਨ ਪਹਿਲਾਂ ਹੀ ਪੂਰਾ ਹੋਇਐ। ਮਰ ਗਿਆਂ ਨਾਲ ਮਰ ਥੋੜ੍ਹੇ ਜਾਈਦਾ? ਮੈਨੂੰ ਦੇਖ ਮੈਂ ਫੇਰ ਵੀ ਦੌੜ ਰਿਹਾਂ। ਖ਼ੁਦ ਦੌੜਾਕ ਰਿਹਾ ਕੋਚ ਉਹਦੇ ਲਈ ਮਸੀਹਾ ਬਣ ਕੇ ਬਹੁੜਿਆ। ਉਹਦੀ ਅਗਵਾਈ ਤੇ ਸਿਖਲਾਈ ਸਦਕਾ ਫੌਜਾ ਸਿੰਘ ਦਾ ਨਵਾਂ ਜਨਮ ਹੋ ਗਿਆ। ਨਿਰਾਸ਼ਾ 'ਚੋਂ ਨਿਕਲ ਕੇ ਉਹ ਆਸ ਉਮੀਦ ਨਾਲ ਉੱਠ ਖੜ੍ਹਾ ਹੋਇਆ। ਪਹਿਲਾਂ ਹੌਲੀ ਤੇ ਫੇਰ ਤੇਜ਼ ਦੌੜਨ ਲੱਗ ਪਿਆ। 2000 'ਚ ਲੰਡਨ ਦੀ ਮੈਰਾਥਨ ਲਾਉਣ ਵੇਲੇ ਉਹਦੀ ਪੱਗ-ਦਾੜ੍ਹੀ ਦੇ ਨਿਆਰੇ ਸਰੂਪ ਨੇ ਮੀਡੀਆ ਦੀਆਂ ਨਜ਼ਰਾਂ ਖਿੱਚ ਲਈਆਂ। ਕੈਮਰੇ ਉਹਦੇ 'ਤੇ ਕਲਿਕ ਕਰਨ ਲੱਗੇ। ਬੁੱਢੇ ਦੌੜਾਕ ਦੀਆਂ ਫੋਟੋਆਂ ਛਪਣ ਲੱਗੀਆਂ। ਇੰਜ ਉਹ ਮੈਰਾਥਨ ਦਾ 'ਸਟਾਰ' ਦੌੜਾਕ ਬਣ ਗਿਆ। ਕੁਦਰਤ ਦੀ ਬਖ਼ਸ਼ਿਸ਼ ਵੇਖੋ ਕਿ ਮੈਰਾਥਨ ਦਾ ਵੈਟਰਨ ਦੌੜਾਕ ਬਣਨ ਨਾਲ ਹੀ ਉਹ 114 ਸਾਲ 3 ਮਹੀਨੇ 13 ਦਿਨਾਂ ਦਾ ਸਿਹਤਮੰਦ ਜੀਵਨ ਜੀਵਿਆ। ਹਾਦਸਾ ਨਾ ਵਾਪਰਦਾ ਤਾਂ ਪਤਾ ਨਹੀਂ ਹੋਰ ਕਿੰਨਾ ਚਿਰ ਜੀਂਦਾ?

ਪਹਿਲਾਂ-ਪਹਿਲ ਉਹ ਵੈਟਰਨ ਦੌੜਾਕ ਵਜੋਂ ਚੈਰਟੀ ਦੌੜਾਂ ਲਾਉਣ ਲੱਗਾ ਸੀ ਜਿਸ ਨਾਲ ਅਨਾਥ ਬੱਚਿਆਂ ਦੀ ਮਦਦ ਹੁੰਦੀ। 2000 'ਚ ਜਦੋਂ ਉਹ 89 ਸਾਲਾਂ ਦਾ ਸੀ ਤਾਂ ਪਹਿਲੀ ਵਾਰ ਲੰਡਨ ਦੀ ਵਿਸ਼ਵ ਪ੍ਰਸਿੱਧ ਮੈਰਾਥਨ ਦੌੜਿਆ। ਉਸ ਦੌੜ ਨਾਲ ਉਹ ਦੁਨੀਆ ਭਰ ਦੇ ਬਜ਼ੁਰਗਾਂ ਦਾ ਰੋਲ ਮਾਡਲ ਬਣ ਗਿਆ। 2001, 2002 ਤੇ 2003 ਵਿਚ ਵੀ ਉਸ ਨੇ ਲੰਡਨ ਦੀਆਂ ਮੈਰਾਥਨ ਦੌੜਾਂ ਲਾਈਆਂ ਤੇ ਟਾਈਮ ਵਿਚ ਸੁਧਾਰ ਕਰਦਾ ਗਿਆ। 92 ਸਾਲ ਦੀ ਉਮਰੇ ਉਸ ਨੇ ਟੋਰਾਂਟੋ ਦੀ ਵਾਟਰਫਰੰਟ ਮੈਰਾਥਨ-2003, 5 ਘੰਟੇ 40 ਮਿੰਟ ਦੇ ਨਵੇਂ ਵਿਸ਼ਵ ਰਿਕਾਰਡ ਨਾਲ ਲਾ ਕੇ ਪੱਗ ਦਾੜ੍ਹੀ ਵਾਲੇ ਬਾਬੇ ਦੀ ਗੁੱਡੀ ਅਸਮਾਨੀਂ ਚੜ੍ਹਾਅ ਦਿੱਤੀ! ਉਥੇ ਮੈਂ ਪਹਿਲੀ ਵਾਰ ਉਸ ਨਾਲ ਗੱਲਬਾਤ ਕੀਤੀ।

2004 'ਚ ਖੇਡ ਪਹਿਰਨ ਬਣਾਉਣ ਵਾਲੀ ਐਡੀਡਾਸ ਕੰਪਨੀ ਨੇ ਉਸ ਨੂੰ ਮੁੱਕੇਬਾਜ਼ ਮੁਹੰਮਦ ਅਲੀ ਤੇ ਫੁੱਟਬਾਲ ਸਟਾਰ ਡੇਵਿਡ ਬੈਖਮ ਵਾਂਗ ਆਪਣਾ ਬਰਾਂਡ ਮਾਡਲ ਬਣਾ ਕੇ ਸਨਮਾਨਿਤ ਕੀਤਾ। ਐਡੀਡਾਸ ਦੇ ਬਣਾਏ ਦੌੜਨ ਵਾਲੇ ਸੱਜੇ ਬੂਟ ਉਤੇ 'ਫੌਜਾ' ਤੇ ਖੱਬੇ ਉਤੇ 'ਸਿੰਘ' ਸੀਤਾ ਗਿਆ। ਐਡੀਡਾਸ ਮਾਡਲ ਬਣਨ ਨਾਲ ਪਗੜੀ ਤੇ ਦਾੜ੍ਹੀ ਵਾਲੇ ਬਾਬੇ ਦੀ ਮਸ਼ਹੂਰੀ ਹੋਰ ਵੀ ਹੋਣ ਲੱਗ ਪਈ। ਉਸ ਨੂੰ ਮੈਰਾਥਨ ਦੌੜਨ ਲਈ ਦੇਸਾਂ-ਪ੍ਰਦੇਸਾਂ ਤੋਂ ਸੱਦੇ ਆਉਣ ਲੱਗੇ। ਦੌੜਾਂ ਲਾਉਣ ਲਈ ਉਸ ਨੇ ਏਸ਼ੀਆ, ਯੂਰਪ, ਅਮਰੀਕਾ, ਅਫਰੀਕਾ ਤੇ ਆਸਟ੍ਰੇਲੀਆ ਮਹਾਂਦੀਪਾਂ ਦੇ ਕਈ ਮੁਲਕ ਗਾਹੇ ਤੇ ਧੰਨ-ਧੰਨ ਕਰਾਈ।

ਬਰਤਾਨੀਆ ਦੀ ਮਹਾਰਾਣੀ ਐਲਿਜ਼ਾਬੈੱਥ ਦੂਜੀ ਨੇ ਬਾਬਾ ਫੌਜਾ ਸਿੰਘ ਨੂੰ ਸੌ ਸਾਲਾਂ ਦਾ ਹੋ ਜਾਣ 'ਤੇ ਵਧਾਈ ਪੱਤਰ ਭੇਜਿਆ ਤੇ ਆਦਰ-ਮਾਣ ਨਾਲ ਮਹਿਲਾਂ 'ਚ ਖਾਣੇ 'ਤੇ ਸੱਦਿਆ। ਉਸ ਨੂੰ ਹੋਰ ਵੀ ਕਈ ਦੇਸ਼ਾਂ ਦੇ ਮੁਖੀਆਂ ਨੇ ਵਧਾਈਆਂ ਦਿੱਤੀਆਂ। ਉਹ 2012 ਦੀਆਂ ਓਲੰਪਿਕ ਖੇਡਾਂ ਦੀ ਮਸ਼ਾਲ ਲੈ ਕੇ ਲੰਡਨ ਦੀਆਂ ਸੜਕਾਂ 'ਤੇ ਦੌੜਿਆ ਤਾਂ ਸਿੰਘਾਂ ਦੀਆਂ ਛਬੀਲਾਂ ਤੇ ਲੰਗਰ ਓਲੰਪਿਕ ਖੇਡਾਂ ਦਾ ਰੰਗ ਭਾਗ ਬਣ ਗਏ। ਉਸ ਨੇ ਪੱਗ 'ਤੇ ਝੂਲਦੀ ਦਾੜ੍ਹੀ ਨਾਲ ਦੌੜਦਿਆਂ ਸਿੱਖ ਸਰੂਪ ਦੀ ਪਛਾਣ ਕਰੋੜਾਂ ਵਿਦੇਸ਼ੀਆਂ ਨੂੰ ਕਰਾਈ। ਉਸ ਸਿੱਧੇ-ਸਾਦੇ, ਸੱਚੇ-ਸੁੱਚੇ ਤੇ ਖੁੱਲ੍ਹ-ਦਿਲੇ ਸੁਹਿਰਦ ਇਨਸਾਨ ਦਾ ਜੀਵਨ ਉਤਸ਼ਾਹ ਵਧਾਊ ਵੀ ਹੈ ਤੇ ਆਦਰਸ਼ਕ ਵੀ। ਕੋਈ ਫਿਲਮ ਨਿਰਮਾਤਾ ਉੱਦਮ ਕਰੇ ਤਾਂ ਮੈਰਾਥਨ ਦੌੜਾਂ ਦੇ ਵੈਟਰਨ ਚੈਂਪੀਅਨ ਬਾਬੇ ਫੌਜਾ ਸਿੰਘ ਬਾਰੇ ਫਿਲਮ 'ਦੌੜ ਬਾਬਾ ਦੌੜ' ਬਣਾ ਸਕਦਾ ਹੈ ਜਿਵੇਂ 'ਫਲਾਈਂਗ ਸਿੱਖ' ਮਿਲਖਾ ਸਿੰਘ ਉਤੇ 'ਭਾਗ ਮਿਲਖਾ ਭਾਗ' ਬਣੀ ਸੀ। ਹੋ ਸਕਦੈ ਕੋਈ ਲੇਖਕ ਉਹਦੇ 'ਤੇ ਹੈਮਿੰਗਵੇ ਵਾਂਗ 'ਬੁੱਢਾ ਤੇ ਸਮੁੰਦਰ' ਵਰਗਾ ਨਾਵਲ ਹੀ ਲਿਖ ਧਰੇ।

ਫੌਜਾ ਸਿੰਘ ਕਹਿੰਦਾ ਹੁੰਦਾ ਸੀ ਕਿ ਉਹ ਕੁਦਰਤ ਦੇ ਰੰਗਾਂ 'ਚ ਰਾਜ਼ੀ ਹੈ। ਰੱਬ ਨੇ ਅਪਾਰ ਕਿਰਪਾ ਕੀਤੀ ਹੈ। ਉਹ ਸੰਜਮੀ ਸੀ, ਸੰਤੋਖੀ ਸੀ, ਸੁਹਿਰਦ ਸੀ, ਸਿਰੜੀ ਸੀ, ਸਿਦਕੀ ਸੀ, ਪ੍ਰਹੇਜ਼ਗਾਰ ਸੀਤੇ ਲੋਭ ਲਾਲਚ ਤੋਂ ਪਰੇ ਸੀ। ਕਹਿੰਦਾ ਹੁੰਦਾ ਸੀ, 'ਕਮਾਉਣ ਨੂੰ ਤਾਂ ਭਾਵੇਂ ਮੈ ਮਿਲੀਅਨ ਪੌਂਡ ਕਮਾ ਲੈਂਦਾ ਪਰ ਕਰਨੇ ਕੀ ਸੀ? ਰੱਬ ਦਾ ਲੋੜ ਜੋਗਾ ਦਿੱਤਾ ਬਹੁਤ ਕੁੱਝ ਹੈ। ਬੱਸ ਤੰਦਰੁਸਤੀ ਚਾਹੀਦੀ ਐ। ਜੀਹਦੇ ਕੋਲ ਤੰਦਰੁਸਤੀ ਐ ਉਹਦੇ ਕੋਲ ਦੁਨੀਆ ਦੀਆਂ ਸਾਰੀਆਂ ਦੌਲਤਾਂ ਸਮਝੋ।' ਉਸ ਨੂੰ ਜੋ ਇਨਾਮੀ ਮਾਇਆ ਮਿਲਦੀ ਉਥੇ ਹੀ ਵੰਡ ਦਿੰਦਾ ਤੇ ਗੁਰੂਘਰ ਤੋਂ ਮਿਲੀ ਮਾਇਆ ਗੋਲਕ ਵਿਚ ਪਾ ਦਿੰਦਾ। ਕਹਿੰਦਾ, ਮੈਥੋਂ ਤਾਂ ਪੈਨਸ਼ਨ ਈ ਨਹੀਂ ਮੁੱਕਦੀ।

ਮਾਰਚ 2025 'ਚ ਹੋਈ ਆਖ਼ਰੀ ਮੁਲਾਕਾਤ ਸਮੇਂ ਮੈਂ ਬਾਬੇ ਨੂੰ ਪੁਛਿਆ ਸੀ, 'ਅੱਜ-ਕੱਲ੍ਹ ਕੀ ਮਹਿਸੂਸ ਕਰਦੇ ਓ?' ਬਾਬੇ ਨੇ ਦੋਵੇਂ ਹੱਥ ਉਪਰ ਨੂੰ ਜੋੜਦਿਆਂ ਕਿਹਾ ਸੀ, 'ਰੱਬ ਦਾ ਸ਼ੁਕਰ ਐ। ਕਦੇ ਚਿੱਤ ਚੇਤੇ ਵੀ ਨਾ ਸੀ ਕਿ ਉਹ ਐਨੀਆਂ ਰਹਿਮਤਾਂ ਦੀ ਬਰਖਾ ਕਰੇਗਾ। ਜਦੋਂ ਮੈਂ ਸਦਮੇ 'ਚੋਂ ਗੁਜ਼ਰ ਰਿਹਾ ਸੀ ਤਾਂ ਉਹਨੇ ਮੇਰੇ ਅੰਦਰ ਦੌੜਨ ਦੀ ਚੁਆਤੀ ਲਾਈ ਤੇ ਆਪਣੀ ਬੁੱਕਲ 'ਚ ਸਮੋ ਲਿਆ। ਮੈਨੂੰ ਜੋ ਪੈਸਾ ਧੇਲਾ ਦੌੜਾਂ 'ਚੋਂ ਮਿਲਿਆ, ਉਹ ਚੈਰਟੀ ਦੇ ਲੇਖੇ ਲਾ-ਤਾ। ਸੋਚਦਾਂ ਓਹਨਾਂ ਦਾ ਵੀ ਭਲਾ ਹੋਊ ਜਿਨ੍ਹਾਂ ਦੀਆਂ ਅਸੀਸਾਂ ਨਾਲ ਦੌੜੀ ਜਾ ਰਿਹਾਂ।'

ਉਹ ਸੈਂਕੜਿਆਂ 'ਚ ਨੀ, 'ਵੀਹਾਂ' 'ਚ ਹਿਸਾਬ ਕਰਨ ਵਾਲਾ ਬੰਦਾ ਸੀ। ਚੈਰਟੀ ਦੌੜਾਂ ਲਾਉਣ ਤੱਕ ਉਸ ਨੂੰ ਮੀਲ ਤੇ ਕਿਲੋਮੀਟਰ ਦੇ ਫਰਕ ਦਾ ਵੀ ਪਤਾ ਨਹੀਂ ਸੀ। 42 ਕਿਲੋਮੀਟਰ ਦੀ ਮੈਰਾਥਨ ਦੌੜ 'ਚੋਂ ਭਾਵੇਂ ਦਸ ਕਿਲੋਮੀਟਰ ਹੋਰ ਬਾਕੀ ਹੁੰਦੀ, ਉਹਦਾ ਕੋਚ ਹੌਸਲਾ ਵਧਾਉਂਦਾ ਕਹਿੰਦਾ, 'ਬੱਸ ਛੇ ਮੀਲ ਰਹਿਗੇ!' ਤੇ ਬਾਬਾ ਥੱਕਿਆ ਹੋਣ ਦੇ ਬਾਵਜੂਦ 'ਵਾਹਿਗੁਰੂ-ਵਾਹਿਗੁਰੂ' ਜਪਦਾ ਦੌੜੀ ਜਾਂਦਾ। ਉਹ ਦਸਖ਼ਤ ਕਰਨੇ ਵੀ ਬੁੱਢੇਵਾਰੇ ਸਿੱਖਿਆ ਜੋ ਬੁਢਾਪਾ ਪੈਨਸ਼ਨ ਲੈਣ ਵੇਲੇ ਕਰਨੇ ਹੁੰਦੇ। ਉਸ ਨੇ ਪਹਿਲੀ ਵਾਰ ਲੰਡਨ ਦੀ ਮੈਰਾਥਨ 89 ਸਾਲ ਦੀ ਉਮਰੇ ਦੌੜੀ ਸੀ ਤੇ ਆਖ਼ਰੀ ਵਾਰ ਉਹ ਹਾਂਗਕਾਂਗ ਦੀ ਦਸ ਕਿਲੋਮੀਟਰ ਦੌੜ 102 ਸਾਲ ਦੀ ਉਮਰੇ ਦੌੜ ਕੇ 'ਦੌੜਾਂ' ਤੋਂ ਰਿਟਾਇਰ ਹੋਇਆ ਸੀ।

ਫੌਜਾ ਸਿੰਘ ਕਿਹਾ ਕਰਦਾ ਸੀ ਕਿ ਬੰਦਾ ਠੋਹਕਰ ਖਾਧੇ ਬਿਨਾਂ ਨਹੀਂ ਸੁਧਰਦਾ। ਉਸ ਨੇ ਖ਼ੁਦ ਠੋਹਕਰਾਂ ਖਾਧੀਆਂ। ਫਿਰ ਵੈਟਰਨ ਦੌੜਾਕ ਵਜੋਂ ਮੈਰਾਥਨ ਦੌੜਾਂ ਦਾ ਸ਼ਿੰਗਾਰ ਰਿਹਾ। ਉਸ ਨੂੰ ਵਿਸ਼ਵ ਦੇ ਬੜੇ ਵੱਡੇ ਮਾਣ ਸਨਮਾਨ ਮਿਲੇ। ਮਹਾਰਾਣੀ ਐਲਿਜ਼ਾਬੈੱਥ ਨੇ ਉਸ ਨੂੰ ਮਹਿਲਾਂ 'ਚ ਸੱਦ ਕੇ ਖਾਣਾ ਖੁਆਇਆ। ਅਮਰੀਕਾ ਦੇ ਪ੍ਰਧਾਨ ਜਾਰਜ ਬੁਸ਼ ਤੇ ਬਰਾਕ ਓਬਾਮਾ, ਪਾਕਿਸਤਾਨ ਦੇ ਸਦਰ ਪ੍ਰਵੇਜ਼ ਮੁਸ਼ੱਰਫ਼ ਤੇ ਹੋਰ ਕਈ ਦੇਸ਼ਾਂ ਦੇ ਮੁਖੀਆਂ ਨੂੰ ਮਿਲਣ ਦੇ ਮੌਕੇ ਮਿਲੇ। ਖੇਡਾਂ ਦੇ ਪਹਿਰਨ ਬਣਾਉਣ ਵਾਲੀ ਕੰਪਨੀ ਐਡੀਡਾਸ ਨੇ ਫੌਜਾ ਸਿੰਘ ਨੂੰ ਆਪਣਾ ਬਰਾਂਡ ਅੰਬੈਸਡਰ ਬਣਾਇਆ। ਵਡੇਰੀ ਉਮਰ ਦਾ ਸੰਦੇਸ਼ ਦਿੱਤਾ ਕਿ 'ਅਸੰਭਵ' ਕੁਝ ਵੀ ਨਹੀਂ ਹੁੰਦਾ।

ਵਿਸ਼ਵ ਪੱਧਰ 'ਤੇ ਪੱਗ ਦਾੜ੍ਹੀ ਦੀ ਜਿੰਨੀ ਪ੍ਰਦਰਸ਼ਨੀ ਬਾਬਾ ਫੌਜਾ ਸਿੰਘ ਨੇ ਕੀਤੀ/ਕਰਵਾਈ ਸ਼ਾਇਦ ਹੀ ਕਿਸੇ ਹੋਰ ਨੇ ਕਰਵਾਈ ਹੋਵੇ। ਉਹ ਆਪ ਕਹਿੰਦਾ ਰਿਹਾ ਕਿ ਮੇਰੀ ਮਸ਼ਹੂਰੀ ਪੱਗ-ਦਾੜ੍ਹੀ ਨਾਲ ਵਧੇਰੇ ਹੋਈ, ਨਹੀਂ ਤਾਂ 'ਗੰਜੇ' ਸਿਰ ਵਾਲੇ ਬੁੱਢੜੇ ਨੂੰ ਕੀਹਨੇ ਪੁੱਛਣਾ ਸੀ? ਮੈਰਾਥਨ ਦੌੜਾਕਾਂ 'ਚ ਵੱਖਰੇ ਮੁਹਾਂਦਰੇ ਭਾਵ ਪੱਗ ਦਾੜ੍ਹੀ ਵਾਲਾ ਚਿਹਰਾ ਕੈਮਰਿਆਂ ਦੀ ਖਿੱਚ ਦਾ ਕੇਂਦਰ ਰਿਹਾ। ਐਵੇਂ ਨਹੀਂ ਸੀ ਗੋਰੀਆਂ ਉਹਦੇ ਮਗਰ ਕੋਕ ਚੁੱਕੀ ਫਿਰਦੀਆਂ। ਉਨ੍ਹਾਂ ਦੀ ਚਾਹਤ ਹੁੰਦੀ ਸੀ ਕਿ ਅਸੀਂ ਵੀ ਫੌਜਾ ਸਿੰਘ ਨਾਲ ਤਸਵੀਰਾਂ 'ਚ ਦਿਸੀਏ!

ਪਹਿਲੇ ਪੰਜ ਸਾਲ ਉਹ ਪੰਜ ਕਦਮ ਤੁਰਨ ਜੋਗਾ ਵੀ ਨਹੀਂ ਸੀ। ਪਰ ਬੁੱਢੇਵਾਰੇ ਏਨਾ ਤੁਰਿਆ ਤੇ ਦੌੜਿਆ ਕਿ ਕੁਲ ਦੁਨੀਆ 'ਚ 'ਫੌਜਾ-ਫੌਜਾ' ਕਰਾ ਦਿੱਤੀ। ਉਹਦੇ ਪਾਸਪੋਰਟ 'ਤੇ ਉਹਦੀ ਜਨਮ ਤਾਰੀਖ਼ 1 ਅਪ੍ਰੈਲ 1911 ਲਿਖੀ ਹੋਈ ਸੀ। ਉਸੇ ਜਨਮ ਤਾਰੀਖ ਨਾਲ ਉਸ ਨੇ 2000 'ਚ ਪਹਿਲੀ ਵਾਰ ਲੰਡਨ ਦੀ ਮੈਰਾਥਨ ਦੌੜੀ ਸੀ ਜਿਸ ਵਿਚ 33 ਹਜ਼ਾਰ ਦੌੜਾਕ ਸ਼ਾਮਲ ਸਨ। ਉਨ੍ਹਾਂ ਵਿਚਕਾਰ ਪੱਗ ਤੇ ਖੁੱਲ੍ਹੀ ਦਾਹੜੀ ਨਾਲ ਦੌੜਦਾ ਉਹ ਸਭਨਾਂ ਦੀ ਖਿੱਚ ਦਾ ਕੇਂਦਰ ਸੀ। ਉਸ ਪਿੱਛੋਂ ਉਹ 102 ਸਾਲ ਦੀ ਉਮਰ ਤਕ ਚਾਰ ਮਹਾਂਦੀਪਾਂ ਦੇ ਦਰਜਨ ਕੁ ਸ਼ਹਿਰਾਂ ਵਿਚ ਮੈਰਾਥਨ ਤੇ ਹਾਫ਼ ਮੈਰਾਥਨ ਦੌੜਾਂ ਦੌੜਿਆ। ਆਖ਼ਰ 2013 'ਚ ਹਾਂਗਕਾਂਗ ਦੀ 10 ਕਿਲੋਮੀਟਰ ਮੈਰਾਥਨ ਦੌੜ ਕੇ ਉਹ ਦੌੜਾਂ ਦੌੜਨ ਤੋਂ ਰਿਟਾਇਰ ਹੋਇਆ।

ਰਿਟਾਇਰ ਹੋਣ ਪਿੱਛੋਂ ਉਹ 14 ਜੁਲਾਈ 2025 ਤਕ ਕਸਰਤਾਂ ਕਰਦਾ ਤੁਰਦਾ-ਫਿਰਦਾ ਰਿਹਾ ਤੇ ਤੁਰਿਆ ਫਿਰਦਾ ਹੀ ਕਾਰ ਦੀ ਫੇਟ ਵੱਜਣ ਨਾਲ ਅਕਾਲ ਚਲਾਣਾ ਕਰ ਗਿਆ। ਉਹਦੀ ਸ਼ੋਭਾ ਕੁਲ ਦੁਨੀਆ 'ਚ ਹੋਈ ਪਰ ਉਹ ਇਹੋ ਕਹਿੰਦਾ ਰਿਹਾ ਕਿ ਮੈਂ ਕੁਝ ਨਹੀਂ ਕੀਤਾ। ਜੋ ਕੀਤਾ ਉਹ ਕੁਦਰਤ ਨੇ ਕੀਤਾ ਕਰਵਾਇਆ। ਮੈਂ ਕੌਣ ਸੀ ਬੁੱਢੇਵਾਰੇ ਦੌੜਨ ਵਾਲਾ? ਮੈਂ ਤਾਂ ਝੋਟੇ ਕੁੱਟ ਹਲਵਾਹਕ ਸੀ ਪਰ ਕੁਦਰਤ ਮੇਰੇ 'ਤੇ ਦਿਆਲ ਰਹੀ। ਮੈਨੂੰ ਦੁੱਖਾਂ ਕਲੇਸ਼ਾਂ 'ਚੋਂ ਕੱਢ ਕੇ ਖੁਸ਼ੀਆਂ ਨਾਲ ਨਿਹਾਲ ਕਰਦੀ ਰਹੀ।

ਬਾਬਾ ਫੌਜਾ ਸਿੰਘ ਦੀ ਜੀਵਨ ਕਹਾਣੀ ਦਾ ਸਾਰ ਇਹੋ ਹੈ ਕਿ ਬੰਦੇ ਦੇ ਜੀਵਨ ਪੰਧ 'ਚ ਕਿੰਨੇ ਵੀ ਅੜਿੱਕੇ ਆਏ ਹੋਣ, ਕਿੰਨੇ ਵੀ ਦੁੱਖ ਸਹਿਣੇ ਪਏ ਹੋਣ ਤੇ ਉਹ ਕਿੱਡੀ ਵੀ ਵੱਡੀ ਉਮਰ ਦਾ ਕਿਉਂ ਨਾ ਹੋ ਗਿਆ ਹੋਵੇ, ਜੇਕਰ ਹਿੰਮਤ ਧਾਰ ਲਵੇ ਤਾਂ ਕੁਛ ਦਾ ਕੁਛ ਕਰ ਸਕਦਾ ਹੈ। ਹਰ ਤਰ੍ਹਾਂ ਦੀਆਂ ਮੁਸ਼ਕਲਾਂ ਤੇ ਪਰੇਸ਼ਾਨੀਆਂ 'ਤੇ ਜਿੱਤ ਹਾਸਲ ਕਰ ਸਕਦਾ ਹੈ। ਜੋ ਜੀਵਨ-ਦੌੜ ਬਾਬਾ ਫੌਜਾ ਸਿੰਘ ਨੇ ਦੌੜੀ ਉਹ ਆਉਂਦੀਆਂ ਪੀੜ੍ਹੀਆਂ ਲਈ ਚਾਨਣ ਮੁਨਾਰਾ ਬਣੀ ਰਹੇਗੀ। ਪਹਿਲੀ ਬਰਸੀ 'ਤੇ ਬਾਬੇ ਦੀ ਨੇਕ ਰੂਹ ਨੂੰ ਫਤਿਹ, ਪ੍ਰਣਾਮ, ਸਲਾਮ ਤੇ ਗੁੱਡ ਬਾਏ!



*ਬਾਬਾ ਫੌਜਾ ਸਿੰਘ ਨਾਲ ਲੇਖਕ ਦੀ ਪੁਰਾਣੀ ਤਸਵੀਰ।*






*ਸ. ਫੌਜਾ ਸਿੰਘ ਦੇ ਐਕਸੀਡੈਂਟ ਵਾਲੀ ਸੜਕ, ਜਿਸ ਨੂੰ ਪਾਰ ਕਰਦਿਆਂ ਉਹ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ ਅਤੇ ਫੌਜਾ ਸਿੰਘ ਦੇ ਪੁੱਤਰ ਦੀ ਯਾਦ ਵਿਚ ਬਣੇ ਕੁਲਦੀਪ ਵੈਸ਼ਨੂੰ ਢਾਬੇ ਦੇ ਬਾਹਰ ਖੜ੍ਹਾ ਲੇਖਕ।*

## ਮੈਰਾਥਨ ਦਾ ਮਹਾਂਰਥੀ ਬਾਬਾ ਫੌਜਾ ਸਿੰਘ

ਬਾਬਾ ਫੌਜਾ ਸਿੰਘ ਦੀ ਵਡਿਆਈ ਵੱਡੀ ਉਮਰ ਜਿਊਣ ਵਿਚ ਨਹੀਂ ਸਗੋਂ 89 ਸਾਲ ਦੀ ਵੱਡੀ ਉਮਰੇ ਮੈਰਾਥਨ ਦੌੜਨਾ ਸ਼ੁਰੂ ਕਰਕੇ 13 ਸਾਲ ਮੈਰਾਥਨਾਂ ਲਾਉਂਦੇ ਰਹਿਣ 'ਚ ਸੀ। ਬ੍ਰਿਟਿਸ਼ ਪਾਸਪੋਰਟ ਉਤੇ ਉਹਦੀ ਜਨਮ ਤਾਰੀਖ 1 ਅਪ੍ਰੈਲ 1911 ਦਰਜ ਹੈ। ਉਸ ਨੇ 2000 ਵਿਚ ਲੰਡਨ ਦੀ ਮੈਰਾਥਨ ਪਹਿਲੀ ਵਾਰ ਦੌੜੀ। 2011 ਵਿਚ ਟੋਰਾਂਟੋ ਦੀ ਵਾਟਰਫਰੰਟ ਮੈਰਾਥਨ ਪੂਰੀ ਦੌੜਨ ਵਾਲਾ ਉਹ ਵਿਸ਼ਵ ਦਾ ਪਹਿਲਾ 100 ਸਾਲਾ ਦੌੜਾਕ ਬਣਿਆ। 2013 ਵਿਚ ਹਾਂਗਕਾਂਗ ਵਿਖੇ 10 ਕਲੋਮੀਟਰ ਦੀ ਹਾਫ਼ ਮੈਰਾਥਨ ਲਾ ਕੇ ਬਾਬੇ ਨੇ ਲੰਮੀਆਂ ਦੌੜਾਂ ਦੌੜਨ ਤੋਂ ਬੱਸ ਕੀਤੀ। ਫਿਰ ਵੀ ਉਹ ਰੋਜ਼ ਦੋ ਚਾਰ ਕਿਲੋਮੀਟਰ ਤੁਰਦਾ ਤੇ ਵਗਦਾ ਰਿਹਾ। ਉਹ 114 ਸਾਲ 3 ਮਹੀਨੇ 13 ਦਿਨਾਂ ਦਾ ਸੀ ਕਿ ਸੜਕ ਕਰਾਸ ਕਰਨ ਲੱਗਾ ਤੇਜ਼ ਰਫ਼ਤਾਰ ਕਾਰ ਦੀ ਫੇਟ ਵੱਜਣ ਨਾਲ ਗੁਜ਼ਰ ਗਿਆ। ਜੇ ਹਾਦਸਾ ਨਾ ਹੁੰਦਾ ਤਾਂ ਸੰਭਵ ਸੀ ਉਹ ਕੁਝ ਸਾਲ ਹੋਰ ਜੀਂਦਾ ਰਹਿੰਦਾ। ਬਾਬੇ ਨਾਲ ਮੇਰੀ ਆਖ਼ਰੀ ਮੁਲਾਕਾਤ 6 ਮਾਰਚ 2025 ਨੂੰ ਹੋਈ ਸੀ।

ਉਹ ਲੋਕਾਂ ਦਾ ਰੋਲ ਮਾਡਲ ਤੇ ਬੰਦੇ ਦੇ ਬੁਲੰਦ ਜੇਰੇ ਦੀ ਮਿਸਾਲ ਸੀ। ਸਿਦਕੀ, ਸਿਰੜੀ, ਮਿਹਨਤੀ ਤੇ ਮੰਜ਼ਿਲਾਂ ਮਾਰਨ ਵਾਲਾ ਮੈਰਾਥਨਾਂ ਦਾ ਮਹਾਂਰਥੀ। ਬੁੱਲ੍ਹੇ ਸ਼ਾਹ ਵਰਗੀ ਮਸਤੀ ਦਾ ਮਾਲਕ। ਸਹਿਜਤਾ, ਸੁਹਿਰਦਤਾ ਤੇ ਮਸੂਮੀਅਤ ਦੀ ਮੂਰਤ। ਉਹਦੀਆਂ ਗੱਲਾਂ ਸਿੱਧੀਆਂ-ਸਾਦੀਆਂ, ਭੋਲੀਆਂ-ਭਾਲੀਆਂ ਤੇ ਨਿਰਛਲ ਸਨ। ਹਾਸਾ-ਠੱਠਾ ਕਰਨਾ ਉਹਦਾ ਸੁਭਾਅ ਸੀ। ਦੌੜਦਿਆਂ ਉਹਦੀ ਲੰਮੀ ਦਾੜ੍ਹੀ ਲਹਿਰਾਉਂਦੀ ਜਾਂਦੀ ਤੇ ਦਸਤਾਰ ਉਤੇ ਖੰਡੇ ਦਾ ਨਿਸ਼ਾਨ ਦੀਵੇ ਵਾਂਗ ਜਗਦਾ ਜਾਂਦਾ ਸੀ।

ਮੈਂ ਇਕ ਇੰਟਰਵਿਊ 'ਚ ਪੁੱਛਿਆ ਸੀ, 'ਤੁਸੀਂ ਦੁਨੀਆ ਦੇਖੀ ਹੈ, ਸਭ ਤੋਂ ਚੰਗੀ ਥਾਂ ਕਿਹੜੀ ਐ?' ਬਾਬੇ ਨੇ ਕਿਹਾ ਸੀ, 'ਜਿਥੇ ਤੁਸੀਂ ਵਸਦੇ ਓ, ਓਹੀ ਥਾਂ ਸਭ ਤੋਂ ਚੰਗੀ ਐ। ਜਿਹੜੇ ਮੁਲਕ ਦਾ ਖਾਈਏ ਉਹਦਾ ਬੁਰਾ ਨੀ ਮੰਗੀਦਾ। ਵੈਸੇ ਬੱਚੇ ਨੂੰ ਉਹ ਥਾਂ ਚੰਗੀ ਲੱਗਦੀ ਐ ਜਿਥੇ ਉਹਦੇ ਮਾਪੇ ਹੋਣ, ਬਾਲਗ ਨੂੰ ਉਹ ਥਾਂ ਚੰਗੀ ਜਿਥੇ ਉਹਨੂੰ ਰੁਜ਼ਗਾਰ ਮਿਲੇ ਤੇ ਪ੍ਰੇਮੀ ਨੂੰ ਉਹ ਥਾਂ ਪਿਆਰੀ ਜਿਥੇ ਉਹਦਾ ਪਿਆਰਾ ਵੱਸਦਾ ਹੋਵੇ।' ਆਖ਼ਰ ਮੈਂ ਉਮਰ ਬਾਰੇ ਪੁੱਛਿਆ ਸੀ, 'ਹੋਰ ਕਿੰਨੀ ਕੁ ਉਮਰ ਜਿਊਣ ਦਾ ਇਰਾਦੈ?' ਬਾਬਾ ਖੇੜੇ ਵਿਚ ਸੀ, 'ਦਿਲ ਹੋਣਾ ਚਾਹੀਦੈ ਜੁਆਨ ਉਮਰਾਂ 'ਚ ਕੀ ਰੱਖਿਐ?'

***-ਪੁਸਤਕ ਦੇ ਆਖਰੀ ਪੰਨੇ 'ਤੇ ਲਿਖਿਆ ਬਿਰਤਾਂਤ***




*ਸਰਵਣ ਸਿੰਘ ਸੰਧੂ ਦੀ ਕਿਤਾਬ 'ਮੈਰਾਥਨ ਦਾ ਮਹਾਂਰਥੀ ਬਾਬਾ ਫੌਜਾ ਸਿੰਘ' ਦਾ ਸਰਵਰਕ*

# ਪੰਜਾਬ ਦੀ ਤਲਾਸ਼: ਨਿਘਾਰ, ਨੌਜਵਾਨ ਅਤੇ ਕੌਮੀ ਚੇਤਨਾ ਦਾ ਸਵਾਲ

***ਸਮਾਜ ਵਿਚ ਬਦਲਾਅ ਸਿਰਫ਼ ਉਮਰ ਨਾਲ ਨਹੀਂ ਆਉਂਦਾ ਸਗੋਂ ਉਹ ਚੇਤਨਾ ਨਾਲ ਆਉਂਦਾ ਹੈ ਅਤੇ ਚੇਤਨਾ ਓਥੇ ਜਨਮ ਲੈਂਦੀ ਹੈ ਜਿੱਥੇ ਪੜ੍ਹਨ, ਸੋਚਣ, ਵਿਚਾਰਨ ਅਤੇ ਖੁੱਲ੍ਹੀ ਚਰਚਾ ਦੀ ਸੰਸਕ੍ਰਿਤੀ ਹੋਵੇ। ਪੰਜਾਬ ਦੇ ਨੌਜਵਾਨ ਨੂੰ ਇਸ ਵੇਲੇ ਸਭ ਤੋਂ ਵੱਧ ਲੋੜ ਕਿਸੇ ਨਵੇਂ ਨਾਅਰੇ ਦੀ ਨਹੀਂ ਸਗੋਂ ਇੱਕ ਨਵੀਂ ਬੌਧਿਕ ਅਨੁਸ਼ਾਸਨ ਦੀ ਹੈ, ਅਜਿਹਾ ਅਨੁਸ਼ਾਸਨ ਜੋ ਉਸਨੂੰ ਆਪਣੇ ਇਤਿਹਾਸ ਨਾਲ ਜੋੜੇ, ਆਪਣੇ ਵਰਤਮਾਨ ਦੀ ਆਲੋਚਨਾ ਕਰਨਾ ਸਿਖਾਏ ਅਤੇ ਭਵਿੱਖ ਲਈ ਨਵੀਂ ਰਾਹ ਤਲਾਸ਼ਣ ਦੀ ਸਮਰੱਥਾ ਦੇਵੇ।***

ਇਸ ਗੱਲ 'ਤੇ ਹੁਣ ਸ਼ਾਇਦ ਹੀ ਕੋਈ ਦੋ ਰਾਇ ਹੋ ਸਕਦੀ ਹੈ ਕਿ ਜਦੋਂ-ਜਦੋਂ ਸਿੱਖ ਕੌਮ ਜਾਂ ਪੰਜਾਬੀ ਸਮਾਜ ਨਿਘਾਰ ਵੱਲ ਵਧੇ ਹਨ, ਉਸ ਦੇ ਕਾਰਨ ਸਿਰਫ਼ ਬਾਹਰੀ ਹਮਲੇ, ਰਾਜ ਦਾ ਦਬਾਅ ਜਾਂ ਸਿਆਸੀ ਸਾਜ਼ਿਸ਼ਾਂ ਹੀ ਨਹੀਂ ਰਹੀਆਂ ਸਗੋਂ ਕਈ ਵਾਰ ਇਸ ਨਿਘਾਰ ਦੀਆਂ ਜੜ੍ਹਾਂ ਸਾਡੇ ਆਪਣੇ ਅੰਦਰੂਨੀ ਢਾਂਚੇ, ਸਾਡੀ ਕੌਮੀ ਬਣਤਰ, ਸਾਡੇ ਸਮਾਜਕ ਆਚਰਨ ਅਤੇ ਸਾਡੀ ਬੌਧਿਕ ਸੁਸਤੀ ਵਿਚ ਵੀ ਮਿਲਦੀਆਂ ਹਨ। ਕਿਸੇ ਵੀ ਕੌਮ ਦੀ ਮਜ਼ਬੂਤੀ ਸਿਰਫ਼ ਉਸਦੇ ਇਤਿਹਾਸਕ ਗੌਰਵ ਜਾਂ ਉਸਦੇ ਸ਼ਹੀਦਾਂ ਦੀ



**ਗੁਰਤੇਜ ਸਿੰਘ ਕੱਟੂ**
**ਫੋਨ: 98155-94197**

ਵਿਰਾਸਤ ਨਾਲ ਨਹੀਂ ਬਣਦੀ ਸਗੋਂ ਉਹ ਇਸ ਗੱਲ ਨਾਲ ਬਣਦੀ ਹੈ ਕਿ ਉਹ ਆਪਣੀਆਂ ਕਮਜ਼ੋਰੀਆਂ ਨੂੰ ਕਿੰਨੀ ਇਮਾਨਦਾਰੀ ਨਾਲ ਪਛਾਣਦੀ ਹੈ ਤੇ ਉਨ੍ਹਾਂ 'ਤੇ ਕਿੰਨਾ ਖੁੱਲ੍ਹਾ ਮੰਥਨ ਕਰਦੀ ਹੈ ਅਤੇ ਉਨ੍ਹਾਂ ਨੂੰ ਦੂਰ ਕਰਨ ਲਈ ਕਿੰਨੀ ਸਾਂਝੀ ਇੱਛਾ ਪੈਦਾ ਕਰਦੀ ਹੈ।

ਪੰਜਾਬ ਅਤੇ ਸਿੱਖ ਕੌਮ ਦੇ ਮਾਮਲੇ ਵਿਚ ਇਹ ਸਵਾਲ ਅੱਜ ਹੋਰ ਵੀ ਤਿੱਖੇ ਰੂਪ ਵਿਚ ਸਾਡੇ ਸਾਹਮਣੇ ਖੜ੍ਹੇ ਹਨ ਕਿਉਂਕਿ ਇੱਕ ਪਾਸੇ ਅਸੀਂ ਆਪਣੀ ਸ਼ਾਨਦਾਰ ਇਤਿਹਾਸਕ ਵਿਰਾਸਤ ਦਾ ਜ਼ਿਕਰ ਕਰਦੇ ਹਾਂ ਤੇ ਦੂਜੇ ਪਾਸੇ ਸਾਡੇ ਸਮਾਜਕ, ਰਾਜਨੀਤਿਕ ਅਤੇ ਬੌਧਿਕ ਜੀਵਨ ਵਿਚ ਅਜਿਹੀਆਂ ਕਮਜ਼ੋਰੀਆਂ ਵੀ ਮੌਜੂਦ ਹਨ ਜਿਨ੍ਹਾਂ ਨੇ ਸਾਨੂੰ ਵਾਰ-ਵਾਰ ਨੁਕਸਾਨ ਪਹੁੰਚਾਇਆ ਹੈ।

ਇਹ ਮੰਨਣ ਵਿਚ ਕੋਈ ਝਿਜਕ ਨਹੀਂ ਹੋਣੀ ਚਾਹੀਦੀ ਕਿ ਰਾਜ ਦਾ ਸੁਭਾਉ ਸਦਾ ਨਿਰਪੱਖ ਵਾਲਾ ਨਹੀਂ ਹੁੰਦਾ। ਹਰ ਰਾਜ ਆਪਣੇ ਵਜੂਦ ਨੂੰ ਕਾਇਮ ਰੱਖਣ ਲਈ ਸਿਰਫ਼ ਕਾਨੂੰਨ, ਪੁਲਿਸ, ਪ੍ਰਸ਼ਾਸਨ ਜਾਂ ਦਮਨਕਾਰੀ ਸਾਧਨਾਂ ਦਾ ਹੀ ਸਹਾਰਾ ਨਹੀਂ ਲੈਂਦਾ ਸਗੋਂ ਉਹ ਵਿਚਾਰਾਂ, ਧਾਰਨਾਵਾਂ, ਸਭਿਆਚਾਰਕ ਰੂਪਾਂ ਅਤੇ ਸਮਾਜਕ ਸੰਸਥਾਵਾਂ ਰਾਹੀਂ ਵੀ ਆਪਣੇ ਲਈ ਇੱਕ ਅਨੁਕੂਲ ਮਾਹੌਲ ਬਣਾਉਂਦਾ ਹੈ। ਇਸੇ ਨੂੰ ਰਾਜ ਦਾ ਪ੍ਰਵਚਨ ਕਿਹਾ ਜਾ ਸਕਦਾ ਹੈ, ਉਹ ਪ੍ਰਵਚਨ ਜੋ ਸਮਾਜ ਨੂੰ ਇਹ ਸਮਝਾਉਂਦਾ ਹੈ ਕਿ ਕੀ ਆਮ ਹੈ, ਕੀ ਖ਼ਤਰਨਾਕ ਹੈ, ਕੀ ਜਾਇਜ਼ ਹੈ ਅਤੇ ਕੀ ਗੈਰ-ਜਾਇਜ਼। ਪੰਜਾਬ ਦੇ ਸੰਦਰਭ ਵਿਚ ਇਹ ਪ੍ਰਵਚਨ ਬਹੁਤ ਸੂਖਮ ਪਰ ਡੂੰਘੇ ਢੰਗ ਨਾਲ ਕੰਮ ਕਰਦਾ ਰਿਹਾ ਹੈ। ਇਸ ਨੇ ਬੌਧਿਕ ਵਰਗ ਨੂੰ ਜਾਂ ਤਾਂ ਆਪਣੇ ਹੱਕ ਵਿਚ ਵਰਤਣ ਦੀ ਕੋਸ਼ਿਸ਼ ਕੀਤੀ ਜਾਂ ਫਿਰ ਉਸ ਨੂੰ ਹਾਸ਼ੀਏ 'ਤੇ ਧੱਕ ਦਿੱਤਾ।

ਇਸ ਨੇ ਨੌਜਵਾਨ ਪੀੜ੍ਹੀ ਨੂੰ ਰਾਜਨੀਤੀ ਤੋਂ ਦੂਰ ਰੱਖਣ ਲਈ ਰਾਜਨੀਤੀ ਦੀ ਇੱਕ ਵਿਗੜੀ ਹੋਈ ਤਸਵੀਰ ਉਸਦੇ ਸਾਹਮਣੇ ਖੜ੍ਹੀ ਕੀਤੀ। ਇਸ ਨੇ ਆਮ ਸਮਾਜ ਵਿਚ ਇਹ ਭਾਵਨਾ ਮਜ਼ਬੂਤ ਕੀਤੀ ਕਿ ਰਾਜਨੀਤੀ ਗੰਦੀ ਹੈ, ਸਿਆਸਤ ਮੌਕਾਪਰਸਤੀ ਦਾ ਨਾਮ ਹੈ ਅਤੇ ਜਿਹੜਾ ਨੌਜਵਾਨ ਪੜ੍ਹ-ਲਿਖ ਕੇ ਕੁਝ ਬਣ ਸਕਦਾ ਹੈ, ਉਸ ਦਾ ਰਾਜਨੀਤਿਕ ਮਸਲਿਆਂ ਤੋਂ ਦੂਰ ਰਹਿਣਾ ਹੀ ਉਸਦੀ ਭਲਾਈ ਹੈ। ਨਤੀਜਾ ਇਹ ਨਿਕਲਿਆ ਕਿ ਜਿਹੜੀ ਪੀੜ੍ਹੀ ਸਮਾਜਿਕ ਤਬਦੀਲੀ ਦੀ ਸਭ ਤੋਂ ਵੱਡੀ ਤਾਕਤ ਬਣ ਸਕਦੀ ਸੀ ਉਹੀ ਹੌਲੇ-ਹੌਲੇ ਜਨਤਕ ਜੀਵਨ, ਕੌਮੀ ਚਿੰਤਾਵਾਂ ਅਤੇ ਸਾਂਝੀ ਜ਼ਿੰਮੇਵਾਰੀ ਤੋਂ ਕੱਟਦੀ ਗਈ।

ਪਰ ਇਸ ਸਾਰੇ ਦ੍ਰਿਸ਼ ਨੂੰ ਸਿਰਫ਼ ਰਾਜ ਦੇ ਸਿਰ ਮੜ੍ਹ ਕੇ ਅਸੀਂ ਆਪਣੇ ਫ਼ਰਜ਼ ਤੋਂ ਮੁਕਤ ਨਹੀਂ ਹੋ ਸਕਦੇ। ਸੱਚ ਇਹ ਹੈ ਕਿ ਸਿੱਖ ਕੌਮ ਅਤੇ ਪੰਜਾਬੀ ਸਮਾਜ ਦੇ ਅੰਦਰ ਵੀ ਅਜਿਹੀਆਂ ਕਮਜ਼ੋਰੀਆਂ ਪੈਦਾ ਹੋਈਆਂ ਹਨ, ਜਿਨ੍ਹਾਂ ਨੇ ਸਾਡੀ ਸਾਂਝੀ ਤਾਕਤ ਨੂੰ ਖੋਖਲਾ ਕੀਤਾ ਹੈ। ਸਾਡੀ ਕੌਮੀ ਜ਼ਿੰਦਗੀ ਵਿਚ ਕਈ ਵਾਰ ਵਿਚਾਰ ਦੀ ਥਾਂ ਨਾਅਰੇ ਨੇ ਲੈ ਲਈ, ਮੰਥਨ ਦੀ ਥਾਂ ਭਾਵਨਾਤਮਕ ਉਤੇਜਨਾ ਨੇ ਅਤੇ ਨੈਤਿਕ ਜ਼ਿੰਮੇਵਾਰੀ ਦੀ ਥਾਂ ਧੜੇਬੰਦੀ ਨੇ। ਅਸੀਂ ਆਪਣੇ ਇਤਿਹਾਸ ਨੂੰ ਯਾਦ ਤਾਂ ਕੀਤਾ ਪਰ ਉਸ ਤੋਂ ਲੋੜੀਂਦੇ ਸਬਕ ਸਿੱਖਣ ਦੀ ਸੰਸਕ੍ਰਿਤੀ ਮਜ਼ਬੂਤ ਨਾ ਕਰ ਸਕੇ। ਅਸੀਂ ਸ਼ਹੀਦਾਂ ਦਾ ਜ਼ਿਕਰ ਕੀਤਾ, ਪਰ ਸ਼ਹੀਦੀ ਦੀ ਰੂਹ ਅਰਥਾਤ ਸੱਚ, ਨਿਆਂ, ਨਿਰਭਉਤਾ ਅਤੇ ਸਮਾਜਕ ਜ਼ਿੰਮੇਵਾਰੀ ਨੂੰ ਆਪਣੀ ਰੋਜ਼ਮਰ੍ਹਾ ਦੀ ਸਿਆਸਤ ਅਤੇ ਸਮਾਜਕ ਜੀਵਨ ਵਿਚ ਉਹ ਥਾਂ ਨਾ ਦੇ ਸਕੇ, ਜਿਸਦੀ ਲੋੜ ਸੀ। ਅਸੀਂ ਗੁਰਬਾਣੀ ਅਤੇ ਸਿੱਖ ਇਤਿਹਾਸ ਨੂੰ ਆਪਣੀ ਪਛਾਣ ਦਾ ਹਿੱਸਾ ਤਾਂ ਮੰਨਿਆ ਪਰ ਉਸਦੇ ਸਮਾਜਕ-ਰਾਜਨੀਤਿਕ ਅਰਥਾਂ ਨੂੰ ਨਵੀਂ ਪੀੜ੍ਹੀ ਤੱਕ ਡੂੰਘਾਈ ਨਾਲ ਪਹੁੰਚਾਉਣ ਵਿਚ ਕਾਮਯਾਬ ਨਾ ਹੋਏ। ਇਸ ਤਰ੍ਹਾਂ ਇੱਕ ਅਜਿਹਾ ਖਾਲੀਪਨ ਬਣਦਾ ਗਿਆ ਜਿਸ ਵਿਚ ਨੌਜਵਾਨ ਪੀੜ੍ਹੀ ਨਾ ਪੂਰੀ ਤਰ੍ਹਾਂ ਆਪਣੀ ਕੌਮੀ ਚੇਤਨਾ ਨਾਲ ਜੁੜੀ ਰਹੀ, ਨਾ ਪੂਰੀ ਤਰ੍ਹਾਂ ਜਨਤਕ ਜੀਵਨ ਵਿਚ ਦਖ਼ਲ ਦੇਣ ਲਈ ਤਿਆਰ ਹੋਈ।

ਇਸ ਸੰਕਟ ਦਾ ਇੱਕ ਮਹੱਤਵਪੂਰਨ ਪੱਖ ਸਿੱਖ ਇਤਿਹਾਸ ਅਤੇ ਸਿੱਖੀ ਸਿਧਾਂਤਾਂ ਤੋਂ ਵਧਦੀ ਦੂਰੀ ਵੀ ਹੈ। ਇਹ ਕਹਿਣਾ ਠੀਕ ਨਹੀਂ ਹੋਵੇਗਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਸਿੱਖ ਵਿਰਸੇ ਤੋਂ ਪੂਰੀ ਤਰ੍ਹਾਂ ਕੱਟ ਗਈ ਹੈ ਪਰ ਇਹ ਵੀ ਸੱਚ ਹੈ ਕਿ ਉਹ ਇਸ ਵਿਰਸੇ ਨਾਲ ਉਸ ਡੂੰਘਾਈ ਵਿਚ ਨਹੀਂ ਜੁੜੀ, ਜਿੰਨੀ ਇੱਕ ਕੌਮ ਦੇ ਅਸਲ ਭਵਿੱਖ ਲਈ ਲੋੜੀਂਦੀ ਹੈ। ਸਿੱਖ ਇਤਿਹਾਸ ਨੂੰ ਅਕਸਰ ਜਾਂ ਤਾਂ ਕੇਵਲ ਰਸਮੀ ਯਾਦ ਵਿਚ ਬਦਲ ਦਿੱਤਾ ਗਿਆ ਹੈ ਜਾਂ ਫਿਰ ਉਸ ਨੂੰ ਸਿਰਫ਼ ਭਾਵਨਾਤਮਕ ਜਸ਼ਨ ਤੱਕ ਸੀਮਿਤ ਕਰ ਦਿੱਤਾ ਗਿਆ ਹੈ, ਜਦਕਿ ਇਤਿਹਾਸ ਦਾ ਕੰਮ ਸਿਰਫ਼ ਗੌਰਵ-ਗਾਨ ਕਰਨਾ ਨਹੀਂ ਹੁੰਦਾ ਸਗੋਂ ਉਹ ਮੌਜੂਦਾ ਸਮੇਂ ਨੂੰ ਸਮਝਣ ਲਈ ਬੌਧਿਕ ਸਾਧਨ ਦਿੰਦਾ ਹੈ। ਜੇ ਨੌਜਵਾਨ ਪੀੜ੍ਹੀ ਨੂੰ ਇਹ ਸਮਝ ਹੀ ਨਾ ਆਵੇ ਕਿ ਸਿੱਖ ਇਤਿਹਾਸ ਵਿਚ ਰਾਜ, ਨਿਆਂ, ਵਿਰੋਧ, ਸਮਾਨਤਾ, ਸੇਵਾ, ਸੰਘਰਸ਼ ਅਤੇ ਆਤਮ-ਸਨਮਾਨ ਦੇ ਕੀ ਅਰਥ ਹਨ ਤਾਂ ਫਿਰ ਉਹ ਆਪਣੇ ਵਰਤਮਾਨ ਦੀਆਂ ਗੁੰਝਲਾਂ ਨੂੰ ਕਿਸ ਆਧਾਰ 'ਤੇ ਸਮਝੇਗੀ? ਇਸ ਲਈ ਸਿੱਖੀ ਪ੍ਰਤੀ ਜਾਗਰੂਕਤਾ ਦਾ ਮਤਲਬ ਕੇਵਲ ਧਾਰਮਿਕ ਰਸਮਾਂ ਦੀ ਜਾਣਕਾਰੀ ਨਹੀਂ ਸਗੋਂ ਇਸਦਾ ਅਰਥ ਹੈ ਕਿ ਇੱਕ ਅਜਿਹੀ ਇਤਿਹਾਸਕ ਅਤੇ ਨੈਤਿਕ ਸਮਝ ਦਾ ਵਿਕਾਸ ਜੋ ਨੌਜਵਾਨ ਨੂੰ ਆਪਣੇ ਸਮੇਂ ਦੇ ਸਵਾਲਾਂ ਨਾਲ ਜੋੜ ਸਕੇ।

ਇਸੇ ਲਈ ਅੱਜ ਸਭ ਤੋਂ ਵੱਡੀ ਲੋੜ ਨੌਜਵਾਨ ਪੀੜ੍ਹੀ ਦੀ ਵਾਪਸੀ ਦੀ ਹੈ ਪਰ ਇਹ ਵਾਪਸੀ ਸਿਰਫ਼ ਗਿਣਤੀ ਵਿਚ ਨਹੀਂ ਬਲਕਿ ਵਿਚਾਰ ਵਿਚ ਹੋਣੀ ਚਾਹੀਦੀ ਹੈ। ਪੰਜਾਬ ਨੂੰ ਬਦਲਣ, ਸਿੱਖ ਕੌਮ ਦੀ ਰਾਹਨੁਮਾਈ ਕਰਨ ਅਤੇ ਸਮਾਜ ਨੂੰ ਨਵੇਂ ਮਾਰਗ 'ਤੇ ਲਿਜਾਣ ਲਈ ਉਹ ਨੌਜਵਾਨ ਅੱਗੇ ਆਉਣ ਜੋ ਬੌਧਿਕ ਤੌਰ 'ਤੇ ਨਿਰਪੱਖ ਸੋਚ ਰੱਖਦੇ ਹਨ, ਜੋ ਸਵਾਲ ਪੁੱਛਣ ਤੋਂ ਨਹੀਂ ਡਰਦੇ, ਜੋ ਭਾਵਨਾਤਮਕ ਨਾਅਰੇ ਅਤੇ ਰਾਜਨੀਤਿਕ ਚਾਲਾਂ ਵਿਚਕਾਰ ਫ਼ਰਕ ਕਰ ਸਕਦੇ ਹਨ ਅਤੇ ਜੋ ਆਪਣੀ ਕੌਮੀ ਜ਼ਿੰਮੇਵਾਰੀ ਨੂੰ ਸਿਰਫ਼ ਭਾਵਨਾ ਨਹੀਂ, ਇੱਕ ਅਮਲੀ ਕੰਮ ਵਜੋਂ ਸਮਝਦੇ ਹਨ। ਸਮਾਜ ਵਿਚ ਬਦਲਾਅ ਸਿਰਫ਼ ਉਮਰ ਨਾਲ ਨਹੀਂ ਆਉਂਦਾ ਸਗੋਂ ਉਹ ਚੇਤਨਾ ਨਾਲ ਆਉਂਦਾ ਹੈ ਅਤੇ ਚੇਤਨਾ ਓਥੇ ਜਨਮ ਲੈਂਦੀ ਹੈ ਜਿੱਥੇ ਪੜ੍ਹਨ, ਸੋਚਣ, ਵਿਚਾਰਨ ਅਤੇ ਖੁੱਲ੍ਹੀ ਚਰਚਾ ਦੀ ਸੰਸਕ੍ਰਿਤੀ ਹੋਵੇ। ਪੰਜਾਬ ਦੇ ਨੌਜਵਾਨ ਨੂੰ ਇਸ ਵੇਲੇ ਸਭ ਤੋਂ ਵੱਧ ਲੋੜ ਕਿਸੇ ਨਵੇਂ ਨਾਅਰੇ ਦੀ ਨਹੀਂ ਸਗੋਂ ਇੱਕ ਨਵੀਂ ਬੌਧਿਕ ਅਨੁਸ਼ਾਸਨ ਦੀ ਹੈ, ਅਜਿਹਾ ਅਨੁਸ਼ਾਸਨ ਜੋ ਉਸਨੂੰ ਆਪਣੇ ਇਤਿਹਾਸ ਨਾਲ ਜੋੜੇ, ਆਪਣੇ ਵਰਤਮਾਨ ਦੀ ਆਲੋਚਨਾ ਕਰਨਾ ਸਿਖਾਏ ਅਤੇ ਭਵਿੱਖ ਲਈ ਨਵੀਂ ਰਾਹ ਤਲਾਸ਼ਣ ਦੀ ਸਮਰੱਥਾ ਦੇਵੇ।

ਇਸ ਸੰਦਰਭ ਵਿਚ ਸਿੱਖੀ ਦੇ ਮੂਲ ਸਿਧਾਂਤਾਂ ਅਤੇ ਸਿੱਖ ਇਤਿਹਾਸ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣਾ ਇੱਕ ਕੇਂਦਰੀ ਕਾਰਜ ਬਣ ਜਾਂਦਾ ਹੈ ਪਰ ਇਹ ਕੰਮ ਸਿਰਫ਼ ਉਪਦੇਸ਼ ਦੇ ਰੂਪ ਵਿਚ ਨਹੀਂ ਹੋ ਸਕਦਾ। ਲੋੜ ਇਹ ਹੈ ਕਿ ਸਿੱਖ ਇਤਿਹਾਸ ਨੂੰ ਉਸਦੀ ਜਟਿਲਤਾ ਸਮੇਤ ਪੜ੍ਹਿਆ ਜਾਵੇ, ਉਸਦੇ ਅੰਦਰਲੇ ਨੈਤਿਕ ਅਤੇ ਰਾਜਨੀਤਿਕ ਸਬਕਾਂ ਨੂੰ ਸਮਝਿਆ ਜਾਵੇ ਅਤੇ ਉਸ ਨੂੰ ਅੱਜ ਦੇ ਪੰਜਾਬ ਦੇ ਸਵਾਲਾਂ ਨਾਲ ਜੋੜਿਆ ਜਾਵੇ। ਇਹ ਵੀ ਲੋੜ ਹੈ ਕਿ ਗੁਰਦੁਆਰੇ, ਸਿੱਖ ਸੰਸਥਾਵਾਂ, ਵਿਦਿਅਕ ਕੇਂਦਰ, ਲੇਖਕ, ਪੱਤਰਕਾਰ ਅਤੇ ਬੌਧਿਕ ਵਰਗ ਮਿਲ ਕੇ ਇੱਕ ਅਜਿਹਾ ਮਾਹੌਲ ਬਣਾਉਣ ਜਿਸ ਵਿਚ ਨੌਜਵਾਨ ਲਈ ਸਿੱਖੀ ਸਿਰਫ਼ ਪਛਾਣ ਦਾ ਨਿਸ਼ਾਨ ਨਾ ਰਹੇ ਸਗੋਂ ਵਿਚਾਰ, ਆਚਰਨ ਅਤੇ ਜਨਤਕ ਜ਼ਿੰਮੇਵਾਰੀ ਦੀ ਇੱਕ ਜਿਉਂਦੀ ਪਰੰਪਰਾ ਬਣੇ। ਜਦ ਤੱਕ ਸਿੱਖ ਇਤਿਹਾਸ ਨੂੰ ਜ਼ਿੰਦਗੀ ਨਾਲ ਨਹੀਂ ਜੋੜਿਆ ਜਾਵੇਗਾ, ਉਹ ਨਵੀਂ ਪੀੜ੍ਹੀ ਲਈ ਜਾਂ ਤਾਂ ਸਿਰਫ਼ ਮਾਣ ਦੀ ਇੱਕ ਦੂਰ-ਦੁਰੇਡੀ ਕਹਾਣੀ ਰਹਿ ਜਾਵੇਗਾ ਜਾਂ ਫਿਰ ਇੱਕ ਰਸਮੀ ਜ਼ਿਕਰ।

ਨਵੇਂ ਪੰਜਾਬ ਦੀ ਸ਼ੁਰੂਆਤ ਕਿਸੇ ਇੱਕ ਚੋਣ, ਕਿਸੇ ਇੱਕ ਨੇਤਾ ਜਾਂ ਕਿਸੇ ਇੱਕ ਨਾਅਰੇ ਨਾਲ ਨਹੀਂ ਹੋਣੀ। ਉਹ ਸ਼ੁਰੂਆਤ ਇੱਕ ਡੂੰਘੇ ਸਮਾਜਕ ਮੰਥਨ ਨਾਲ ਹੋਵੇਗੀ, ਇਸ ਗੱਲ ਦੇ ਮੰਥਨ ਨਾਲ ਕਿ ਸਾਡੀਆਂ ਅੰਦਰੂਨੀ ਖ਼ਾਮੀਆਂ ਕੀ ਹਨ ਤੇ ਰਾਜ ਦੇ ਪ੍ਰਵਚਨ ਨੇ ਸਾਨੂੰ ਕਿਵੇਂ ਪ੍ਰਭਾਵਿਤ ਕੀਤਾ। ਸਾਡੀ ਨੌਜਵਾਨ ਪੀੜ੍ਹੀ ਰਾਜਨੀਤੀ, ਕੌਮੀ ਚੇਤਨਾ ਅਤੇ ਇਤਿਹਾਸ ਤੋਂ ਕਿਉਂ ਦੂਰ ਹੋਈ ਅਤੇ ਅਸੀਂ ਇਸ ਸਥਿਤੀ ਨੂੰ ਕਿਵੇਂ ਬਦਲ ਸਕਦੇ ਹਾਂ। ਇਸ ਮੰਥਨ ਵਿਚ ਆਤਮ-ਆਲੋਚਨਾ ਵੀ ਹੋਣੀ ਚਾਹੀਦੀ ਹੈ, ਇਤਿਹਾਸਕ ਸੂਝ ਵੀ ਅਤੇ ਭਵਿੱਖ ਦੀ ਕਲਪਨਾ ਵੀ।

ਕੌਮਾਂ ਉਨ੍ਹਾਂ ਸਮਿਆਂ ਵਿਚ ਨਹੀਂ ਮਰਦੀਆਂ ਜਦੋਂ ਉਨ੍ਹਾਂ 'ਤੇ ਬਾਹਰੋਂ ਹਮਲੇ ਹੁੰਦੇ ਹਨ ਸਗੋਂ ਕਈ ਵਾਰ ਉਹ ਓਦੋਂ ਕਮਜ਼ੋਰ ਹੁੰਦੀਆਂ ਹਨ ਜਦੋਂ ਉਹ ਆਪਣੇ ਅੰਦਰ ਦੇ ਸਵਾਲ ਪੁੱਛਣਾ ਛੱਡ ਦਿੰਦੀਆਂ ਹਨ। ਪੰਜਾਬ ਨੂੰ ਅੱਜ ਸਭ ਤੋਂ ਵੱਧ ਲੋੜ ਇਸੇ ਗੱਲ ਦੀ ਹੈ ਕਿ ਉਹ ਆਪਣੇ ਅੰਦਰਲੇ ਸਵਾਲਾਂ ਤੋਂ ਭੱਜੇ ਨਾ, ਸਗੋਂ ਉਨ੍ਹਾਂ ਦਾ ਸਾਹਮਣਾ ਕਰੇ ਕਿਉਂਕਿ ਨਵਾਂ ਪੰਜਾਬ ਕਿਸੇ ਚਮਤਕਾਰ ਨਾਲ ਨਹੀਂ ਬਣੇਗਾ, ਉਹ ਤਦੋਂ ਬਣੇਗਾ ਜਦੋਂ ਇੱਕ ਨਵੀਂ ਬੌਧਿਕ ਇਮਾਨਦਾਰੀ, ਇੱਕ ਨਵੀਂ ਨੌਜਵਾਨ ਚੇਤਨਾ ਅਤੇ ਆਪਣੇ ਇਤਿਹਾਸ ਨਾਲ ਇੱਕ ਨਵਾਂ, ਡੂੰਘਾ ਸੰਬੰਧ ਇਕੱਠੇ ਜਨਮ ਲੈਣਗੇ।

# 'ਸੱਚ ਦਬਾਉਣ ਨਾਲ ਮਰਦਾ ਨਹੀਂ, ਹੋਰ ਉੱਚਾ ਹੁੰਦਾ ਹੈ'

**'ਸਤਲੁਜ' ਫਿਲਮ ਬਾਰੇ**

'ਸਤਲੁਜ' ਫਿਲਮ ਦਾ ਵਿਵਾਦ ਪੂਰੇ ਜ਼ੋਰਾਂ 'ਤੇ ਹੈ। ਸਾਰਾ ਪੰਜਾਬ ਅੱਜ ਇਸ ਫਿਲਮ ਅਤੇ ਦਿਲਜੀਤ ਦੁਸਾਂਝ ਦੇ ਹੱਕ ਵਿਚ ਹੈ। ਇਥੋਂ ਤੱਕ ਕਿ ਹਿੰਦੂ ਧਰਮ ਨਾਲ ਸਬੰਧਤ ਬਹੁਤ ਸਾਰੀਆਂ ਔਰਤਾਂ, ਭੈਣਾਂ ਤੇ ਵੀਰ ਵੀ 'ਸਤਲੁਜ' ਫਿਲਮ 'ਤੇ ਬੈਨ ਹੋਣ ਦੀ ਨਿਖੇਧੀ ਕਰ ਰਹੇ ਹਨ। ਇਹ ਫਿਲਮ 1984 ਦੇ ਦੁਖਾਂਤ ਨੂੰ ਬਿਆਨ ਕਰਦੀ ਹੈ। ਫਿਲਮ ਦੇ ਡਾਇਰੈਕਟਰ ਤੇ ਪ੍ਰੋਡਿਊਸਰ ਹਨੀ ਤ੍ਰੇਹਨ ਹਨ ਤੇ ਫਿਲਮ ਆਰ.ਐਸ.ਵੀ.ਪੀ. ਮੂਵੀਜ਼ ਅਤੇ ਮੈਕ ਗਫਿਨ ਪਿਕਚਰ ਦੇ ਬੈਨਰ ਹੇਠ ਬਣੀ ਹੈ। ਮੇਨ ਰੋਲ ਦਿਲਜੀਤ ਦੋਸਾਂਝ ਦਾ ਹੈ, ਉਸ ਨੇ ਇਸ ਫਿਲਮ ਵਿਚ



**ਭਵਨਦੀਪ ਸਿੰਘ ਪੁਰਬਾ**

ਕੰਮ ਕਰਨ ਲਈ ਕੋਈ ਪੈਸਾ ਨਹੀਂ ਲਿਆ। ਇਹ ਫਿਲਮ ਹਿਊਮਨ ਰਾਈਟਸ ਐਕਟੀਵਿਸਟ ਜਸਵੰਤ ਸਿੰਘ ਖਾਲੜਾ ਜੀ ਦੇ ਜੀਵਨ 'ਤੇ ਆਧਾਰਿਤ ਹੈ। ਫਿਲਮ ਦਾ ਪਹਿਲਾ ਨਾਮ 'ਘੱਲੂ-ਘਾਰਾ' ਰੱਖਿਆ ਗਿਆ। ਫਿਰ 'ਪੰਜਾਬ 95' ਅਤੇ ਹੁਣ 'ਸਤਲੁਜ'। ਸੰਨ 2022 'ਚ ਇਹ ਫਿਲਮ ਛਬਢ ('ਕੇਂਦਰੀ ਫਿਲਮ ਪ੍ਰਮਾਣੀਕਰਨ ਬੋਰਡ') ਕੋਲ ਗਈ, ਜਿਸ ਨੇ ਪਹਿਲਾਂ ਥੀਏਟਰ ਲਈ ਕਰੀਬ 100 ਤੋਂ 127 ਕੱਟ ਅਤੇ ਟਾਈਟਲ ਬਦਲਣ ਲਈ ਕਿਹਾ ਸੀ। ਮੇਕਰਸ ਨੇ ਉਹ ਕੱਟ ਨਹੀਂ ਲਗਾਏ, ਟਾਈਟਲ ਬਦਲ ਦਿੱਤਾ ਸੀ। ਜੇਕਰ ਇੰਨੇ ਕੱਟ ਲਗਾ ਦਿੱਤੇ ਜਾਂਦੇ ਤਾਂ ਫਿਲਮ ਵਿਚ ਕੀ ਰਹਿ ਜਾਣਾ ਸੀ, ਅਸਲੀਅਤ ਤਾਂ ਖ਼ਤਮ ਹੀ ਹੋ ਜਾਣੀ ਸੀ। ਮੇਕਰਸ ਨਹੀਂ ਮੰਨੇ, 4 ਸਾਲ ਤੱਕ ਅਟਕਣ ਤੋਂ ਬਾਅਦ 3 ਜੁਲਾਈ 2026 ਨੂੰ ਇਹ ਫਿਲਮ ਜ਼ੀ-5 'ਤੇ ਉਸੇ ਤਰ੍ਹਾਂ (ਬਿਨਾਂ ਕੱਟਾਂ ਤੋਂ) ਰਿਲੀਜ਼ ਹੋਈ, ਪਰ 48 ਘੰਟੇ ਬਾਅਦ ਹੀ ਹਟਾ ਦਿੱਤੀ ਗਈ। ਇਸ ਸੰਬੰਧੀ ਦਿਲਜੀਤ ਦੋਸਾਂਝ ਨੇ ਕਿਹਾ, 'ਮੈਨੂੰ ਪਹਿਲਾਂ ਹੀ ਪਤਾ ਸੀ ਇਹ ਹੋਵੇਗਾ। ਚਲੋ ਕੋਈ ਗੱਲ ਨਹੀਂ ਇਹ ਫਿਲਮ ਤੁਹਾਡੇ ਕੋਲ ਪਹੁੰਚ ਗਈ, ਇਹ ਹੁਣ ਤੁਹਾਡੀ ਫਿਲਮ ਹੈ।'

**'ਸਤਲੁਜ' ਫਿਲਮ 'ਤੇ ਬੈਨ ਕਿਉਂ ਲੱਗਿਆ?**

ਉਸ ਸਮੇਂ ਪੰਜਾਬ ਵਿਚ ਕਾਂਗਰਸ ਸਰਕਾਰ ਸੀ। ਹੁਣ ਸੈਂਟਰ ਵਿਚ ਬੀ.ਜੇ.ਪੀ. ਸਰਕਾਰ ਹੈ। ਇਹ ਫਿਲਮ ਕਾਂਗਰਸ ਦੇ ਉਲਟ ਜਾਂਦੀ ਹੈ ਫਿਰ ਬੀ.ਜੇ.ਪੀ. ਸਰਕਾਰ ਵੱਲੋਂ 'ਸਤਲੁਜ' ਫਿਲਮ ਬੈਨ ਕਿਉਂ ਕੀਤੀ ਗਈ ਹੈ? ਸ. ਜਸਵੰਤ ਸਿੰਘ ਖਾਲੜਾ ਜੀ ਨੇ ਲੋਕ ਅਧਿਕਾਰਾਂ ਦੀ ਗੱਲ ਕੀਤੀ ਹੈ। ਹਿਊਮਨ ਰਾਈਟਸ ਕਾਨੂੰਨ ਤਹਿਤ ਆਪਣਾ ਕਾਰਜ ਕੀਤਾ ਹੈ, ਉਨ੍ਹਾਂ ਧਰਮ ਦੇ ਭੇਦਭਾਵ ਤੋਂ ਦੂਰ ਸਭ ਨੂੰ ਇਨਸਾਫ ਦਿਵਾਉਣ ਲਈ ਕੰਮ ਕੀਤਾ। ਉਨ੍ਹਾਂ 'ਤੇ ਤਤਕਾਲੀ ਸਰਕਾਰ ਨੇ ਅੰਨ੍ਹਾਂ ਤਸ਼ੱਦਦ ਕੀਤਾ। ਆਪਣੇ ਹੱਕਾਂ, ਆਪਣੀ ਕੌਮ ਲਈ ਲੜਨ ਵਾਲੇ ਇਨਸਾਨ ਦੇ ਜੀਵਨ 'ਤੇ ਜੇਕਰ ਫਿਲਮ ਬਣੀ ਹੈ ਤਾਂ ਇਸ 'ਤੇ ਸਰਕਾਰ ਅਤੇ ਸੈਂਸਰ ਬੋਰਡ ਨੂੰ ਇਤਰਾਜ਼ ਕਿਉਂ? ਜਦੋਂ ਉਸਦੀ ਕਹਾਣੀ ਦਸਤਾਵੇਜ਼ਾਂ ਅਤੇ ਸਬੂਤਾਂ 'ਤੇ ਆਧਾਰਿਤ ਹੈ ਤਾਂ ਫਿਰ ਉਸ ਇਨਸਾਨ ਦੇ ਜੀਵਨ ਨੂੰ ਪਰਦੇ 'ਤੇ ਦਿਖਾਉਣ ਤੋਂ ਰੋਕ ਕਿਉਂ? ਲੋਕ ਕਹਿੰਦੇ ਹਨ ਕਿ ਜੇ ਅਸੀਂ ਆਪਣੇ ਸ਼ਹੀਦਾਂ ਨੂੰ ਯਾਦ ਨਹੀਂ ਕਰ ਸਕਾਂਗੇ, ਆਪਣੇ ਹੱਕਾਂ ਲਈ ਲੜਨ ਵਾਲਿਆਂ ਦੀ ਕਹਾਣੀ ਨਹੀਂ ਦੱਸ ਸਕਾਂਗੇ ਤਾਂ ਅਸੀਂ ਅਗਲੀ ਪੀੜ੍ਹੀ ਨੂੰ ਕੀ ਦੱਸਾਂਗੇ? ਇਸੇ ਲਈ ਅੱਜ ਸਾਰੇ ਪੰਜਾਬ ਦੇ ਲੋਕ, ਚਾਹੇ ਉਹ ਕਿਸੇ ਵੀ ਧਰਮ, ਮਜ਼ਹਬ ਦੇ ਹੋਣ ਉਹ 'ਸਤਲੁਜ ਦਾ ਬੈਨ ਹਟਾਓ' ਦੀ ਮੰਗ ਕਰ ਰਹੇ ਹਨ।

ਸਰਕਾਰ ਨੇ 'ਸਤਲੁਜ' ਫਿਲਮ 'ਤੇ ਬੈਨ ਲਗਾਉਣ ਦਾ ਕਾਰਨ ਦੱਸਿਆ ਕਿ ਫਿਲਮ ਨੂੰ 'ਐਂਟੀ-ਇੰਡੀਆ ਤਾਕਤਾਂ' ਵਰਤ ਸਕਦੀਆਂ ਹਨ। ਇਸ ਨਾਲ 'ਰਾਸ਼ਟਰੀ ਸੁਰੱਖਿਆ ਅਤੇ ਸਦਭਾਵਨਾ' ਨੂੰ ਨੁਕਸਾਨ ਹੋ ਸਕਦਾ ਹੈ। ਇਹ ਫਿਲਮ 1980-90 ਦੇ ਦਹਾਕੇ ਦੌਰਾਨ ਪੰਜਾਬ





'ਚ ਪੁਲਿਸ ਅਤਿਆਚਾਰ, ਗੈਰ-ਕਾਨੂੰਨੀ ਕਤਲਾਂ ਦੀ ਅਸਲ ਤਸਵੀਰ ਪੇਸ਼ ਕਰਦੀ ਹੈ। ਸਰਕਾਰ ਨੂੰ ਡਰ ਸੀ ਕਿ ਇਹ ਖਾਲਿਸਤਾਨ ਭਾਵਨਾ ਜਾਂ ਅਸ਼ਾਂਤੀ ਭੜਕਾ ਸਕਦੀ ਹੈ। ਸਰਕਾਰ ਦਾ ਮੰਨਣਾ ਆ ਕਿ ਇਹ ਮਸਲਾ ਅਜੇ ਵੀ ਬਹੁਤ ਸੰਵੇਦਨਸ਼ੀਲ ਹੈ ਅਤੇ 2027 ਦੀਆਂ ਪੰਜਾਬ ਚੋਣਾਂ ਤੋਂ ਪਹਿਲਾਂ ਪੁਰਾਣੇ ਜ਼ਖ਼ਮ ਖੁਰੇਦ ਸਕਦਾ ਹੈ। ਇਹ ਵਿਵਾਦ ਹੁਣ ਸਿਰਫ਼ ਫਿਲਮ ਦਾ ਨਹੀਂ ਰਿਹਾ, ਪੂਰੇ ਪੰਜਾਬ ਦੀ ਭਾਵਨਾ ਨਾਲ ਜੁੜ ਗਿਆ ਹੈ। ਸਰਕਾਰਾਂ ਚਾਹੇ ਕੋਈ ਵੀ ਹੋਣ ਉਹ ਨਹੀਂ ਚਾਹੁੰਦੀਆਂ ਹੁੰਦੀਆਂ ਕਿ ਪੁਲਿਸ ਕਾਰਵਾਈਆਂ 'ਤੇ ਸਵਾਲ ਉੱਠਣ ਕਿਉਂਕਿ ਇਸ ਨਾਲ ਰਾਜ ਦੀਆਂ ਸੰਸਥਾਵਾਂ 'ਤੇ ਸਵਾਲ ਖੜ੍ਹੇ ਹੁੰਦੇ ਹਨ। ਇਸ ਲਈ ਆਲੋਚਕ ਕਹਿੰਦੇ ਨੇ ਕਿ ਇਹ ਬੈਨ ਕਿਸੇ ਪਾਰਟੀ ਦੇ ਖ਼ਿਲਾਫ ਨਹੀਂ, ਸਗੋਂ ਇਤਿਹਾਸ ਨੂੰ ਦਬਾਉਣ ਦੀ ਕੋਸ਼ਿਸ਼ ਹੁੰਦੀ ਹੈ। ਇਸੇ ਰੀਐਕਸ਼ਨ ਕਾਰਨ ਅੱਜ ਪੰਜਾਬ ਦੇ ਲੋਕ ਇੱਕ ਮੰਚ 'ਤੇ ਆ ਗਏ ਹਨ। ਇਸੇ ਕਰਕੇ ਬਹੁਤ ਸਾਰੇ ਹਿੰਦੂ ਵੀਰ-ਭੈਣਾਂ ਵੀ ਇਸ ਬੈਨ ਦੀ ਨਿਖੇਧੀ ਕਰ ਰਹੇ ਨੇ ਕਿਉਂਕਿ ਉਹ ਇਸ ਨੂੰ ਸੱਚ ਦਬਾਉਣ ਵਜੋਂ ਦੇਖ ਰਹੇ ਹਨ।

**ਸਰਕਾਰ ਨੂੰ ਇਹ ਵੀ ਡਰ ਹੈ**

ਸ਼ਾਇਦ ਸਰਕਾਰ ਨੂੰ ਇਹ ਵੀ ਡਰ ਹੈ ਕਿ ਜੇ ਇਹ ਇਤਿਹਾਸ ਖੁੱਲ੍ਹੇਆਮ ਸਾਹਮਣੇ ਆਇਆ ਤਾਂ ਨੌਜਵਾਨ ਪੀੜ੍ਹੀ ਅਤੇ ਸਿਸਟਮ ਵਿਚਕਾਰ ਦੂਰੀ ਵਧ ਜਾਵੇਗੀ। ਪਰ ਇਸ ਦਾ ਹੱਲ 'ਸਤਲੁਜ' ਵਰਗੀਆਂ ਫਿਲਮਾਂ ਬੈਨ ਕਰਨਾ ਨਹੀਂ ਹੈ। ਫਿਲਮ ਬੈਨ ਕਰਨ ਨਾਲ ਨਫਰਤ ਖ਼ਤਮ ਨਹੀਂ ਹੁੰਦੀ। ਉਹ ਅੰਦਰ ਹੀ ਅੰਦਰ ਪਲਦੀ ਹੈ। ਖਾਲੜਾ ਸਾਹਿਬ ਨੇ ਨਫਰਤ ਨਹੀਂ, ਕਾਨੂੰਨ ਦਾ ਰਾਹ ਚੁਣਿਆ ਸੀ। ਉਨ੍ਹਾਂ ਕੋਲ ਬੰਦੂਕ ਨਹੀਂ ਸੀ, ਕਾਗਜ਼ ਸਨ। ਇਹ ਬਿਲਕੁਲ ਸੱਚ ਹੈ ਕਿ ਉਸ ਸਮੇਂ ਪੰਜਾਬ 'ਚ ਹਾਲਾਤ ਬਹੁਤ ਖ਼ਰਾਬ ਸਨ। ਕਾਨੂੰਨ ਅਤੇ ਅੱਤ ਦੋਵੇਂ ਇਕੱਠੇ ਚੱਲ ਰਹੇ ਸਨ। ਜਦੋਂ ਕੋਈ ਸਿਸਟਮ ਦੇ ਖ਼ਿਲਾਫ ਉਂਗਲ ਚੁੱਕਦਾ ਹੈ ਤਾਂ ਸਿਸਟਮ ਦੇ ਲੋਕਾਂ ਨੂੰ ਉਹ ਖਟਕਦਾ ਹੈ। ਇਸੇ ਕਰਕੇ ਖਾਲੜਾ ਸਾਹਿਬ ਨੂੰ 1995 'ਚ ਅਗਵਾ ਕਰ ਲਿਆ ਗਿਆ। ਉਨ੍ਹਾਂ ਸਾਨੂੰ ਇਹ ਸਿਖਾਇਆ ਕਿ ਜ਼ੁਲਮ ਦੇ ਖ਼ਿਲਾਫ ਹਥਿਆਰ ਨਹੀਂ, ਕਲਮ ਚੁੱਕਣੀ ਹੈ, ਕਾਨੂੰਨ ਅਨੁਸਾਰ। ਹੁਣ ਅਸੀਂ ਵੀ ਕਾਨੂੰਨ ਵਿਚ ਰਹਿ ਕੇ ਆਪਣੇ ਅਧਿਕਾਰਾਂ ਰਾਹੀਂ, ਵੋਟਾਂ ਰਾਹੀਂ ਗਲਤ ਸਰਕਾਰਾਂ ਦਾ ਵਿਰੋਧ ਕਰ ਸਕਦੇ ਹਾਂ।

**ਸਰਦਾਰ ਜਸਵੰਤ ਸਿੰਘ ਖਾਲੜਾ ਜੀ ਕੌਣ ਸਨ?**

ਸ. ਜਸਵੰਤ ਸਿੰਘ ਖਾਲੜਾ ਜੀ ਵਕੀਲ ਸਨ, ਹਿਊਮਨ ਰਾਈਟਸ ਐਕਟੀਵਿਸਟ ਸਨ। ਸੰਨ 1990 ਦੇ ਦਹਾਕੇ 'ਚ ਉਨ੍ਹਾਂ ਨੇ ਸਰਕਾਰੀ ਰਿਕਾਰਡਾਂ 'ਚੋਂ 25,000 ਤੋਂ ਵੱਧ ਲਾਸ਼ਾਂ ਦਾ ਡਾਟਾ ਕੱਢਿਆ, ਜਿਨ੍ਹਾਂ ਦਾ ਅੰਤਿਮ ਸੰਸਕਾਰ ਅਣਪਛਾਤੇ ਕਹਿ ਕੇ ਕਰ ਦਿੱਤਾ ਗਿਆ ਸੀ। ਉਨ੍ਹਾਂ ਨੇ ਕੋਈ ਹਥਿਆਰ ਨਹੀਂ ਚੁੱਕਿਆ, ਕੋਈ ਨਫਰਤ ਨਹੀਂ ਫੈਲਾਈ। ਉਨ੍ਹਾਂ ਨੇ ਸਿਰਫ਼ ਕਾਨੂੰਨ ਅਤੇ ਸੰਵਿਧਾਨ ਦੇ ਰਾਹ 'ਤੇ ਚੱਲ ਕੇ ਸੱਚ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਪਰ ਸਮੇਂ ਦੀ ਸਰਕਾਰ, ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਤੇ ਪੁਲਿਸ ਮੁਖੀ ਕੇ.ਪੀ.ਐਸ ਗਿੱਲ ਨੇ ਉਨ੍ਹਾਂ ਨੂੰ 1995 'ਚ ਅਗਵਾ ਕਰਵਾ ਕੇ ਸ਼ਹੀਦ ਕਰ ਦਿੱਤਾ। ਸੱਚ ਬੋਲਣ ਵਾਲੇ ਇਨਸਾਨ ਨੂੰ ਹਮੇਸ਼ਾ ਤਸੀਹੇ ਝੱਲਣੇ ਪੈਂਦੇ ਹਨ। ਪਰ ਸੱਚ ਦੇ ਰਾਹ 'ਤੇ ਤੁਰਨਾ ਸਾਡਾ ਧਰਮ ਹੈ। ਜੋ ਸੱਚ ਦੇ ਰਸਤੇ 'ਤੇ ਚੱਲਦਾ ਹੈ ਉਸ ਨੂੰ ਦੁਨੀਆਂ ਯਾਦ ਕਰਦੀ ਹੈ ਤੇ ਜ਼ਾਲਮਾਂ ਨੂੰ ਹਮੇਸ਼ਾ ਲਾਹਨਤਾਂ ਹੀ ਪੈਂਦੀਆਂ ਹਨ।

**ਸੱਚ ਕਦੇ ਲੁਕਦਾ ਨਹੀਂ**

ਸੱਚ ਇਹ ਹੈ ਕਿ ਜਿਸ ਕਹਾਣੀ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਉਹ ਕਹਾਣੀ ਹੋਰ ਜ਼ੋਰ ਨਾਲ ਸਾਹਮਣੇ ਆਉਂਦੀ ਹੈ। ਵੈਸੇ ਹੁਣ ਤਾਂ ਸਾਰੇ ਪੰਜਾਬ ਕੋਲ 'ਸਤਲੁਜ' ਫਿਲਮ ਪਹੁੰਚ ਗਈ ਹੈ। ਇਸ ਫਿਲਮ ਦੇ ਨਿਰਮਾਤਾ ਹਨੀ ਤ੍ਰੇਹਨ ਨੂੰ ਚਾਹੇ ਇਸ ਦਾ ਆਰਥਿਕ ਤੌਰ 'ਤੇ ਨੁਕਸਾਨ ਹੋਇਆ ਹੈ ਪਰ ਇਸ ਇਤਿਹਾਸਕ ਦਸਤਾਵੇਜ਼ ਨੇ ਉਸ ਨੂੰ ਅਤੇ ਦਿਲਜੀਤ ਦੋਸਾਂਝ ਨੂੰ ਸਾਰੇ ਪੰਜਾਬੀਆਂ ਦੇ ਦਿਲਾਂ ਵਿਚ ਵਸਾ ਦਿੱਤਾ ਹੈ। ਜਦੋਂ ਸਰਕਾਰ ਕਿਸੇ ਫਿਲਮ ਨੂੰ ਬੈਨ ਕਰਦੀ ਆ, ਤਾਂ ਉਹੀ ਫਿਲਮ ਹਰ ਘਰ 'ਚ ਪਹੁੰਚ ਜਾਂਦੀ ਆ। ਲੱਖਾਂ ਲੋਕਾਂ ਨੇ 'ਸਤਲੁਜ' ਫਿਲਮ ਡਾਊਨਲੋਡ ਕਰ ਲਈ, ਗੁਰਦੁਆਰਿਆਂ ਅਤੇ ਸਾਂਝੀਆਂ ਥਾਵਾਂ 'ਤੇ ਪ੍ਰੋਜੈਕਟਰ ਲਾ ਕੇ 'ਸਤਲੁਜ' ਫਿਲਮ ਦਿਖਾਈ ਜਾ ਰਹੀ ਹੈ। ਹੁਣ ਤਾਂ ਪੰਜਾਬ ਦੇ ਖੇਤਾਂ ਵਿਚ ਵੀ 'ਸਤਲੁਜ' ਫਿਲਮ ਰਿਲੀਜ਼ ਹੋ ਗਈ ਹੈ। 'ਸੱਚ ਦਬਾਉਣ ਨਾਲ ਮਰਦਾ ਨਹੀਂ, ਹੋਰ ਉੱਚਾ ਹੁੰਦਾ ਹੈ'।

# ਮੂਰਖ਼ ਬੰਦੇ ਕੋਲੋਂ ਸਿਆਣਪ ਦੀ ਆਸ ਅਸਲ ਵਿਚ ਮੂਰਖ਼ਤਾ ਹੀ ਹੁੰਦੀ ਹੈ...

ਗੱਲ 1998 ਦੀ ਹੈ ਜਦੋਂ ਮੈਂ ਬਾਰ੍ਹਵੀਂ ਜਮਾਤ ਦੇ ਪੇਪਰ ਦੇ ਕੇ ਸ਼ਾਹਬਾਦ-ਮਾਰਕੰਡਾ ਗੁਰਮਤਿ ਵਿੱਦਿਆਲਿਆ 'ਚ ਗੁਰਬਾਣੀ-ਕੀਰਤਨ ਸਿੱਖਣ ਲਈ ਦਾਖ਼ਲਾ ਲੈ ਲਿਆ। ਸਾਡੇ ਅਧਿਆਪਕ ਗਿਆਨੀ ਸਾਹਿਬ ਸਿੰਘ ਜੀ ਹੁੰਦੇ ਸਨ। ਮੈਂ ਪੜ੍ਹਣ-ਲਿਖਣ ਵਿਚ ਰਤਾ ਹੁਸ਼ਿਆਰ ਸਾਂ ਇਸ ਲਈ ਛੇਤੀ ਹੀ ਗੁਰਬਾਣੀ ਦੀ ਵਿਆਕਰਣ ਨੂੰ ਸਮਝਣ ਲੱਗ ਪਿਆ। ਗਿਆਨੀ ਜੀ ਗੁਰਮਤਿ ਦੀ ਕਥਾ-ਵਿਚਾਰ ਕਰਨ ਲਈ ਦੂਰ-ਦੁਰਾਡੇ ਪਿੰਡਾਂ-ਸ਼ਹਿਰਾਂ ਵਿਚ ਜਾਂਦੇ ਹੁੰਦੇ ਸਨ। ਉਹ ਹਫ਼ਤੇ 'ਚ ਦੋ ਜਾਂ ਤਿੰਨ ਦਿਨ ਹੀ ਸ਼ਾਹਬਾਦ-ਮਾਰਕੰਡਾ ਵਿਖੇ ਹੁੰਦੇ ਸਨ। ਇਨ੍ਹਾਂ ਦਿਨਾਂ ਵਿਚ ਹੀ ਉਹ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਸੰਥਿਆ ਦਿੰਦੇ। ਉਹ ਬਹੁਤ ਹੀ




**ਡਾ. ਨਿਸ਼ਾਨ ਸਿੰਘ ਰਾਠੌਰ**
**ਫੋਨ: 90414-98009**


ਵਿਸਥਾਰ ਨਾਲ ਗੁਰਬਾਣੀ ਦੇ ਅਰਥਾਂ ਬਾਰੇ ਦੱਸਦੇ ਅਤੇ ਸਬਕ ਦੇ ਤੌਰ 'ਤੇ ਸਾਨੂੰ ਉਹੀ ਪਾਠ ਦੁਬਾਰਾ ਪੜ੍ਹਨ ਲਈ ਆਖਦੇ।

ਇਸ ਗੁਰਮਤਿ ਵਿੱਦਿਆਲਿਆ ਵਿਚ ਉਸ ਵਕਤ ਅਸੀਂ ਤਕਰੀਬਨ 30-35 ਵਿਦਿਆਰਥੀ ਸਾਂ। ਵਿੱਦਿਆਲਿਆ ਵਿਚ ਗੁਰਬਾਣੀ-ਕੀਰਤਨ ਸਿੱਖਣ ਵਾਲੇ ਵਿਦਿਆਰਥੀਆਂ ਦੀ ਉਮਰ 'ਚ ਕਾਫ਼ੀ ਫ਼ਰਕ ਸੀ। ਕੋਈ 18 ਸਾਲਾਂ ਦਾ ਨੌਜਵਾਨ ਅਤੇ ਕੋਈ 40 ਸਾਲਾਂ ਦਾ ਗ੍ਰਹਿਸਥੀ। ਸਭ ਦਾ ਮੂਲ ਟੀਚਾ ਧਾਰਮਿਕ ਖੇਤਰ ਵਿਚ ਸਾਰਥਕ ਭੂਮਿਕਾ ਅਦਾ ਕਰਨਾ ਸੀ। ਇੱਕ ਸਾਲ ਗੁਰਮਤਿ ਸੰਥਿਆ ਲੈਣ ਤੋਂ ਉਪਰੰਤ ਮੈਂ ਵਾਪਸ ਘਰ ਆ ਗਿਆ ਅਤੇ ਸਰਕਾਰੀ ਕਾਲਜ, ਅੰਬਾਲਾ ਛਾਉਣੀ ਵਿਖੇ ਬੀ. ਏ. ਕਰਨ ਲੱਗਿਆ।

ਗਿਆਨੀ ਸਾਹਿਬ ਸਿੰਘ ਜੀ ਕੋਲ ਇੱਕ ਸਾਲ ਗੁਰਮਤਿ ਵਿੱਦਿਆ ਪੜ੍ਹਦਿਆਂ ਬਹੁਤ ਸਾਰੇ ਨਵੇਂ ਅਨੁਭਵ ਪ੍ਰਾਪਤ ਹੋਏ। ਮੇਰੀ ਲਗਨ ਅਤੇ ਪੜ੍ਹਾਈ ਵਿਚ ਦਿਲਚਸਪੀ ਦੇਖ ਕੇ ਗਿਆਨੀ ਜੀ ਮੇਰੇ ਨਾਲ ਅਕਸਰ ਹੀ ਗੱਲ ਕਰਦੇ ਅਤੇ ਆਪਣੇ ਜੀਵਨ ਦੇ ਖੱਟੇ-ਮਿੱਠੇ ਅਨੁਭਵਾਂ ਬਾਰੇ ਜਾਣਕਾਰੀ ਦਿੰਦੇ। ਗਿਆਨੀ ਜੀ ਦੀਆਂ ਦੱਸੀਆਂ ਗੱਲਾਂ ਵਿਚੋਂ ਇੱਕ ਬਹੁਤ ਹੀ ਵਧੀਆ ਅਤੇ ਦਿਲਚਸਪ ਘਟਨਾ ਇੰਝ ਹੈ।

ਗਿਆਨੀ ਜੀ ਮੁਤਾਬਿਕ, ਇੱਕ ਵਾਰ ਉਹ ਸਰਕਾਰੀ ਬੱਸ ਵਿਚ ਯਾਤਰਾ ਕਰ ਰਹੇ ਸਨ। ਹਰਿਆਣਾ ਰੋਡਵੇਜ਼ ਦੀ ਇਹ ਬੱਸ ਸ਼ਾਹਬਾਦ-ਮਾਰਕੰਡਾ ਤੋਂ ਬਰਾੜੇ (ਅੰਬਾਲੇ) ਵੱਲ ਨੂੰ ਜਾ ਰਹੀ ਸੀ। ਦਸੰਬਰ ਦਾ ਮਹੀਨਾ ਹੋਣ ਕਰਕੇ ਠੰਢ ਅਤੇ ਧੁੰਦ ਦਾ ਮੌਸਮ ਸੀ। ਪਿੰਡਾਂ ਦਾ ਇਲਾਕਾ ਹੋਣ ਕਰਕੇ ਬੱਸ ਵਿਚ ਸਵਾਰ ਕੁਝ ਲੋਕਾਂ ਨੇ ਲੋਈਆਂ ਤੇ ਖੇਸਾਂ ਦੀਆਂ ਬੁੱਕਲਾਂ ਮਾਰੀਆਂ ਹੋਈਆਂ ਸਨ। ਗਿਆਨੀ ਜੀ ਆਪਣੀ ਸੀਟ ਦੇ ਬੈਠੇ 'ਚੌਪਈ ਸਾਹਿਬ' ਦਾ ਪਾਠ ਕਰ ਰਹੇ ਸਨ। ਬੱਸ ਵਿਚ ਬਹੁਤ ਸਾਰੀਆਂ ਸਵਾਰੀਆਂ ਗਿਆਨੀ ਜੀ ਨੂੰ ਪਹਿਲਾਂ ਹੀ ਜਾਣਦੀਆਂ ਸਨ। ਅਸਲ ਵਿਚ ਹਰਿਆਣੇ ਦੇ ਬਹੁਤੇ ਸਿੱਖ ਅਤੇ ਪੰਜਾਬੀ ਲੋਕ ਉਨ੍ਹਾਂ ਨੂੰ ਇਸ ਕਰਕੇ ਜਾਣਦੇ ਹਨ ਕਿਉਂਕਿ ਉਹ ਕਥਾ-ਵਿਚਾਰ ਕਰਨ ਲਈ ਨੇੜੇ-ਤੇੜੇ ਦੇ ਪਿੰਡਾਂ ਵਿਚ ਅਕਸਰ ਹੀ ਜਾਂਦੇ ਸਨ।

ਇੱਕ ਪਿੰਡ ਦੇ ਅੱਡੇ 'ਤੋਂ ਇੱਕ ਚਾਲੀ-ਪੰਤਾਲੀ ਕੁ ਸਾਲਾਂ ਦਾ ਬੰਦਾ ਬੱਸ ਵਿਚ ਚੜ੍ਹਿਆ। ਕੰਬਲ ਦੀ ਬੁੱਕਲ ਮਾਰੀ ਉਸ ਬੰਦੇ ਨੇ ਮੂੰਹ ਵਿਚ ਬੀੜੀ ਲਾਈ ਹੋਈ ਸੀ। ਹਾਲਾਂਕਿ ਬੱਸਾਂ ਵਿਚ ਬੀੜੀ-ਸਿਗਰੇਟ ਪੀਣਾ ਮਨ੍ਹਾ ਹੁੰਦਾ ਹੈ ਪਰ ਬਹੁਤਾ ਗਿਆਨ ਨਾ ਹੋਣ ਕਰਕੇ ਹਰਿਆਣੇ ਦੇ ਪੇਂਡੂ ਇਲਾਕਿਆਂ ਵਿਚ ਕਈ ਵਾਰ ਲੋਕ ਇਨ੍ਹਾਂ ਨਿਯਮਾਂ ਦੀ ਪਾਲਣਾ ਨਹੀਂ ਕਰਦੇ ਅਤੇ ਬਹੁਤੀ ਵਾਰ ਉਨ੍ਹਾਂ ਨੇ ਇਸ ਗੱਲ ਦਾ ਗਿਆਨ ਵੀ ਨਹੀਂ ਹੁੰਦਾ। ਹਾਂ, ਕਦੇ-ਕਦੇ ਕੁਝ ਸ਼ਰਾਰਤੀ ਬੰਦੇ ਜਾਣ-ਬੁੱਝ ਕੇ ਵੀ ਸ਼ਰਾਰਤ ਕਰਦੇ ਹਨ ਤਾਂ ਕਿ ਲੜਾਈ-ਝਗੜੇ ਵਾਲਾ ਮਾਹੌਲ ਬਣ ਜਾਵੇ ਅਤੇ ਭਾਈਚਾਰਕ ਸਾਂਝ ਨੂੰ ਨੁਕਸਾਨ ਪਹੁੰਚਾਇਆ ਜਾ ਸਕੇ। ਖ਼ੈਰ!

ਉਹ ਬੰਦਾ ਜਿਵੇਂ ਹੀ ਬੱਸ ਵਿਚ ਚੜ੍ਹਿਆ ਤਾਂ ਬੱਸ ਵਿਚ ਅਜੀਬ ਮੁਸ਼ਕ ਫੈਲ ਗਈ। ਬੱਸ ਵਿਚ ਬੈਠੀਆਂ ਬਹੁਤੀਆਂ ਸਵਾਰੀਆਂ ਨੂੰ ਇਸ ਗੱਲ ਦਾ ਕੋਈ ਬਹੁਤਾ ਫ਼ਰਕ ਨਾ ਪਿਆ। ਪਰ ਗਿਆਨੀ ਜੀ ਨੂੰ ਬਹੁਤ ਬੁਰਾ ਲੱਗਿਆ ਅਤੇ ਉਹ ਅਸਹਿਜ ਹੋ ਗਏ। ਪਾਠ ਕਰਦਿਆਂ ਉਨ੍ਹਾਂ ਦਾ ਧਿਆਨ ਭਟਕ ਗਿਆ।

ਇੰਨੀ ਦੇਰ ਨੂੰ ਉਹ ਸਖ਼ਸ਼ ਹੱਥ ਵਿਚ ਬੀੜੀ ਫੜ ਕੇ ਗਿਆਨੀ ਜੀ ਦੇ ਨਾਲ ਵਾਲੀ ਸੀਟ 'ਤੇ ਆ ਕੇ ਬਹਿ ਗਿਆ ਅਤੇ ਫੇਰ ਬੀੜੀ ਪੀਣ ਲੱਗਿਆ। ਕੁਝ ਚਿਰ ਉਡੀਕ ਤੋਂ ਬਾਅਦ ਗਿਆਨੀ ਜੀ ਨੇ ਉਸ ਬੰਦੇ ਨੂੰ ਮੁਖ਼ਾਤਿਬ ਹੁੰਦਿਆਂ ਕਿਹਾ, 'ਕਾਕਾ, ਬੀੜੀ ਪੀਣੀ ਬੰਦ ਕਰ।'

ਉਹ ਅੱਗਿਓਂ ਵੇਰ੍ਹ ਕੇ ਕਹਿੰਦਾ, 'ਮੈਂ ਪੈਸੇ ਖ਼ਰਚੇ ਨੇ, ਮੈਂ ਨਹੀਂ ਕਰਦਾ।'

ਗਿਆਨੀ ਜੀ ਕਹਿੰਦੇ, 'ਤੈਨੂੰ ਪਤਾ ਨਹੀਂ ਹੈ ਕਿ ਬੱਸਾਂ ਵਿਚ ਬੀੜੀ-ਸਿਗਰੇਟ ਪੀਣੀ ਮਨ੍ਹਾ ਹੈ?'

ਉਹ ਫੇਰ ਵੀ ਨਾ ਮੰਨਿਆ ਅਤੇ ਤੈਸ਼ ਵਿਚ ਆ ਕੇ ਗਿਆਨੀ ਜੀ ਨੂੰ ਮੰਦਾ-ਚੰਗਾ ਬੋਲ ਪਿਆ। ਗਿਆਨੀ ਜੀ ਨੂੰ ਵੀ ਗੁੱਸਾ ਆ ਗਿਆ। ਜਦੋਂ ਉਸ ਬੰਦੇ ਨੇ ਗਿਆਨੀ ਜੀ ਨੂੰ ਮੰਦਾ-ਚੰਗਾ ਬੋਲਿਆ ਤਾਂ ਗਿਆਨੀ ਜੀ ਨੇ ਵੀ ਉਸ ਨੂੰ ਗਾਲ੍ਹ ਕੱਢ ਦਿੱਤੀ।

ਗਿਆਨੀ ਜੀ ਦੇ ਮੂੰਹੋਂ ਗਾਲ੍ਹ ਸੁਣਦਿਆਂ ਹੀ ਅਚਾਨਕ ਨਰਮ ਪੈ ਗਿਆ। ਬੀੜੀ ਨੂੰ ਬੱਸ ਦੀ ਤਾਕੀ ਵਿਚੋਂ ਬਾਹਰ ਸੁੱਟ ਕੇ ਉਹਨੇ ਗਿਆਨੀ ਜੀ ਦੇ ਪੈਰ ਫੜ ਲਏ ਤੇ ਕਹਿੰਦਾ, 'ਗਿਆਨੀ ਜੀ, ਮੈਂ ਤਾਂ ਮੂਰਖ ਹਾਂ, ਅਨਪੜ੍ਹ ਹਾਂ। ਮੈਂ ਕੋਈ ਗਿਆਨੀ ਵਿਅਕਤੀ ਨਹੀਂ ਪਰ ਤੁਸੀਂ ਇੰਨੇ ਗਿਆਨਵਾਨ ਹੋ, ਸਿਆਣੇ ਹੋ। ਤੁਸੀਂ ਮੈਨੂੰ ਗਾਲ੍ਹ ਕਿਉਂ ਕੱਢੀ?

ਗਿਆਨੀ ਜੀ ਨੂੰ ਉਸ ਤੋਂ ਚੰਗੇ ਵਰਤਾਓ ਦੀ ਆਸ ਉੱਕਾ ਹੀ ਨਹੀਂ ਸੀ। ਗਿਆਨੀ ਜੀ ਵੀ ਨਰਮ ਪੈ ਗਏ ਅਤੇ ਉਨ੍ਹਾਂ ਨੂੰ ਕੋਈ ਜੁਆਬ ਨਾ ਅਹੁੜੇ। ਇਸ ਲਈ ਉਹ ਚੁੱਪ ਧਾਰ ਗਏ। ਉਹ ਫਿਰ ਬੋਲਿਆ, 'ਗਿਆਨੀ ਜੀ, ਮੂਰਖ ਬੰਦਾ ਗਲਤੀ ਕਰੇ ਤਾਂ ਕੁਝ ਹੱਦ ਤੱਕ ਸਵੀਕਾਰ ਕੀਤੀ ਜਾ ਸਕਦੀ ਹੈ ਪਰ ਗਿਆਨੀ ਬੰਦਾ ਗਲਤੀ ਕਰੇ ਤਾਂ ਉਸ ਨੂੰ ਤਾਂ ਮੁੱਢੋਂ ਹੀ ਸਵੀਕਾਰ ਨਹੀਂ ਕੀਤਾ ਜਾ ਸਕਦਾ।'

ਗਿਆਨੀ ਜੀ ਨੇ ਉਸਦੀ ਗੱਲ ਸੁਣ ਕੇ 'ਹਾਂ' ਵਿਚ ਸਿਰ ਹਿਲਾਇਆ। ਪਰ ਉਹ ਕਿੱਥੇ ਮੰਨੇ? ਉਹ ਫੇਰ ਕਹਿੰਦਾ, 'ਗਿਆਨੀ ਜੀ, ਜੁਆਬ ਦਿਓ। ਮੈਂ ਤਾਂ ਮੂਰਖ ਹਾਂ ਪਰ ਤੁਸੀਂ ਗਿਆਨੀ ਹੋ ਕੇ ਵੀ ਮੈਨੂੰ ਗਾਲ੍ਹ ਕਿਉਂ ਕੱਢੀ? ਤੁਸੀਂ ਪਿਆਰ ਨਾਲ ਵੀ ਸਮਝਾ ਸਕਦੇ ਸੀ। ਹੁਣ ਤੁਹਾਡੇ ਗਿਆਨ ਅਤੇ ਮੇਰੇ ਅਗਿਆਨ ਵਿਚ ਕੀ ਫ਼ਰਕ ਰਹਿ ਗਿਆ?'

ਗਿਆਨੀ ਜੀ ਕਹਿੰਦੇ, 'ਬੇਟਾ, ਮੇਰੇ ਤੋਂ ਗਲਤੀ ਹੋ ਗਈ। ਮੈਨੂੰ ਮੁਆਫ਼ ਕਰੋ।'

ਉਹ ਕਹਿੰਦਾ, 'ਮੈਂ ਕੌਣ ਹੁੰਦਾ ਹਾਂ ਮੁਆਫ਼ ਕਰਨ ਵਾਲਾ। ਤੁਸੀਂ ਗਿਆਨਵਾਨ ਹੋ ਕੇ ਗਲਤੀ ਕਰ ਸਕਦੇ ਹੋ ਅਤੇ ਮੈਂ ਮੂਰਖ ਹੋ ਕੇ ਕਿਉਂ ਨਹੀਂ ਕਰ ਸਕਦਾ?'

ਖ਼ੈਰ, ਮੈਂ ਉਸ ਬੰਦੇ ਤੋਂ ਮੁਆਫ਼ੀ ਮੰਗ ਕੇ ਆਪਣੀ ਗਲਤੀ ਦਾ ਪਛਤਾਵਾ ਕੀਤਾ। ਇਸ ਤੋਂ ਬਾਅਦ ਤਾ-ਉਮਰ ਮੈਂ ਆਪਣੀ ਹੱਦ-ਬੰਦੀ ਕਦੇ ਪਾਰ ਨਹੀਂ ਕੀਤੀ। ਹਾਂ, ਕਈ ਵਾਰ ਕੁਝ ਬੰਦੇ ਪਿਆਰ ਦੀ ਬੋਲੀ ਨਹੀਂ ਸਮਝਦੇ ਫੇਰ ਉਨ੍ਹਾਂ ਨੂੰ ਗੁੱਸੇ ਨਾਲ ਵੀ ਸਮਝਾਉਣਾ ਪੈਂਦਾ ਹੈ ਪਰ ਬੰਦੇ ਦੀ ਜ਼ਿੰਦਗੀ ਦਾ ਪਹਿਲਾ ਸਬਕ ਇਹ ਹੁੰਦਾ ਹੈ ਕਿ ਸਾਹਮਣੇ ਵਾਲੇ ਬੰਦੇ ਨਾਲ ਪਿਆਰ ਨਾਲ ਗੱਲ ਕੀਤੀ ਜਾਵੇ। ਦੂਜੀ ਗੱਲ, ਗੁੱਸੇ ਵਿਚ ਵੀ ਆਪਣੀ ਮਰਿਆਦਾ ਦੀ ਉਲੰਘਣਾ ਕਰਨਾ ਸਿਆਣੇ ਬੰਦੇ ਨੂੰ ਕਦੇ ਸ਼ੋਭਾ ਨਹੀਂ ਦਿੰਦਾ।

ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਬਰਦਾਸ਼ਤ ਕਰਨ ਦੀ ਇੱਕ ਹੱਦ ਹੁੰਦੀ ਹੈ ਉਸੇ ਤਰ੍ਹਾਂ ਕ੍ਰੋਧ ਕਰਨ ਦੀ ਵੀ ਇੱਕ ਸੀਮਾ ਹੁੰਦੀ ਹੈ। ਦਾਇਰੇ ਤੋਂ ਪਾਰ ਕੀਤਾ ਗਿਆ ਕ੍ਰੋਧ ਵੀ ਅਕਸਰ ਨੁਕਸਾਨਦਾਇਕ ਹੀ ਸਾਬਿਤ ਹੁੰਦਾ ਹੈ। ਸਿਆਣੇ ਬੰਦੇ ਨੂੰ ਕ੍ਰੋਧ ਦੀ ਅਵਸਥਾ ਵਿਚ ਵੀ ਚੇਤੰਨ ਰਹਿਣਾ ਚਾਹੀਦਾ ਹੈ।

***

ਸੋ ਦੋਸਤੋ, ਇਹ ਗੱਲ ਅੱਜ ਦੇ ਪ੍ਰਸੰਗ ਵਿਚ ਵੀ 100 ਫ਼ੀਸਦੀ ਢੁੱਕਦੀ ਹੈ। ਅਸੀਂ ਹਰ ਬੰਦੇ ਕੋਲੋਂ ਉਸੇ ਵਰਤਾਓ ਦੀ ਆਸ ਰੱਖਦੇ ਹਾਂ ਜਿਹੜਾ ਕਿ ਸਾਡੇ ਆਪਣੇ ਜ਼ਿਹਨ ਵਿਚ ਹੁੰਦਾ ਹੈ। ਪਰ ਸਾਡੀ ਲਿਆਕਤ, ਸਿੱਖਿਆ ਅਤੇ ਪਾਲਣ-ਪੋਸ਼ਣ ਸਾਡੀ ਬੋਲੀ, ਵਰਤਾਓ ਅਤੇ ਪਹਿਰਾਵੇ ਨੂੰ ਪ੍ਰਭਾਵਿਤ ਕਰਦਾ ਹੈ।

ਕਿਸੇ ਮੂਰਖ ਬੰਦੇ ਕੋਲੋਂ ਸਿਆਣਪ ਦੀ ਆਸ ਨਿਰੀ ਮੂਰਖ਼ਤਾ ਹੀ ਕਹੀ ਜਾ ਸਕਦੀ ਹੈ ਅਤੇ ਕਿਸੇ ਸਿਆਣੇ ਬੰਦੇ ਤੋਂ ਮੂਰਖ਼ਤਾ ਦੀ ਗੱਲ ਮੁੱਢੋਂ ਹੀ ਪ੍ਰਵਾਨ ਨਹੀਂ ਕੀਤੀ ਜਾ ਸਕਦੀ। ਇਸ ਲਈ ਜੇਕਰ ਸਾਹਮਣੇ ਵਾਲਾ ਸਖ਼ਸ਼ ਕੁਝ ਮੰਦਾ-ਚੰਗਾ ਬੋਲ ਰਿਹਾ ਹੈ ਤਾਂ ਇਸ ਗੱਲ ਦਾ ਅੰਦਾਜ਼ਾ ਲਾਓ ਕਿ ਉਹ ਕਿਸ ਸਮਾਜ ਦਾ ਹਿੱਸਾ ਹੋ ਸਕਦਾ ਹੈ। ਉਸਦੀ ਸਿੱਖਿਆ ਕਿੰਝ ਦੀ ਹੋਈ ਹੋਵੇਗੀ। ਉਸਦਾ ਮਾਨਸਿਕ ਪੱਧਰ ਕਿਸ ਲੈਵਲ ਦਾ ਹੋਵੇਗਾ ਅਤੇ ਉਸਨੂੰ ਮਾਂ-ਬਾਪ ਕੋਲੋਂ ਕਿੰਝ ਦੇ ਸੰਸਕਾਰ ਮਿਲੇ ਹੋਣਗੇ।

ਮੂਰਖ ਬੰਦੇ ਕੋਲੋਂ ਸਿਆਣਪ ਦੀ ਆਸ ਅਸਲ ਵਿਚ ਮੂਰਖਤਾ ਹੀ ਹੁੰਦੀ ਹੈ, ਹੋਰ ਕੁਝ ਨਹੀਂ।

ਜਿਉਂਦੇ-ਵੱਸਦੇ ਰਹੋ ਸਾਰੇ।

# ਸਾਈਬਰ ਸੁਰੱਖਿਆ ਅਤੇ ਏ.ਆਈ. - ਦੋ ਧਾਰੀ ਤਲਵਾਰ

ਡਿਜੀਟਲ ਯੁੱਗ ਵਿਚ ਸਾਡੀ ਜ਼ਿੰਦਗੀ ਇੰਟਰਨੈੱਟ ਅਤੇ ਡਾਟਾ ਨਾਲ ਗੰਢੀ ਹੋਈ ਹੈ। ਬੈਂਕਿੰਗ ਤੋਂ ਲੈ ਕੇ ਸਿਹਤ ਸੇਵਾਵਾਂ ਤੱਕ, ਸਭ ਕੁਝ ਔਨਲਾਈਨ ਹੈ। ਇਸ ਤਰੱਕੀ ਨੇ ਸਾਡੇ ਲਈ ਆਸਾਨੀਆਂ ਵਧਾਈਆਂ ਹਨ ਪਰ ਨਾਲ ਹੀ ਨਵੇਂ ਖਤਰਿਆਂ ਨੂੰ ਵੀ ਜਨਮ ਦਿੱਤਾ ਹੈ। ਸਾਈਬਰ ਹਮਲੇ ਅੱਜ-ਕੱਲ੍ਹ ਵੱਡੀ ਚੁਣੌਤੀ ਬਣ ਚੁੱਕੇ ਹਨ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਨੇ ਇਨ੍ਹਾਂ ਹਮਲਿਆਂ ਨੂੰ ਹੋਰ ਵੀ ਅਡਵਾਂਸ ਬਣਾ ਦਿੱਤਾ ਹੈ। ਏ.ਆਈ. ਇੱਕ ਦੋ ਧਾਰੀ ਤਲਵਾਰ ਵਾਂਗ ਹੈ, ਇੱਕ ਪਾਸੇ ਇਹ ਹੈਕਰਾਂ ਨੂੰ




**ਸੰਦੀਪ ਕੁਮਾਰ**
**ਫੋਨ:70098-07121**


ਹਮਲਿਆਂ ਲਈ ਤਾਕਤਵਰ ਔਜ਼ਾਰ ਮੁਹੱਈਆ ਕਰਵਾ ਰਿਹਾ ਹੈ ਅਤੇ ਦੂਜੇ ਪਾਸੇ ਇਹ ਸਾਡੀਆਂ ਰੱਖਿਆ ਪ੍ਰਣਾਲੀਆਂ ਲਈ ਮਜ਼ਬੂਤ ਢਾਲ ਵਜੋਂ ਕੰਮ ਕਰ ਰਿਹਾ ਹੈ। ਇਸ ਲੇਖ ਵਿਚ ਅਸੀਂ ਇਸ ਤਰੱਕੀ ਦੇ ਦੋਵਾਂ ਪਹਿਲੂਆਂ ਬਾਰੇ ਗੱਲ ਕਰਾਂਗੇ।

ਹੈਕਰ ਏ.ਆਈ. ਨੂੰ ਆਪਣੇ ਹਮਲਿਆਂ ਵਿਚ ਵਰਤ ਕੇ ਪੁਰਾਣੀਆਂ ਤਕਨੀਕਾਂ ਨੂੰ ਹੋਰ ਵੀ ਖਤਰਨਾਕ ਬਣਾ ਰਹੇ ਹਨ। ਇੱਕ ਸਮਾਂ ਸੀ ਜਦੋਂ ਫਿਸ਼ਿੰਗ ਈਮੇਲਾਂ ਵਿਚ ਗਲਤੀਆਂ ਅਤੇ ਅਜੀਬ ਭਾਸ਼ਾ ਹੁੰਦੀ ਸੀ ਜਿਸ ਨਾਲ ਉਨ੍ਹਾਂ ਨੂੰ ਆਸਾਨੀ ਨਾਲ ਪਛਾਣਿਆ ਜਾ ਸਕਦਾ ਸੀ। ਪਰ ਅੱਜ ਜਨਰੇਟਿਵ ਏ.ਆਈ. ਟੂਲਜ਼ ਦੀ ਮਦਦ ਨਾਲ ਹੈਕਰ ਬਿਲਕੁਲ ਵਾਸਤਵਿਕ ਅਤੇ ਨਿੱਜੀਕ੍ਰਿਤ ਫਿਸ਼ਿੰਗ ਸੰਦੇਸ਼ ਤਿਆਰ ਕਰ ਰਹੇ ਹਨ। ਇਹ ਟੂਲਜ਼ ਲੱਖਾਂ ਡਾਟਾ ਪੁਆਇੰਟਸ ਤੋਂ ਸਿੱਖ ਕੇ ਉਸ ਵਿਅਕਤੀ ਦੀ ਭਾਸ਼ਾ, ਲਿਖਣ ਢੰਗ ਅਤੇ ਉਸਦੀਆਂ ਰੁਚੀਆਂ ਨੂੰ ਨਕਲ ਕਰਦੇ ਹਨ। ਨਤੀਜਾ ਇੱਕ ਅਜਿਹੀ ਈਮੇਲ ਹੁੰਦੀ ਹੈ ਜੋ ਤੁਹਾਡੇ ਬਾਸ ਜਾਂ ਬੈਂਕ ਵੱਲੋਂ ਆਈ ਲੱਗਦੀ ਹੈ ਅਤੇ ਉਸ ਵਿਚ ਇੱਕ ਲਿੰਕ ਜਾਂ ਅਟੈਚਮੈਂਟ ਹੁੰਦੀ ਹੈ ਜੋ ਤੁਹਾਡੀ ਜਾਣਕਾਰੀ ਚੋਰੀ ਕਰ ਲੈਂਦੀ ਹੈ। ਡੀਪਫੇਕ ਟੈਕਨਾਲੋਜੀ ਇਸ ਖੇਤਰ ਵਿਚ ਹੋਰ ਵੀ ਵੱਡਾ ਖਤਰਾ ਬਣ ਰਹੀ ਹੈ। ਹੈਕਰ ਏ.ਆਈ. ਦੀ ਮਦਦ ਨਾਲ ਕਿਸੇ ਵੀ ਵਿਅਕਤੀ ਦੀ ਆਵਾਜ਼ ਅਤੇ ਚਿਹਰਾ ਨਕਲ ਕਰਕੇ ਵੀਡੀਓ ਜਾਂ ਆਡੀਓ ਬਣਾ ਲੈਂਦੇ ਹਨ। ਇਸ ਤਰ੍ਹਾਂ ਉਹ ਇੱਕ ਬਾਸ ਜਾਂ ਸਹਿਕਰਮੀ ਵਜੋਂ ਬੋਲ ਕੇ ਗੱਲਬਾਤ ਕਰਦੇ ਹਨ ਅਤੇ ਫੰਡ ਟ੍ਰਾਂਸਫਰ ਜਾਂ ਗੁਪਤ ਜਾਣਕਾਰੀ ਮੰਗਦੇ ਹਨ। ਉਦਾਹਰਣ ਵਜੋਂ, ਕਈ ਕੰਪਨੀਆਂ ਵਿਚ ਏ.ਆਈ. ਨਾਲ ਬਣਾਈਆਂ ਡੀਪਫੇਕ ਕਾਲਾਂ ਨਾਲ ਲੱਖਾਂ ਡਾਲਰ ਦਾ ਘਾਟਾ ਹੋ ਚੁੱਕਾ ਹੈ। ਇਹ ਹਮਲੇ ਖਾਸ ਕਰਕੇ ਸੋਸ਼ਲ ਇੰਜੀਨੀਅਰਿੰਗ ਵਿਚ ਬਹੁਤ ਪ੍ਰਭਾਵੀ ਹਨ ਕਿਉਂਕਿ ਇਨ੍ਹਾਂ ਵਿਚ ਮਾਨਵੀ ਭਾਵਨਾਵਾਂ ਨੂੰ ਟਾਰਗੇਟ ਕੀਤਾ ਜਾਂਦਾ ਹੈ। ਇੱਕ ਆਮ ਇਨਸਾਨ ਆਪਣੀ ਆਵਾਜ਼ ਵਾਲੀ ਕਾਲ 'ਤੇ ਆਸਾਨੀ ਨਾਲ ਭਰੋਸਾ ਕਰ ਲੈਂਦਾ ਹੈ।

ਇਸ ਤੋਂ ਇਲਾਵਾ, ਏ.ਆਈ. ਹੈਕਰਾਂ ਨੂੰ ਮਾਲਵੇਅਰ ਬਣਾਉਣ ਵਿਚ ਵੀ ਮਦਦ ਕਰ ਰਿਹਾ ਹੈ। ਪਹਿਲਾਂ ਮਾਲਵੇਅਰ ਬਣਾਉਣ ਲਈ ਡੂੰਘੀ ਟੈਕਨੀਕਲ ਜਾਣਕਾਰੀ ਚਾਹੀਦੀ ਸੀ ਪਰ ਹੁਣ ਏ ਆਈ ਟੂਲਜ਼ ਨਾਲ ਘੱਟ ਗਿਆਨ ਵਾਲੇ ਹੈਕਰ ਵੀ ਆਟੋਮੈਟਿਕ ਤਰੀਕੇ ਨਾਲ ਨਵੇਂ-ਨਵੇਂ ਵਾਇਰਸ ਤਿਆਰ ਕਰ ਰਹੇ ਹਨ। ਇਹ ਮਾਲਵੇਅਰ ਪੌਲੀਮੌਰਫਿਕ ਹੁੰਦਾ ਹੈ, ਯਾਨੀ ਇਹ ਆਪਣਾ ਰੂਪ ਬਦਲਦਾ ਰਹਿੰਦਾ ਹੈ ਤਾਂ ਜੋ ਐਂਟੀਵਾਇਰਸ ਸਾਫਟਵੇਅਰ ਉਸਨੂੰ ਪਛਾਣ ਨਾ ਸਕੇ। ਏ ਆਈ ਇਸ ਨੂੰ ਆਟੋ-ਮੈਟਿਕ ਤਰੀਕੇ ਨਾਲ ਟੈਸਟ ਵੀ ਕਰਦਾ ਹੈ ਅਤੇ ਉਸਨੂੰ ਹੋਰ ਵੀ ਛੁਪਣਯੋਗ ਬਣਾਉਂਦਾ ਹੈ। ਇਸ ਤਰ੍ਹਾਂ ਹਮਲੇ ਵਧੇਰੇ ਤੇਜ਼ ਅਤੇ ਵੱਡੇ ਪੱਧਰ ਤੇ ਹੋ ਰਹੇ ਹਨ। ਰਿਪੋਰਟਾਂ ਅਨੁਸਾਰ ਏ ਆਈ ਨਾਲ ਸਬੰਧਤ ਹਮਲਿਆਂ ਵਿਚ ਇੱਕ ਵੱਡਾ ਵਾਧਾ ਹੋਇਆ ਹੈ ਅਤੇ ਇਨ੍ਹਾਂ ਵਿਚੋਂ ਕਈ ਆਟੋਨੋਮਸ ਹਨ, ਯਾਨੀ ਇੱਕ ਵਾਰ ਸ਼ੁਰੂ ਹੋਣ ਤੋਂ ਬਾਅਦ ਉਹ ਬਿਨਾਂ ਮਨੁੱਖੀ ਦਖ਼ਲ ਤੋਂ ਅੱਗੇ ਵਧਦੇ ਰਹਿੰਦੇ ਹਨ। ਏ.ਆਈ. ਨਾਲ ਬਰੂਟ ਫੋਰਸ ਅਟੈਕ ਵੀ ਹੋਰ ਤੇਜ਼ ਹੋ ਗਏ ਹਨ। ਇਹ ਟੂਲਜ਼ ਪਾਸਵਰਡ ਕ੍ਰੈਕਿੰਗ ਵਿਚ ਆਮ ਤਰੀਕਿਆਂ ਨਾਲੋਂ ਵਧੀਆ ਕੰਮ ਕਰਦੇ ਹਨ ਅਤੇ ਵੱਡੀਆਂ ਡਾਟਾਬੇਸ ਤੋਂ ਪੈਟਰਨ ਸਿੱਖ ਕੇ ਤੇਜ਼ੀ ਨਾਲ ਗੁਪਤ ਕੋਡ ਖੋਲ੍ਹਦੀਆਂ ਹਨ। ਇਸ ਤੋਂ ਇਲਾਵਾ, ਏ ਆਈ ਰਾਹੀਂ ਕੈਪਚਾ ਬਾਈਪਾਸ ਕਰਨਾ ਜਾਂ ਓਪਨ ਸੋਰਸ ਕੋਡ ਵਿਚ ਛੁਪੇ ਖਤਰਿਆਂ ਨੂੰ ਵਰਤਣਾ ਵੀ ਆਸਾਨ ਹੋ ਗਿਆ ਹੈ। ਇਸ ਤਰ੍ਹਾਂ ਛੋਟੇ-ਮੋਟੇ ਹੈਕਰ ਵੀ ਵੱਡੀਆਂ ਕੰਪਨੀਆਂ ਤੱਕ ਪਹੁੰਚ ਬਣਾ ਰਹੇ ਹਨ ਕਿਉਂਕਿ ਏ ਆਈ ਨੇ ਹਮਲਿਆਂ ਦੀ ਲਾਗਤ ਅਤੇ ਮਿਹਨਤ ਘਟਾ ਦਿੱਤੀ ਹੈ।




ਪਰ ਇਸੇ ਏ ਆਈ ਨੇ ਸਾਈਬਰ ਸੁਰੱਖਿਆ ਲਈ ਇੱਕ ਨਵੀਂ ਉਮੀਦ ਵੀ ਜਗਾਈ ਹੈ। ਏ ਆਈ ਇੱਕ ਢਾਲ ਵਾਂਗ ਕੰਮ ਕਰਦਾ ਹੈ ਜੋ ਰਵਾਇਤੀ ਤਰੀਕਿਆਂ ਨਾਲੋਂ ਬਹੁਤ ਵਧੀਆ ਤਰੀਕੇ ਨਾਲ ਖਤਰਿਆਂ ਨੂੰ ਪਛਾਣਦਾ ਅਤੇ ਰੋਕਦਾ ਹੈ। ਰਵਾਇਤੀ ਸਿਸਟਮ ਸਿਰਫ਼ ਪੁਰਾਣੇ ਸਿਗਨੇਚਰ ਜਾਂ ਨਿਯਮਾਂ ਤੇ ਨਿਰਭਰ ਕਰਦੇ ਸਨ ਪਰ ਏ ਆਈ ਵੱਡੀ ਮਾਤਰਾ ਵਿਚ ਡਾਟਾ ਵਿਸ਼ਲੇਸ਼ਣ ਕਰਕੇ ਅਸਾਧਾਰਨ ਵਿਵਹਾਰ ਨੂੰ ਲੱਭਦਾ ਹੈ। ਇਸਨੂੰ ਐਨੋਮਲੀ ਡਿਟੈਕਸ਼ਨ ਕਿਹਾ ਜਾਂਦਾ ਹੈ। ਉਦਾਹਰਣ ਵਜੋਂ, ਇੱਕ ਨੈੱਟਵਰਕ ਵਿਚ ਆਮ ਟ੍ਰੈਫਿਕ ਦਾ ਇੱਕ ਪੈਟਰਨ ਬਣਾਇਆ ਜਾਂਦਾ ਹੈ ਅਤੇ ਜਦੋਂ ਕੋਈ ਗਲਤ ਗਤੀਵਿਧੀ ਵਾਪਰਦੀ ਹੈ ਤਾਂ ਏ ਆਈ ਤੁਰੰਤ ਚੇਤਾਵਨੀ ਦਿੰਦਾ ਹੈ। ਇਸ ਤਰ੍ਹਾਂ ਜ਼ੀਰੋ-ਡੇ ਅਟੈਕ ਜਿਨ੍ਹਾਂ ਬਾਰੇ ਪਹਿਲਾਂ ਕਦੇ ਨਾ ਸੁਣਿਆ ਹੋਵੇ, ਉਨ੍ਹਾਂ ਨੂੰ ਵੀ ਰੋਕਿਆ ਜਾ ਸਕਦਾ ਹੈ। ਏ ਆਈ ਫਿਸ਼ਿੰਗ ਅਤੇ ਸਪੈਮ ਈਮੇਲਾਂ ਨੂੰ ਰੋਕਣ ਵਿਚ ਵੀ ਬਹੁਤ ਪ੍ਰਭਾਵੀ ਹੈ। ਇਹ ਈਮੇਲ ਦੀ ਭਾਸ਼ਾ, ਲਿੰਕਾਂ ਅਤੇ ਅਟੈਚਮੈਂਟ ਨੂੰ ਵਿਸ਼ਲੇਸ਼ਣ ਕਰਦਾ ਹੈ ਅਤੇ ਉਸਨੂੰ ਖਤਰਨਾਕ ਮੰਨ ਕੇ ਬਲਾਕ ਕਰ ਦਿੰਦਾ ਹੈ। ਐਂਡਪੁਆਇੰਟ ਸੁਰੱਖਿਆ ਵਿਚ ਏ ਆਈ ਲੈਪਟਾਪ, ਮੋਬਾਈਲ ਜਾਂ ਸਰਵਰ ਤੇ ਚੱਲ ਰਹੀਆਂ ਗਤੀਵਿਧੀਆਂ ਨੂੰ ਨਿਗਰਾਨੀ ਹੇਠ ਰੱਖਦਾ ਹੈ ਅਤੇ ਮਾਲਵੇਅਰ ਨੂੰ ਤੁਰੰਤ ਰੋਕਦਾ ਹੈ। ਇਸ ਤੋਂ ਇਲਾਵਾ, ਏ ਆਈ ਥ੍ਰੈਟ ਇੰਟੈਲੀਜੈਂਸ ਵਿਚ ਵੀ ਮਦਦ ਕਰਦਾ ਹੈ। ਇਹ ਡਾਰਕ ਵੈੱਬ ਤੋਂ ਲੈ ਕੇ ਵੱਖ-ਵੱਖ ਸਰੋਤਾਂ ਤੋਂ ਡਾਟਾ ਇਕੱਠਾ ਕਰਕੇ ਭਵਿੱਖ ਵਾਲੇ ਹਮਲਿਆਂ ਦੀ ਭਵਿੱਖਬਾਣੀ ਕਰਦਾ ਹੈ ਅਤੇ ਸੁਰੱਖਿਆ ਟੀਮਾਂ ਨੂੰ ਤਿਆਰ ਰਹਿਣ ਲਈ ਸਲਾਹ ਦਿੰਦਾ ਹੈ।

ਏ ਆਈ ਦੀ ਆਟੋਮੈਟਿਕ ਰਿਸਪਾਂਸ ਸਮਰੱਥਾ ਇੱਕ ਵੱਡੀ ਤਾਕਤ ਹੈ। ਜਦੋਂ ਇੱਕ ਹਮਲਾ ਖਤਰਾ ਬਣਦਾ ਹੈ ਤਾਂ ਏ ਆਈ ਆਪਣੇ ਆਪ ਉਸ ਡਿਵਾਈਸ ਨੂੰ ਆਈਸੋਲੇਟ ਕਰ ਸਕਦਾ ਹੈ, ਖਤਰਨਾਕ ਟ੍ਰੈਫਿਕ ਰੋਕ ਸਕਦਾ ਹੈ ਅਤੇ ਟੀਮ ਨੂੰ ਤੁਰੰਤ ਰਿਪੋਰਟ ਭੇਜ ਸਕਦਾ ਹੈ। ਇਸ ਨਾਲ ਹਮਲੇ ਦਾ ਨੁਕਸਾਨ ਘੱਟ ਤੋਂ ਘੱਟ ਹੋ ਜਾਂਦਾ ਹੈ। ਬਹੁਤੀਆਂ ਆਧੁਨਿਕ ਸੁਰੱਖਿਆ ਪ੍ਰਣਾਲੀਆਂ ਵਿਚ ਏ ਆਈ ਲਗਾਤਾਰ ਸਿਖਲਾਈ ਲੈਂਦਾ ਰਹਿੰਦਾ ਹੈ ਤਾਂ ਜੋ ਨਵੀਆਂ ਤਕਨੀਕਾਂ ਨਾਲ ਵੀ ਲੜ ਸਕੇ। ਇਸ ਤਰ੍ਹਾਂ ਇਹ ਮਨੁੱਖੀ ਟੀਮਾਂ ਦਾ ਬੋਝ ਘਟਾਉਂਦਾ ਹੈ ਅਤੇ ਉਨ੍ਹਾਂ ਨੂੰ ਵਧੇਰੇ ਰਣਨੀਤਕ ਕੰਮਾਂ 'ਤੇ ਧਿਆਨ ਕੇਂਦਰਿਤ ਕਰਨ ਦੀ ਆਗਿਆ ਦਿੰਦਾ ਹੈ। ਏ ਆਈ ਵਾਲੀਆਂ ਰੱਖਿਆ ਪ੍ਰਣਾਲੀਆਂ ਸਾਈਬਰ ਸਿਕਿਉਰਿਟੀ ਪ੍ਰਕਿਰਿਆ ਵਿਚ ਵੀ ਬਹੁਤ ਮਦਦਗਾਰ ਹਨ। ਇਹ ਐਪਲੀਕੇਸ਼ਨ ਕੋਡ ਵਿਚ ਖਾਮੀਆਂ ਲੱਭਦਾ ਹੈ ਅਤੇ ਉਨ੍ਹਾਂ ਨੂੰ ਠੀਕ ਕਰਨ ਲਈ ਸੁਝਾਅ ਦਿੰਦਾ ਹੈ। ਇਸ ਤੋਂ ਇਲਾਵਾ, ਬਿਹੇਵੀਅਰਲ ਐਨਾਲਿਸਿਸ ਰਾਹੀਂ ਇੰਸਾਈਡਰ ਥ੍ਰੈਟ ਨੂੰ ਵੀ ਪਛਾਣਿਆ ਜਾ ਸਕਦਾ ਹੈ, ਜਿਸ ਵਿਚ ਕੋਈ ਅੰਦਰੂਨੀ ਵਿਅਕਤੀ ਗਲਤ ਕੰਮ ਕਰ ਰਿਹਾ ਹੋਵੇ। ਏ ਆਈ ਇਸ ਤਰ੍ਹਾਂ ਇੱਕ ਲਗਾਤਾਰ ਨਿਗਰਾਨ ਵਜੋਂ ਕੰਮ ਕਰਦਾ ਹੈ ਜੋ ਰਾਤ-ਦਿਨ ਡਾਟਾ ਵਿਸ਼ਲੇਸ਼ਣ ਕਰਦਾ ਰਹਿੰਦਾ ਹੈ। ਬੇਸ਼ਕ ਏ ਆਈ ਇੱਕ ਤਾਕਤਵਰ ਢਾਲ ਹੈ ਪਰ ਇਸਦੀਆਂ ਆਪਣੀਆਂ ਸੀਮਾਵਾਂ ਵੀ ਹਨ। ਹੈਕਰ ਵੀ ਏ ਆਈ ਸਿਸਟਮਾਂ 'ਤੇ ਹਮਲਾ ਕਰ ਸਕਦੇ ਹਨ ਜਿਵੇਂ ਕਿ ਪ੍ਰੌਂਪਟ ਇੰਜੈਕਸ਼ਨ ਜਾਂ ਏ ਆਈ ਮਾਡਲਾਂ ਨੂੰ ਗੁੰਮਰਾਹ ਕਰਨਾ। ਇਸ ਲਈ ਏ ਆਈ ਰੱਖਿਆ ਨੂੰ ਵੀ ਲਗਾਤਾਰ ਅਪਡੇਟ ਅਤੇ ਸੁਰੱਖਿਅਤ ਰੱਖਣਾ ਜ਼ਰੂਰੀ ਹੈ। ਇਸ ਤੋਂ ਇਲਾਵਾ, ਏ ਆਈ ਫੈਸਲਿਆਂ ਵਿਚ ਪਾਰਦਰਸ਼ਤਾ ਅਤੇ ਗੋਪਨੀਯਤਾ ਦੇ ਮੁੱਦੇ ਵੀ ਉਠਦੇ ਹਨ।

ਅੰਤ ਵਿਚ, ਸਾਈਬਰ ਸੁਰੱਖਿਆ ਵਿਚ ਏ ਆਈ ਇੱਕ ਅਜਿਹੀ ਤਕਨਾਲੋਜੀ ਹੈ ਜੋ ਖਤਰੇ ਅਤੇ ਰੱਖਿਆ ਦੋਵਾਂ ਨੂੰ ਬਦਲ ਰਹੀ ਹੈ। ਹੈਕਰ ਇਸਨੂੰ ਵਰਤ ਕੇ ਹਮਲਿਆਂ ਨੂੰ ਹੋਰ ਤੇਜ਼ ਅਤੇ ਛੁਪਣਯੋਗ ਬਣਾ ਰਹੇ ਹਨ ਜਦਕਿ ਰੱਖਿਆ ਟੀਮਾਂ ਇਸਨੂੰ ਵਰਤ ਕੇ ਤੇਜ਼ ਅਤੇ ਬੁੱਧੀਮਾਨ ਢੰਗ ਨਾਲ ਉੱਤਰ ਦੇ ਰਹੀਆਂ ਹਨ। ਇਸ ਲਈ ਲੋੜ ਇਸ ਗੱਲ ਦੀ ਹੈ ਕਿ ਅਸੀਂ ਏ ਆਈ ਨੂੰ ਜ਼ਿੰਮੇਵਾਰੀ ਨਾਲ ਵਰਤੀਏ, ਲਗਾਤਾਰ ਨਵੀਨਤਾ ਲਿਆਈਏ ਅਤੇ ਮਨੁੱਖੀ ਨਿਗਰਾਨੀ ਨੂੰ ਲਗਾਤਾਰ ਚੁਸਤ-ਦਰੁਸਤ ਰੱਖਿਆ ਜਾਵੇ। ਸਾਈਬਰ ਸੁਰੱਖਿਆ ਇੱਕ ਲਗਾਤਾਰ ਚੱਲ ਰਿਹਾ ਯੁੱਧ ਹੈ ਅਤੇ ਏ ਆਈ ਇਸ ਵਿਚ ਇੱਕ ਮਹੱਤਵਪੂਰਨ ਹਥਿਆਰ ਬਣ ਚੁੱਕਾ ਹੈ। ਜੇ ਅਸੀਂ ਇਸਨੂੰ ਸਮਝਦਾਰੀ ਨਾਲ ਵਰਤੀਏ ਤਾਂ ਇਹ ਸਾਡੀ ਡਿਜੀਟਲ ਦੁਨੀਆਂ ਨੂੰ ਹੋਰ ਵੀ ਸੁਰੱਖਿਅਤ ਬਣਾ ਸਕਦਾ ਹੈ।

# ਸੁਖਵਿੰਦਰ ਕੰਬੋਜ ਦਾ 'ਮਹਿਕ, ਹਵਾ ਤੇ ਬੱਦਲ' ਵਿਸਮਾਦੀ ਕਾਵਿ-ਸੰਗ੍ਰਹਿ

ਸੁਖਵਿੰਦਰ ਕੰਬੋਜ ਪਰਵਾਸੀ ਸ਼ਾਇਰ ਹੈ। ਉਸਦੀਆਂ ਹੁਣ ਤੱਕ ਸੱਤ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿਚ ਪੰਜ ਕਾਵਿ ਸੰਗ੍ਰਹਿ, ਚਾਰ ਪੰਜਾਬੀ ਤੇ ਇੱਕ ਹਿੰਦੀ, ਇੱਕ ਅੰਗਰੇਜ਼ੀ ਅਤੇ ਇੱਕ ਰਵਿੰਦਰ ਸਹਿਰਾਅ ਅਤੇ ਕੁਲਵਿੰਦਰ ਨਾਲ ਸਹਿ ਸੰਪਾਦਨਾ ਸ਼ਾਮਲ ਹਨ। 'ਮਹਿਕ, ਹਵਾ ਤੇ ਬੱਦਲ ਉਸਦਾ ਅੱਠਵਾਂ ਕਾਵਿ ਸੰਗ੍ਰਹਿ ਹੈ। ਇਸ ਕਾਵਿ ਸੰਗ੍ਰਹਿ ਵਿਚ ਵੱਖੋ-ਵੱਖਰੇ ਰੰਗ ਵਿਖੇਰਦੀਆਂ ਉਸਦੀਆਂ 49 ਕਵਿਤਾਵਾਂ ਹਨ। ਉਸਦੇ ਕਾਵਿ ਸੰਗ੍ਰਹਿ ਦੀ ਵਿਲੱਖਣਤਾ ਹੈ ਕਿ ਇਸਦਾ ਮੁੱਖਬੰਦ ਮੋਹਨਜੀਤ ਵੱਲੋਂ ਸੁਖਵਿੰਦਰ ਕੰਬੋਜ ਦੀ ਸਮੁੱਚੀ ਜੀਵਨ ਤੇ ਕਾਵਿ ਸ਼ੈਲੀ ਦੀ ਯਾਤਰਾ ਕਵਿਤਾ 'ਦਿਨ ਬੇਲੇ ਰਾਤੀਂ ਪੱਤਣਾ 'ਤੇ' ਦੇ ਰਾਹੀਂ ਸ਼ਬਦ





**ਉਜਾਗਰ ਸਿੰਘ**
**ਫੋਨ: 94178-13072**

ਚਿਤਰ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਸੁਖਵਿੰਦਰ ਕੰਬੋਜ ਦਾ ਇਹ ਕਾਵਿ ਸੰਗ੍ਰਹਿ ਮੁਹੱਬਤ, ਆਸ ਦੀ ਕਿਰਨ, ਬਿਰਹਾ ਦੀ ਪੀੜ ਅਤੇ ਸਮਾਜਿਕ ਸਰੋਕਾਰਾਂ ਦੀ ਵਕਾਲਤ ਕਰਦਾ ਹੈ। ਇਸ ਕਾਵਿ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਸੰਵੇਦਨਸ਼ੀਲ, ਵਿਸਮਾਦੀ, ਵਾਤਾਵਰਨ, ਕੁਦਰਤ, ਨਸ਼ੇ, ਬੁਰਛਾਗਰਦੀ, ਅਹਿੰਸਾ, ਇਨਸਾਨੀ ਮਾਨਸਿਕਤਾ, ਰਿਸ਼ਤਿਆਂ, ਔਰਤ ਦੀ ਮਾਨਸਿਕਤਾ ਅਤੇ ਸੰਕੇਤਕ ਸ਼ਬਦਾਵਲੀ ਵਿਚ ਹਨ। ਉਹ ਜੋ ਕਹਿਣਾ ਚਾਹੁੰਦਾ ਹੈ, ਉਸਨੂੰ ਸੰਕੇਤਕ ਢੰਗਾਂ ਨਾਲ ਲਿਖਦਾ ਹੈ, ਸਮਝਦਾਰ ਤੇ ਸੰਵੇਦਨਸ਼ੀਲ ਪਾਠਕ ਹੀ ਉਸਦੀ ਸ਼ਾਇਰੀ ਦਾ ਆਨੰਦ ਮਾਣ ਸਕਦਾ ਹੈ। ਕਈ ਕਵਿਤਾਵਾਂ ਵਿਚ ਜੰਗ ਦੀ ਤ੍ਰਾਸਦੀ ਦਾ ਸੰਤਾਪ ਪਤਾ ਲੱਗਦਾ ਹੈ। ਪਰਵਾਸ ਦੀ ਜ਼ਿੰਦਗੀ ਭਾਵੇਂ ਸਥਾਪਤ ਹੋਣ ਲਈ ਜਦੋਜਹਿਦ ਕਰਨੀ ਪੈਂਦੀ ਹੈ, ਪ੍ਰੰਤੂ ਇਸ ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਅਜਿਹੀ ਜ਼ਿੰਦਗੀ ਦਾ ਆਨੰਦ ਮਾਨਣ ਲਈ ਪ੍ਰੇਰਿਤ ਕਰਦੀਆਂ ਹਨ। ਜ਼ਿੰਦਗੀ ਨੂੰ ਖ਼ੁਸ਼ਗਵਾਰ ਬਣਾਉਣ ਲਈ ਸ਼ਾਇਰ 'ਨਵਾਂ ਸਾਲ' ਸਿਰਲੇਖ ਵਾਲੀ ਕਵਿਤਾ ਵਿਚ ਲਿਖਦਾ ਹੈ:

ਲੱਭੀਏ ਦੱਬੇ ਪੁਰਾਣੇ ਰਿਸ਼ਤੇ
ਜੋ ਖੋਹ ਗਏ ਸਨ ਰੋਟੀ ਕਮਾਉਂਦਿਆਂ/
ਖਾਂਦਿਆਂ
ਲੱਭੀਏ ਫਿਰ ਕਿਰਨਾਂ
ਸੂਰਜ ਦਾ ਜੱਸ ਗਾਉਂਦੀਆਂ
ਰਾਹਾਂ ਨੂੰ ਰੁਸ਼ਨਾਉਂਦੀਆਂ।

ਸ਼ਾਇਰ ਦੀਆਂ ਬਹੁਤੀਆਂ ਕਵਿਤਾਵਾਂ ਵਿਚੋਂ ਆਸਾਵਾਦੀ ਹੋਣ ਦਾ ਸੰਕੇਤ ਬੂਹੇ ਦੀਆਂ ਝੀਤਾਂ ਵਿਚੋਂ ਆ ਰਹੀ ਰੌਸ਼ਨੀ ਦੀ ਕਿਰਨ ਦੀ ਤਰ੍ਹਾਂ ਵਿਖਾਈ ਦਿੰਦਾ ਹੈ। ਹਰ ਮੁਸ਼ਕਲ ਦੀ ਸਥਿਤੀ ਨੂੰ ਸ਼ਾਇਰ ਰੂਹ ਦੇ ਸੰਗੀਤ ਨਾਲ ਰੰਗੀਨ ਕਰ ਦਿੰਦਾ ਹੈ। 'ਪੌਣਾਂ ਦਾ ਜਾਇਆ', 'ਫ਼ੋਨ ਆਉਣ 'ਤੇ', 'ਗੁਲਾਬ', 'ਨਵਾਂ ਸਾਲ', (ਨਵਦੀਪ ਲਈ) 'ਤੂੰ ਮੇਰੇ ਕੋਲ ਹੈਂ (ਨਵਦੀਪ ਲਈ)', 'ਮੇਰੀ ਚਾਹਤ (ਨਵਦੀਪ ਲਈ)' 'ਸੂਰਜਮੁਖੀ', 'ਮਿੱਲੀ ਲਈ' ਅਤੇ 'ਤੈਥੋਂ ਬਿਨਾਂ' ਕਵਿਤਾਵਾਂ ਇੱਕ ਪ੍ਰਵਾਸੀ ਦੀ ਜ਼ਿੰਦਗੀ ਦੇ ਝਮੇਲਿਆਂ ਵਿਚੋਂ ਖ਼ੁਸ਼ਬੋਅ ਦੀ ਕਨਸੋਅ ਦੀਆਂ ਪ੍ਰਤੀਕ ਲੱਗਦੀਆਂ ਹਨ। ਜ਼ਿੰਦਗੀ ਕੋਈ ਭਾਰ ਨਹੀਂ ਹੁੰਦੀ, ਸਗੋਂ ਉਸ ਨੂੰ ਜਿਉਣ ਦਾ ਤਰੀਕਾ ਆਉਣਾ ਚਾਹੀਦਾ ਹੈ। ਇਹ ਕਵਿਤਾਵਾਂ ਅਜਿਹੀਆਂ ਸਥਿਤੀਆਂ ਵਿਚੋਂ ਵੀ ਮੋਹ ਮੁਹੱਬਤ ਦਾ ਪ੍ਰਗਟਾਵਾ ਕਰਦੀਆਂ ਹਨ। 'ਪ੍ਰਦੇਸੀਆ' ਅਤੇ 'ਪਾਰਸ' ਕਵਿਤਾਵਾਂ ਬ੍ਰਿਹਾ ਦੀ ਪੀੜ ਦੀ ਚੀਸ ਨਾਲ ਮੋਹ ਦਾ ਦੀਵਾ ਜਗਾਉਂਦੀਆਂ ਹਨ। 'ਰੂਹ ਦੀ ਸੰਥਾ' ਕਵਿਤਾ ਵਿਚੋਂ ਬ੍ਰਿਹਾ ਦੀ ਹੂਕ ਵਿਖਾਈ ਦਿੰਦੀ ਹੈ। ਪਰਵਾਸ ਵਿਚ ਗਏ ਕੰਤ ਦੀ ਉਡੀਕ ਬ੍ਰਿਹਾ ਦੇ ਤੀਰ ਮਾਰਦੀ ਹੈ। 'ਉਡੀਕ' ਅਤੇ 'ਸੰਵੇਦਨਾ' ਕਵਿਤਾਵਾਂ ਵੀ ਸੰਵੇਦਨਸ਼ੀਲ ਹਨ, ਜਿਨ੍ਹਾਂ ਵਿਚ ਜਿਸਮਾਂ 'ਤੋਂ ਦੂਰ ਹੋ ਕੇ ਰੂਹ ਦੀ ਗੱਲ ਕੀਤੀ ਗਈ ਹੈ। ਇਹ ਕਵਿਤਾਵਾਂ ਜ਼ਿੰਦਗੀ ਦੀ ਜਦੋ-ਜਹਿਦ ਦਾ ਪ੍ਰਤੀਕ ਹਨ। ਜੰਗ ਇਨਸਾਨੀਅਤ ਲਈ ਖ਼ਤਰਨਾਕ ਬਣਦੇ ਹਨ, ਹਿੰਸਕ ਕਾਰਵਾਈਆਂ ਇਨਸਾਨੀਅਤ ਦਾ ਘਾਣ ਕਰਦੀਆਂ ਹਨ। 'ਵਾਵਰੋਲਾ' ਗੀਤ ਭਾਵੇਂ ਸ਼ਾਇਰ ਨੇ ਸੋਗੀ ਗੀਤ ਕਿਹਾ ਹੈ, ਪ੍ਰੰਤੂ ਇਸ ਗੀਤ ਨੇ ਜ਼ਿੰਦਗੀ ਦੇ ਕਈ ਪੱਖਾਂ ਲਾਲਚ ਅਤੇ ਔਰਤ ਦੀਆਂ ਭਾਵਨਾਵਾਂ ਦੇ ਭੰਡਾਰ ਦੀ ਗੱਲ ਕਰਕੇ ਛੋਹਿਆ ਹੈ। 'ਕਲਾਸ ਰੂਮ' ਵਿਚ ਦਰਸਾਇਆ ਹੈ ਕਿ ਵਿਗਿਆਨੀਆਂ ਦੇ ਸਿਧਾਂਤ ਜ਼ਿੰਦਗੀ ਜਿਊਣ ਲਈ ਕਾਫੀ ਨਹੀਂ ਹੁੰਦੇ। 'ਸਵੇਰਾ', 'ਮੀਂਹ ਕਿਥੇ ਪੈਂਦਾ ਹੈ', 'ਕਵਿਤਾ ਕਿਥੇ ਹੈ' ਅਤੇ 'ਸਮੁੰਦਰੀ ਬੀਚ' ਕਵਿਤਾਵਾਂ ਵਿਚ ਵੀ ਪਰਵਾਸੀ ਜ਼ਿੰਦਗੀ ਦੇ ਝਮੇਲਿਆਂ ਦੀ ਜਾਣਕਾਰੀ ਅਤੇ ਮਾਪਿਆਂ ਤੇ ਪੰਜਾਬ ਦੀ ਮਿੱਟੀ ਦਾ ਮੋਹ ਤੰਗ ਕਰਦਾ ਦਰਸਾਇਆ ਗਿਆ ਹੈ। ਲੋਕ ਹਿੱਤਾਂ 'ਤੇ ਪਹਿਰਾ ਦੇਣ ਵਾਲੀ ਕਵਿਤਾ ਲਿਖਣ ਦੀ ਵਕਾਲਤ ਵੀ ਕੀਤੀ ਗਈ ਹੈ। 'ਧੁੱਪ ਦੇ ਗੀਤ' ਪੰਜਾਬ ਦੇ ਮਾੜੇ ਦਿਨਾਂ ਵਿਚ ਸਰਕਾਰ ਦੀਆਂ ਜ਼ਿਆਦਤੀਆਂ ਦੇ ਬਾਵਜੂਦ ਸ਼ਾਇਰ ਨੂੰ ਆਸ ਦੀ ਕਿਰਨ ਨਜ਼ਰ ਆਉਂਦੀ ਹੈ। 'ਗੁਰੂ ਦੇਵ (.. ਦੇ ਲਈ)', 'ਸਦੀ ਦੇ ਅਸਤਣ 'ਤੇ', 'ਮਾਰਕਸਵਾਦ ਦੀ ਵਾਪਸੀ' ਅਤੇ 'ਮੇਰੀ ਵਿਰਾਸਤ' ਕਵਿਤਾਵਾਂ ਸਿਆਸਤਦਾਨਾਂ ਦੇ ਸਬਜ਼ਬਾਗਾਂ ਦੇ ਲਾਰਿਆਂ, ਖ਼ੁਦਗਰਜ਼ ਲੋਕਾਂ ਦੀਆਂ ਚਾਲਾਂ, ਗ਼ਰੀਬਾਂ ਲਈ ਲਾਰੇ, ਅਮੀਰਾਂ ਦੀ ਚੌਧਰ, ਫ਼ਿਰਕਾਪ੍ਰਸਤ ਸੋਚ, ਖੱਬੇ ਤੇ ਸੱਜੇ ਪੱਖੀ ਕਾਮਰੇਡਾਂ ਦੀ ਅਸਫਲਤਾ, ਬੇਰੋਜ਼ਗਾਰੀ, ਜ਼ਾਤਪਾਤ, ਧਰਮ ਦੀ ਆੜ ਅਤੇ ਝੂਠੇ ਸਮਾਜਵਾਦ ਦੀ ਦਾਸਤਾਂ ਦਰਸਾਉਂਦੀਆਂ ਹਨ। 'ਉਹ ਜ਼ਿੰਦਾ ਹੈ' ਕਵਿਤਾ ਮਾਰਕਸਵਾਦੀ ਸੋਚ ਦਾ ਪ੍ਰਤੀਕ ਹੈ। 'ਸਵੈ ਦੀ ਮੌਤ' ਅਤੇ ਟਿਕ-ਟਿਕ ਕਵਿਤਾਵਾਂ ਰਿਸ਼ਤਿਆਂ ਵਿਚ ਆਈ ਗਿਰਾਵਟ, ਕਬੀਲਿਆਂ ਦੀ ਪਰੰਪਰਵਾਦੀ ਸੋਚ ਦੀ ਲਖਾਇਕ ਹਨ। 'ਪਰਤ ਪੰਜ', 'ਪਰਤ ਛੇ' ਅਤੇ 'ਪਰਤ ਸੱਤ' ਸਮਾਜ ਵਿਚ ਔਰਤ ਦੀ ਹੋ ਰਹੀ ਦੁਰਗਤੀ ਦੀ ਤ੍ਰਾਸਦੀ ਦਾ ਪ੍ਰਗਟਾਵਾ ਕਰਦੀਆਂ ਹਨ, ਪ੍ਰੰਤੂ ਸਮੇਂ ਦੇ ਬਦਲਦੇ ਹਾਲਾਤ ਅਨੁਸਾਰ ਔਰਤ ਦੀ ਪ੍ਰਿਯ ਨੂੰ ਮਿਲਣ ਦੀ ਆਸ ਬਰਕਰਾਰ ਰਹਿੰਦੀ ਹੈ। 'ਸਮੁੰਦਰ' ਕਵਿਤਾ ਲੋਕਾਈ ਵੱਲੋਂ ਭਾਣਾ ਮੰਨਣ





*ਸੁਖਵਿੰਦਰ ਕੰਬੋਜ ਦੀ ਪੁਸਤਕ 'ਮਹਿਕ, ਹਵਾ ਤੇ ਬੱਦਲ' ਦਾ ਸਰਵਰਕ।*

ਦੀ ਪ੍ਰਵਿਰਤੀ ਦੇ ਨੁਕਸਾਨ ਦਾ ਹੰਦੇਸ਼ਾ ਕਰਦੀ ਹੈ। '..ਤੋਂ ਬਾਅਦ' ਅਤੇ 'ਮਨੁੱਖ' ਕਵਿਤਾਵਾਂ ਨਸਲੀ ਵਿਤਕਰੇ, ਧਾਰਮਿਕ ਪਵਿਤਰ ਗ੍ਰੰਥਾਂ ਤੋਂ ਭਟਕਣ, ਨਫ਼ਰਤ, ਪੈਸੇ ਕਮਾਉਣ ਲਈ ਅੰਨ੍ਹੀ ਦੌੜ, ਕਿਸਾਨਾਂ ਤੇ ਮਜ਼ਦੂਰਾਂ ਦੀ ਆਰਥਿਕ ਹਾਲਤ, ਭੂਤਰੇ ਇਨਸਾਨ ਅਤੇ ਲਾਲਚ ਨਾਲ ਜਾਇਦਾਦਾਂ ਇਕੱਤਰ ਕਰਨ ਦੇ ਢਕੌਂਸਲਿਆਂ ਦੇ ਪਰਦੇ ਫਾਸ਼ ਕਰਦੀਆਂ ਹਨ। 'ਕਰਨਲ ਤੇ ਜਨਰਲ', 'ਬੱਚੇ ਤੇ ਹਥਿਆਰ' ਅਤੇ 'ਸਮਾਂ ਤੇ ਸਥਾਨ' ਕਵਿਤਾਵਾਂ ਸ਼ਹੀਦ ਫ਼ੌਜੀਆਂ ਦੇ ਬੱਚਿਆਂ ਦੀ ਧੁੰਧਲੀ ਜ਼ਿੰਦਗੀ, ਜਿਨ੍ਹਾਂ ਦੇ ਭਵਿਖ ਸੁਰੱਖਿਅਤ ਨਹੀਂ ਅਤੇ ਜੰਗ ਦੇ ਭਿਆਨਕ ਨਤੀਜਿਆਂ ਦੇ ਸੰਤਾਪ ਦਾ ਵਰਣਨ ਕਰਦੀਆਂ ਹਨ। 'ਡਾਲਰ ਮਾਇਆ' ਕਵਿਤਾ ਵੀ ਅਤਿਅੰਤ ਸੰਵੇਦਨਸ਼ੀਲ ਹੈ, ਜਿਸ ਵਿਚ ਪਰਵਾਸ ਵਿਚ ਗਏ ਲੋਕਾਂ ਦੀਆਂ ਔਰਤਾਂ ਦੁੱਖ-ਦਰਦ ਵਾਲੀ ਜ਼ਿੰਦਗੀ ਬਤੀਤ ਕਰਦੀਆਂ ਹਨ, ਪ੍ਰੰਤੂ ਉਨ੍ਹਾਂ ਦੇ ਪਿਤਾ ਡਾਲਰਾਂ ਦੇ ਲਾਲਚ ਵਿਚ ਲੱਗੇ ਰਹਿੰਦੇ ਹਨ। ਅਜਿਹੀ ਨਿਰਜ਼ਿੰਦ ਜ਼ਿੰਦਗੀ ਔਰਤਾਂ ਦੀ ਮਾਨਸਿਕਤਾ ਨੂੰ ਡਾਵਾਂ-ਡੋਲ ਕਰ ਜਾਂਦੀ ਹੈ। 'ਪੱਥਰਾਂ ਦੇ ਇਸ ਸ਼ਹਿਰ ਵਿਚ' ਕਵਿਤਾ ਆਧੁਨਿਕ ਕੰਪਿਊਟਰ ਯੁਗ ਦੀ ਤ੍ਰਾਸਦੀ ਦਾ ਵਰਣਨ ਕਰਦੀ ਹੈ, ਜਿਸ ਵਿਚ ਲੱਗੇ ਬਿਹਤਰੀਨ ਕਾਬਲ ਲੋਕਾਂ ਦੇ ਆਨੰਦਮਈ ਜ਼ਿੰਦਗੀ ਜਿਉਣ ਦੇ ਸਪਨੇ ਤਹਿਸ-ਨਹਿਸ ਹੋ ਜਾਂਦੇ ਹਨ। 'ਰੁੱਖ' ਕਵਿਤਾ ਲੋਕਾਂ ਵੱਲੋਂ ਜੰਗਲਾਂ ਦੀ ਅਹਿਮੀਅਤ ਨੂੰ ਅਣਡਿਠ ਕਰਦਿਆਂ ਬੇਵਜਾਹ ਕਟਾਈ ਦਾ ਖ਼ਮਿਆਜ਼ਾ ਲੋਕਾਂ ਨੂੰ ਭੁਗਤਣ ਵੇਲੇ ਦੀ ਯਾਦ ਕਰਵਾਈ ਗਈ ਹੈ, ਪ੍ਰੰਤੂ ਲਾਲਚੀ ਲੋਕ ਜੰਗਲਾਂ 'ਤੇ ਕੁਹਾੜੀ ਚਲਾ ਕੇ ਆਪਣੇ ਪੈਰੀਂ ਖ਼ੁਦ ਕੁਹਾੜਾ ਮਾਰ ਰਹੇ ਹਨ। 'ਭਗਤ ਸਿੰਘ ਦਾ ਫ਼ੈਸਲਾ' ਕਵਿਤਾ ਵੀ ਬਹੁਤ ਹੀ ਸੰਵੇਦਨਸ਼ੀਲ ਹੈ, ਕਿਉਂਕਿ ਭਗਤ ਸਿੰਘ ਧਰਮ ਦੇ ਚਕਰਾਂ ਵਿਚ ਪੈ ਕੇ ਗ਼ਲਤ ਵਿਚਾਰਧਾਰਾ ਦਾ ਹਾਮੀ ਬਣਨਾ ਨਹੀਂ ਚਾਹੁੰਦਾ ਸੀ। ਸ਼ਾਇਰ ਲਿਖਦਾ ਹੈ ਕਿ ਜੇਕਰ ਉਹ ਅਜਿਹੀ ਚਾਲ ਚਲਦਾ ਤਾਂ ਅੱਜ ਦੇ ਭ੍ਰਿਸ਼ਟ ਸਿਆਸਤਦਾਨਾਂ ਵਰਗਾ ਹੀ ਹੁੰਦਾ। 'ਪਾਗਲ ਕੁੱਤਾ' ਮਰਦ ਦੀ ਔਰਤਾਂ ਪ੍ਰਤੀ ਸਿਰਫ ਜਿਸਮਾਂ ਦੀ ਭੁੱਖ ਮਿਟਾਉਣ ਦੀ ਮਾਨਸਿਕਤਾ ਦਾ ਪ੍ਰਗਟਾਵਾ ਕਰਦੀ ਹੈ। 'ਫਲੈਗ ਸਟੇਸ਼ਨ' ਅਤੇ 'ਅਸੁਰੱਖਿਅਤ ਵਿਚੋਂ' ਕਵਿਤਾਵਾਂ ਗ਼ਰੀਬ ਉੱਤੇ ਹੋ ਰਹੀਆਂ ਜ਼ਿਆਦਤੀਆਂ, ਨਿਰਦੋਸ਼ਾਂ ਦੇ ਕਤਲ, ਹਉਮੈ ਦਾ ਸਿਰ ਚੜ੍ਹ ਕੇ ਅਮਰੀਕਾ ਦੀ ਤਰ੍ਹਾਂ ਬੋਲਣਾ ਆਦਿ ਦੀ ਸਮੱਸਿਆ 'ਤੇ ਚਿੰਤਾ ਪ੍ਰਗਟ ਕਰਦੀਆਂ ਹੋਈਆਂ ਆਸ ਦੀ ਕਿਰਨ ਪੈਦਾ ਕਰਦੀਆਂ ਹਨ, ਕਿਉਂਕਿ ਸੰਸਾਰ ਵਿਚ ਕੋਈ ਅਜਿਹਾ ਨਿਸ਼ਾਨਾ ਨਹੀਂ ਜਿਹੜਾ ਪ੍ਰਾਪਤ ਨਹੀਂ ਹੋ ਸਕਦਾ। ਅਖ਼ੀਰ ਵਿਚ ਕਿਹਾ ਜਾ ਸਕਦਾ ਹੈ ਕਿ ਸੁਖਵਿੰਦਰ ਕੰਬੋਜ ਸੰਵੇਦਨਸ਼ੀਲਤਾ ਦਾ ਮੁਜੱਸਮਾ ਹੈ, ਜਿਹੜਾ ਇਨਸਾਨੀਅਤ ਦੀਆਂ ਭਾਵਨਾਵਾਂ ਨੂੰ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਬਣਾਉਂਦਾ ਹੈ।

ਫੋਨ: ਸੁਖਵਿੰਦਰ ਕੰਬੋਜ : 0019253083000

93 ਪੰਨਿਆਂ, 200 ਰੁਪਏ ਕੀਮਤ ਵਾਲਾ ਇਹ ਕਾਵਿ ਸੰਗ੍ਰਹਿ ਪ੍ਰਿਥਮ ਪ੍ਰਕਾਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।

# ਸਮਾਜਿਕ ਰਿਸ਼ਤਿਆਂ ਦੀ ਜਟਿਲਤਾ ਨੂੰ ਸੰਬੋਧਿਤ ਕਹਾਣੀਆਂ - 'ਕਬਰਾਂ ਵਿਚ ਉੱਗੇ ਫੁੱਲ'

ਰਾਜਪ੍ਰੀਤ ਕੌਰ ਬੈਨੀਪਾਲ
ਪੰਨੇ -140 ਮੁੱਲ- 230 ਰੁਪਏ
ਕੈਲੀਬਰ ਪਬਲੀਕੇਸ਼ਨ, ਪਟਿਆਲਾ

ਰਾਜਪ੍ਰੀਤ ਕੌਰ ਬੈਨੀਪਾਲ ਦਾ ਪਹਿਲਾ ਕਹਾਣੀ-ਸੰਗ੍ਰਹਿ 'ਖਮ੍ਹਣੀਆਂ ਵਾਲਾ ਪਿੱਪਲ' ਸੰਨ 2007 ਵਿਚ ਪ੍ਰਕਾਸ਼ਿਤ ਹੋਇਆ ਸੀ ਤੇ ਦੂਜਾ ਸੰਗ੍ਰਹਿ 'ਕਬਰਾਂ ਵਿਚ ਉੱਗੇ ਫੁੱਲ' ਸੰਨ 2025 ਵਿਚ ਛਪਿਆ ਹੈ। ਅਠਾਰਾਂ ਵਰ੍ਹਿਆਂ ਦਾ ਇਹ ਅੰਤਰਾਲ ਸਮਾਜਿਕ,




**ਨਿਰੰਜਣ ਬੋਹਾ**
**ਫੋਨ: 89682-82700**

ਸਭਿਆਚਾਰਕ, ਆਰਥਿਕ ਤੇ ਰਾਜਸੀ ਵਿਵਸਥਾਵਾਂ ਨੂੰ ਨੇੜਿਓਂ ਵੇਖਣ 'ਤੇ ਉਸਦੀ ਕਥਾ ਦ੍ਰਿਸ਼ਟੀ ਦੇ ਜਲੌਅ ਵਿਚ ਹੋਰ ਵਾਧਾ ਕਰਨ ਵਿਚ ਉਸ ਲਈ ਮੱਦਦਗਾਰ ਸਾਬਤ ਹੋਇਆ ਹੈ। ਇਸ ਕਹਾਣੀ-ਸੰਗ੍ਰਹਿ ਦੇ ਅਧਾਰ 'ਤੇ ਪੰਜਾਬੀ ਕਹਾਣੀ ਦੇ ਵਿਸ਼ਿਆਂ ਦੀ ਨਵੀਨਤਾ ਤੇ ਉਸਦੇ ਅਨੁਭਵ ਦੀ ਮੌਲਿਕਤਾ ਬਾਰੇ ਨਵੀਂ ਚਰਚਾ ਛੇੜੀ ਜਾ ਸਕਦੀ ਹੈ। ਸੰਗ੍ਰਹਿ ਵਿਚ ਸ਼ਾਮਿਲ ਕਹਾਣੀਆਂ ਦੇ ਪਾਤਰ ਸਮਾਜਿਕ ਰਿਸ਼ਤਿਆਂ ਦੇ ਜਟਿਲ ਤਾਣੇ-ਬਾਣੇ ਨੂੰ ਰੂਪਮਾਨ ਕਰਦੇ ਹੋਏ ਅੱਜ ਦੇ ਮਨੁੱਖ ਦੀਆਂ ਅਜਿਹੀਆਂ ਮਨੋ-ਸਮਾਜਿਕ ਸਮੱਸਿਆਵਾਂ ਦਾ ਬਿਰਤਾਂਤ ਸਿਰਜਦੇ ਹਨ ਜੋ ਪਾਠਕਾਂ ਨੂੰ ਨਵੀਆਂ ਵੀ ਲੱਗਦੀਆਂ ਹਨ ਤੇ ਯਥਾਰਥਕ ਵੀ। ਇਨ੍ਹਾਂ ਪਾਤਰਾਂ ਦੇ ਆਪਣੀ ਸਮਕਾਲੀ ਸਮਾਜਿਕ ਵਿਵਸਥਾ ਨਾਲ ਸਬੰਧ ਸਹਿਜ ਤੇ ਸੁਖਾਵੇਂ ਨਹੀਂ ਸਗੋਂ ਦਵੰਦਾਤਮਕ ਹਨ ਤੇ ਇਹ ਦਵੰਦ ਉਨ੍ਹਾਂ ਦੇ ਜੀਵਨ ਦੀ ਦਸ਼ਾ ਤੇ ਦਿਸ਼ਾ ਨੂੰ ਅਕਸਰ ਅਣ-ਕਿਆਸੇ ਮੋੜ ਦੇਣ ਵਿਚ ਸਫਲ ਹੋ ਜਾਂਦਾ ਹੈ। ਜੇ ਉਸਦੀ ਕਹਾਣੀ ਵਿਚ ਕੋਈ ਅਤੀਤ ਮੁਖੀ ਘਟਨਾ ਹੈ ਵੀ, ਤਾਂ ਉਸ ਨੇ ਇਸਨੂੰ ਵਰਤਮਾਨ ਸਮੇਂ ਦੀ ਪ੍ਰਸੰਗਿਕਤਾ ਵਿਚ ਨਵੇਂ ਅਰਥ ਪ੍ਰਦਾਨ ਕੀਤੇ ਹਨ।

ਸੰਗ੍ਰਹਿ ਦੀ ਪਹਿਲੀ ਕਹਾਣੀ 'ਸਰਗਮ ਵਿਹੂਣੇ ਹੋਏ ਸਾਜ਼' ਬੇ-ਸੁਰ ਹੋਈ ਜ਼ਿੰਦਗੀ ਨੂੰ ਫਿਰ ਤੋਂ ਸੁਰ ਵਿਚ ਕਰਨ ਦੀ ਯਤਨਸ਼ੀਲਤਾ ਨਾਲ ਜੁੜੀ ਹੋਈ ਹੈ। ਕਹਾਣੀ ਪਾਠਕੀ ਜ਼ਿਹਨ ਵਿਚ ਇਹ ਸੁਆਲ ਪੈਦਾ ਕਰਦੀ ਹੈ ਕਿ ਹੀਣਭਾਵਨਾ ਗ੍ਰਸਤ ਬੱਚੇ ਹਰਮਨ ਅਤੇ ਉਸਦਾ ਮਜ਼ਾਕ ਉਡਾਉਣ ਵਾਲਿਆਂ ਵਿਚੋਂ ਵੱਧ ਮਨੋਰੋਗੀ ਕੌਣ ਹੈ? ਕਹਾਣੀ ਪਾਠ ਵਿਚੋਂ ਪੈਦਾ ਹੋਇਆ ਇਹ ਸਵਾਲ ਬਹੁਤ ਤਿੱਖਾ ਹੈ ਕਿ ਬਚਪਨ ਤੋਂ ਹੀ ਸਰੀਰਕ ਕਮਜ਼ੋਰੀ ਦਾ ਸ਼ਿਕਾਰ ਹਰਮਨ ਦਾ 'ਹੱਡੀ' ਕਹਿ ਕੇ ਮਜ਼ਾਕ ਉਡਾਉਣ ਵਾਲੇ ਸਮਾਜਿਕ ਚੁਗਿਰਦੇ ਦੇ ਲੋਕਾਂ ਨੂੰ ਕਸੂਰਵਾਰ ਕਿਉਂ ਨਾ ਠਹਿਰਾਇਆ ਜਾਵੇ? ਕਹਾਣੀ ਦਾ ਪਾਠ ਕਰਦਿਆਂ ਇਸ ਮਾਮਲੇ ਵਿਚ ਉਸਦੇ ਮਾਪੇ ਵੀ ਕਸੂਰਵਾਰ ਸਾਬਤ ਹੁੰਦੇ ਹਨ, ਜਿਹੜੇ ਉਸਨੂੰ ਜ਼ਬਰਦਸਤੀ ਉਸ ਖੇਡ ਮੈਦਾਨ ਵਿਚ ਖੇਡਣ ਲਈ ਭੇਜਦੇ ਹਨ, ਜਿੱਥੇ ਸਿਰਫ਼ ਉਸਦਾ ਮਜ਼ਾਕ ਹੀ ਉਡਾਇਆ ਜਾਂਦਾ ਹੈ। ਮਾਪੇ ਉਸਦੀ ਮਨੋਦਸ਼ਾ ਦਾ ਅਧਿਐਨ ਕੀਤੇ ਬਿਨਾਂ ਉਸ 'ਤੇ ਪੜ੍ਹਾਈ ਦਾ ਬੋਝ ਪਾਉਣ ਲਈ ਵੀ ਦੋਸ਼ੀ ਸਾਬਤ ਹੁੰਦੇ ਹਨ। ਜਦੋਂ ਕਹਾਣੀ ਉਸ ਨਾਲ ਹਮਦਰਦੀ ਰੱਖਣ ਤੇ ਕੁਦਰਤ ਨਾਲ ਜੋੜਣ ਵਾਲੇ ਦਾਦੇ ਨੂੰ ਉਸਦੇ ਮਾਪਿਆਂ 'ਤੇ ਇਲਾਜ ਕਰ ਰਹੇ ਡਾਕਟਰ ਨਾਲੋਂ ਵੱਧ ਅਹਿਮੀਅਤ ਦਿੰਦੀ ਹੈ ਤਾਂ ਇਸ ਮਾਨਵੀ ਦਿਸ਼ਾ ਵਿਚ ਹੀ ਉਸਦੇ ਮਨੋਵਿਗਿਆਨਕ ਇਲਾਜ ਦੀਆਂ ਜੁਗਤਾਂ ਛੁਪੀਆਂ ਹਨ।

ਕਹਾਣੀ 'ਕਬਰਾਂ ਵਿਚੋ ਉੱਗੇ ਫੁੱਲ' ਦੇ ਸਿਰਲੇਖ ਵਿਚ ਮਨੁੱਖ ਦੀ ਸੰਘਰਸ਼ੀ ਸਮਰੱਥਾ ਦਾ ਸਨਮਾਨ ਵੀ ਸ਼ਾਮਿਲ ਹੈ। ਇਜ਼ਰਾਈਲ ਦੀਆਂ ਸਾਮਰਾਜੀ ਨੀਤੀਆਂ ਭਾਵੇਂ ਫਲਸਤੀਨ ਮੁਲਕ ਦੀ ਗਾਜ਼ਾ ਪੱਟੀ ਨੂੰ ਕਬਰਸਤਾਨ ਵਿਚ ਬਦਲ ਦਿੰਦੀਆਂ ਹਨ, ਫਿਰ ਵੀ ਕਬਰਾਂ ਵਿਚੋਂ ਜ਼ਿੰਦਗੀ ਦੇ ਫੁੱਲ ਉੱਗ ਹੀ ਪੈਂਦੇ ਹਨ। ਕਹਾਣੀ ਅਨੁਸਾਰ ਬਰੈਂਡ ਤੇ ਦੁੱਧ ਵੰਡਣ ਦਾ ਲਾਰਾ ਲਾਉਣ ਵਾਲੇ ਫੌਜੀ ਰੇਸ਼ਮਾਂ ਵਰਗੀਆਂ ਮਾਸੂਮ ਬਾਲੜੀਆਂ ਦੀ ਇੱਜ਼ਤ ਨਾਲ ਖਿਲਵਾੜ ਕਰਕੇ ਹੈਵਾਨ ਤਾਂ ਬਣ ਸਕਦੇ ਹਨ, ਪਰ ਉਨ੍ਹਾਂ ਅੰਦਰਲੀ ਹੋਰ ਜਿਉਣ ਦੀ ਸੰਘਰਸ਼ੀ ਲਾਲਸਾ ਨੂੰ ਖਤਮ ਨਹੀਂ ਕਰ ਸਕਦੇ। ਜੇ ਫੌਜੀਆਂ ਵੱਲੋਂ ਲਤਾੜੀ ਬਾਲੜੀ ਏਨਾ ਜ਼ੁਲਮ ਸਹਿ ਕੇ ਵੀ




ਆਖਦੀ ਹੈ, 'ਅੰਕਲ ਬਰੈਂਡ' ਤਾਂ ਇਹ ਦੋ ਸ਼ਬਦ ਹੀ ਮਨੁੱਖ ਦੇ ਜਿਉਂਦੇ ਰਹਿਣ ਦੀ ਲਾਲਸਾ ਦੀ ਇੰਤਹਾ ਨੂੰ ਉਭਾਰ ਜਾਂਦੇ ਹਨ।

ਕਹਾਣੀ 'ਸੱਚੀ ਫੁਲਕਾਰੀ' ਦਾ ਸਿਰਲੇਖ ਸਿਰਫ ਰੀਝਾਂ ਨਾਲ ਕੱਢੇ ਕਪੜੇ ਦਾ ਹੀ ਪ੍ਰਤੀਕ ਨਹੀਂ ਬਣਦਾ, ਸਗੋਂ ਰਿਸ਼ਤਿਆਂ ਦੀ ਗੁੰਮਦੀ ਜਾ ਰਹੀ ਉੱਚਤਾ ਤੇ ਸੁੱਚਤਾ ਦੀ ਤਰਜ਼ਮਾਨੀ ਵੀ ਕਰਦਾ ਹੈ। ਇਸ ਕਹਾਣੀ ਵਿਚ ਅਸਾਵੇਂ ਅਰਥਚਾਰੇ ਵੱਲੋਂ ਮਾਪਿਆਂ ਤੇ ਔਲਾਦ ਵਿਚ ਪੈਦਾ ਕੀਤੀਆਂ ਦੂਰੀਆਂ ਦੀਆਂ ਦੋ ਕਹਾਣੀਆਂ ਸਮਾਂਤਰ ਤੁਰਦੀਆਂ ਹਨ। ਤੀਜਾ ਦਰਜਾ ਨੌਕਰੀ ਕਰਨ ਵਾਲੇ ਮੱਧਵਰਗੀ ਮੁਲਾਜ਼ਮ ਨੂੰ ਗਿਲਾ ਹੈ ਕਿ ਉਸਦੇ ਮਾਪਿਆਂ ਨੇ ਉਸਨੂੰ ਸ਼ਹਿਰ ਵਿਚ ਮਕਾਨ ਉਸਾਰਣ ਲਈ ਪਲਾਟ ਤਾਂ ਲੈ ਦਿੱਤਾ ਹੈ ਪਰ ਮਕਾਨ ਦੀ ਉਸਾਰੀ ਵਿਚ ਕੋਈ ਮੱਦਦ ਨਹੀਂ ਕੀਤੀ। ਮਾਪਿਆਂ ਦੀ ਆਰਥਿਕ ਹੈਸੀਅਤ ਨੂੰ ਨਜ਼ਰ-ਅੰਦਾਜ਼ ਕਰਕੇ ਉਹ ਆਪ ਹੀ ਦੂਰੀ ਸਿਰਜ ਲੈਂਦਾ ਹੈ। ਕਹਾਣੀ ਦੇ ਅਗਲੇ ਮੋੜ 'ਤੇ ਉਸਦਾ ਵਾਹ ਰੇਲਵੇ ਪੁਲ ਪਾਰ ਕਰਨ ਲਈ ਸਹਾਇਤਾ ਮੰਗ ਰਹੀ ਇੱਕ ਬਜ਼ੁਰਗ ਔਰਤ ਨਾਲ ਪੈਂਦਾ ਹੈ, ਜਿਸ ਦੀ ਧੀ ਦੀ ਇੱਜ਼ਤ ਲੁੱਟਣ ਵਾਲੇ ਹੈਵਾਨਾਂ ਵੱਲੋਂ ਉਸਨੂੰ ਜਬਰੀ ਦਿੱਲੀ ਭੇਜ ਦਿੱਤਾ ਗਿਆ। ਦਰਦ ਦੀ ਇਹ ਸਾਂਝ ਉਸਨੂੰ ਉਸ ਬਜ਼ੁਰਗ ਔਰਤ ਵਿਚੋਂ ਆਪਣੀ ਮਾਂ ਦੀ ਸ਼ਕਲ ਵੇਖਣ ਲਾਉਂਦੀ ਹੈ, ਤਾਂ ਉਸਦੇ ਪੈਰ ਆਪਣੇ-ਆਪ ਮਾਂ ਦੇ ਦਰ ਵੱਲ ਮੁੜ ਜਾਂਦੇ ਹਨ। ਰਿਸ਼ਤਿਆਂ ਦੇ ਟੁੱਟਣ ਤੇ ਤਿੜਕਣ ਨੂੰ ਰੂਪਮਾਨ ਕਰਨ ਵਾਲੀਆਂ ਕਹਾਣੀਆਂ ਦੀ ਤਾਂ ਪੰਜਾਬੀ ਸਾਹਿਤ ਵਿਚ ਬਹੁਤਾਤ ਹੈ ਪਰ ਟੁੱਟੇ ਰਿਸ਼ਤਿਆਂ ਨੂੰ ਜੋੜਣ ਵਾਲੀਆਂ ਇਸ ਤਰ੍ਹਾਂ ਦੀਆਂ ਕਹਾਣੀਆਂ ਅਜੇ ਘੱਟ-ਗਿਣਤੀ ਵਿਚ ਹੀ ਹਨ।

ਕਹਾਣੀ 'ਚੀਕਣੀ ਮਿੱਟੀ ਦਾ ਰਿਸ਼ਤਾ' ਸਮਾਜਿਕ ਰਿਸ਼ਤਿਆਂ ਨੂੰ ਚੀਕਣੀ ਮਿੱਟੀ ਦੀ ਤਸੀਰ ਨਾਲ ਤੁਲਨਾਉਂਦੀ ਹੈ, ਤਾਂ ਵਧੇਰੇ ਰਿਸ਼ਤੇ ਚੀਕਣੀ ਮਿੱਟੀ ਵਾਂਗ ਹੀ ਤਿਲਕਵੇਂ ਸਾਬਤ ਹੁੰਦੇ ਹਨ। ਜਦੋਂ ਕਹਾਣੀ ਦੀ ਬਾਲ ਪਾਤਰ ਰਾਣੀ ਨੂੰ ਆਪਣੀ ਮਾਂ ਦੀ ਮੌਤ ਤੋਂ ਬਾਅਦ ਆਪਣੇ ਛੋਟੇ ਭੈਣ ਤੇ ਭਰਾ ਨੂੰ ਪਾਲਣ ਦੀ ਜ਼ਿੰਮੇਵਾਰੀ ਸੰਭਾਲਣੀ ਪੈਂਦੀ ਹੈ ਤਾਂ ਉਸਨੂੰ ਰਿਸ਼ਤਿਆਂ ਦੀ ਵਿਗੜੀ ਦਿਸ਼ਾ ਬਾਰੇ ਵੀ ਨਵੇਂ ਅਹਿਸਾਸ ਹੋਣ ਲੱਗਦੇ ਹਨ। ਪਹਿਲਾਂ ਨੰਬਰਦਾਰਾਂ ਦਾ ਪਰਿਵਾਰ ਬਚੀ-ਖੁਚੀ ਰੋਟੀ ਦੇ ਕੇ ਉਸ ਤੋਂ ਸਾਰਾ ਦਿਨ ਘਰ ਦਾ ਕੰਮ ਕਰਵਾਉਂਦਾ ਹੈ ਤੇ ਫਿਰ ਉਸਦੀ ਤਾਈ ਵੀ ਰਿਸ਼ਤੇ ਦੀ ਆੜ ਵਿਚ ਉਸਨੂੰ ਨੌਕਰ ਬਣਾ ਕੇ ਰੱਖਣ ਦੀ ਕੋਸ਼ਿਸ਼ ਹੀ ਕਰਦੀ ਹੈ। ਜਦੋਂ ਤਾਈ ਆਪਣੀ ਪੋਤੀ ਨੂੰ ਖੇਡਣ ਦਾ ਕੰਮ ਉਸਦੀ ਚਾਚੇ ਦੀ ਧੀ ਸੱਬੋ ਨੂੰ ਸੌਂਪ ਕੇ ਉਸਨੂੰ ਘਰ ਦੇ ਕੰਮਾਂ 'ਤੇ ਲਾਉਂਦੀ ਹੈ ਤਾਂ ਉਹ ਸੱਬੋ ਨਾਲ ਵੀ ਪੇਸ਼ਾਵਰ ਈਰਖਾ ਰੱਖਣ ਲੱਗ ਪੈਂਦੀ ਹੈ। ਉਸ ਅੰਦਰਲੀਆਂ ਸੰਘਰਸ਼ੀ ਬਿਰਤੀਆਂ ਦੀ ਜਿੱਤ ਉਸ ਵੇਲੇ ਹੁੰਦੀ ਹੈ, ਜਦੋਂ ਤਾਈ ਦੀ ਪੋਤੀ ਖੇਡ ਸਾਥੀ ਵਜੋਂ ਸੱਬੋ ਦੀ ਬਜਾਏ ਉਸਦੀ ਚੋਣ ਕਰਦੀ ਹੈ। ਉਸ ਦੇ ਇਨ੍ਹਾਂ ਸ਼ਬਦਾਂ 'ਵੇਖ ਗੁੜੀਆ! ਮੈਂ ਤੇਰੇ ਲਈ ਕਿੰਨੀ ਸਾਰੀ ਚੀਕਣੀ ਮਿੱਟੀ ਲਿਆਂਦੀ' ਵਿਚ ਰਿਸ਼ਤਿਆਂ ਨੂੰ ਚੀਕਣੀ ਮਿੱਟੀ ਦੇ ਖਿਡੌਣੇ ਵਾਂਗ ਨਵਾਂ ਰੂਪ ਦੇ ਕੇ ਆਪਣੇ ਪੱਖ ਵਿਚ ਕਰਨ ਦਾ ਮਨੋਵਿਗਿਆਨ ਵੀ ਛੁਪਿਆ ਹੈ।'

ਕਹਾਣੀ 'ਫੁੱਟਪਾਥ ਦੇ ਬਸ਼ਿੰਦੇ' ਪੰਜਾਬ ਵਿਚ ਰੁਜ਼ਗਾਰ ਲਈ ਆਉਣ ਵਾਲੇ ਉੱਤਰ ਪ੍ਰਦੇਸ਼ ਤੇ ਬਿਹਾਰ ਦੇ ਨੌਜਵਾਨਾਂ ਅਤੇ ਪੰਜਾਬ ਤੋਂ ਰੁਜ਼ਗਾਰ ਲਈ ਵਿਦੇਸ਼ ਜਾਣ ਵਾਲੇ ਪੰਜਾਬੀ ਨੌਜਵਾਨਾਂ ਦੀਆਂ ਮਾਵਾਂ ਦੇ ਦਰਦ ਨੂੰ ਨਿਰੋਲ ਮਾਨਵਤਾਵਾਦੀ ਨਜ਼ਰ ਤੋਂ ਵੇਖਦੀ ਹੈ। ਜੇ ਰੁਜ਼ਗਾਰ ਲਈ ਵਿਦੇਸ਼ ਗਿਆ ਪੁੱਤਰ ਚੰਨਪ੍ਰੀਤ ਉੱਥੋਂ ਦੇ ਫੁੱਟਪਾਥਾਂ 'ਤੇ ਰੁਲ ਰਿਹਾ ਨਾ ਹੁੰਦਾ ਤਾਂ ਉਸਦੀ ਮਾਂ ਵੀ ਉੱਤਰ ਪ੍ਰਦੇਸ਼ ਦੇ ਨੌਜਵਾਨ ਮਜ਼ਦੂਰ ਗੋਲੂ ਵਿਚੋਂ ਆਪਣੇ ਪੁੱਤਰ ਦੀ ਸ਼ਕਲ ਨਹੀਂ ਸੀ ਵੇਖ ਸਕਦੀ। ਇਹ ਕਹਾਣੀ ਦੂਜੇ ਸੂਬਿਆਂ ਤੋਂ ਰੁਜ਼ਗਾਰ ਲਈ ਪੰਜਾਬ ਆਉਣ ਵਾਲੇ ਮਜ਼ਦੂਰਾਂ ਨੂੰ ਨਫ਼ਰਤ ਦੀ ਨਜ਼ਰ ਦਾ ਪ੍ਰਤੀਉੱਤਰ ਮਾਨਵੀ ਦ੍ਰਿਸ਼ਟੀ ਵਾਲੀ ਨਜ਼ਰ ਨਾਲ ਦਿੰਦੀ ਹੈ ਤਾਂ ਪੰਜਾਬੀ ਵਿਚਲੀ ਭਾਈਚਾਰਕ ਸਾਂਝ ਦੀ ਭਾਵਨਾ ਹੋਰ ਮਜ਼ਬੂਤ ਹੁੰਦੀ ਹੈ।

ਕਹਾਣੀ 'ਸੋਨੇ ਦੀਆਂ ਬੇੜੀਆਂ' ਇਸ ਭਰਮ ਨੂੰ ਬੇ-ਕਿਰਕੀ ਨਾਲ ਤੋੜਦੀ ਹੈ ਕਿ ਪੈਸਾ ਤੇ ਪਦਾਰਥਕ ਸਹੂਲਤਾਂ ਮਨੁੱਖੀ ਸੁੱਖ ਦੇ ਸਭ ਤੋਂ ਅਹਿਮ ਸਾਧਨ ਹਨ। ਕਹਾਣੀ ਅਨੁਸਾਰ ਇਹ ਮਨੁੱਖੀ ਜੀਵਨ ਦੀ ਲੋੜ ਤਾਂ ਹਨ ਪਰ ਇਨ੍ਹਾਂ ਦੀ ਬਹੁਤਾਤ ਜ਼ਿੰਦਗੀ ਕੋਲੋਂ ਸਦੀਵੀ ਸੁੱਖ ਤੇ ਕੁਦਰਤੀ ਅਜ਼ਾਦੀ ਦੇ ਅਹਿਸਾਸ ਖੋਹ ਲੈਂਦੀ ਹੈ। ਕਹਾਣੀ ਦੀ ਪਾਤਰ ਗੋਲਡੀ ਭਾਵੇਂ ਮੱਧ ਵਰਗੀ ਮਾਪਿਆਂ ਦੀ ਧੀ ਹੈ ਪਰ ਜਦੋਂ ਤੱਕ ਉਹ ਗਿੱਧੇ ਦੀ ਰਾਣੀ ਬਣੀ ਰਹਿੰਦੀ ਹੈ ਤੇ ਆਪਣੀ ਜ਼ਿੰਦਗੀ ਨੂੰ ਕੁਦਰਤੀ ਮੌਜ ਮਸਤੀ ਅਨੁਸਾਰ ਜਿਉਂਦੀ ਹੈ, ਉਦੋਂ ਤੱਕ ਉਸ ਨੂੰ ਮਾਨਸਿਕ ਸੁੱਖ ਵੀ ਅਸੀਮ ਰੂਪ ਵਿਚ

*(ਬਾਕੀ ਅਗਲੇ ਸਫੇ 'ਤੇ)*

# 'ਖਾਈਏ ਤਾਂ ਆਖਿਰ ਕੀ ਖਾਈਏ'

## ਵਿਅੰਗ

ਅੱਜ-ਕੱਲ੍ਹ ਅਸੀਂ ਕਿਸੇ ਖਾਣ ਵਾਲੀ ਚੀਜ਼ ਨੂੰ ਹੱਥ ਵੀ ਲਾਉਂਦੇ ਹਾਂ ਤਾਂ ਉਸ ਤੋਂ ਸੌ ਹੱਥ ਦੂਰ ਰਹਿਣ ਦੀ ਹਦਾਇਤ ਕੀਤੀ ਜਾਂਦੀ ਹੈ। ਲੂਣੀ ਸ਼ੈਅ ਅਸੀਂ ਖਾ ਨਹੀਂ ਸਕਦੇ, ਕਿਉਂਕਿ ਪਿਛਲੇ 45 ਸਾਲ ਤੋਂ ਬਲੱਡ ਪਰੈਸ਼ਰ (ਬੀ.ਪੀ.) ਹੈ। ਡਾਕਟਰ ਕਹਿੰਦੇ ਹਨ ਕਿ ਬੀ.ਪੀ. ਵਾਲੇ ਨੂੰ ਲੂਣ ਤੋਂ ਇਸ ਤਰ੍ਹਾਂ ਦੂਰ ਰਹਿਣਾ ਚਾਹੀਦੈ, ਜਿਵੇਂ ਗੋਕਾ ਪਸ਼ੂ ਪਾਣੀ ਤੋਂ ਦੂਰ ਰਹਿੰਦੈ। ਅਸੀਂ ਬਥੇਰਾ ਆਪਣੇ ਡਾਕਟਰ ਨੂੰ ਸਮਝਾਉਂਦੇ ਹਾਂ ਕਿ ਅਸੀਂ ਗੋਕਾ ਸ਼੍ਰੇਣੀ 'ਚ ਨਹੀਂ ਆਉਂਦੇ, ਸਗੋਂ ਮਹਿਰੂ ਸ਼੍ਰੇਣੀ 'ਚ ਆਉਂਦੇ ਹਾਂ ਅਤੇ ਪਾਣੀ ਵਿਚ ਵੜਨਾ, ਲੇਟਣਾ ਅਤੇ ਝੋਟੇ/ਮਹੇਂ ਵਾਂਗ ਸਪਾਟ ਪਏ ਰਹਿਣਾ ਸਾਡਾ ਜਨਮ-ਸਿੱਧ ਅਧਿਕਾਰ ਹੈ। ਪਰ ਡਾਕਟਰ ਵਧੇਰੇ ਹੀ ਸ਼ਹਿਰੀ ਹੈ ਤੇ ਉਸ ਨੂੰ ਗੋਕਾ-ਮਹਿਰੂ ਸ਼੍ਰੇਣੀ ਬਾਰੇ ਓਨੀਂ ਕੁ ਹੀ ਸਮਝ ਹੈ, ਜਿੰਨੀ ਕੁ ਗੰਨਾ ਚੂਪਣ ਅਤੇ ਖਾਣ ਦੇ ਫਰਕ ਜਾਨਣ ਵਿਚ ਹੈ (ਖੈਰ ਮਸ਼ੀਨੀ ਖੇਤੀ ਦੇ ਯੁਗ ਵਿਚ




**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: +91 98766-55055**


ਹੁਣ ਤਾਂ ਬਹੁਤੇ ਪੇਂਡੂ ਭਰਾਵਾਂ ਅਤੇ ਭੈਣਾਂ ਨੂੰ ਵੀ ਘੱਟ-ਵੱਧ ਹੀ ਪਤਾ ਹੋਣੈ ਕਿ ਇਹ ਕਿਸ ਬਲਾ ਜਾਂ ਬਲਾਵਾਂ ਦਾ ਨਾਮ ਹੈ?)

ਸੋ ਸਾਨੂੰ ਤਾਂ ਹੁਣ ਲੂਣ ਦੀ ਸ਼ਕਲ ਹੀ ਭੁੱਲ ਗਈ ਹੈ। ਸੁਣਿਐ ਕਿ ਇਹ ਚਿੱਟਾ ਜਿਹਾ ਹੁੰਦੈ ਪਰ 'ਚਿੱਟੇ' ਦਾ ਨਾਮ ਸੁਣ ਕੇ ਸਾਨੂੰ ਓਦਾਂ ਈ ਕਾਂਬਾ ਛਿੜ ਜਾਂਦੈ, ਜਿਦਾਂ 'ਚਿੱਟਾ' ਨਾ ਮਿਲਣ 'ਤੇ ਇਸ ਦੇ ਆਦੀ ਨਸ਼ੇੜੀਆਂ ਨੂੰ ਛਿੜਦੈ। ਸਾਨੂੰ ਤਾਂ ਹੁਣ ਕੋਈ ਨਮਕ ਜਾਂ ਲੂਣ ਹਰਾਮੀ ਵੀ ਨਹੀਂ ਕਹਿ ਸਕਦਾ, ਕਿਉਂਕਿ ਅਸੀਂ ਲੂਣ ਖਾਂਦੇ ਈ ਨਹੀਂ! (ਅੱਜ-ਕੱਲ੍ਹ ਤਾਂ ਕੋਈ ਇਹ ਵੀ ਚੈਲੇਂਜ ਨਹੀਂ ਕਰ ਸਕਦਾ ਕਿ ਜੇ ਮਾਂ ਦਾ ਦੁੱਧ ਪੀਤਾ ਤਾਂ ਬਾਹਰ ਨਿਕਲ ਕਿਉਂਕਿ ਸਭ ਬੋਤਲ ਦਾ ਈ ਦੁੱਧ ਪੀਂਦੇ ਹਨ)। ਬਸ ਹੁਣ ਤਾਂ ਅਸੀਂ 1973 ਦੀ ਫਿਲਮ 'ਨਮਕ ਹਰਾਮ' ਦੇਖ ਹੀ ਸਾਰ ਲੈਂਦੇ ਹਾਂ। ਅਸੀਂ ਤਾਂ ਇਹ ਲੋਕ-ਸਤਰ ਵਰਤਣੋਂ ਵੀ ਗਏ ਕਿ-'ਮਿੱਤਰਾਂ ਦੀ ਲੂਣ ਦੀ ਡਲੀ ਤੂੰ ਮਿਸ਼ਰੀ ਬਰੋਬਰ ਜਾਣੀ!' ਸਾਨੂੰ 'ਆਟੇ 'ਚ ਲੂਣ ਬਰਾਬਰ' ਮੁਹਾਵਰੇ ਦਾ ਅਰਥ ਭੁੱਲਿਆਂ ਦਹਾਕੇ ਹੋ ਗਏ ਹਨ।

ਹੁਣ ਤਾਂ ਮਿਸ਼ਰੀ ਵੀ ਮੂੰਹ ਮੋੜ ਗਈ ਹੈ ਜਾਂ ਇਉਂ ਕਹਿ ਲਉ ਸਾਨੂੰ ਉਸ ਤੋਂ ਮੂੰਹ ਮੋੜਨਾ ਪਿਐ। ਪਤਾ ਨਹੀਂ ਕਿਥੋਂ ਆਹ ਨਾਮੁਰਾਦ 'ਮਿੱਠੀ' ਬੀਮਾਰੀ ਆ ਚੰਬੜੀ ਕਿ ਮਿੱਠਾ ਖਾਣੋਂ ਈ ਜਾਂਦੇ ਰਹੇ। ਬਾਜ਼ਾਰ ਵਿਚੋਂ ਲੰਘਦੇ ਹਾਂ ਤਾਂ ਵਲੀ ਸਾਰੀ ਕੜਾਹੀ 'ਚ ਤਾਜ਼ਾ-ਤਾਜ਼ਾ ਤਲੀਆਂ ਜਾ ਰਹੀਆਂ ਜਲੇਬੀਆਂ ਸਾਨੂੰ ਇਉਂ ਸੈਨਤਾਂ ਮਾਰਦੀਆਂ ਹਨ ਜਿਵੇਂ ਪੁਰਾਣੇ ਵੇਲਿਆਂ ਵੇਲੇ ਘਰਦਿਆਂ ਤੋਂ ਡਰਦੇ ਅਸੀਂ ਆਪਣੀ ਸਹੇਲੀ ਨੂੰ ਸੈਨਤਾਂ ਮਾਰਿਆ ਕਰਦੇ ਸਾਂ। ਹੁਣ ਤਾਂ ਭਲਾ ਘਰ ਦੇ ਡਰਦੇ ਹਨ ਨਿਆਣਿਆਂ ਤੋਂ ਅਤੇ ਪਤਾ ਹੀ ਉਦੋਂ ਲਗਦੈ ਜਦੋਂ ਸਹੇਲਾ/ਸਹੇਲੀ ਲਾੜ੍ਹਾ-ਲਾੜ੍ਹੀ ਬਣ ਘਰ 'ਚ ਆ ਧਮਕਦੇ ਹਨ। ਝੱਟ ਮੰਗਣੀ ਫੱਟ ਵਿਆਹ! (ਵਿਆਹ ਵੀ ਨਹੀਂ ਰਹਿਣਾ,'ਲਿਵ-ਇਨ' ਈ ਹੋਈ ਜਾ ਰਿਹੈ)

ਗੋਲ-ਗੋਲ ਅਤੇ ਮਹਿਕਦਾਰ ਤਾਜ਼ਾ ਜਲੇਬੀ ਸਾਨੂੰ ਆਪਣਾ ਮੂੰਹ ਵਿੰਗਾ ਟੇਡਾ ਬਣਾ ਕੇ ਚਿੜਾਉਂਦੀ ਰਹਿੰਦੀ ਐ ਕਿ ਸਾਡੀ ਹੁਣ ਐਨੀ ਵੀ ਔਕਾਤ ਨਹੀਂ ਕਿ ਅਸੀਂ ਉਸ ਨੂੰ ਖਾ ਸਕੀਏ। ਵੰਨ-ਸਵੰਨੀਆਂ ਮਠਿਆਈਆਂ ਵਲ ਸਧਰਾਈਆਂ ਨਜ਼ਰਾਂ ਨਾਲ ਦੇਖ ਕੇ ਅੱਗੇ ਲੰਘ ਜਾਈਦੈ। ਘਰ ਕੋਈ ਬਰਫੀ ਦਾ ਡੱਬਾ ਆ ਜਾਏ ਤਾਂ ਸਾਡੀ ਜਾਨ ਦੀ ਦੁਸ਼ਮਣ, ਨਹੀਂ ਸੱਚ ਸਾਡੀ ਜਾਨੂੰ, ਸਾਡੀ ਸ਼ੋਨਾ, ਸਾਡੀ ਬੇਬੀ ਜਾਣੀ ਮੇਰੀ ਅੱਤ-ਪਿਆਰੀ ਪਤਨੀ ਡੱਬਾ ਲੁਕਾ ਦਿੰਦੀ ਹੈ ਜਾਂ ਡੱਬਾ ਕਿਸੇ ਨੂੰ ਦੇ ਦਿੰਦੀ ਹੈ। 'ਵੰਡ ਖਾਈਏ ਖੰਡ ਖਾਈਏ, ਅੰਡ ਖਾਈਏ ਹੱਡ ਖਾਈਏ' ਅਖਾਣ ਦੀ ਮਹਾਨਤਾ ਵੀ ਭੁੱਲਦੀ ਜਾ ਰਹੀ ਹੈ ਕਿਉਂਕਿ ਖੰਡ ਖਾਣੀ ਵੀ ਡਾਕਟਰ ਨੇ ਮਨ੍ਹਾਂ ਕੀਤੀ ਹੈ।

***ਸਾਰੇ 'ਫੂਡੀਆਂ' ਦਾ ਠੂਸ-ਠੂਸ ਕੇ ਖਾਣਾ ਮੌਲਿਕ ਅਧਿਕਾਰ ਹੈ। ਇਸ ਨੂੰ ਕੋਈ ਸਾਥੋਂ ਖੋਹ ਨਹੀਂ ਸਕਦਾ। ਅਸੀਂ ਇਕ ਫੂਡੀਆਂ ਦਾ ਫਰੰਟ ਬਣਾ ਰਹੇ ਹਾਂ ਜਿਸ ਦਾ ਲੋਕ-ਹਿਤੈਸ਼ੀ ਨਾਹਰਾ ਹੋਏਗਾ-'ਠੂਸ-ਠੂਸ ਕੇ ਖਾਂਵਾਂਗੇ, ਠਾਠ ਨਾਲ' ਮੱਟ ਵਧਾਵਾਂਗੇ!' ਇਹ ਫਰੰਟ ਪ੍ਰਾਚੀਨ ਯੂਨਾਨ ਦੇ ਦਾਰਸ਼ਨਿਕ 'ਐਪੀਕਿਉਰਸ'(341-270 ਬੀ.ਸੀ.) ਦੇ ਸਿਧਾਂਤ 'ਖਾਓ-ਪੀਓ, ਕਰੋ ਅਨੰਦ' ਦਾ ਧਾਰਨੀ ਹੋਵੇਗਾ।***

ਭਲਾ ਉਹ ਕਿਹੋ ਜਿਹੇ ਭਲੇ ਵੇਲੇ ਸਨ ਕਿ ਵੇਲਣੇ 'ਤੇ ਗੁੜ ਕਢਣ ਵੇਲੇ ਹੀ ਰੋਜ਼ ਅੱਧਾ-ਪੌਣਾ ਕਿਲੋ ਗੁੜ-ਸ਼ੱਕਰ ਖਾ ਜਾਈਦਾ ਸੀ। ਉਦੋਂ ਗੁੜ ਵਿਚ ਰੰਬਾ (ਮੌਜਾਂ) ਹੁੰਦਾ ਸੀ, ਪਰ ਹੁਣ ਤਾਂ ਸਾਰਾ ਗੁੜ ਗੋਬਰ ਹੋ ਗਿਐ। ਗੰਨੇ ਤਾਂ ਐਨੇ ਚੂਪੀਦੇ ਸਨ ਕਿ ਮੂੰਹ ਛਿੱਲਿਆ ਜਾਂਦਾ ਸੀ ਚੁਪ-ਚੁਪ। ਆਹ ਬੀ.ਪੀ.-ਸ਼ੀ.ਪੀ. ਜਾਂ ਸ਼ੂਗਰ-ਵੂਗਰ ਦਾ ਤਾਂ ਨਾਮ ਵੀ ਨਹੀਂ ਸੀ ਸੁਣਿਆ ਕਦੀ। ਪਤਾ ਨਹੀਂ ਪਤਾ ਈ ਨਹੀਂ ਸੀ ਲਗਦਾ ਇਨ੍ਹਾਂ ਬੀਮਾਰੀਆਂ ਦਾ ਜਾਂ ਉਦੋਂ ਹੁੰਦੀਆਂ ਈ ਨਹੀਂ ਸਨ। ਜਾਂ ਸ਼ਾਇਦ ਉਦੋਂ ਪਿੰਡਾਂ ਵਿਚ ਡਾਕਟਰ ਨਹੀਂ ਸਨ ਹੁੰਦੇ। ਪਿੰਡ ਤਾਂ ਪਿੰਡ, ਸਾਡੇ ਤਾਂ ਸ਼ਹਿਰ ਵਿਚ ਵੀ ਉਦੋਂ 3-4 ਡਾਕਟਰ ਹੀ ਸਨ। ਹੁਣ ਸੁਖ ਨਾਲ ਸੈਂਕੜੇ ਹਨ।

ਹੁਣ ਵੀ ਕਿਧਰੇ ਗੁੜ ਦੀ ਪੱਕ ਰਹੀ ਪੱਤ ਦੀ ਮਹਿਕ ਆ ਜਾਏ ਤਾਂ ਸਾਡਾ ਦਿਲ ਕਰਦੈ ਕਿ ਕੜਾਹੇ ਵਿਚ ਹੀ ਛਾਲ ਮਾਰ ਦਈਏ ਅਤੇ ਗੰਡ ਵਿਚ ਤਾਜ਼ਾ ਬਣਿਆਂ ਗੁੜ ਜਾਣ ਤੋਂ ਪਹਿਲਾਂ ਹੀ ਛਕ ਜਾਈਏ! ਪਰ ਤੱਤਾ-ਤੱਤਾ ਗੁੜ ਖਾਣ ਦਾ ਸਵਰਗੀ ਹੁਲਾਰਾ ਹੁਣ ਨਹੀਂ ਨਸੀਬ ਹੁੰਦਾ। ਨਾ ਹੀ 'ਜਿੰਨਾ ਗੁੜ ਪਾਉ ਓਨਾਂ ਹੀ ਮਿੱਠਾ ਹੋਊ', 'ਤੇਰੇ ਮੂੰਹ ਵਿਚ ਘੀ-ਸ਼ੱਕਰ','ਖੰਡ-ਖੀਰ ਹੋਣਾ' ਵਰਗੇ ਮੁਹਾਵਰੇ ਈ ਕੋਈ ਮਹੱਤਵ ਰਖਦੇ ਹਨ ਸਾਡੇ ਲਈ।

ਸ਼ੱਕਰ ਤਾਂ ਸ਼ੱਕਰ ਰੋਗ ਖਾ ਗਿਆ, ਘੀ/ਘਿਉ ਵੀ ਜਾਂਦਾ ਰਿਹਾ। ਡਾਕਟਰ ਘਿਉ ਖਾਣੋਂ ਮਨ੍ਹਾਂ ਕਰਦੇ ਹਨ, ਅਖੇ ਚਿਕਨਾਈ ਨਾਲ ਧਮਣੀਆਂ 'ਚ ਨੁਕਸ ਪੈ ਜਾਂਦੈ, ਕੁਲੈਸਟਰੋਲ ਵਧ ਜਾਂਦੈ ਅਤੇ ਪਤਾ ਨਹੀਂ ਹੋਰ ਕੀ ਕੀ ਘਟ-ਵਧ ਜਾਂਦੈ। ਦੁੱਧ ਵੀ ਕਹਿੰਦੇ ਹਨ ਮਲਾਈ ਲਾਹ ਕੇ ਪੀਉ। ਭਲਾ ਮਲਾਈ ਤੋਂ ਬਿਨਾਂ ਦੁੱਧ ਸੁਆਹ ਦਾ ਦੁੱਧ ਹੋਊ? ਕਯਾ ਸਨ ਉਹ ਜ਼ਮਾਨੇ ਜਦ ਤੜਕੇ-ਤੜਕੇ ਦੁੱਧ ਰਿੜਕ ਰਹੀ ਮਾਂ ਕੋਲ ਬਹਿ ਕੇ ਅਧਰਿੜਕਾ ਪੀਵੀ ਦਾ ਸੀ (ਸੁਣਿਐ ਕਦੀ ਅਧਰਿੜਕਾ?), ਬਹੀ ਰੋਟੀ ਉਪਰ ਧੜੀ ਪੱਕਾ ਮੱਖਣ ਦਾ ਪੇੜਾ ਰਖ ਕੇ ਅੰਬ ਦੇ ਅਚਾਰ ਨਾਲ ਰੋਟੀ ਖਾਈਦੀ ਸੀ, ਕਈ ਵਾਰ ਲੂਣ ਹੀ ਪਾ ਲਈਦਾ ਸੀ। ਮਲਾਈਦਾਰ ਦਹੀਂ ਖਾਈਦਾ ਸੀ, ਜਿਸ ਦੀ ਹੁਣ ਮਨਾਹੀ ਹੈ, ਜਾਣੀ ਉਹ ਮਾਂ ਵਾਕਿਆ ਈ ਮਰ ਗਈ ਹੈ ਜੋ ਦਹੀਂ ਨਾਲ ਟੁੱਕ ਦਿੰਦੀ ਸੀ! ਹੁਣ ਤਾਂ ਅਸੀਂ ਇਹ ਕਹਿਣੋਂ ਵੀ ਗਏ ਕਿ ਮਾਂ ਮਰੇ ਭੁਖਾਵਲੇ ਧੀ ਦਾ ਨਾਂ ਦਹੀਂ!

ਰਾਤ ਨੂੰ ਸੌਣ ਤੋਂ ਪਹਿਲਾਂ ਇਕ ਫੁੱਟ ਲੰਮਾ ਕੜੇ ਵਾਲਾ ਗਲਾਸ ਭਰ ਕੇ ਦੁੱਧ ਪੀਂਦੇ ਸਾਂ। ਸਾਡੇ ਲਈ ਤਾਂ ਹੁਣ 'ਘਿਉ ਖਿਚੜੀ' ਅਤੇ 'ਘਿਉ ਸ਼ੱਕਰ ਹੋਣ' ਦੇ ਮੁਹਾਵਰੇ ਵੀ ਮਾਇਨਾਹੀਣ ਹੋ ਗਏ ਹਨ।

ਚੋਪੜੀ ਰੋਟੀ ਵੀ ਮਨ੍ਹਾ ਹੈ। ਸੁੱਕੀ ਰੋਟੀ ਖਾਣ ਵੇਲੇ ਸ਼ੇਖ ਫਰੀਦ ਯਾਦ ਆ ਜਾਂਦਾ-'ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥ ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ॥' ਅਤੇ ਨਾਲ ਹੀ ਉਸ ਦੀ ਨਸੀਹਤ ਚੇਤੇ ਆ ਜਾਂਦੀ ਐ-'ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ॥ ਫਰੀਦਾ ਦੇਖਿ ਪਰਾਈ ਚੋਪੜੀ ਨਾਂ ਤਰਸਾਏ ਜੀਉ॥'

ਹਾਂ, ਅਸੀਂ ਆਪਣੀ ਡਾਰਲਿੰਗ ਨੂੰ ਅਜੇ ਵੀ ਹਨੀ, ਸਵੀਟ-ਹਾਰਟ, ਖੰਡ-ਮਿਸ਼ਰੀ, ਮੇਰੀ ਮਿੱਠੋ ਕਹਿੰਦੇ ਹਾਂ ਪਰ ਐਨੀਂ ਚਮਚੀ ਮਾਰਨ ਉਪਰੰਤ ਵੀ ਸਾਨੂੰ ਚਾਹ ਵਿਚ ਇਕ ਚਮਚਾ ਵੀ ਖੰਡ ਪਾਉਣ ਦੀ ਆਗਿਆ ਨਹੀਂ ਹੈ।

ਰੈਡ ਮੀਟ ਦੀ ਦੁਕਾਨ ਦੇ ਤਾਂ ਲਾਗਿਓਂ ਵੀ ਨਹੀਂ ਲੰਘ ਸਕਦੇ। ਇਹ ਹੁਕਮ ਮੇਰੀ 'ਬਿਹਤਰ/ ਬਦਤਰ-ਅੱਧ' ਨੇ ਸਾਦਰ ਕੀਤੈ। 'ਮਹੱਮਹੀਮ' ਮੁਹਤਰਮਾ ਅਨੁਸਾਰ ਸਾਡੇ ਸਰੀਰ ਉਪਰ ਪਹਿਲਾਂ ਹੀ ਐਨਾ ਮਾਸ ਚੜ੍ਹਿਐ ਕਿ ਸਾਨੂੰ ਹੁਣ ਹੋਰ ਮਾਸ ਖਾਣ ਦੀ ਲੋੜ ਨਹੀਂ। ਮੁਰਗੇ ਦੀ ਕੁੱਕੜੂ-ਘੜੂੰ ਸੁਣਨ ਦੀ ਤਾਂ ਇਜਾਜ਼ਤ ਹੈ, ਪਰ ਢਿੱਡ ਦਾ ਸ਼ਿੰਗਾਰ ਬਣਾਉਣ ਦੀ ਨਹੀਂ ਕਿਉਂਕਿ ਸੁਖ ਨਾਲ ਢਿੱਡ ਜੀ ਮਹਾਰਾਜ ਸਾਤੋਂ ਇਕ-ਡੇਢ ਫੁੱਟ ਅੱਗੇ-ਅੱਗੇ ਚਲਦੇ ਹਨ। ਆਂਡਾ ਕਿਸੇ ਦੇ ਮੂੰਹ




ਉਪਰ ਮਾਰ ਕੇ ਕੁੱਟ ਖਾ ਸਕਦੇ ਹਾਂ ਪਰ ਉਸ ਨੂੰ ਖਾ ਨਹੀਂ ਸਕਦੇ। ਜੇ ਕਦੀ-ਕਦਾਈਂ ਮਿਹਰਬਾਨੀ 'ਚ ਖਾਣ ਦੀ ਆਗਿਆ ਮਿਲ ਵੀ ਜਾਂਦੀ ਹੈ ਤਾਂ ਉਹ ਜ਼ਰਦੀ ਤੋਂ ਬਿਨਾਂ। ਭਲਾ ਜ਼ਰਦੀ ਤੋਂ ਬਿਨਾਂ ਆਂਡਾ ਤਾਂ ਐਦਾਂ ਈ ਹੋਇਆ, ਜਿਦਾਂ ਖੋਏ-ਕਰੀਮ ਤੋਂ ਬਿਨਾਂ ਕੁਲਫੀ। ਸੋ, ਅਸੀਂ ਖਾਂਦੇ ਈ ਨਈਂ।

ਵਾਹ! ਕੁਲਫੀ ਦਾ ਨਾਮ ਸੁਣ ਕੇ ਹੀ ਮੂੰਹ ਵਿਚ ਪਾਣੀ ਆ ਗਿਐ। ਦਰਅਸਲ ਜੀਭ ਦੇ ਸੁਆਦ ਦੇ ਮਾਮਲੇ ਵਿਚ ਬੁੱਢਾ-ਬੱਚਾ ਬਰਾਬਰ ਹੁੰਦੇ ਹਨ। ਪਰ ਬੱਚੇ ਤਾਂ ਆਈਸ-ਕਰੀਮ, ਕੁਲਫੀ, ਫਲੂਦਾ, ਚਾਕਲੇਟ ਆਦਿ ਲੱਪ-ਗੜੱਪੀ ਖਾਂਦੇ ਰਹਿੰਦੇ ਹਨ ਪਰ ਉਮਰ ਅਤੇ ਰੋਗ-ਮਾਰੇ ਬੁੱਢੇ ਇਨ੍ਹਾਂ ਸੁਆਦਲੀਆਂ ਚੀਜ਼ਾਂ ਦੇ ਦੂਰੋਂ ਦਰਸ਼ਨ ਕਰਕੇ ਹੀ ਸਾਰ ਲੈਂਦੇ ਹਨ (ਹਾਂ, ਕਦੀ ਕਦਾਈਂ 'ਚੀਟਿੰਗ' ਵੀ ਚਲ ਜਾਂਦੀ ਹੈ)।

ਹੁਣ ਤਾਂ ਕਣਕ ਦਾ ਆਟਾ ਵੀ ਮਨ੍ਹਾ ਕਰਦੇ ਹਨ। ਅਖੇ ਕੋਧਰੇ ਦਾ ਆਟਾ ਖਾਉ, ਬਾਜਰਾ ਜਾਂ ਮਿਕਸ ਕੀਤਾ ਵਿਸ਼ੇਸ਼ ਆਟਾ ਖਾਉ। 'ਸ਼੍ਰੀ ਅੰਨ' ਛਕੋ, ਜਾਣੀ 'ਮਿਲਿੰਟਜ਼' ਦਾ ਆਨੰਦ ਮਾਣੋ। ਸਾਰੀ ਉਮਰ ਕਣਕ ਦਾ ਆਟਾ ਖਾਂਦਿਆਂ ਲੰਘ ਗਈ, ਹੁਣ ਬੁੱਢੇ ਵਾਰੇ ਰੋਕ ਰਹੇ ਐ। ਚਿੱਟਾ ਆਟਾ, ਚਿੱਟੀ ਬਰੈਡ, ਚਿੱਟੇ ਚੌਲ, ਆਲੂ ਤੇ ਪਤਾ ਨਹੀਂ ਕੀ-ਕੀ ਖਾਣੋਂ ਰੋਕਿਆ ਜਾ ਰਿਹੈ। ਅਸੀਂ ਤਾਂ ਲੋਕਬੋਲੀ ਸੁਣਦੇ ਆ ਰਹੇ ਹਾਂ ਕਿ 'ਚਿੱਟੇ ਚੌਲ ਜਿਨ੍ਹਾਂ ਨੇ ਪੁੰਨ ਕੀਤੇ ਰੱਬ ਨੇ ਬਣਾਈਆਂ ਜੋੜੀਆਂ'। ਸਾਡੇ ਮਾਮਲੇ ਵਿਚ ਪਤਾ ਨਹੀਂ ਕੀ ਪੁੰਨ ਕੀਤੇ ਹੋਣੇ ਐਂ?

ਸਾਡਾ ਇਕ ਜਾਣਕਾਰ ਹੈ ਜੋ ਹਰ ਇਕ ਖਾਣ ਵਾਲੀ ਚੀਜ਼ ਦੀਆਂ ਕੈਲੋਰੀਆਂ ਦਾ ਚਾਰਟ ਆਪਣੀ ਬੋਝੇ ਵਿਚ ਰਖਦੈ। ਉਹਨੂੰ ਪਤਾ ਹੁੰਦੈ ਕਿ ਇਕ ਰੋਟੀ ਜਾਂ ਚਾਹ ਦੇ ਇਕ ਕੱਪ ਵਿਚ ਕਿੰਨੀਆਂ ਕੈਲੋਰੀਆਂ ਹੁੰਦੀਆਂ ਹਨ। ਇਕ ਆਮ ਬੰਦੇ ਨੂੰ ਇਕ ਦਿਨ 'ਚ ਕਰੀਬ 2000 ਕੈਲੋਰੀਆਂ ਚਾਹੀਦੀਆਂ ਹਨ। ਜੇ ਸਵੇਰ ਵੇਲੇ 3-4 ਭਾਰੇ ਭਾਰੇ ਆਲੂ ਪਰੌਂਠਿਆਂ, ਮੱਖਣ, ਦਹੀਂ, ਲੱਸੀ ਵਾਲਾ 'ਹਲਕਾ' ਜਿਹਾ ਨਾਸ਼ਤਾ ਕਰ ਲਈਏ ਤਾਂ ਇਹ ਲਗਭਗ ਪੂਰੀਆਂ ਹੋ ਜਾਂਦੀਆਂ ਹਨ। ਬਾਕੀ ਜੋ ਸਾਰੀ ਦਿਹਾੜੀ ਠੂਸਦੇ ਰਹਿੰਦੇ ਹਾਂ ਉਹ ਸਾਰਾ ਵਾਧੂ। ਮੇਰੇ ਵਰਗੇ ਤਾਂ ਕੈਲੋਰੀਆਂ 'ਬਰਨ' ਵੀ ਨਹੀਂ ਕਰਦੇ (ਜੋ 'ਬਰਨ' ਕਰਦੇ ਹਨ ਉਹ ਵਧ ਖਾਂਦੇ ਈ ਨਹੀਂ)।

ਇਕ ਮੀਡੀਆ ਰਿਪੋਰਟ ਅਨੁਸਾਰ ਲੰਡਨ ਦੇ ਰੈਸਟੋਰੈਂਟਾਂ ਵਿਚ ਖਾਣੇ ਦੇ ਮੀਨੂ (ਭੋਜਨ ਸੂਚੀ) ਵਿਚ ਹਰ ਖਾਣ ਵਾਲੀ ਚੀਜ਼ ਦਾ ਰੇਟ ਅਤੇ ਉਸ ਵਿਚਲੀਆਂ ਕੈਲੋਰੀਆਂ ਦੀ ਮਾਤਰਾ ਵੀ ਲਿਖੀ ਮਿਲਦੀ ਹੈ। ਖਾਣ ਵਾਲਾ ਸ਼ਸ਼ੋਪੰਜ ਵਿਚ ਹੀ ਪਿਆ ਰਹਿੰਦੈ ਕਿ ਕੀ ਖਾਵੇ ਤੇ ਕੀ ਛਡੇ?

ਪਰ ਇਹ ਵੀ ਸੱਚ ਹੈ ਕਿ ਜਿਧਰੋਂ ਰੋਕਿਆ ਜਾਵੇ ਬੰਦਾ ਉਧਰ ਨੂੰ ਹੀ ਜਾਂਦੈ। ਰੱਬ ਨੇ 'ਈਵ'(ਹਵਾ/ਔਰਤ) ਨੂੰ ਸੁਰਗ ਵਿਚ ਸੇਬ ਖਾਣੋਂ ਰੋਕਿਆ ਸੀ। ਸ਼ੈਤਾਨ ਦੇ ਕਹਿਣੇ 'ਚ ਆ ਕੇ ਉਸ ਨੇ ਨਾ ਸਿਰਫ ਆਪ ਹੀ ਉਹ ਵਰਜਿਤ ਫਲ ਖਾਧਾ ਸਗੋਂ 'ਆਦਮ'(ਬੰਦਾ) ਨੂੰ ਵੀ ਖੁਆਇਆ! ਇਸੇ ਲਈ ਤਾਂ ਕਹਾਵਤ ਬਣੀ ਹੈ ਕਿ ਵਰਜਿਤ ਫਲ ਮਿੱਠਾ ਲਗਦੈ। ਅਸੀਂ ਵੀ ਤਾਂ ਆਖਿਰ ਈਵ ਤੇ ਆਦਮ ਦੀ ਔਲਾਦ ਹਾਂ, ਵਰਜਿਤ ਫਲ ਤਾਂ ਖਾਂਵਾਂਗੇ ਹੀ। ਉਂਝ ਵੀ 'ਜ਼ਿੰਦਗੀ ਜ਼ਿੰਦਾ ਦਿਲੀ ਕਾ ਨਾਮ ਹੈ/ਮੁਰਦਾ ਦਿਲ ਕਯਾ ਖਾਕ ਜੀਆ ਕਰਤੇ ਹੈਂ'?

ਸਾਰੇ 'ਫੂਡੀਆਂ' ਦਾ ਠੂਸ-ਠੂਸ ਕੇ ਖਾਣਾ ਮੌਲਿਕ ਅਧਿਕਾਰ ਹੈ। ਇਸ ਨੂੰ ਕੋਈ ਸਾਥੋਂ ਖੋਹ ਨਹੀਂ ਸਕਦਾ। ਅਸੀਂ ਇਕ ਫੂਡੀਆਂ ਦਾ ਫਰੰਟ ਬਣਾ ਰਹੇ ਹਾਂ ਜਿਸ ਦਾ ਲੋਕ-ਹਿਤੈਸ਼ੀ ਨਾਹਰਾ ਹੋਏਗਾ-'ਠੂਸ-ਠੂਸ ਕੇ ਖਾਂਵਾਂਗੇ, ਠਾਠ ਨਾਲ' ਮੱਟ ਵਧਾਵਾਂਗੇ!' ਇਹ ਫਰੰਟ ਪ੍ਰਾਚੀਨ ਯੂਨਾਨ ਦੇ ਦਾਰਸ਼ਨਿਕ 'ਐਪੀਕਿਉਰਸ'(341-270 ਬੀ.ਸੀ.) ਦੇ ਸਿਧਾਂਤ 'ਖਾਓ-ਪੀਓ, ਕਰੋ ਅਨੰਦ' ਦਾ ਧਾਰਨੀ ਹੋਵੇਗਾ।

ਵੈਸੇ, ਹਾਸੇ-ਮਜ਼ਾਕ ਵਿਚ ਜੇ ਥੋੜ੍ਹੀ ਜਿਹੀ ਸੰਜੀਦਗੀ ਨਾਲ ਸੋਚੀਏ ਤਾਂ 'ਮਾਡਰੇਸ਼ਨ'(ਨਿਯਮਤਤਾ/ਸੰਜਮ) ਆਦਰਸ਼ਕ ਜ਼ਿੰਦਗੀ ਦਾ ਸਾਰ ਹੈ। ਗੁਰੂ ਗੋਬਿੰਦ ਸਿੰਘ ਜੀ ਤਾਂ 'ਅਲਪ ਅਹਾਰ ਸੁਲਪ ਸੀ ਨਿੰਦ੍ਰਾ' (ਘਟ ਖਾਣ ਅਤੇ ਘਟ ਸੌਣ) ਦੀ ਨਸੀਹਤ ਕਰਦੇ ਹਨ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ-'ਬਾਬਾ ਹੋਰੁ ਖਾਣਾ ਖੁਸੀ ਖੁਆਰੁ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥' ਮਿੱਠੇ ਬਾਰੇ ਤਾਂ ਸ਼ੇਖ ਫਰੀਦ ਨੇ ਗੱਲ ਹੀ ਮੁਕਾ ਦਿਤੀ-'ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥ ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥'

ਸੰਜਮ ਨਾਲ ਖਾਣ ਦੇ ਨਾਲ ਜੇ ਸੈਰ-ਕਸਰਤ ਵੀ ਜੁੜ ਜਾਏ ਤਾਂ ਡਾਕਟਰ ਦੇ ਜਾਣ ਦੀ ਲੋੜ ਹੀ ਨਹੀਂ ਪਏਗੀ। ਆਖਿਰ ਸਿਹਤ ਤਾਂ ਹਜ਼ਾਰ ਨਿਆਮਤਾਂ ਦੀ ਇੱਕ ਨਿਆਮਤ ਹੁੰਦੀ ਐ!

ਡਾਕਟਰ ਪ੍ਰਹੇਜ਼ਗਾਰੀ ਅਤੇ ਕਈ ਖਾਣ-ਪੀਣ ਦੀਆਂ ਵਸਤਾਂ ਤੋਂ ਇਸ ਲਈ ਵਰਜਦੇ ਹਨ ਕਿ ਸਾਡੀ ਉਮਰ ਵਿਚ ਕੁਝ ਹੋਰ ਸਾਲ ਜੁੜ ਜਾਣ। 'ਤੇ ਜਾਂ ਫਿਰ ਅਸੀਂ ਸਿਹਤਮੰਦ ਰਹੀਏ। ਪਰ ਕਹਿੰਦੇ ਹਨ ਕਿ ਜ਼ਿੰਦਗੀ ਵਿਚਲੇ ਸਾਲ ਮਹੱਤਵਪੂਰਨ ਨਹੀਂ ਹੁੰਦੇ, ਸਾਲਾਂ ਵਿਚਲੀ ਜ਼ਿੰਦਗੀ ਵਧੇਰੇ ਮਾਇਨੇ ਰਖਦੀ ਹੈ। ਹੁਣ ਕਬਰ 'ਚ ਲੱਤਾਂ ਹਨ, ਨਦੀ ਕਿਨਾਰੇ ਰੁਖੜਾ ਹੈ, ਯਾਰੋ ਖਾਂਦੇ-ਪੀਂਦੇ ਮਰਦੇ ਆਂ। ਮਨ-ਪਸੰਦ ਦੀ ਸ਼ੈਅ ਖਾਣ ਨੂੰ ਤਰਸ-ਤਰਸ ਕੇ ਪਿਛਲੀ ਉਮਰੇ ਦੋ-ਚਾਰ ਸਾਲ ਹੋਰ ਮਿਲ ਵੀ ਗਏ ਤਾਂ ਕੀ ਮਿਲੇ? (ਵੈਸੇ ਧਰਮ ਵਾਲੇ ਤਾਂ ਇਹ ਕਹਿੰਦੇ ਹਨ ਕਿ ਪ੍ਰਾਣੀ ਦੇ ਸਾਹ ਨੀਅਤ ਹਨ, ਨਾ ਵਧਾਏ ਤੇ ਨਾ ਘਟਾਏ ਜਾ ਸਕਦੇ ਹਨ)। ਅੰਬ ਅਤੇ ਖਰਬੂਜ਼ੇ ਮੇਰੀ ਕਮਜ਼ੋਰੀ ਹਨ। ਹੁਣ ਦੋਨੋਂ ਮਨ੍ਹਾ ਹਨ, ਪਰ ਮੈਂ ਕਦੇ-ਕਦੇ ਦਾਅ ਲਾ ਲੈਨਾਂ। ਮੈਂ ਤਾਂ ਆਪਣੀ ਮਾਲਕਣ (ਜਿਸ ਨੂੰ ਆਮ ਭਾਸ਼ਾ 'ਚ ਪਤਨੀ ਕਹਿੰਦੇ ਹਨ) ਨੂੰ ਕਹਿ ਛਡਿਐ ਕਿ ਜੇ ਮੈਂ ਅੰਬਾਂ-ਖਰਬੂਜ਼ਿਆਂ ਦੀ ਰੁੱਤੇ ਮਰਾਂ ਤਾਂ ਮੇਰੀ ਅਰਥੀ ਨਾਲ ਦੋ-ਚਾਰ ਅੰਬ ਤੇ ਇਕ-ਦੋ ਖਰਬੂਜੇ ਜ਼ਰੂਰ ਰਖ ਦੇਵੇ। ਉਸ ਨੇ ਵੀ ਦਸ ਛਡਿਐ ਕਿ ਜੇ ਉਹ ਪਹਿਲਾਂ ਚਲ ਵਸੀ (ਵੈਸੇ ਐਦਾਂ ਹੋਣ ਦੇ ਚਾਂਸ ਘਟ ਈ ਹਨ) ਤਾਂ ਉਸ ਲਈ ਕੀ ਕਰਨੈ।

ਇਕ ਦਿਨ ਵਰਜਿਤਾਂ 'ਤੇ ਫੂਡ-ਬੈਰੀਕੇਡਾਂ (ਭੋਜਨ-ਰੋਕਾਂ) ਤੋਂ ਅੱਕ ਕੇ ਮੈਂ ਡਾਕਟਰ ਨੂੰ ਪੁੱਛਿਆ ਕਿ ਜਨਾਬ ਸਭ ਕੁਝ ਖਾਣ ਤੋਂ ਮਨ੍ਹਾ ਕਰੀ ਜਾ ਰਹੇ ਹੋ, ਖਾਈਏ ਤਾਂ ਆਖਿਰ ਕੀ ਖਾਈਏ? ਡਾਕਟਰ ਨੇ ਅਗੋਂ ਮਲਕੜੇ ਜਿਹੇ ਮਲਵੀ ਜ਼ੁਬਾਨੇ ਜਵਾਬ ਦਿਤਾ, 'ਕੁਝ ਭੁੱਖੇ ਰਹਿਣਾ ਸਿੱਖੋ!' ਮੈਂ ਕਿਹਾ, ਡਾਕਟਰ ਸਾਹਿਬ! ਭੁੱਖੇ ਰਹਿ ਕੇ ਮਰਨ ਨਾਲੋਂ ਖਾਂਦੇ-ਪੀਂਦੇ ਮਰਨਾਂ ਕੀ ਮਾੜੈ!

---

*(ਪਿਛਲੇ ਸਫੇ ਦਾ ਬਾਕੀ)*

ਮਿਲਦਾ ਹੈ। ਜਦੋਂ ਉਹ ਰਾਜਨ ਅਗਰਵਾਲ ਨਾਲ ਵਿਆਹ ਕਰਵਾ ਕੇ ਅਮੀਰ ਘਰਾਣੇ ਦੀ ਬਹੂ ਬਣ ਜਾਂਦੀ ਹੈ ਤਾਂ ਉਸਨੂੰ ਹਰ ਵਕਤ ਅਮੀਰੀ ਦਾ ਵਿਖਾਵਾ ਹੀ ਕਰਨਾ ਪੈਂਦਾ ਹੈ। ਜਦੋਂ ਉਸਦੇ ਸਹੁਰੇ ਪਰਿਵਾਰ ਵੱਲੋਂ ਉਸ ਦੇ ਸੁਭਾਵਿਕ ਹਾਸਾ ਹੱਸਣ ਤੇ ਆਂਢ-ਗੁਆਂਢ ਨਾਲ ਮਿਲਣ 'ਤੇ ਵੀ ਇਤਰਾਜ਼ ਕੀਤਾ ਜਾਂਦਾ ਹੈ ਤਾਂ ਉਸਨੂੰ ਲੱਗਦਾ ਹੈ ਕਿ ਉਹ ਕਿਸੇ ਸੋਨੇ ਦੇ ਪਿੰਜਰੇ ਦੀ ਕੈਦੀ ਬਣ ਗਈ ਹੈ। ਇਸ ਕੈਦ ਵਿਚੋਂ ਬਾਹਰ ਆਉਣ ਦੀ ਕੋਸ਼ਿਸ਼ ਕਰਦਿਆਂ ਭਾਵੇਂ ਉਹ ਸਹੁਰੇ ਘਰ ਦੀ ਅਮੀਰ ਮਰਿਆਦਾ ਦਾ ਵੀ ਧਿਆਨ ਰੱਖਦੀ ਹੈ ਪਰ ਫਿਰ ਵੀ ਉਹ ਵਿਦੇਸ਼ ਗਈ ਧੀ ਨੂੰ ਮਿਲਣ ਜਾਣ ਦੇ ਬਹਾਨੇ ਆਪਣੇ ਲਈ ਰੂਹਾਨੀ ਖ਼ੁਸ਼ੀ ਤੇ ਅਜ਼ਾਦੀ ਦੇ ਕੁਝ ਪਲ ਤਲਾਸ਼ ਹੀ ਲੈਂਦੀ ਹੈ। ਏਅਰਪੋਰਟ ਦੇ ਬਾਥਰੂਮ ਵਿਚ ਗਹਿਣਿਆਂ ਨੂੰ ਸਾੜੀ ਵਿਚ ਲਪੇਟ ਕੇ ਉਥੇ ਹੀ ਛੱਡ ਜਾਣ ਦੀ ਘਟਨਾ ਭਾਵੇਂ ਸੁਭਾਵਿਕਤਾ ਦੇ ਦਾਇਰੇ ਵਿਚ ਨਹੀਂ ਆਉਂਦੀ ਪਰ ਇਹ ਮਾਨਸਿਕ ਸੁੱਖ ਦੇ ਹਕੀਕੀ ਅਰਥਾਂ ਨੂੰ ਰੂਪਮਾਨ ਕਰਨ ਵਾਲੀ ਜ਼ਰੂਰ ਸਾਬਤ ਹੁੰਦੀ ਹੈ। ਕਹਾਣੀ 'ਬਿਖੜੇ ਪੈਂਡਿਆਂ ਦਾ ਨਾਚ' ਦਾ ਸਿਰਲੇਖ ਬਿਖੜੇ ਪੈਂਡਿਆਂ ਤੇ ਨਾਚ ਦੇ ਸੁਮੇਲ ਨੂੰ ਨਵੇਂ ਅਰਥ ਪ੍ਰਦਾਨ ਕਰਦਾ ਤਾਂ ਇਨ੍ਹਾਂ ਪੈਂਡਿਆਂ 'ਤੇ ਤੁਰ ਰਹੇ ਜ਼ਖ਼ਮੀ ਪੈਰਾਂ ਨੂੰ ਵੀ ਨਵੀਂ ਦਿਸ਼ਾ ਮਿਲ ਜਾਂਦੀ ਹੈ। ਕਹਾਣੀ ਵਿਚਲਾ ਟੈਕਸੀ ਡਰਾਈਵਰ ਪਾਤਰ ਆਪਣੇ ਪੁੱਤਰ ਰਿੰਕੂ ਦੀ ਡਾਕਟਰ ਬਣਨ ਦੀ ਇੱਛਾ ਪੂਰੀ ਕਰਨ ਲਈ ਦਿਨ-ਰਾਤ ਮਿਹਨਤ ਕਰਦਾ ਹੈ ਪਰ ਵਿਗੜਿਆ ਰਾਜਸੀ ਤੇ ਪ੍ਰਬੰਧਕੀ ਪ੍ਰਬੰਧ ਉਸਦੇ ਪੁੱਤਰ ਨੂੰ ਡਾਕਟਰ ਬਣਾਉਣ ਦੀ ਬਜਾਏ ਆਤਮ ਹੱਤਿਆ ਕਰਨ ਲਈ ਮਜਬੂਰ ਕਰ ਦਿੰਦਾ ਹੈ। ਭਾਵੇਂ ਪਿਤਾ ਅੰਦਰੋਂ ਪੂਰੀ ਤਰ੍ਹਾਂ ਟੁੱਟ ਚੁੱਕਾ ਹੈ ਪਰ ਆਪਣੇ ਪੁੱਤਰ ਵਰਗੇ ਪ੍ਰਤਿਭਾਵਾਨ ਮੁੰਡੇ ਕੁੜੀਆਂ ਨੂੰ ਇਸ ਸਿਸਟਮ ਦੀ ਮਾਰ ਤੋਂ ਬਚਾਉਣ ਦਾ ਕਾਰਜ ਉਸਨੂੰ ਮਾਨਸਿਕ ਰਾਹਤ ਜ਼ਰੂਰ ਪ੍ਰਦਾਨ ਕਰਦਾ ਹੈ। ਉਸਦਾ ਇਕ ਜਾਣਕਾਰ ਜੁਆਨ ਮੁੰਡਾ ਆਪਣੇ ਪਿਤਾ ਵੱਲੋਂ ਉਸਨੂੰ ਡਾਕਟਰ ਬਣਾਉਣ ਦੀਆਂ ਇੱਛਾਵਾਂ ਤੇ ਮਾੜੇ ਪ੍ਰਬੰਧ ਦੇ ਪ੍ਰਭਾਵ ਹੇਠ ਦੱਬ ਕੇ ਨਸ਼ੇੜੀ ਤੇ ਪਾਗਲ ਹੋ ਜਾਂਦਾ ਹੈ ਤਾਂ ਉਸਨੂੰ ਉਸ ਮੁੰਡੇ ਵਿਚੋਂ ਹੀ ਆਪਣਾ ਪੁੱਤਰ ਵਿਖਾਈ ਦੇਣ ਲੱਗਦਾ ਹੈ। ਇਕ ਹੋਸ਼ਮੰਦ ਬੰਦਾ ਜਦੋਂ ਉਸ ਪਾਗਲ ਮੁੰਡੇ ਨਾਲ ਨੱਚਦਾ ਹੈ ਤਾਂ ਦੋ ਬਿਖੜੇ ਪੈਂਡਿਆਂ ਦੇ ਨਾਚ ਨੌਜਵਾਨਾਂ ਦੀਆਂ ਭਾਵਨਾਵਾਂ ਸਮਝ ਕੇ ਉਨ੍ਹਾਂ ਦੀਆਂ ਅਜਾਈਂ ਜਾ ਰਹੀਆਂ ਜਾਨਾਂ ਬਚਾਉਣ ਦੀਆਂ ਕੋਸ਼ਿਸ਼ਾਂ ਨਾਲ ਜਾ ਜੁੜਦਾ ਹੈ।

ਕਹਾਣੀ 'ਪੰਜਾਬ ਬੰਦ' ਦੀ ਪਾਤਰ ਚਾਚੀ ਵੱਲੋਂ ਚੰਡੀਗੜ੍ਹ ਰਹਿੰਦੀ ਦੀਪਾਂ ਤੋਂ ਪੁੱਛਿਆ ਇਹ ਸਵਾਲ, 'ਤੁਹਾਡੇ ਚੰਡੀਗੜ੍ਹ ਵਿਚ ਵੀ ਪੰਜਾਬ ਬੰਦ ਆ?' ਓਪਰੀ ਨਜ਼ਰ ਨਾਲ ਤਾਂ ਇੱਕ ਅਨਪੜ੍ਹ ਪੇਂਡੂ ਔਰਤ ਵੱਲੋਂ ਭੋਲੇਪਣ ਵਿਚ ਪੁੱਛਿਆ ਸਵਾਲ ਲੱਗਦਾ ਹੈ, ਪਰ ਉਸਦਾ ਇਹੀ ਭੋਲਾਪਣ ਅੱਗੇ ਜਾ ਕੇ ਪੰਜਾਬੀ ਪੇਂਡੂ ਮਾਨਸਿਕਤਾ ਦਾ ਤਰਜ਼ਮਾਨ ਵੀ ਬਣ ਜਾਂਦਾ ਹੈ। ਪੇਂਡੂ ਅਵਚੇਤਨ ਵਿਚ ਇਹ ਧਾਰਨਾ ਸਥਾਈ ਥਾਂ ਬਣਾ ਚੁੱਕੀ ਹੈ ਕਿ ਦਿੱਲੀ ਤੇ ਚੰਡੀਗੜ੍ਹ ਦੀ ਸਿਆਸਤ ਨੇ ਮਿਲ ਕੇ ਹਮੇਸ਼ਾ ਪੰਜਾਬ ਦੇ ਭਵਿੱਖ ਨਾਲ ਖਿਲਵਾੜ ਹੀ ਕੀਤਾ ਹੈ। ਪੰਜਾਬ ਬੰਦ ਦਾ ਸੱਦਾ ਭਾਵੇਂ ਚੁਰਾਸੀ ਦੇ ਕਾਲੇ ਦੌਰ ਨਾਲ ਸਬੰਧਤ ਹੋਵੇ ਜਾਂ ਕਰੋਨਾ ਕਾਲ ਨਾਲ, ਇਸ ਪਿੱਛੇ ਕੰਮ ਕਰਦੀ ਕੇਂਦਰੀ ਸਿਆਸਤ ਨੇ ਪੰਜਾਬ ਦਾ ਘਾਣ ਹੀ ਕੀਤਾ ਹੈ। ਚਾਚੀ ਵੱਲੋਂ ਭੋਲੇ-ਭਾਅ ਕਹੀ ਇਸ ਗੱਲ, 'ਆਪਣੇ ਨਹੀਂ ਆਉਂਦੀ ਇਹੋ ਜਿਹੀ ਬਿਮਾਰੀ' ਇਸ ਧਾਰਨਾ ਦੀ ਪੁਸ਼ਟੀ ਵੀ ਕਰਦੀ ਹੈ ਕਿ ਪੰਜਾਬ ਦੇ ਭਾਈਚਾਰਕ ਤੌਰ 'ਤੇ ਪੂਰੀ ਤਰ੍ਹਾਂ ਸੁਰੱਖਿਅਤ ਹੋਣ 'ਤੇ ਵੀ ਬਾਹਰੀ ਸਿਆਸਤ ਵੱਲੋਂ ਇਸਨੂੰ ਅਸੁਰੱਖਿਅਤ ਹੀ ਕਰਾਰ ਦਿੱਤਾ ਜਾਂਦਾ ਹੈ।

ਕਹਾਣੀ 'ਪਛਤਾਵਾ' ਪੰਜਾਬ ਵਿਚ ਅਜਿਹੀ ਸਮਾਜਿਕ ਚੇਤਨਾ ਦੇ ਉਸਾਰ ਦੀ ਲੋੜ ਨੂੰ ਉਭਾਰਦੀ ਹੈ ਜੋ ਪੰਜਾਬੀਆਂ ਦੇ ਹੱਕਾਂ ਤੇ ਹਿੱਤਾਂ ਦੀ ਰਾਖੀ ਕਰਨ ਦੇ ਸਮਰੱਥ ਹੋਵੇ। ਇਸ ਸਮਾਜਿਕ ਚੇਤਨਾ ਦੀ ਘਾਟ ਕਾਰਨ ਹੀ ਪੰਜਾਬ ਦੇ ਕਿਸਾਨ ਕੁਦਰਤ ਵੱਲੋਂ ਆਪਣੇ ਖੇਤੀਬਾੜੀ ਕਿੱਤੇ ਨੂੰ ਪਹੁੰਚਾਏ ਨੁਕਸਾਨ ਦੀ ਪੂਰਤੀ ਲਈ ਸਰਕਾਰਾਂ ਨਾਲ ਲੜਨ ਦੀ ਸਮਰੱਥਾ ਗੁਆ ਬੈਠਦੇ ਹਨ ਤੇ ਆਪਣੀਆਂ ਜ਼ਮੀਨਾਂ ਵੇਚ ਕੇ ਆਪਣੇ ਧੀਆਂ-ਪੁੱਤਾਂ ਨੂੰ ਵਿਦੇਸ਼ੀਂ ਪੁੱਜਦਾ ਕਰਨ ਦੀ ਹੋੜ ਵਿਚ ਪੈ ਜਾਂਦੇ ਹਨ। ਚਾਹੇ ਇਹ ਕਹਾਣੀ ਵਿਸ਼ੇ ਦੀ ਚੋਣ ਪੱਖੋਂ ਕਿਸਾਨੀ ਸੰਕਟ ਬਾਰੇ ਲਿਖੀਆਂ ਹੋਰ ਕਹਾਣੀਆਂ ਨਾਲ ਮਿਲਦੀ-ਜੁਲਦੀ ਹੈ ਪਰ ਵਿਸ਼ੇ ਦੀ ਪੇਸ਼ਕਾਰੀ ਪੱਖੋਂ ਆਪਣੀ ਮੌਲਿਕਤਾ ਤੇ ਵੱਖਰੇਪਣ ਨੂੰ ਬਰਕਰਾਰ ਰੱਖਣ ਵਾਲੀ ਹੈ।


ਰਾਜਪ੍ਰੀਤ ਕੌਰ ਭਾਵੇਂ ਪੇਂਡੂ ਧਰਾਤਲ ਦੇ ਜਨ-ਜੀਵਨ ਬਾਰੇ ਬਹੁਤ ਸਾਰੇ ਹੱਡੀਂ ਹੰਢਾਏ ਅਨੁਭਵ ਰੱਖਦੀ ਹੈ ਪਰ ਉਸ ਦੀਆਂ ਕਹਾਣੀਆਂ ਸਿਰਫ ਪੇਂਡੂ ਮਾਨਸਿਕਤਾ ਦੀਆਂ ਪਰਤਾਂ ਪਰਤਣ ਤੱਕ ਹੀ ਆਪਣੇ-ਆਪ ਸੀਮਤ ਨਹੀਂ ਰੱਖਦੀਆਂ, ਸਗੋਂ ਸ਼ਹਿਰੀ ਮੱਧਵਰਗ ਤੇ ਉੱਚਵਰਗ ਦੀ ਮਾਨਸਿਕਤਾ ਨੂੰ ਸਮਝਣ ਤੇ ਸਮਝਾਉਣ ਦੇ ਸੰਬੰਧ ਵਿਚ ਵੀ ਆਪਣੀ ਮੁਹਾਰਤ ਦਾ ਸਬੂਤ ਦਿੰਦੀਆਂ ਹਨ। ਉਸਦੀ ਕਹਾਣੀ-ਕਲਾ ਅੰਤਰਰਾਸ਼ਟਰੀ ਜੰਗ ਤੇ ਅਮਨ ਨਾਲ ਸਬੰਧਤ ਵਿਸ਼ਿਆਂ ਨੂੰ ਨਿਭਾਉਣ ਦੇ ਸੰਬੰਧ ਵਿਚ ਨਿਪੁੰਨਤਾ ਰੱਖਣ ਵਾਲੀ ਹੈ। ਕਹਾਣੀਆਂ ਵਿਚ ਬਹੁਤ ਸਾਰਾ ਨਵਾਂਪਣ ਹੈ ਪਰ ਇਹ ਨਵਾਂਪਣ ਸਿਰਫ ਇਸ ਲਈ ਨਹੀਂ, ਕਿ ਉਸਦੀਆਂ ਕਹਾਣੀਆਂ ਦੇ ਵਿਸ਼ੇ ਪਾਠਕਾਂ ਨੂੰ ਨਵੇਂ ਲੱਗਣ, ਸਗੋਂ ਉਹ ਨਵੇਂਪਣ ਨੂੰ ਮਾਨਵੀ ਕਦਰਾਂ-ਕੀਮਤਾਂ ਦੇ ਹੱਕ ਵਿਚ ਭੁਗਤਾਉਣ ਦਾ ਹੁਨਰ ਵੀ ਰੱਖਦੀ ਹੈ। ਮੇਰੇ ਵੱਲੋਂ ਉਸਦੇ ਇਸ ਨਵੇਂ ਕਹਾਣੀ-ਸੰਗ੍ਰਹਿ ਦਾ ਹਾਰਦਿਕ ਸਵਾਗਤ।

# ਅਲਬਰਟਾ ਨੇ ਏ.ਆਈ. ਸੈਂਟਰਾਂ ਦੇ ਨੁਕਸਾਨ ਬਾਰੇ ਜਾਣਬੁੱਝ ਕੇ ਮੀਟੀਆਂ ਅੱਖਾਂ

ਦੋ ਸਾਲ ਪਹਿਲਾਂ, ਪ੍ਰੀਮੀਅਰ ਡੈਨੀਅਲ ਸਮਿੱਥ ਨੇ ਐਲਾਨ ਕੀਤਾ ਸੀ ਕਿ ਉਸ ਦੀ ਸਰਕਾਰ ਇੱਕ ਜ਼ੋਰਦਾਰ ਨਵੀਂ ਰਣਨੀਤੀ ਰਾਹੀਂ 2030 ਤੱਕ ਸੂਬੇ ਵਿਚ ਡਾਟਾ ਸੈਂਟਰਾਂ ਲਈ 100 ਅਰਬ (ਬਿਲੀਅਨ) ਡਾਲਰ ਦੀ ਇਨਵੈਸਟਮੈਂਟ ਲਿਆਉਣਾ ਚਾਹੁੰਦੀ ਹੈ।

ਸਮਿੱਥ ਨੇ ਦੱਸਿਆ ਕਿ ਆਰਟੀਫਿਸ਼ਲ ਇੰਟੈਲੀਜੈਂਸ ਸਾਡੀ ਜ਼ਿੰਦਗੀ ਨੂੰ 'ਬਿਹਤਰ, ਸਰਲ ਅਤੇ ਸੁਰੱਖਿਅਤ' ਬਣਾ ਰਹੀ ਹੈ। ਪਰ ਸਫਲ ਹੋਣ ਲਈ, ਇਸ ਨਵੀਂ ਤਕਨੌਲੋਜੀ ਨੂੰ ਵਧੇਰੇ ਊਰਜਾ ਅਤੇ ਥਾਂ ਦੀ ਲੋੜ ਸੀ। ਅਲਬਰਟਾ ਇਸ ਕਾਰੋਬਾਰ ਲਈ ਤਿਆਰ ਹੈ ਕਿਉਂਕਿ ਡਾਟਾ ਸੈਂਟਰਾਂ ਦਾ ਵਾਧਾ 'ਨਵੀਨਤਾ ਨੂੰ ਉਤਸ਼ਾਹਿਤ ਕਰੇਗਾ, ਨੌਕਰੀਆਂ ਪੈਦਾ ਕਰੇਗਾ ਅਤੇ ਆਰਥਿਕ ਵਿਭਿੰਨਤਾ ਨੂੰ ਉਤਸ਼ਾਹਿਤ ਕਰੇਗਾ।'

ਏ.ਆਈ. ਨਿਵੇਸ਼ਕ ਅਤੇ ਟਰੰਪ ਦੇ

**ਲੇਖਕ: ਐਂਡਰਿਊ ਨਿੱਕੀਫੋਰਕ**
**ਅਨੁਵਾਦ: ਸੁਖਵੰਤ ਹੁੰਦਲ**

ਸਮਰਥਕ ਕੈਵਿਨ ਓ'ਲੀਅਰੀ ਨੇ ਤੁਰੰਤ ਇਸ ਨੀਤੀ ਦਾ ਸਮਰਥਨ ਕਰਦਿਆਂ ਕਿਹਾ: 'ਡੈਨੀਅਲ ਸਮਿੱਥ ਕੋਲ ਪਾਣੀ ਹੈ, ਉਸ ਕੋਲ ਫਾਈਬਰ ਹੈ, ਉਸ ਕੋਲ ਲੋਕ ਹਨ, ਉਸ ਕੋਲ ਨੀਤੀਆਂ ਹਨ, ਉਸ ਕੋਲ ਉਥੇ ਪ੍ਰਾਪਤ ਕੀਤੇ ਜਾ ਸਕਣ ਵਾਲੇ ਪਰਮਿਟ ਹਨ, ਅਤੇ ਇਹੀ ਉਹ ਚੀਜ਼ ਹੈ ਜਿਸ 'ਤੇ ਅਸੀਂ ਕੰਮ ਕਰ ਰਹੇ ਹਾਂ।'

ਸਮਿੱਥ ਦੀ ਸਰਕਾਰ ਨੇ ਇਹ ਦਾਅਵਾ ਕਰਦਿਆਂ ਕਿ ਡਾਟਾ ਸੈਂਟਰ 'ਵਾਤਾਵਰਣ ਮੁਲਾਂਕਣ ਦੇ ਉਦੇਸ਼ਾਂ ਲਈ ਇੱਕ ਲਾਜ਼ਮੀ ਗਤੀਵਿਧੀ' ਨਹੀਂ ਹਨ, ਓ'ਲੀਅਰੀ ਦੇ 70 ਅਰਬ (ਬਿਲੀਅਨ) ਡਾਲਰ ਦੇ ਵਿਸ਼ਾਲ ਪ੍ਰੋਜੈਕਟ ਲਈ ਐਨਵਾਇਰਮੈਂਟਲ ਅਸੈੱਸਮੈਂਟ (ਵਾਤਾਵਰਣ ਮੁਲਾਂਕਣ) ਦੀ ਸ਼ਰਤ ਨੂੰ ਹਟਾ ਦਿੱਤਾ।

ਸੂਬੇ ਨੇ ਇਸ ਸਾਲ ਆਪਣੀ ਵਾਟਰ ਐਡਵਾਇਜ਼ਰੀ ਕਾਊਂਸਲ (ਪਾਣੀ ਬਾਰੇ ਸਲਾਹ ਦੇਣ ਵਾਲੀ ਕੌਂਸਲ) ਨੂੰ ਵੀ ਖ਼ਤਮ ਕਰ ਦਿੱਤਾ — ਇੱਕ ਅਜਿਹਾ ਕਦਮ ਜੋ ਇਹ ਯਕੀਨੀ ਬਣਾਉਂਦਾ ਹੈ ਕਿ ਡਾਟਾ ਸੈਂਟਰਾਂ ਦੀਆਂ ਅਤਿਅੰਤ ਪਾਣੀ ਦੀਆਂ ਮੰਗਾਂ ਬਾਰੇ ਕੋਈ ਵੀ ਸ਼ਰਮਨਾਕ ਰਿਪੋਰਟ ਸੂਬੇ ਨੂੰ ਹੋਣ ਵਾਲੇ ਫਾਇਦਿਆਂ ਦੇ ਦਾਅਵੇ 'ਤੇ ਸਵਾਲ ਨਾ ਉਠਾ ਸਕੇ।

ਇਸ ਹੀ ਸਮੇਂ, ਸੂਬੇ ਨੇ ਏ.ਆਈ. ਨਿਵੇਸ਼ਕਾਂ (ਇਨਵੈਸਟਰਾਂ) ਦੀ ਸਹਾਇਤਾ ਕਰਨ ਲਈ ਇਕ ਸੇਵਾ ਸ਼ੁਰੂ ਕੀਤੀ ਹੈ ਤਾਂ ਜੋ ਉਹ ਕਾਨੂੰਨ ਲਾਗੂ ਕਰਨ ਵਾਲਿਆਂ (ਰੈਗੂਲੇਟਰਾਂ) ਨਾਲ ਸੌਖੇ ਢੰਗ ਨਾਲ ਨਿਪਟ ਸਕਣ ਅਤੇ 'ਮਾਰਕੀਟ ਵਿਚ ਤੇਜ਼ੀ' ਨਾਲ ਦਾਖਲ ਹੋ ਸਕਣ।

ਭਾਵੇਂ ਕਿ ਉੱਤਰੀ ਅਮਰੀਕਾ ਦੇ ਨਾਗਰਿਕਾਂ ਨੇ ਜ਼ਿਆਦਾ ਤੌਰ 'ਤੇ ਕਈ ਕਾਰਨਾਂ ਕਰਕੇ ਆਪਣੀਆਂ ਕਮਿਊਨਿਟੀਆਂ ਵਿਚ ਡਾਟਾ ਸੈਂਟਰਾਂ ਨੂੰ ਰੱਦ ਕਰ ਦਿੱਤਾ ਹੈ ਜਾਂ ਉਨ੍ਹਾਂ 'ਤੇ ਰੋਕਾਂ ਲਗਾਈਆਂ ਹਨ, ਪਰ ਸਮਿੱਥ ਸਰਕਾਰ ਨੇ ਇਨ੍ਹਾਂ ਨਾਲ ਸੰਬੰਧਿਤ ਰੌਲੇ ਦੇ ਪ੍ਰਦੂਸ਼ਣ, ਗਰਮੀ ਦੇ ਟਾਪੂਆਂ, ਪਾਣੀ ਦੀ ਖਪਤ, ਧੂੰਦ, ਐਨਰਜੀ ਦੇ ਜ਼ਿਆਦਾ ਖਰਚਿਆਂ ਬਾਰੇ ਇਕ ਸ਼ਬਦ ਨਹੀਂ ਕਿਹਾ। ਜ਼ਮੀਨ ਦੀ ਵਰਤੋਂ ਨਾਲ ਸੰਬਧਿਤ ਸੂਬੇ ਦਾ ਉੱਘਾ ਵਿਗਿਆਨੀ (ਲੈਂਡ ਯੂਜ਼ ਈਕੌਲੋਜਿਸਟ) ਬ੍ਰੈਡ ਸਟੈਲਫੌਕਸ ਇਸ ਬਾਰੇ ਗੱਲ ਕਰਦਾ ਹੈ। ਉਸ ਨੇ ਆਪਣਾ ਕੈਰੀਅਰ ਜ਼ਮੀਨ ਦੀ ਵਰਤੋਂ ਕਾਰਨ ਲੰਮੇ ਸਮੇਂ ਬਾਅਦ ਪੈਣ ਵਾਲੇ ਅਸਰਾਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰਨ ਵਿਚ ਬਿਤਾਇਆ ਹੈ। ਕੈਲਗਰੀ ਤੋਂ ਛੇ ਕਿਲੋਮੀਟਰ ਦੂਰ ਇਕ ਛੋਟੀ ਕਮਿਊਨਿਟੀ ਦੀ ਨੁਮਾਇੰਦਗੀ ਕਰਨ ਵਾਲੇ ਇੰਡਸ ਐਂਡ ਏਰੀਆ ਰੈਜ਼ੀਡੈਂਟਸ ਗਰੁੱਪ ਨੇ ਹਾਲ ਹੀ ਵਿਚ ਸਟੈਲਫੌਕਸ ਨੂੰ ਉਨ੍ਹਾਂ ਦੇ ਇਲਾਕੇ ਲਈ ਪ੍ਰਸਤਾਵਿਤ ਬੀਕਨ ਏ.ਆਈ. ਸੈਂਟਰਜ਼ ਇੰਡਸ ਪ੍ਰੋਜੈਕਟ ਦਾ ਵਿਸ਼ਲੇਸ਼ਣ ਕਰਨ ਲਈ ਕਿਹਾ ਸੀ। ਗਰੁੱਪ ਇਹ ਜਾਣਨਾ ਚਾਹੁੰਦਾ ਸੀ ਕਿ ਕੀ ਸੂਬੇ ਨੇ ਪ੍ਰੋਜੈਕਟ ਦੇ ਸੰਭਾਵੀ ਪ੍ਰਭਾਵਾਂ ਦੇ ਨਾਲ-ਨਾਲ ਏ.ਆਈ. ਦੇ ਵਧੇ ਕਾਰਨ ਅਲਬਰਟਾ ਦੇ ਲੋਕਾਂ 'ਤੇ ਪੈਣ ਵਾਲੇ ਵਿਆਪਕ ਪ੍ਰਭਾਵਾਂ ਦੀ ਚੰਗੀ ਤਰ੍ਹਾਂ ਸਮੀਖਿਆ ਕੀਤੀ ਸੀ।

### ਸਟੈਲਫੌਕਸ ਦਾ ਖੁਲਾਸਾ

ਸਟੈਲਫੌਕਸ ਅਲਬਰਟਾ ਯੂਟਿਲਿਟੀਜ਼ ਕਮਿਸ਼ਨ ਨੂੰ ਸੌਂਪੀ ਆਪਣੀ ਰਿਪੋਰਟ ਵਿਚ ਨਤੀਜਾ ਕੱਢਦਾ ਹੈ ਕਿ ਸਮਿੱਥ ਸਰਕਾਰ ਨੇ ਇੰਡਸ ਖੇਤਰ ਜਾਂ ਪੂਰੇ ਸੂਬੇ 'ਤੇ ਪੈਣ ਵਾਲੇ ਸਮੁੱਚੇ ਪ੍ਰਭਾਵਾਂ ਦਾ ਚੰਗੀ ਤਰ੍ਹਾਂ ਮੁਲਾਂਕਣ (ਕਿਊਮੂਲੇਟਿਵ ਇੰਪੈਕਟ ਅਸੈੱਸਮੈਂਟ) ਨਹੀਂ ਕੀਤਾ। 'ਇਸ ਲਈ ਅਲਬਰਟਾ ਦੇ ਲੋਕ ਏ.ਆਈ. ਡਾਟਾ ਸੈਂਟਰਾਂ ਕਾਰਨ ਵਾਤਾਵਰਣ ਅਤੇ ਸਮਾਜ 'ਤੇ ਪੈਣ ਵਾਲੇ ਅਸਰਾਂ ਤੋਂ ਪੂਰੀ ਤਰ੍ਹਾਂ ਬੇਖਬਰ ਹਨ।'

### ਏ.ਆਈ. ਸੈਂਟਰ ਦੇ ਅਸਰਾਂ ਬਾਰੇ ਇੱਕ ਕੇਸ ਸਟੱਡੀ

ਸਟੈਲਫੌਕਸ ਦਾ ਕਹਿਣਾ ਹੈ ਕਿ ਜਦੋਂ ਸਮਿੱਥ ਅਤੇ ਸਨਅਤ ਨੌਕਰੀਆਂ, ਟੈਕਸ ਤੋਂ ਆਮਦਨ ਅਤੇ ਆਰਥਿਕ ਵਿਕਾਸ ਬਾਰੇ ਗੱਲ ਕਰ ਰਹੇ ਹਨ ਉਦੋਂ 'ਅਲਬਰਟਾ ਵਿਚ ਏ.ਆਈ. ਦੇ ਇੱਕ ਜਾਂ ਕਈ ਸੈਂਟਰਾਂ ਕਾਰਨ ਨਿਕਲਣ ਵਾਲੇ ਮਾੜੇ ਨਤੀਜਿਆਂ (ਵਾਤਾਵਰਨ, ਸਮਾਜ ਅਤੇ ਸਿਹਤ ਨਾਲ ਸੰਬੰਧਿਤ) ਬਾਰੇ ਜਾਣਕਾਰੀ ਦੀ ਇੱਕ ਹੈਰਾਨਕੁਨ ਪੱਧਰ ਤੱਕ ਘਾਟ ਹੈ।'

ਪ੍ਰਸਤਾਵਿਤ ਬੀਕਨ ਡਾਟਾ ਫੈਕਟਰੀ ਇਸ ਦੀ ਇੱਕ ਉਦਾਹਰਨ ਹੈ। ਇਹ ਪ੍ਰੋਜੈਕਟ 900 ਏਕੜ ਦੇ ਰਕਬੇ ਨੂੰ ਘੇਰੇਗਾ ਅਤੇ ਇਸ ਨੂੰ ਚੌਵੀ ਘੰਟੇ 1.5 ਮੈਗਾਵਾਟ ਐਨਰਜੀ ਦੀ ਲੋੜ ਹੋਵੇਗੀ। ਇਹ ਐਨਰਜੀ ਮੌਡਿਊਲਾਂ, ਐਗਜ਼ਾਹਸਟ ਟ੍ਰੀਟਮੈਂਟ ਸਿਸਟਮਾਂ ਅਤੇ ਹਵਾ ਨਾਲ ਠੰਢੇ ਹੋਣ ਵਾਲੇ ਰੇਡੀਏਟਰਾਂ ਵਿਚ ਸੰਗਠਿਤ ਨੈਚੁਰਲ ਗੈਸ ਨਾਲ ਚੱਲਣ ਵਾਲੇ ਰੈਸੀਪ੍ਰੋਕੇਟਿੰਗ ਇੰਜਣਾਂ ਵਾਲੇ 100 ਜੈਨਰੇਟਰਾਂ ਤੋਂ ਆਵੇਗੀ। ਸਟੈਲਫੌਕਸ ਅਨੁਸਾਰ ਇਹ ਪ੍ਰੋਜੈਕਟ ਹਰ ਸਾਲ 5 ਲੱਖ (ਅੱਧਾ ਮਿਲੀਅਨ) ਘਣ ਮੀਟਰ ਪਾਣੀ (ਉਲੰਪਿਕ ਸਾਈਜ਼ ਦੇ ਲਗਭਗ 200 ਸਵੀਮਿੰਗ ਪੂਲਾਂ ਦੇ ਬਰਾਬਰ) ਦੀ ਖਪਤ ਕਰੇਗਾ ਅਤੇ 47 ਲੱਖ 80 ਹਜ਼ਾਰ (4.78 ਮਿਲੀਅਨ) ਟਨ ਕਾਰਬਨ ਡਾਇਔਕਸਾਈਡ ਹਵਾ ਵਿਚ ਛੱਡੇਗਾ (ਤਕਰੀਬਨ ਉਸ ਮਾਤਰਾ ਦੇ ਬਰਾਬਰ ਕਾਰਬਨ ਡਾਈਔਕਸਾਈਡ ਜਿੰਨੀ ਮਾਤਰਾ 10 ਲੱਖ ਪੈਸੰਜਰ ਗੱਡੀਆਂ ਪੈਦਾ ਕਰਦੀਆਂ ਹਨ)।

ਬੀਕਨ ਦੀ ਸਥਾਪਨਾ 2023 ਵਿਚ ਨਾਡੀਆ ਪਾਰਟਨਰਜ਼ ਦੁਆਰਾ ਕੀਤੀ ਗਈ ਸੀ। ਏ.ਆਈ. ਵਿਚ ਨਿਵੇਸ਼ ਕਰਨ ਵਾਲਾ ਅਮਰੀਕਾ ਦਾ ਇਹ ਖਾਸ ਇਨਵੈਸਟਰ (ਨਿਵੇਸ਼ਕ) ਜਨਤਕ ਜਾਂ ਸੰਸਥਾਗਤ ਮਾਲਕੀ ਵਾਲੀ ਇਕ ਆਮ ਕੰਪਨੀ ਵਾਂਗ ਕੰਮ ਨਹੀਂ ਕਰਦਾ। ਇਸ ਦੀ ਬਜਾਏ, ਏਡਨ ਕੇਹੋ ਦੁਆਰਾ ਸਥਾਪਿਤ ਇਹ ਨਿਊਯਾਰਕ ਦੀ ਫਰਮ, ਸਿਰਫ ਏ.ਆਈ. ਸੈਂਟਰ ਬਣਾਉਣ ਲਈ ਕੰਪਨੀਆਂ ਬਣਾਉਂਦੀ ਹੈ। ਇਨ੍ਹਾਂ ਕੰਪਨੀਆਂ ਦਾ ਪ੍ਰਬੰਧ ਫਿਰ ਭਰਤੀ ਕੀਤੇ ਗਏ ਸੀ.ਈ.ਓਜ਼ ਵਲੋਂ ਕੀਤਾ ਜਾਂਦਾ ਹੈ।

ਬੀਕਨ ਨੇ ਹੁਣ ਤੱਕ ਐਲਬਰਟਾ ਵਿਚ ਛੇ ਡਾਟਾ ਸੈਂਟਰ ਬਣਾਉਣ ਦਾ ਪ੍ਰਸਤਾਵ ਪੇਸ਼ ਕੀਤਾ ਹੈ, ਜਿਨ੍ਹਾਂ ਵਿਚੋਂ 4 ਅਰਬ (ਬਿਲੀਅਨ) ਡਾਲਰ ਦੀ ਲਾਗਤ ਨਾਲ ਬਣਨ ਵਾਲੇ ਤਿੰਨ ਕੈਲਗਰੀ ਖੇਤਰ ਵਿਚ ਹਨ। (ਇੱਥੋਂ ਤੱਕ ਕਿ ਸਮਿੱਥ ਦੀ ਸਰਕਾਰ ਨੇ 2025 ਵਿਚ ਆਰਡਰ-ਇਨ-ਕੌਂਸਲ ਵੀ ਪਾਸ ਕੀਤੇ ਸਨ ਤਾਂ ਜੋ ਅਮਰੀਕਾ ਦੀ ਮਲਕੀਅਤ ਵਾਲੀ ਬੀਕਨ ਡਾਟਾ ਸੈਂਟਰਸ 2025 ਵਿਚ ਕਾਨੂੰਨੀ ਤੌਰ 'ਤੇ 43 ਵਰਗ ਕਿਲੋਮੀਟਰ ਤੱਕ ਦੀ ਜ਼ਮੀਨ ਖਰੀਦ ਸਕੇ।)

ਸਮੁੱਚੇ ਰੂਪ ਵਿਚ ਬੀਕਨ ਦੇ ਕਾਰੋਬਾਰ ਆਪਣੇ ਨੈਚੁਰਲ ਗੈਸ ਦੇ ਜੈਨਰੇਟਰਾਂ ਤੋਂ 4.5 ਗੀਗਾਵਾਟ ਬਿਜਲੀ ਲੈਣਗੇ। ਉਨ੍ਹਾਂ ਦੀ ਬਿਜਲੀ ਦੀ ਖਪਤ ਇਕੱਲੀ ਹੀ ਸੂਬੇ ਦੇ ਕੁੱਲ ਬਿਜਲੀ ਲੋਡ ਦੇ ਇੱਕ-ਤਿਹਾਈ ਹਿੱਸੇ ਤੋਂ ਵੀ ਵੱਧ ਹੋਵੇਗੀ। ਜਦੋਂ ਕਿ ਐਲਬਰਟਾ ਦੀ ਸਰਕਾਰ ਨੇ ਇੰਡਸ ਪ੍ਰੋਜੈਕਟ ਕਾਰਨ ਪੈਣ ਵਾਲੇ ਸਮੁੱਚੇ ਪ੍ਰਭਾਵਾਂ ਦਾ ਕੋਈ ਅਜ਼ਾਦ ਰਿਵੀਊ ਨਹੀਂ ਕੀਤਾ, ਬੀਕਨ ਨੇ ਆਪਣਾ ਖੁਦ ਦਾ ਰਿਵੀਊ ਪੇਸ਼ ਕੀਤਾ ਹੈ। ਕੈਨੇਡਾ ਦੀ ਫੈਡਰਲ ਇੰਪੈਕਟ ਅਸੈੱਸਮੈਂਟ ਏਜੰਸੀ ਨੇ ਵੀ ਇਸ ਤਰ੍ਹਾਂ ਕੀਤਾ ਹੈ। ਦੋਵਾਂ ਨੇ ਸਿੱਟਾ ਕੱਢਿਆ ਹੈ ਕਿ ਨਾਗਰਿਕਾਂ ਵਲੋਂ ਚਿੰਤਾ ਕਰਨ ਵਾਲੀ ਕੋਈ ਗੱਲ ਨਹੀਂ ਹੈ। ਇੰਪੈਕਟ ਅਸੈਸਮੈਂਟ ਏਜੰਸੀ ਅਨੁਸਾਰ 'ਫੈਡਰਲ ਅਧਿਕਾਰ ਖੇਤਰ ਅਧੀਨ ਸੰਭਾਵੀ ਮਾੜੇ ਅਸਰ ਜਾਂ ਪ੍ਰੋਜੈਕਟ ਕਾਰਨ ਹੋਣ ਵਾਲੇ ਸਿੱਧੇ ਜਾਂ ਅਸਿੱਧੇ ਮਾੜੇ ਅਸਰ ਸੀਮਤ ਹੋਣਗੇ ਜਾਂ ਮੌਜੂਦਾ ਫੈਡਰਲ ਅਤੇ ਸੂਬਾਈ ਕਾਨੂੰਨੀ ਅਤੇ ਰੈਗੂਲੇਟਰੀ ਢਾਂਚਿਆਂ ਰਾਹੀਂ ਹੱਲ ਕੀਤੇ ਜਾਣਗੇ।'

*ਇਹ ਲੇਖ ਪਹਿਲੀ ਵਾਰ ਟਾਈ ਦੇ ਆਨਲਾਈਨ ਸਾਈਟ 'ਤੇ 30 ਜੂਨ ਨੂੰ ਛਪਿਆ ਸੀ। ਇਸ ਦਾ ਪੰਜਾਬੀ ਅਨੁਵਾਦ ਪੰਜਾਬ ਟਾਈਮਜ਼ ਦੇ ਪਾਠਕਾਂ ਲਈ ਪੇਸ਼ ਹੈ। – ਅਨੁਵਾਦਕ*



ਸਟੈਲਫੌਕਸ ਦੀਆਂ ਲੱਭਤਾਂ ਵੱਖਰੀਆਂ ਹਨ। ਉਸ ਨੇ ਇਸ ਸੰਬੰਧਿਤ ਸਾਹਿਤ ਦੀ ਸਮੀਖਿਆ ਕਰਕੇ ਸਿੱਟਾ ਕੱਢਿਆ ਕਿ ਡਾਟਾ ਸੈਂਟਰ ਦੇ ਨੇੜੇ ਦੀਆਂ ਕਮਿਊਨਿਟੀਆਂ 'ਤੇ ਕਈ ਤਰ੍ਹਾਂ ਦੇ ਮਾੜੇ ਅਸਰ ਪੈਣਗੇ। ਇਨ੍ਹਾਂ ਅਸਰਾਂ ਵਿਚ ਸ਼ਾਮਲ ਹਨ:

• ਪਾਣੀ ਦੀ ਮੰਗ ਵਿਚ ਵਾਧਾ, ਜਿਸ ਨਾਲ ਕੁਦਰਤੀ ਜਲ-ਖੇਤਰਾਂ (ਵਾਟਰਸ਼ੈੱਡਾਂ) ਵਿਚ ਪਾਣੀ ਦੀ ਕਮੀ ਵਧੇਗੀ;

• ਲਗਾਤਾਰ ਰੌਲਾ ਪ੍ਰਦੂਸ਼ਣ, ਜਿਸ ਵਿਚ ਪਿਛੋਕੜ ਦੀ ਗੂੰਜ (ਬੈਕਗ੍ਰਾਊਂਡ ਹਮ) ਸ਼ਾਮਲ ਹੈ, ਜਿਸ ਨਾਲ ਸੁਣਨ ਸ਼ਕਤੀ ਦਾ ਘਟਣਾ, ਇਨਸੌਮਨੀਆ (ਨੀਂਦ ਨਾ ਆਉਣਾ), ਚਿੰਤਾ ਅਤੇ ਗਿਆਨ ਸੰਬੰਧਿਤ (ਕੋਗਨਿਟਿਵ) ਵਿਗਾੜ ਪੈਦਾ ਹੋ ਸਕਦੇ ਹਨ;

• ਰੌਸ਼ਨੀ ਦਾ ਪ੍ਰਦੂਸ਼ਣ, ਜਿਸ ਨਾਲ ਹਨੇਰੇ ਅਸਮਾਨਾਂ ਦਾ ਨੁਕਸਾਨ ਹੋ ਸਕਦਾ ਹੈ;

• ਹਵਾ ਦਾ ਪ੍ਰਦੂਸ਼ਣ, ਜਿਸ ਨਾਲ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਵਿਚ ਵਾਧਾ ਅਤੇ ਸਾਹ ਅਤੇ ਦਿਲ ਦੀਆਂ ਬੀਮਾਰੀਆਂ ਸਮੇਤ ਸਿਹਤ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ; ਅਤੇ

• ਰੀਅਲ ਅਸਟੇਟ ਦੇ ਮੁੱਲਾਂ ਵਿਚ ਗਿਰਾਵਟ, ਜਿਸ ਨਾਲ ਘਰਾਂ ਦੀ ਇਕੁਇਟੀ (ਹੋਮ ਇਕੁਇਟੀ) ਵਿਚ ਘਾਟਾ ਪੈ ਸਕਦਾ ਹੈ।

ਸਟੈਲਫੌਕਸ ਦਾ ਕਹਿਣਾ ਹੈ ਕਿ ਅਲਬਰਟਾ ਸਰਕਾਰ ਆਪਣੀ ਜ਼ਿੰਮੇਵਾਰੀ ਬਾਰੇ ਜਾਣਬੁੱਝ ਕੇ ਅੱਖਾਂ ਮੀਟ ਰਹੀ ਹੈ: 'ਅਲਬਰਟਾ ਵਿਚ ਉਗਮ ਰਹੇ ਡਾਟਾ ਸੈਂਟਰ ਸੈਕਟਰ ਦਾ ਅਨੁਮਾਨਿਤ ਵਰਤਾਰਾ ਅਤੇ ਪਸਾਰ ਬਹੁਤ ਵਿਸ਼ਾਲ ਹੈ, ਇਸ ਲਈ ਜ਼ਮੀਨ ਦੀ ਵਰਤੋਂ ਵਿਚ ਵੱਡੀ ਅਤੇ ਵਿਘਟਨਕਾਰੀ (ਡਿਸਰਪਟਿਵ) ਤਬਦੀਲੀ ਲਿਆਉਣ ਵਾਲੇ ਇਸ ਸੈਕਟਰ ਦੇ ਸਮੁੱਚੇ ਪ੍ਰਭਾਵਾਂ ਦਾ ਉੱਚੀ ਪੱਧਰ ਦਾ ਮੁਲਾਂਕਣ ਕੀਤਾ ਜਾਣਾ ਜ਼ਰੂਰੀ ਹੈ। ਸੂਬੇ ਨੇ ਇਹ ਮੁਲਾਂਕਣ ਨਾ ਤਾਂ ਖੇਤਰੀ ਪੈਮਾਨੇ 'ਤੇ ਕੀਤਾ ਹੈ ਅਤੇ ਨਾ ਹੀ ਸੂਬਾਈ ਪੈਮਾਨੇ 'ਤੇ।'

ਸਟੈਲਫੌਕਸ ਦੇ ਵਿਚਾਰ ਵਿਚ, ਬੀਕਨ ਦੇ ਇੰਡਸ ਵਰਗੇ ਪ੍ਰੋਜੈਕਟਾਂ ਨੂੰ 'ਐਲਬਰਟਾ ਦੇ ਮਹਾਨ ਲੈਡਕ #1 ਤੇਲ ਦੇ ਖੂਹ (Leduc #1 oil well) ਦੇ ਸਮਾਂਤਰ ਰੱਖ ਕੇ ਦੇਖਿਆ ਜਾਣਾ ਚਾਹੀਦਾ ਹੈ, ਜਿਸ ਨੇ 1940ਵਿਆਂ ਦੇ ਦਹਾਕੇ ਵਿਚ ਸੂਬੇ ਦੇ ਸਮਾਜਿਕ/ਆਰਥਿਕ/ਵਾਤਾਵਰਨਕ ਲੈਂਡਸਕੇਪ ਨੂੰ ਮੁੱਢੋਂ-ਸੁੱਢੋਂ ਬਦਲ ਦੇਣ ਵਾਲੇ ਇੱਕ ਨਵੇਂ ਹਾਈਡਰੋਕਾਰਬਨ ਖੇਤਰ ਦੇ ਆਗਮਨ ਦਾ ਐਲਾਨ ਕੀਤਾ ਸੀ।'

ਸਟੈਲਫੌਕਸ ਅੱਗੇ ਲਿਖਦਾ ਹੈ ਕਿ ਤੇਲ ਅਤੇ ਗੈਸ ਦੇ ਖੇਤਰ ਦੇ ਸਮੁੱਚੇ ਪ੍ਰਭਾਵਾਂ ਦੀ ਗੱਲ ਤਾਂ ਇਕ ਪਾਸੇ ਰਹੀ, ਸੂਬੇ ਨੂੰ ਇਹ ਮੰਨਣ ਵਿਚ ਵੀ ਕਈ ਦਹਾਕੇ ਲੱਗ ਗਏ ਸਨ ਕਿ ਇਸ ਖੇਤਰ ਦੇ ਨੁਕਸਾਨ ਵੀ ਹੋ ਸਕਦੇ ਹਨ। 'ਅਲਬਰਟਾ ਦੇ ਬਹੁਤ ਸਾਰੇ ਲੋਕਾਂ ਦਾ ਵਿਚਾਰ ਹੈ ਕਿ ਇਸ ਖੇਤਰ ਬਾਰੇ ਅਜੇ ਸੰਤੁਲਿਤ ਵਿਚਾਰ-ਚਰਚਾ ਨਹੀਂ ਹੋਈ।'

### ਅਲਬਰਟਾ ਦੇ ਲੋਕਾਂ ਲਈ ਵਿਆਪਕ ਤਬਦੀਲੀਆਂ

ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਕਿ 40 ਤੋਂ ਵੱਧ ਵੱਖ-ਵੱਖ ਸੈਂਟਰ ਬਣਾਉਣ ਦੇ ਪ੍ਰਸਤਾਵ ਪੇਸ਼ ਕੀਤੇ ਗਏ ਹਨ, ਸਟੈਲਫੌਕਸ ਦਲੀਲ ਦਿੰਦਾ ਹੈ ਕਿ ਏ.ਆਈ. ਡਾਟਾ ਸੈਂਟਰ 'ਅਗਲੀ ਸਦੀ ਵਿਚ ਸੂਬੇ ਦੀ ਸਮਾਜਕ-ਆਰਥਿਕ, ਸਨਅਤੀ ਅਤੇ ਕੁਦਰਤੀ ਸ੍ਰੋਤਾਂ (ਨੈਚੁਰਲ ਕੈਪੀਟਲ) ਦੀ ਸਥਿਤੀ 'ਤੇ ਹਾਵੀ ਹੋਣ ਦੀ ਬਹੁਤ ਜ਼ਿਆਦਾ ਸੰਭਾਵਨਾ ਰੱਖਦੇ ਹਨ।'

ਉਹ ਅੱਗੇ ਕਹਿੰਦਾ ਹੈ ਕਿ ਏ.ਆਈ. ਲਈ ਡਾਟਾ ਸੈਂਟਰ 'ਧਰਤੀ 'ਤੇ ਕੁਦਰਤੀ ਸ੍ਰੋਤਾਂ, ਊਰਜਾ, ਜ਼ਮੀਨ ਆਦਿ ਦੀ ਸਭ ਤੋਂ ਵੱਧ ਖਪਤ ਕਰਨ ਵਾਲੇ ਕਾਰੋਬਾਰਾਂ ਵਿਚ ਆਉਂਦੇ ਹਨ – ਉਨ੍ਹਾਂ ਦੀ ਕੰਕਰੀਟ, ਧਾਤਾਂ, ਹੀਟ, ਬਿਜਲੀ, ਸ਼ੋਰ, ਕੂਲਿੰਗ, ਅਤੇ ਨਿਵੇਸ਼ਿਤ ਪੂੰਜੀ ਦੀ ਸਥਾਨਕ ਪੱਧਰ 'ਤੇ ਘਣਤਾ (ਡਾਲਰ/ਐਮ2) ਦੀ ਤਕਰੀਬਨ ਤਕਰੀਬਨ ਹੋਰ ਕੋਈ ਮਿਸਾਲ ਨਹੀਂ ਮਿਲਦੀ।'

ਪਰ ਸਟੈਲਫੌਕਸ ਅਨੁਸਾਰ, ਅਲਬਰਟਾ ਨੇ ਇਕ ਸਮੇਂ ਸਿਰਫ ਇਕ ਪ੍ਰੋਜੈਕਟ ਦੀ ਜਾਂਚ ਕਰਕੇ ਵਾਤਾਵਰਨ ਦੇ ਮੁਲਾਂਕਣਾਂ ਦੇ ਅਮਲ ਨੂੰ ਲੰਮੇ ਸਮੇਂ ਤੋਂ ਇਸ ਤਰ੍ਹਾਂ ਵਰਤਿਆ ਹੈ ਕਿ ਨੁਕਸਾਨਾਂ ਨੂੰ ਘਟਾ ਕੇ ਅਤੇ ਲਾਭਾਂ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾ ਸਕੇ। ਉਹ ਇਸ ਬਾਰੇ ਇਕ ਉਦਾਹਰਨ ਵਜੋਂ ਇੰਡਸ ਪ੍ਰੋਜੈਕਟ ਕਾਰਨ ਵਾਤਾਵਰਨ 'ਤੇ ਪੈਣ ਵਾਲੇ ਅਸਰਾਂ ਬਾਰੇ 'ਉਣੇ' ਮੁਲਾਂਕਣ ਦੀ ਉਦਾਹਰਨ ਦਿੰਦਾ ਹੈ। ਇਹ ਇੱਕ ਵਿਆਪਕ ਮੁਲਾਂਕਣ ਦੀ ਬਜਾਏ ਇੱਕ ਸਤਹੀ ਰਿਵੀਊ ਸੀ, ਜਿਸ ਵਿਚ ਉਦਾਹਰਣ ਵਜੋਂ ਰੌਲੇ, ਰੌਸ਼ਨੀ ਅਤੇ ਹਵਾ ਦੇ ਪ੍ਰਦੂਸ਼ਣ ਅਤੇ ਜਾਇਦਾਦਾਂ ਦੀਆਂ ਕੀਮਤਾਂ ਅਤੇ ਗਰਮੀ ਦੇ ਸ਼ਹਿਰੀ ਟਾਪੂਆਂ (ਹੀਟ ਆਈਲੈਂਡਜ਼) ਦੇ ਅਸਰ ਨੂੰ ਹੋਰ ਵਧਾ ਦੇਣ ਵਾਲੇ ਇਸ ਖੇਤਰ ਲਈ ਪ੍ਰਸਤਾਵਿਤ ਹੋਰ ਨੇੜਲੇ ਏ.ਆਈ. ਪ੍ਰੋਜੈਕਟ ਸ਼ਾਮਲ ਨਹੀਂ ਕੀਤੇ ਗਏ ਜਾਂ ਵਿਚਾਰੇ ਨਹੀਂ ਗਏ।

ਰਿਵੀਊ ਇਸ ਗੱਲ ਨੂੰ ਵੀ ਸਾਰਥਕ ਢੰਗ ਨਾਲ ਸਵੀਕਾਰ ਨਹੀਂ ਕਰਦਾ ਕਿ ਪ੍ਰਸਤਾਵਿਤ ਇੰਡਸ ਸਾਈਟ ਅਲਬਰਟਾ ਦੇ ਸਭ ਤੋਂ ਵੱਡੇ ਸ਼ਹਿਰ ਕੈਲਗਰੀ ਦੇ ਬਿਲਕੁਲ ਨੇੜੇ ਹੈ ਅਤੇ ਸੰਭਾਵਤ ਤੌਰ 'ਤੇ ਕੁੱਝ ਸਾਲਾਂ ਵਿਚ ਸ਼ਹਿਰ ਦੀਆਂ ਹੱਦਾਂ ਦੇ ਅੰਦਰ ਆ ਜਾਵੇਗਾ।

ਨਤੀਜੇ ਵਜੋਂ, ਕਮਿਊਨਿਟੀ ਗਰੁੱਪਾਂ ਦੇ ਜ਼ਰੂਰੀ ਸਵਾਲਾਂ ਦੇ ਕੋਈ ਜਵਾਬ ਨਹੀਂ ਦਿੱਤੇ ਗਏ, ਜਿਵੇਂ ਕਿ ਏ.ਆਈ/ਡਾਟਾ ਸੈਂਟਰਾਂ ਦਾ ਤੇਜ਼ੀ ਨਾਲ ਵਧ ਰਿਹਾ ਨੈੱਟਵਰਕ ਜਲਵਾਯੂ ਦੀ ਤਬਦੀਲੀ ਦੀ ਭਵਿੱਖਬਾਣੀ ਕਰਨ ਵਾਲੀਆਂ ਸਥਿਤੀਆਂ ਵਿਚ ਪਾਣੀ ਦੀ ਉਪਲਬਧਤਾ ਨੂੰ ਕਿਵੇਂ ਪ੍ਰਭਾਵਿਤ ਕਰੇਗਾ? ਜੇ ਏ.ਆਈ. ਸੈਕਟਰ ਵਿਚ ਪ੍ਰਤੀ ਸਾਲ 15 ਪ੍ਰਤੀਸ਼ਤ ਦਾ ਵਾਧਾ ਹੁੰਦਾ ਹੈ ਤਾਂ ਇਸ ਦੇ ਕੀ ਅਸਰ ਹੋਣਗੇ, ਇਸ ਸੰਬੰਧੀ ਸਟੈਲਫੌਕਸ ਚੋਕਾਉਣ ਵਾਲੇ ਅਨੁਮਾਨ ਪੇਸ਼ ਕਰਦਾ ਹੈ।

ਬੀਕਨ ਇੰਡਸ ਸੈਂਟਰ ਨੂੰ ਇਕ ਨਮੂਨੇ ਦੇ ਤੌਰ 'ਤੇ ਵਰਤਦਿਆਂ ਸਟੈਲਫੌਕਸ ਨੇ ਏ.ਆਈ ਸੈਂਟਰਾਂ ਕਾਰਨ ਅਲਬਰਟਾ ਵਿਚ ਪੈਣ ਵਾਲੇ ਲੰਮੇ ਸਮੇਂ ਦੇ ਅਸਰਾਂ ਦਾ ਹਿਸਾਬ ਲਾਇਆ ਹੈ। ਜੇ ਇਸ ਸਨਅਤ ਵਿਚ ਹਰ ਸਾਲ 15 ਪ੍ਰਤੀਸ਼ਤ ਦਾ ਵਾਧਾ ਹੁੰਦਾ ਹੈ, ਤਾਂ ਕੀ ਹੋਵੇਗਾ? ਇਸ ਦਰ ਨਾਲ ਅਗਲੇ 20 ਸਾਲਾਂ ਵਿਚ ਇਕ ਪ੍ਰੋਜੈਕਟ ਇਕੋ ਜਿਹੇ ਸਾਈਜ਼ ਦੇ 14 ਡਾਟਾ ਸੈਂਟਰ ਬਣ ਜਾਂਦਾ ਹੈ।

ਸਟੈਲਫੌਕਸ ਅਨੁਸਾਰ ਉਨ੍ਹਾਂ ਦਾ ਸਮੁੱਚਾ ਅਸਰ 'ਹੈਰਾਨ ਕਰਨ ਵਾਲਾ' ਹੋਵੇਗਾ। ਡਾਟਾ ਫੈਕਟਰੀਆਂ ਜ਼ਮੀਨ ਦੇ 20 ਸੈਕਸ਼ਨਾਂ ਵਿਚ ਫੈਲਣਗੀਆਂ ਅਤੇ ਹਰ ਸਾਲ 15 ਕਰੋੜ (150 ਮਿਲੀਅਨ) ਮੈਗਾਵਾਟ ਘੰਟੇ ਬਿਜਲੀ ਖਪਤ ਕਰਨਗੀਆਂ, 6 ਕਰੋੜ 80 ਲੱਖ (68 ਮਿਲੀਅਨ) ਟਨ ਕਾਰਬਨ ਡਾਈਔਕਸਾਈਡ ਛੱਡਣਗੀਆਂ ਅਤੇ 7 ਅਰਬ (ਬਿਲੀਅਨ) ਲੀਟਰ ਤੋਂ ਵੱਧ ਪਾਣੀ ਦੀ ਖਪਤ ਕਰਨਗੀਆਂ।'

ਉਹ 'ਕੈਲਗਰੀ ਸ਼ਹਿਰ ਦੀ ਮੌਜੂਦਾ ਬਿਜਲੀ ਦੀ ਖਪਤ ਤੋਂ ਅੱਠ ਗੁਣਾ ਤੋਂ ਵੱਧ ਦੀ ਬਿਜਲੀ ਖਪਤ ਕਰਨਗੇ, ਕੈਲਗਰੀ ਸ਼ਹਿਰ ਵਲੋਂ ਪੈਦਾ ਕੀਤੀਆਂ ਜਾਂਦੀਆਂ ਗ੍ਰੀਨਹਾਊਸ ਗੈਸਾਂ ਤੋਂ ਚਾਰ ਗੁਣਾ ਤੋਂ ਵੱਧ ਗ੍ਰੀਨਹਾਊਸ ਗੈਸਾਂ ਪੈਦਾ ਕਰਨਗੇ, ਅਤੇ ਕੈਲਗਰੀ ਸ਼ਹਿਰ ਵਲੋਂ ਵਰਤਮਾਨ ਸਮੇਂ ਵਰਤੇ ਜਾਂਦੇ ਪਾਣੀ ਦੇ ਪੰਜ ਪ੍ਰਤੀਸ਼ਤ ਦੇ ਕਰੀਬ ਪਾਣੀ ਦੀ ਖਪਤ ਕਰਨਗੇ।'

ਨਤੀਜੇ ਵਜੋਂ, ਇੰਡਸ ਪ੍ਰੋਜੈਕਟ ਅਤੇ ਇਸ ਤੋਂ ਬਾਅਦ ਆਉਣ ਵਾਲੇ ਪ੍ਰੋਜੈਕਟ 'ਬਾਕੀ ਬਚੇ ਜੰਗਲੀ ਜੀਵਾਂ ਦੇ ਰਿਹਾਇਸ਼ੀ ਖੇਤਰਾਂ ਅਤੇ ਖੇਤੀਬਾੜੀ ਦੀ ਕੀਮਤੀ ਜ਼ਮੀਨ, ਪਹਿਲਾਂ ਤੋਂ ਹੀ ਪਾਣੀ ਦੀ ਘੱਟ ਸਪਲਾਈ ਦੀ ਉਪਲਬਧਤਾ 'ਤੇ ਬੁਰਾ ਅਸਰ ਪਾਉਣਗੇ ਅਤੇ ਗ੍ਰੀਨ ਹਾਊਸ ਗੈਸਾਂ ਦੇ ਨਿਕਾਸ ਅਤੇ ਬਿਜਲੀ ਦੀ ਖਪਤ ਵਿਚ ਵਿਸ਼ਾਲ ਵਾਧੇ ਦੀ ਨੁਮਾਇੰਦਗੀ ਕਰਨਗੇ।'

ਸਟੈਲਫੌਕਸ ਲਈ ਇਹ ਕੋਈ ਗੁੱਝੀ ਗੱਲ ਨਹੀਂ ਹੈ ਕਿ ਸਰਕਾਰ ਅਤੇ ਸਨਅਤ ਨੇ ਡਾਟਾ ਸੈਂਟਰਾਂ ਦੇ ਸਮੁੱਚੇ ਪ੍ਰਭਾਵਾਂ ਬਾਰੇ ਢੁਕਵੇਂ ਮੁਲਾਂਕਣ ਅਪਨਾਉਣ ਦਾ ਵਿਰੋਧ ਕਿਉਂ ਕੀਤਾ ਹੈ। ਉਹ 'ਡਰਦੇ ਹਨ ਕਿ ਇਸ ਦਾ ਵਿਧੀਪੂਰਵਕ ਨਤੀਜਾ ਵਾਤਾਵਰਨ ਦੇ ਨੁਕਸਾਨਾਂ ਦੇ ਵੱਡੇ ਪੱਧਰ ਨੂੰ ਉਜਾਗਰ ਕਰੇਗਾ, ਅਤੇ ਇਹ ਗਿਆਨ ਪੂੰਜੀ ਨਿਵੇਸ਼ ਜਾਂ ਆਰਥਿਕ ਵਿਕਾਸ ਵਿਚ ਰੁਕਾਵਟ ਬਣ ਸਕਦਾ ਹੈ।'

ਸਿਰਫ ਸਟੈਲਫੌਕਸ ਹੀ ਇਕੱਲਾ ਮਾਹਿਰ ਨਹੀਂ ਹੈ ਜੋ ਏ.ਆਈ. ਦੀ ਸਨਅਤ ਬਾਰੇ ਸਰਕਾਰਾਂ ਵਲੋਂ ਢੁਕਵੇਂ ਸਮੁੱਚੇ ਮੁਲਾਂਕਣ ਨਾ ਕਰਨ ਬਾਰੇ ਖ਼ਤਰੇ ਦੀ ਘੰਟੀ ਵਜਾ ਰਿਹਾ ਹੈ। ਇਸ ਮਹੀਨੇ, ਹੈਮਿਲਟਨ ਸ਼ਹਿਰ ਨੇ ਸਰਬਸੰਮਤੀ ਨਾਲ ਵੋਟ ਪਾ ਕੇ ਡਾਟਾ ਸੈਂਟਰਾਂ ਦੇ ਵਿਕਾਸ 'ਤੇ ਰੋਕ ਲਾਈ ਹੈ ਤਾਂ ਜੋ ਉਹ ਪਾਣੀ, ਐਨਰਜੀ ਦੇ ਖਰਚਿਆਂ, ਰੌਲੇ ਅਤੇ ਹਵਾ ਦੇ ਪ੍ਰਦੂਸ਼ਣ ਬਾਰੇ ਜਨਤਕ ਚਿੰਤਾਵਾਂ ਨਾਲ ਨਜਿੱਠਣ ਲਈ ਮੌਜੂਦਾ ਨਿਯਮਾਂ ਦੀ ਪਰਪੱਕਤਾ ਦਾ ਅਧਿਐਨ ਕਰ ਸਕਣ। ਸ਼ਹਿਰ ਨੇ ਅਜਿਹੀ ਚੀਜ਼ ਬਣਾਉਣ ਦੀ ਮੰਗ ਕੀਤੀ ਜਿਸ ਤੋਂ ਸਮਿੱਥ ਸਰਕਾਰ ਨੇ ਟਾਲਾ ਵੱਟਿਆ ਹੈ: 'ਇੱਕ ਤਾਲਮੇਲ ਵਾਲਾ ਰੈਗੂਲੇਟਰੀ ਢਾਂਚਾ ਜਿਸ ਵਿਚ ਏ.ਆਈ. ਦੀ ਸਨਅਤ ਦੇ ਵਾਧੇ ਅਤੇ ਵਿਕਾਸ ਲਈ ਮਿਊਂਸਪੈਲਟੀਆਂ ਵਲੋਂ ਵਾਤਾਵਰਨ, ਮਨੁੱਖੀ ਅਤੇ ਕਮਿਊਨਿਟੀ ਦੀ ਸਿਹਤ ਸੁਰੱਖਿਆ ਲਈ ਉਪਾਅ ਅਤੇ ਜਨਤਕ ਖੁਲਾਸੇ ਲਈ ਸ਼ਰਤਾਂ ਸ਼ਾਮਲ ਹੋਣ।'

ਅਮਰੀਕਾ ਵਿਚ ਐਨਰਜੀ ਦੇ ਖੇਤਰ ਵਿਚ ਕੰਮ ਕਰਦੇ ਪੱਤਰਕਾਰ ਰੌਬਰਟ ਬ੍ਰਾਇਸ ਨੇ ਬਾਰਡਰ ਦੇ ਦੱਖਣ ਵੱਲ ਭਾਵ ਅਮਰੀਕਾ ਵਿਚ ਇਸ ਤਰ੍ਹਾਂ ਦਾ ਵਿਰੋਧ ਕਰਨ ਵਾਲੀਆਂ ਲਹਿਰਾਂ ਦੀ ਸੂਚੀ ਤਿਆਰ ਕੀਤੀ ਹੈ। ਉਸ ਨੇ 'ਡਾਟਾ ਸੈਂਟਰ ਰਿਜੈਕਸ਼ਨ ਡਾਟਾਬੇਸ' ਨਾਂ ਦਾ ਇਕ ਡਾਟਾਬੇਸ ਬਣਾਇਆ ਹੈ ਜੋ ਦਰਸਾਉਂਦਾ ਹੈ ਕਿ ਸਿਰਫ ਇਸ ਸਾਲ ਵਿਚ ਹੀ ਅਮਰੀਕਾ ਵਿਚ 89 ਡਾਟਾ ਸੈਂਟਰਾਂ ਨੂੰ ਰੱਦ ਕੀਤਾ ਗਿਆ ਹੈ ਜਾਂ ਉਨ੍ਹਾਂ 'ਤੇ ਪਾਬੰਦੀਆਂ ਲਾਈਆਂ ਗਈਆਂ ਹਨ — ਇਹ ਗਿਣਤੀ ਪਿਛਲੇ ਸਾਲ ਅਮਰੀਕਾ ਦੇ ਪੇਂਡੂ ਖੇਤਰਾਂ ਵਿਚ ਰੱਦ ਕੀਤੇ ਗਏ ਸੈਂਟਰਾਂ ਦੀ ਗਿਣਤੀ ਤੋਂ ਲਗਭਗ ਦੁੱਗਣੀ ਹੈ ਅਤੇ 2024 ਵਿਚ ਰੱਦ ਕੀਤੇ ਗਏ ਸੈਂਟਰਾਂ ਦੀ ਗਿਣਤੀ ਤੋਂ 10 ਗੁਣਾ ਵੱਧ ਹੈ। ਬ੍ਰਾਇਸ ਅਨੁਸਾਰ, ਇਹ ਜਨਤਕ ਵਿਰੋਧ ਪਾਣੀ, ਰੌਲੇ, ਆਕਾਰ ਅਤੇ ਹਵਾ ਦੇ ਪ੍ਰਦੂਸ਼ਣ ਬਾਰੇ ਚੰਗੀ ਤਰ੍ਹਾਂ ਰਿਕਾਰਡ ਕੀਤੀਆਂ ਚਿੰਤਾਵਾਂ ਕਾਰਨ ਪੈਦਾ ਹੋ ਰਹੇ ਹਨ।

ਬ੍ਰਾਇਸ ਨੇ ਸਨਅਤੀ ਪੱਧਰ 'ਤੇ ਹਵਾ ਅਤੇ ਸੂਰਜ ਦੀ ਰੋਸ਼ਨੀ ਤੋਂ ਬਿਜਲੀ ਪੈਦਾ ਕਰਨ ਵਾਲੇ ਪ੍ਰੋਜੈਕਟਾਂ ਬਾਰੇ ਪੇਂਡੂ ਵਿਰੋਧ ਨੂੰ ਵੀ ਰਿਕਾਰਡ ਕੀਤਾ ਹੈ, ਜਿਸ ਕਰਕੇ ਕੁਝ ਜਲਵਾਯੂ ਕਾਰਕੁਨ ਉਸ ਨੂੰ 'ਸੱਜੇ-ਪੱਖੀ' ਕਰਾਰ ਦਿੰਦੇ ਹਨ। ਪਰ ਆਪਣੇ ਇੱਕ ਤਾਜ਼ਾ ਸਬਸਟੈਕ

(ਬਾਕੀ ਅਗਲੇ ਸਫੇ 'ਤੇ)

# ਪਰੀ ਪਰਿੰਦਾ

ਗਣੇਸ਼ ਪ੍ਰਸਾਦ ਪਿਤਾ ਰਾਮ ਪ੍ਰਸਾਦ ਬਹੁਤ ਵੱਡਾ ਵਿਦਵਾਨ ਤੇ ਕਰਮਕਾਂਡੀ ਸੀ। ਉਹ ਇਤਹਾਸ-ਮਿਥਹਾਸ ਤੇ ਵੇਦਾਂ-ਉਪਨਿਸ਼ਦਾਂ ਦਾ ਗਿਆਤਾ ਸੀ। 'ਦੁਨੀਆਂ ਲੁੱਟੋ ਮਕਰ ਸੇ ਰੋਟੀ ਖਾਉ ਸ਼ਕਰ ਸੇ' ਉਸ ਮਕਾਰ ਤੇ ਦੰਭੀ ਪੁਰਸ਼ ਨੇ ਬਹੁਤ ਵੱਡੀ ਜਾਇਦਾਦ ਬਣਾ ਲਈ ਸੀ। ਪਰ ਉਸਦਾ ਇਹ ਜੀਵਨ-ਢੰਗ ਉਸਦੇ ਆਗਿਆਕਾਰ ਇਕਲੌਤੇ ਪੁੱਤਰ ਗਣੇਸ਼ ਨੂੰ ਬਿਲਕੁਲ ਪਸੰਦ ਨਹੀਂ ਸੀ।

ਗਣੇਸ਼ ਆਪਣੇ ਪਿਤਾ ਵਾਂਗ ਹੀ ਬਹੁਤ ਵੱਡਾ ਵਿਦਵਾਨ ਸੀ। ਉਸ ਨੇ ਇਤਹਾਸ-ਮਿਥਹਾਸ ਤੇ ਪ੍ਰਾਚੀਨ ਹਿੰਦੂ ਸੰਸਕ੍ਰਿਤੀ ਦਾ ਡੂੰਘਾ ਅਧਿਅਨ ਕੀਤਾ ਸੀ। ਪਰ ਜੀਵਨ ਵਿਚ ਉਸਦੀ ਕਿਸੇ ਕਿਸਮ ਦੀ ਕੋਈ ਰੁਚੀ ਨਹੀਂ ਸੀ। ਉਹ ਇਸ਼ਕ-ਮੁਸ਼ਕ, ਲੋਕਾਂ ਨਾਲ ਮੇਲ-ਮਿਲਾਪ, ਖੇਡਾਂ, ਰੁਮਾਂਸ ਤੋਂ ਕੋਹਾਂ ਦੂਰ ਸੀ। ਉਹ ਹਰ ਵੇਲੇ ਉਦਾਸ-ਉਦਾਸ ਉਪਰਾਮ ਤੇ ਉਖੜਿਆ-ਉਖੜਿਆ ਰਹਿੰਦਾ।

ਗਣੇਸ਼ ਪਹਿਲਾਂ ਵੀ ਕਈ ਵਾਰ ਨੀਂਦ ਵਿਚ

**ਕਰਮ ਸਿੰਘ ਮਾਨ**
**ਫੋਨ: 559 261 5024**

ਸੁੱਤਾ ਪਿਆ ਉੱਠ ਕੇ ਤੁਰ ਜਾਂਦਾ ਸੀ। ਉਸਨੂੰ ਇਸ ਬਾਰੇ ਕੁਝ ਵੀ ਯਾਦ ਨਾ ਰਹਿੰਦਾ। ਉਸ ਨੂੰ ਪਤਾ ਵੀ ਨਾ ਲਗਦਾ, ਉਹ ਕਿੱਥੇ ਗਿਆ ਸੀ ਤੇ ਵਾਪਸ ਕਿਵੇਂ ਆਇਆ। ਉਸਨੂੰ ਪਤਾ ਨਾ ਲਗਦਾ ਕਿ ਇਸ ਅਵਸਥਾ 'ਚ ਕਿੰਨੇ ਖਤਰਨਾਕ ਥਾਂਵਾਂ, ਟੁੱਟੇ-ਭੱਜੇ ਨਹਿਰਾਂ ਕੱਸੀਆਂ ਦੇ ਪੁਲ ਪਾਰ ਕਰਦਾ ਉਹ ਵਾਪਸ ਆਇਆ, ਉਸ ਨਾਲ ਕੀ ਵਾਪਰਿਆ ਤੇ ਹੋਰ ਵੀ ਘਟਨਾਵਾਂ ਯਾਦ ਨਾ ਰਹਿੰਦੀਆਂ। ਫਿਰ ਇੱਕ-ਦੋ ਦਿਨ ਉਦਾਸ ਤੇ ਬੇਚੈਨ ਰਹਿੰਦਾ।

ਇਸ ਵਾਰ ਉਸਨੂੰ ਘਰੋਂ ਬਾਹਰ ਹੀ ਜਾਗ ਆ ਗਈ। ਉਹ ਜੰਗਲ ਵਿਚ ਇੱਕ ਰੁੱਖ ਦੇ ਥੱਲੇ ਪਿਆ ਸੀ। ਉਸ ਨੂੰ ਪਹਿਲਾਂ ਤਾਂ ਇਸ ਦੇ ਵਾਪਰਨ ਉੱਤੇ ਹੈਰਾਨੀ ਹੋਈ। ਉਸਨੇ ਇਸ ਘਟਨਾ ਨੂੰ ਇੱਕ ਕੌਤਕ ਸਮਝਿਆ। ਪਰ ਇਹ ਸੋਚ ਕੇ ਉਸਨੂੰ ਹੈਰਾਨੀ ਦੀ ਥਾਂ ਖ਼ੁਸ਼ੀ ਹੋਈ ਕਿ ਉਸ ਦੇ ਪਿਤਾ ਜੀ ਨੇ ਘਰੋਂ ਜਾਣ ਦੀ ਆਗਿਆ ਨਹੀਂ ਦੇਣੀ ਸੀ। ਸ਼ਾਇਦ ਇਹ ਵੀ ਹੋ ਸਕਦਾ ਸੀ ਕਿ ਉਹ ਮੋਹ ਦੀਆਂ ਤੰਦਾਂ ਤੋੜ ਕੇ ਘਰ ਛੱਡ ਨਾ ਸਕਦਾ। ਪਰ ਕਿਉਂ ਤੇ ਕਿਵੇਂ ਹੋਇਆ, ਇਹ ਗੱਲ ਉਸਦੀ ਸਮਝ ਵਿਚ ਨਾ ਆਈ। ਉਹ ਕਈ ਦਿਨ ਜੰਗਲ ਵਿਚ ਘੁੰਮਦਾ ਰਿਹਾ। ਕਈ ਵਾਰ ਪਿੱਛੇ ਮੁੜਨ ਦੀ ਖੋਹ ਜਿਹੀ ਪਈ ਪਰ ਇਹ ਆਪਣੇ-ਆਪ ਹੀ ਦਮ ਤੋੜਦੀ ਰਹੀ। ਉਸਦਾ ਉਚਾਟ ਮਨ ਪੱਟੀ ਬੰਨ੍ਹਣ ਨਹੀਂ ਸੀ ਦੇ ਰਿਹਾ। ਉਸਦਾ ਗਿਆਨ, ਗਰੰਥ ਸ਼ਾਸਤਰ ਤੇ ਹੋਰ ਪੜ੍ਹਾਈ ਉਸਦਾ ਰਾਹ ਨਾ ਰੋਕ ਸਕੀ। ਉਹ ਦੋ ਦਿਨ ਤੇ ਦੋ ਰਾਤਾਂ ਇੱਧਰ-ਉਧਰ ਘੁੰਮਦਾ ਰਿਹਾ। ਰੰਗ-ਬਰੰਗੇ ਪੰਛੀਆਂ ਦਾ ਅਲਾਪ ਅਤੇ ਅਸਮਾਨ ਵਿਚ ਤਾਰਿਆਂ ਦੀ ਲੋਅ, ਚੰਦ ਦੀ ਚਾਨਣੀ ਤੇ ਕੁਦਰਤ ਦੇ ਅਦਭੁੱਤ ਨਜ਼ਾਰੇ ਖਿੱਚ ਨਾ ਪਾ ਸਕੇ। ਰੁਮਕਦੀ ਹਵਾ ਦੀ ਹਰੇ ਪੱਤਿਆਂ ਨਾਲ ਛੇੜ-ਛਾੜ ਦੇ ਵੱਲ ਉਸਦਾ ਧਿਆਨ ਨਾ ਜਾਂਦਾ। ਉਸਨੂੰ ਦਿਸਦਾ ਸੀ ਡਿੱਗੇ ਸੁੱਕੇ ਪੱਤਿਆਂ ਦਾ ਸੰਕੇਤਕ— ਮੌਤ ਦਾ ਪੈਗਾਮ। ਉਸਨੂੰ ਰਮਤੇ ਜੋਗੀਆਂ ਦਾ ਇਕੱ ਟੋਲਾ ਮਿਲ ਗਿਆ। ਗਣੇਸ਼ ਨੇ ਇਸ ਟੋਲੇ ਦੇ ਮੁਖੀ ਨੂੰ ਯੋਗ ਪੰਥ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਿਹੜੀ ਉਨ੍ਹਾਂ ਪਰਵਾਨ ਕਰ ਲਈ। ਜੋਗੀਆਂ ਦੇ ਗੁਰੂ ਨੇ ਉਸਨੂੰ ਜੋਗ ਮੱਤ ਦੇ ਮੁਢਲੇ ਅਸੂਲ ਸਮਝਾਏ ਤੇ 'ਜਤੀ-ਸਤੀ ਨਿਮਾਨੜੇ ਹੋ ਰਹੀਏ ਸਾਬਤ ਰੱਖਣਾ ਏ ਲੰਗੋਟੜੀ ਨੂੰ' ਉਸ ਨੇ ਇਸ ਮਨਾਹੀ ਬਾਰੇ ਤਾੜਨਾ ਕੀਤੀ।

ਗਣੇਸ਼ ਪਰਸ਼ਾਦ ਨੇ ਸਾਹ ਹੋਲੀ ਲ਼ੈਣ, ਰੋਕਣ ਅਤੇ ਬਾਹਰ ਕੱਢਣ ਦਾ ਅਭਿਆਸ ਕੀਤਾ। ਰਿੱਧੀਆਂ-ਸਿੱਧੀਆਂ ਦੀ ਪ੍ਰਾਪਤੀ ਲਈ ਸਰੀਰ ਨੂੰ ਹਰ ਕਿਸਮ ਦਾ ਕਸ਼ਟ ਦਿੱਤਾ। ਉਸਨੇ ਦੱਸੀ ਵਿੱਧੀ ਅਨੁਸਾਰ ਲੰਬੇ ਸਮੇ ਲਈ ਵਰਤ ਰੱਖੇ। ਹਰ ਕਸ਼ਟ ਸਰੀਰ ਨੂੰ ਦਿੱਤਾ, ਦਿਨ ਰਾਤ ਭੈੜੇ ਮੌਸਮ ਵਿਚ ਜੋਗ ਆਸਣ ਕੀਤੇ। ਉਹ ਸੁੱਕ ਕੇ ਪਿੰਜਰ ਬਣ ਗਿਆ। ਪਰ ਇਸ ਤਰ੍ਹਾਂ ਕੁਝ ਨਾ ਮਿਲਿਆ। ਉਸਨੇ ਆਪਣੀ ਹਓਮੈ ਨੂੰ ਮਾਰਨ ਲਈ 'ਆਤਮ-ਮੰਥਨ' ਕੀਤਾ। ਸ਼ਰਾਬੀ ਦੇ ਨਸ਼ਾ ਉਤਰਨ ਵਾਂਗ ਜਦੋਂ ਉਹ ਜਾਗਦਾ ਉਸਦੇ ਅੰਦਰ ਉਹੀ ਖੋਹ ਪੈਂਦੀ, ਉਹੀ ਹੂਕ, ਤੜਪ ਅਤੇ ਹਓਮੈ ਜਨਮ ਲੈ ਲੈਂਦੀ। ਉਸਦੀ ਸ਼ਾਂਤੀ ਭੰਗ ਹੋ ਜਾਂਦੀ ਪਰ ਜਗਿਆਸਾ ਮੱਠੀ ਨਾ ਪੈਂਦੀ।

ਉਸਨੇ ਅਨੁਭਵ ਕੀਤਾ ਕਿ ਪੰਥ ਦੇ ਮੁਖੀ ਨੂੰ ਨਿਰਵਾਣ ਪ੍ਰਾਪਤ ਨਹੀਂ ਹੋਇਆ। ਉਸਦੇ ਮਨ ਵਿਚ ਦੁਬਿਧਾ ਨੇ ਜਨਮ ਲੈ ਲਿਆ। ਤਿੰਨ ਸਾਲ ਬਾਅਦ ਆਖਰ ਉਸਨੇ ਮੁਖੀ ਤੋਂ ਛੱਡ ਕੇ ਜਾਣ ਦੀ ਆਗਿਆ ਮੰਗੀ। ਜਿਸ ਨੇ ਨਰਾਜ਼ ਹੋ ਕੇ ਬੇਨਤੀ ਪ੍ਰਵਾਨ ਕਰ ਲਈ।

ਜੋਗ ਮੱਤ ਦੇ ਤਿਆਗਣ ਪਿੱਛੋਂ ਉਹ ਸੰਘਣੇ ਜੰਗਲ ਵਿਚ ਇੱਧਰ-ਉੱਧਰ ਘੁੰਮਦਾ ਰਿਹਾ। ਉਸਨੇ ਆਪਣੇ ਪਿਤਾ ਤੋਂ ਪਹਿਲਾਂ ਹੀ ਉਪਨਿਸ਼ਦਾਂ ਸਿਮਰਿਤੀਆਂ, ਧਾਰਮਿਕ ਆਡੰਬਰ ਤੇ ਕਰਮ ਕਾਂਡ ਬਾਰੇ ਪੜ੍ਹ ਹੀ ਲਿਆ ਸੀ, ਕਿਸੇ ਮਨੁੱਖ ਜਾਂ ਗਰੰਥ ਤੋਂ ਕੁਝ ਵੀ ਸਿੱਖਣ ਦੀ ਆਸ ਨਾ ਰਹੀ ਅਤੇ ਉਸ ਨੇ ਕੁਦਰਤ ਵਿਚੋਂ ਹਰ ਰਹੱਸ ਪ੍ਰਾਪਤ ਕਰਨ ਦਾ ਅਨੁਭਵ ਕੀਤਾ।

ਦੋ ਦਿਨ ਬਿਨਾ ਕਿਸੇ ਪਾਸੇ ਮੁੜਨ ਦੇ ਸਿੱਧਾ ਜੰਗਲ ਵਿਚ ਧਸਦਾ ਗਿਆ। ਪਹਿਲੀ ਵਾਰੀ ਪਹਿਲਾਂ ਤੋਂ ਉਲਟ ਕੁਦਰਤ ਦੇ ਨਜਾਰੇ, ਝੀਲਾਂ ਦਰਿਆ, ਝਰਨੇ, ਹਵਾ ਦਾ ਰੁੱਖਾਂ ਨਾਲ ਕਲੋਲ, ਤਾਰਿਆਂ ਦੀ ਲੋਅ, ਚੰਦ ਦੀ ਝਰ ਝਰ ਕਰਦੀ ਠੰਢੀ-ਠਾਰ ਚਾਨਣੀ ਨੇ ਉਸ'ਤੇ ਜਾਦੂਮਈ ਅਸਰ ਕੀਤਾ।

ਦੋ ਰਾਤਾਂ ਪਿੱਛੋਂ ਇੱਕ ਚਾਰ ਡਾਕੂਆਂ ਦਾ ਟੋਲਾ ਮਿਲਿਆ 'ਇਹ ਰਮਤਾ ਯੋਗੀ ਜਾਂ ਤਾਂ ਰਸਤਾ ਭੁੱਲ ਗਿਆ ਜਾਂ ਦੁੱਖ ਤਕਲੀਫਾਂ ਤੋਂ ਡਰ ਕੇ ਸੰਸਾਰ ਨੂੰ ਤਿਆਗਣ ਦੇ ਰਾਹ ਪੈ ਗਿਆ ਹੋਵੇ' ਡਾਕੂਆਂ ਦੇ ਸਰਦਾਰ ਨੇ ਸੋਚਿਆ।

'ਲੁਟੇਰਾ ਤੂੰ ਵੀ ਹਾਂ ਤੈਂ ਅਸੀਂ ਵੀ। ਫਰਕ ਇਨਾ ਹੀ ਐ ਕਿ ਤੁਸੀਂ ਲੋਕਾਂ ਨੂੰ ਭੱਦਰ, ਧਨਵਾਨ ਤੇ ਵਿਦਵਾਨ ਬਣਨ ਦਾ ਵਿਖਾਵਾ ਕਰਕੇ ਲੁੱਟਦੇ ਹੋ ਅਤੇ ਅਸੀਂ ਤੁਹਾਡਾ ਲੁੱਟਿਆ ਹਰਾਮ ਦਾ ਮਾਲ ਗਰੀਬ ਲੋਕਾਂ ਵਿਚ ਵੰਡਦੇ ਹਾਂ। ਤੁਸੀਂ ਦੰਭੀ ਹੋ ਤੇ ਅਸੀਂ ਡਾਕੂ, ਪਾਪੀ ਤੇ ਅਪਰਾਧੀ' ਡਾਕੂਆਂ ਦੇ ਸਰਦਾਰ ਨੇ ਹੱਸ ਕੇ ਕਿਹਾ।

'ਕਿਤੇ ਸਰਾਪ ਨਾ ਦੇ ਦੇ। ਇਦੇ ਡੰਗੇ ਨੇ ਤਾਂ ਪਾਣੀ ਵੀ ਨੀ ਮੰਗਣਾ।' ਮਧਰੇ ਕੱਦ ਦੇ ਕੁੰਢੀਆਂ ਮੁੱਛਾਂ ਵਾਲੇ ਡਾਕੂ ਨੇ ਕਿਹਾ।

'ਸੱਤਿ ਆ ਜੀ।' ਗੁਣੇਸ਼ ਨੇ ਬਹੁਤ ਹੀ ਹਲੀਮੀ ਨਾਲ ਕਿਹਾ। ਡਾਕੂਆਂ ਦੇ ਸਰਦਾਰ ਨੇ ਝੁਕ ਕੇ ਉਸਨੂੰ ਪ੍ਰਣਾਮ ਕੀਤੀ।

'ਮਹਾਤਮਾ ਜੀਉ, ਬਾਹਰ ਘੁੱਪ ਹਨੇਰਾ ਹੈ। ਖ਼ੂੰਖਾਰ ਜਾਨਵਰ ਸ਼ੇਰ, ਚੀਤੇ ਰਿੱਛ ਤੇ ਬਘਿਆੜ ਤੇ ਸੱਪ ਸਲੂਤੀ ਦਾ ਬਹੁਤ ਹੀ ਡਰ ਹੈ। ਤੂੰ ਸਾਡੇ ਕੋਲ ਰਾਤ ਕੱਟ ਲਾ, ਸੂਰਜ ਚੜ੍ਹਦੇ ਚਲਿਆ ਜਾਈਂ' ਡਾਕੂਆਂ ਦੇ ਸਰਦਾਰ ਨੇ ਕਿਹਾ।



'ਕਿੱਥੋਂ ਆਇਐਂ, ਕਿੱਥੇ ਜਾਣਾ?' ਸਰਦਾਰ ਨੇ ਪੁਛਿਆ।

'ਸੁਣ ਭਗਤਾ 'ਬੰਦੇ ਦਾ ਕੋਈ ਪੱਕਾ ਨਹੀਂ ਟਿਕਾਣਾ।' ਗਣੇਸ਼ ਨੇ ਕਿਹਾ। ਡਾਕੂਆਂ ਨੇ ਉਸਨੂੰ ਇੱਕ ਸੂਟ ਪਹਿਨਣ ਨੂੰ ਦਿੱਤਾ।

ਰਾਤ ਕੱਟ ਕੇ ਪੂਰਬ ਦਿਸ਼ਾ ਵੱਲ ਤੁਰ ਪਿਆ। ਅਜੇ ਚਾਰ-ਪੰਜ ਮੀਲ ਹੀ ਗਿਆ ਹੋਵੇਗਾ, ਰਸਤੇ ਵਿਚ ਇਕ ਨੌਜਵਾਨ ਔਰਤ ਮਿਲੀ, ਜਿਸਦੇ ਨਾਲ ਲਗਭਗ ਚਾਰ ਸਾਲ ਦਾ ਮੁੰਡਾ ਸੀ। ਉਹ ਸੂਰਜ ਦੀਆਂ ਸੁਨਹਿਰੀ ਕਿਰਨਾਂ ਦੇ ਵਿਚ ਲਾਲ ਸੁਰਖ ਅੱਗ ਦੇ ਦਗਦੇ ਕੋਲੇ ਵਾਂਗ ਦਗ ਰਹੀ ਸੀ। ਉਸਦੇ ਚਿਹਰੇ ਦਾ ਜਲੌਅ ਅੱਖਾਂ ਚੁੰਧਿਆਉਂਦਾ ਸੀ। ਉਹ ਲੰਬੀ-ਲੱਝੀ ਪਰੀ ਦਾ ਸਕਾਰ ਰੂਪ ਸੀ। ਗਣੇਸ਼ ਉਸ ਵੱਲ ਝਾਕਿਆ ਤਾਂ ਸੀ, ਪਰ ਤੁਰੰਤ ਨੀਵੀਂ ਪਾ ਲਈ। ਉਸਤੋਂ ਪਾਸੇ ਦੀ ਲੰਘਣਾ ਚਾਹਿਆ ਪਰ ਲੰਘ ਨਾ ਸਕਿਆ। ਉਸ ਦੇ ਦਿਲ ਦੀ ਧੜਕਣ ਤੇਜ਼ ਸੀ। ਇਹ ਸ਼ਾਇਦ ਉਸਦੇ ਸੰਸਕਾਰ ਸਨ। ਉਹ ਜਨਮ ਤੋਂ ਬ੍ਰਾਹਮਣ ਸੀ ਤੇ ਰਮਤੇ ਯੋਗੀਆਂ ਦੇ ਨਾਲ ਰਿਹਾ ਸੀ ਜਿਸ ਵਿਚ ਔਰਤ ਸ਼ਾਮਲ ਹੋ ਨਹੀਂ ਸਕਦੀ ਸੀ।

ਬੱਚੇ ਦੇ ਇੱਕ ਪਾਸੇ ਤੇ ਔਰਤ ਦੂਜੇ ਪਾਸੇ ਗਣੇਸ਼ ਸੀ। ਗਣੇਸ਼ ਬੱਚੇ ਦਾ ਸੱਜਾ ਤੇ ਔਰਤ ਖੱਬਾ ਹੱਥ ਫੜ ਕੇ ਤੁਰ ਪਏ। ਕਿਤੇ ਕਿਤੇ ਉਹ ਤਿਰਸ਼ੀ ਅੱਖ ਨਾਲ ਉਸ ਵੱਲ ਵੇਖ ਲੈਂਦੀ।

ਗਣੇਸ਼ ਉਸ ਵੱਲ ਝਾਕਦਾ ਤੇ ਉਸ ਦੀਆਂ ਅੱਖਾਂ-ਬੰਦ ਹੋ ਜਾਂਦੀਆਂ ਸ਼ਾਇਦ ਉਹ ਆਪਣੇ ਆਪੇ ਨੂੰ ਲੁਕਾਉਣ ਲਈ ਮੂੰਹ ਦੂਜੇ ਪਾਸੇ ਕਰ ਲੈਂਦਾ। ਜਦ ਉਹ ਅਜਿਹਾ ਕਰਦਾ ਬੱਚਾ ਉਸਦਾ ਹੱਥ ਖਿੱਚਦਾ ਰੋ ਪੈਂਦਾ।

ਮਾਂ ਪੁਚਕਾਰਦੀ ਤੇ ਬੱਚਾ ਚੁੱਪ ਹੋ ਜਾਂਦਾ। ਗਣੇਸ਼ ਉਸਨੂੰ ਚੁੱਕ ਕੇ ਮੋਢਿਆਂ 'ਤੇ ਬਿਠਾਉਣ ਲੱਗਿਆ, ਬੱਚਾ ਹੱਥ ਛੁਡਾ ਕੇ ਮਾਂ ਨੂੰ ਜਾ ਚਿੰਬੜਿਆ।

'ਬੱਚਾ ਭਾਰਾ ਹੈ। ਮੈਥੋਂ ਚੁੱਕ ਨਹੀਂ ਹੋਣਾ।' ਔਰਤ ਨੇ ਕਿਹਾ। ਗਣੇਸ਼ ਨੇ ਚੁੱਕ ਕੇ ਉਸ ਦੀ ਬੁੱਕਲ ਵਿਚ ਪਾ ਦਿੱਤਾ। ਅਜਿਹਾ ਕਰਦੇ ਦਾ ਉਸਦਾ ਹੱਥ ਉਸਦੇ ਹੱਥ ਨੂੰ ਛੂਹ ਗਿਆ। ਉਸਨੂੰ ਝਰਨਾਹਟ ਛਿੜ ਗਈ ਤੇ ਉਹ ਕੰਬਣ ਲੱਗਿਆ। ਔਰਤ ਨੇ ਉਸਦਾ ਹੱਥ ਪੂਰੇ ਜ਼ੋਰ ਨਾਲ ਘੁੱਟ ਦਿੱਤਾ। ਕੁਝ ਪਲਾਂ ਵਿਚ ਹੀ ਕਿੰਨਾ ਸਫਰ ਤੈਅ ਕਰ ਗਏ ਸਨ।

'ਤੁਸੀਂ ਕਿੱਥੇ ਜਾਣਾ ਹੈ ਤੇਰਾ ਥਹੁ ਟਿਕਾਣਾ?' ਗਣੇਸ਼ ਕਾਵਿਕ ਹੋ ਚੱਲਿਆ ਸੀ।

'ਜਿੱਥੇ ਚੱਲੇਂਗਾ ਚੱਲੂੰ ਨਾਲ ਤੇਰੇ ਟਿਕਟਾਂ ਦੋ ਲੈ ਲਈਂ। ਅੱਗੇ ਦਾ ਪਤਾ ਨਹੀਂ ਕਿ ਤਕਦੀਰ ਵਿਚ ਕੀ ਹੈ। ਪਿਛੇ ਦਰਿਆ ਪਾਰ ਕਰਕੇ ਬੇੜੀ ਨੂੰ ਅੱਗ ਲਾ ਆਈ ਹਾਂ 'ਮੇਰੇ ਪਰਿੰਦੇ!' ਔਰਤ ਨੇ ਉਸਦਾ ਨਾਉਂ ਪਰਿੰਦਾ ਰੱਖ ਲਿਆ।

'ਮੇਰੇ ਪਰਿੰਦੇ' ਸ਼ਬਦ ਸੁਣ ਕੇ ਉਹ ਅਪਣੱਤ ਅਤੇ ਸਵੈਮਾਨ ਨਾਲ ਭਰ ਗਿਆ। ਅੱਜ ਤੱਕ ਉਸਨੂੰ ਕਿਸੇ ਨੇ ਵੀ 'ਮੇਰਾ' ਨਹੀਂ ਕਿਹਾ ਸੀ।

'ਤੂੰ' ਕਿੱਧਰੋਂ ਆਇਆ ਕਿੱਥੇ ਜਾਣਾ?' ਔਰਤ ਨੇ ਪੁੱਛਿਆ।

'ਮੇਰੀ ਪਰੀਏ। ਜਿਹੜਾ ਘਰ ਛੱਡਿਆ। ਉਸ ਵੱਲ ਮੁੜ ਕੇ ਨਹੀ ਵੇਖਿਆ। ਮੇਰਾ ਪਿਉ ਉਤੋਂ ਵਿਦਵਾਨ ਪੰਡਤ, ਪਰ ਅੰਦਰੋਂ ਲੁਟੇਰਾ ਮਾਇਆਧਾਰੀ। ਉਸਨੂੰ ਪੈਸਾ ਹੀ ਦਿਸਦਾ। ਘਰ ਛੱਡਿਆ ਜੋਗੀ ਬਣਿਆ ਪਰ ਉਥੇ ਵੀ ਕੁਝ ਨਾ ਲੱਭਾ ਗਿਆਨ ਤੇ ਗਰੰਥ ਵੀ ਕੰਮ ਨਾ ਆਏ।

'ਸੱਤਿ ਹੈ ਮੇਰੇ ਪਰਿੰਦੇ। ਪਰੀ ਉੱਥੇ ਰਹੂ ਜਿੱਥੇ ਰਹੂ ਪਰਿੰਦਾ? ਇਹੀ ਹੈ ਪਰੀ ਦੀ ਮੰਜ਼ਲ। ਮੇਰੇ ਪਰਿੰਦੇ। ਠੀਕ ਹੈ ਨਾ?' ਪਰੀ ਨੇ ਆਪਣਾ ਦਿਲ ਉਸਦੇ ਪੈਰਾਂ ਵਿਚ ਧਰ ਦਿੱਤਾ।

'ਪਰੀ ਹੈ ਤਾਂ ਸਭ ਕੁਝ ਹੈ। ਇਸ ਤੋਂ ਵੱਧ ਮੇਰੀ ਕੋਈ ਚਾਹਤ ਨਹੀਂ। ਮੇਰੀ ਭਾਲ ਤੇ ਭਟਕਣਾ ਮੁੱਕ ਗਈ ਹੈ, ਪਰਿੰਦੇ ਨੇ ਪਰੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਕਿਹਾ।

'ਇਕ ਕਿੱਸ ਤੇ ਇੱਕ ਜੱਫੀ ਦਾ ਹੱਕ ਤਾਂ ਬਣਦਾ ਹੀ ਹੈ। ਉਹ ਗਣੇਸ਼ ਨੂੰ ਖਿੱਚ ਕੇ ਹਿੱਕ ਨਾਲ ਲਾਉਣ ਲੱਗੀ ਹੀ ਸੀ ਕਿ ਦੂਰ ਪਏ ਬੱਚੇ ਨੇ ਪਰੀ ਨੂੰ ਹਾਕ ਮਾਰੀ। ਪਰੀ ਤ੍ਰਭਕ ਕੇ ਸੁਪਨ-ਮਈ ਸੰਸਾਰ 'ਚੋਂ ਬਾਹਰ ਆਈ।

'ਪੁੱਤ ਮੈਂ ਤੇਰੇ ਡੈਡੀ ਕੋਲ! ਕਹਿੰਦੀ ਉਹ ਨੇੜੇ ਪਏ ਬੱਚੇ ਕੋਲ ਗਈ ਤੇ ਥਾਪੜ ਕੇ ਸੁਆ ਦਿੱਤਾ।

ਉਹ ਦੋਵੇਂ ਹੀ ਪਤੀ-ਪਤਨੀ ਬਣਨ ਦਾ ਐਲਾਨ ਕਰ ਗਏ ਸੀ

'ਤੈਂ ਨੀ ਮੇਰੇ ਅੱਗੇ-ਪਿੱਛੇ ਬਾਰੇਂ ਜਾਨਣਾ?' ਪਰੀ ਬੋਲੀ

'ਕੋਈ ਲੋੜ ਨਹੀਂ। ਸ਼ਾਇਦ ਤੂੰ ਵੀ ਆਪਣੇ ਪਰਿੰਦੇ ਜੋਗੀ ਦੀ ਭਾਲ ਵਿਚ ਜੋਗਣ ਬਣੀ ਹੋਵੇਂ। ਮੈਨੂੰ ਸੁੱਤੇ ਪਏ ਨੂੰ ਤੂੰ ਹਾਕ ਮਾਰਦੀ ਹੋਵੇਂ ਤੇ ਮੈਂ ਸੁੱਤਾ ਪਿਆ ਹੀ ਰੋਹੀਏ ਚੜ੍ਹ ਜਾਂਦਾ ਹੋਵਾਂ ਤੇ ਉਸੇ ਭਟਕਣਾ ਵਿਚ ਸੁਤਾ ਪਿਆ ਹੀ ਘਰ ਆ ਕੇ ਪੈ ਜਾਂਦਾ ਹੋਵਾਂ।' ਇਹ ਕਹਿ ਕੇ ਉਹ ਚੁੱਪ ਹੋ ਗਿਆ।

ਇਹੀ ਹਾਲ ਸੀ ਤੇਰੀ ਪਰੀ ਦਾ? ਇਕ ਦਿਨ ਘਰੋਂ ਗਈ। ਸਵੇਰ ਦੇ ਚਾਰ ਵੱਜੇ ਸੀ ਉਸ ਵੇਲੇ। ਬੱਸ ਫਿਰ ਕੀ ਸੀ? ਖੰਭਾਂ ਦੀਆਂ ਡਾਰਾ ਬਣ ਗਈਆਂ। ਲੋਕ ਕਹਿਣ ਲੱਗੇ ਇਹ ਯਾਰ ਨੂੰ ਮਿਲਣ ਗਈ ਹੋਊ। ਅਗਲੇ ਦਿਨ ਹੀ ਨਿਕਲ'ਗੀ ਨਿਕਲ'ਗੀ ਹੋਗੀ। ਜੇ ਕੁੜੀ ਘਰੋਂ ਬਾਹਰ ਪੈਰ ਵੀ ਪੁੱਟ ਲਏ ਤਾਂ ਨਿਕਲ'ਗੀ। ਜੇ ਮੁੰਡਾ ਹੋਵੇ ਤਾਂ ਕਹਿੰਦੈ ਕਿਧਰੇ ਨੀਂ ਜਾਂਦਾ। ਆਜੂ ਪੰਜ-ਚਾਰ ਦਿਨਾਂ ਨੂੰ ਇੱਧਰ-ਉੱਧਰ ਮੂੰਹ ਮਾਰ ਕੇ।'

'ਅੱਗੇ ਤਾਂ ਆਪਾਂ ਇਸ ਜ਼ਿੰਦਗੀ ਤੋਂ ਦੂਰ ਹੀ ਰਹੇ ਹਾਂ। ਮਨ ਦੀ ਕਲਪਣਾ ਤੇ ਭੜਕਣ ਨਾਲ ਬਿਰਹਾ ਵਿਚ ਤੜਪਦੇ ਰਹੇ। ਜਦੋਂ ਤੱਕ ਇਸ ਸੰਸਾਰ ਨੂੰ ਹਕੀਕਤ ਤੇ ਪਰਲੋਕ ਨੂੰ ਕਲਪਨਾ ਨਾ ਸਮਝਣ ਲੱਗੇ। ਉਦੋਂ ਤੱਕ ਸਹਿਜ ਅਵਸਥਾ ਵਿਚ ਨਾ ਆਏ।'

ਬਹੁਤ ਛੇਤੀ ਹੀ ਉਹ ਵਰਤਮਾਨ ਦੀ ਰੰਗੀਨੀ ਤੇ ਰੁਮਾਂਟਿਕ ਪਲਾਂ ਦਾ ਘੇਰਾ ਤੋੜ ਕੇ ਬਾਹਰ ਆ ਜਾਂਦੇ। ਉਹ ਭਵਿੱਖ ਦੀ ਉਡਾਣ ਭਰਨ ਬਾਰੇ ਆਪਣੇ ਪਰਾਂ ਨੂੰ ਤੋਲਣ ਲੱਗਦੇ।

'ਮੰਗਣ ਦਾ ਸਮਾਂ ਤਾਂ ਗਿਆ। ਲੂਣ, ਤੇਲ, ਲੱਕੜੀਆਂ ਦੇ ਭਾਅ ਦਾ ਫਿਕਰ? ਤੇਰੀ ਪਰੀ ਨੂੰ ਗਹਿਣੇ, ਕੱਪੜੇ ਤੇ ਸੁਗਾਤਾਂ ਦੀ ਵੀ ਲੋੜ ਹੈ। ਤੇ ਫਿਰ ਗੁਗਲੂ ਬਾਰੇ ਵੀ ਤਾਂ?'

'ਇਸ ਦਾ ਤੂੰ ਫਿਕਰ ਛੱਡ ਦੇ। ਤੇਰਾ ਪਰਿੰਦਾ ਸਭ ਕੁਝ ਕਰੂ?' ਉਹ ਕਹਿੰਦਾ ਉਸ ਵੱਲ ਉਲਰਿਆ। 'ਸਬਰ ਕਰ, ਉਡੀਕ ਤੇ ਕਿਤੇ ਫਾਕੇ ਵੀ ਕੱਟਣੇ ਪੈਣਗੇ?' 'ਉਡੀਕ, ਸਰੀਰ ਨੂੰ ਕਸ਼ਟ ਦੇਣਾ ਹੱਠ, ਫਾਕੇ ਕੱਟਣਾ ਜਪ-ਤਪ ਸਾਧਨਾ ਤਾਂ ਜੋਗ ਮੱਤ ਵਿਚ ਮੈਂ ਸਿੱਖ ਹੀ ਆਇਆ ਹਾਂ।'

'ਤੇਰੀ, ਸ਼ਾਂਤੀ, ਭਟਕਣਾ ਦਾ ਕੀ ਬਣੂ ਜਿਸ ਪਿੱਛੇ ਤੂੰ ਘਰ-ਘਾਟ ਛੱਡ ਕੇ ਆਇਐਂ? ਇਹ ਗ੍ਰਹਿਸਥ ਦੀਆਂ ਕਠਿਨਾਈਆਂ ਤੇ ਲੋੜਾਂ ਤੋਂ ਡਰਦਾ ਫਿਰ ਤਾਂ ਨੀ ਭੱਜ ਜਾਏਂਗਾ?'

'ਕਦੇ ਵੀ ਨਹੀਂ। ਕਾਦਰ ਕੁਦਰਤ ਵਿਚ ਹੀ ਸਮਾਇਆ ਹੋਇਆ ਹੈ। 'ਬ੍ਰਹਿਮੰਡੇ ਸੋਈ ਪਿੰਡੇ' ਉਹ ਤਾਂ ਸਾਡੇ ਅੰਦਰ ਹੈ। ਕੁਦਰਤ ਨਾਲ ਸੰਵਾਦ ਰਚਾਓ, ਕੁਝ ਸੁਣੋ, ਕਝ ਕਹੋ, ਕੁਦਰਤ ਤੋਂ ਬਾਹਰ ਕੁਝ ਵੀ ਨਹੀਂ।'

'ਮੇਰੇ ਪਰਿੰਦੇ ਦੀ ਖੋਜ ਡੂੰਘੀ, ਸੋਚ ਸਪੱਸ਼ਟ ਤੇ ਉਡਾਣ ਉੱਚੀ ਹੈ।' ਇਹ ਕਹਿੰਦੀ ਨੇ ਉਸਨੰ ਘੁੱਟ ਕੇ ਜੱਫੀ ਪਾ ਲਈ। ਇਕ ਪਲ ਲਈ ਇਹ ਵੀ ਭੁੱਲ ਗਏ ਕਿ ਬੱਚਾ ਉਨ੍ਹਾਂ ਦੇ ਨਾਲ ਹੈ। ਤੁਰਦੇ ਗਏ। ਬੱਚੇ ਨੂੰ ਪੀਣ ਲਈ ਫੁੱਲਾਂ ਦੇ ਰਸ ਵਿਚ ਸ਼ਹਿਦ ਮਿਲਾ ਕੇ ਦਿੱਤਾ। ਇਸ ਤਰ੍ਹਾਂ ਤੁਰਦੇ ਇੱਕ ਵੱਡੇ ਦਰਿਆ 'ਤੇ ਪੁੱਜ ਗਏ। 'ਦਰਿਆ ਤਾਂ ਪਾਰ ਕਰਨਾ ਹੀ ਹੈ। ਅਗਲੀ ਮੰਜਲ ਬਾਰੇ ਉਹ ਈ ਜਾਣੇ।' ਉਨ੍ਹਾਂ ਮਨ ਵਿਚ ਕਿਹਾ।

ਦਰਿਆ ਕਿਨਾਰੇ ਤੁਲਹਾ ਲੈ ਕੇ ਖੜ੍ਹੇ ਮਲਾਹ ਨੂੰ ਉਨ੍ਹਾਂ ਬੇਨਤੀ ਕੀਤੀ, 'ਬਾਬਾ ਜੀ ਸਾਨੂੰ ਵੀ ਪਾਰ ਲੰਘਾ ਦਿਉ?' ਉਸ ਦੇ ਬੋਲ ਸੁਣਨ ਤੋਂ ਪਹਿਲਾਂ ਹੀ ਬੱਚਾ ਬੇੜੀ ਵਿਚ ਚੜ੍ਹ ਗਿਆ। ਉਹ ਇਕ ਦਮ ਬੇੜੀ ਵਿਚ ਚੜ੍ਹਨ ਲਈ ਅੱਗੇ ਵਧੇ ਤਾਂ ਬੁੱਢੇ ਮਲਾਹ ਨੇ ਰੋਕ ਦਿੱਤੇ। 'ਰੁਕੋ! ਬੇੜੀ ਵਿਚ ਹਰਾਮੀਆਂ ਲਈ ਕੋਈ ਥਾਂ ਨਹੀ।' ਉਹ ਠਠੰਬਰ ਕੇ ਪਿੱਛੇ ਹਟ ਗਏ।

ਇੱਕ ਪਲ ਰੁੱਕਣ ਤੋਂ ਪਿੱਛੋਂ ਮਲਾਹ ਨੇ ਹੱਸ ਕੇ ਕਿਹਾ। 'ਆ ਜੋ ਚੜ੍ਹ ਆਉ। ਬੱਚੇ ਨਾਲ ਕੋਈ ਵੀ ਹਰਾਮੀ ਨਹੀਂ ਹੁੰਦਾ' ਉਸ ਨੇ ਚੜ੍ਹਨ ਲਈ ਇਸ਼ਾਰਾ ਕਰ ਦਿੱਤਾ।

'ਧੰਨਵਾਦ' ਕਹਿ ਕੇ ਉਹ ਬੇੜੀ ਵਿਚ ਚੜ੍ਹ ਗਏ। ਮਲਾਹ ਨੇ ਬੇੜੀ ਠੇਲ ਦਿੱਤੀ।

ਮਲਾਹ ਲਈ ਇਹ ਸਮਝਣਾ ਕੀ ਔਖਾ ਸੀ। ਉਸਨੇ ਹਜ਼ਾਰਾਂ ਮੁਸਾਫਰ ਦਰਿਆ ਤੋਂ ਪਾਰ ਕੀਤੇ ਸਨ। ਹਰ ਕਿਸਮ ਦੇ ਲੋਕ-ਨੌਜਵਾਨ ਜੋੜੇ, ਬੱਚੇ ਬੁੱਢੇ, ਚੋਰ, ਡਾਕੂ, ਠੱਗ, ਸਾਧ-ਸੰਤ, ਵਿਹਾਰੀ-ਵਪਾਰੀ ਪਾਰ ਲੰਘਾਏ ਸਨ ।

'ਜੇ ਪਤਾ ਨਹੀਂ ਤਾਂ ਕਿਸੇ ਤੋਂ ਵੀਂ। ਕਾਦਰ ਦੀ ਕੁਦਰਤ, ਦਰਿਆ ਤੇ ਸਾਰੀ ਬਨਸਪਤੀ, ਪੱਥਰ, ਪਹਾੜ ਤੋਂ ਪੁੱਛ ਲਉ। ਸਾਰੇ ਸਵਾਲਾਂ ਦਾ ਜਵਾਬ ਇਹ ਦੇਣਗੇ'

ਬਾਬਾ ਜੀ ਗੁਰੂ ਬਿਨਾ ਗਤ ਨਹੀਂ, ਸ਼ਾਹ ਬਿਨਾ ਪਤ ਨਹੀਂ। ਤੇ ਨਾਲੇ ਜਿੱਥੇ ਦਾਣਾ ਤਹਾਂ ਖਾਣਾ ਰਿਜ਼ਕ ਧੱਕੇ ਦੇਹ। ਸਾਡੀ ਮੰਜ਼ਲ ਆ ਗਈ ਹੈ।

'ਹਾਂ ਪੁੱਤਰੋ। 'ਇਸ ਪੱਥਰ ਨੂੰ ਪੁੱਛੋ? ਇਹ ਆਪਣਾ-ਆਪ ਮਿਟਾ ਕੇ ਰੇਤ ਦਾ ਕਿਣਕਾ ਬਣ ਕੇ ਖੇਤ ਵਿਚ ਵਿਛ ਜਾਂਦਾ ਹੈ। ਇਸ ਪੱਥਰ ਵਿਚ ਭਗਵਾਨ ਵੀ, ਭਗਵਾਨ ਦੀ ਮੂਰਤ ਵੀ ਹੈ। ਇਸ ਵਿਚ ਅੱਗ ਵੀ ਹੈ। ਵਦੀ ਨਾਲ ਲੜਨ ਲਈ ਇਹ ਖੰਜਰ ਤੇ ਤ੍ਰਿਸ਼ੂਲ ਵੀ ਹੈ।' ਬਾਬਾ ਜੀ ਨੇ ਸੰਕੇਤ ਦੇ ਕੇ ਸਮਝਾਇਆ।

ਗਣੇਸ਼ (ਪਰਿੰਦਾ) ਦਰਿਆ ਵੱਲ ਝਾਕਿਆ। ਪਾਣੀ ਵੱਲ ਝਾਤ ਮਾਰੀ। ਉਸਨੂੰ ਆਪਣਾ ਪਿਤਾ ਰਾਮ ਪ੍ਰਸਾਦ ਰੁੜਦਾ ਦਿਸਿਆ। ਇਸ ਵਿਚ ਹੀ ਜੋਗੀ ਗੋਤੇ ਖਾਂਦੇ ਵੇਖੇ। ਡਾਕੂ ਘੋੜਿਆਂ 'ਤੇ ਚੜ੍ਹੇ ਪਾਣੀ ਦੀਆਂ ਲਹਿਰਾਂ 'ਤੇ ਅਸਵਾਰ ਹੋਏ ਵੇਖੇ। ਪਾਣੀ ਪੁਲ ਦੇ ਥੱਲੇ ਸ਼ਹੁ ਸਾਗਰ ਵੱਲ ਜਾਂਦਾ ਵੇਖਿਆ।

ਪੁਲ ਲੰਘ ਕੇ ਕਿਨਾਰਾ ਆ ਗਿਆ ਸੀ। ਉਨ੍ਹਾਂ ਮਲਾਹ ਦਾ ਧੰਨਵਾਦ ਕੀਤਾ। 'ਬਾਬਾ ਜੀ ਅਸੀਂ ਤੁਹਾਡੇ ਕੋਲ ਆ ਗਏ ਹਾਂ। ਇਹੀ ਹੈ ਸਾਡੀ ਮੰਜ਼ਲ। 'ਉਹ ਮਲਾਹ ਦੇ ਪਿੱਛੇ ਤੁਰ ਪਏ। ਉਹ ਉਨ੍ਹਾਂ ਨੂੰ ਸ਼ਾਨਦਾਰ ਝੌਂਪੜੀ ਵਿਚ ਲੈ ਗਿਆ ਤੇ ਅਸੀਸ ਦੇ ਕੇ ਵਾਪਸ ਮੁੜ ਗਿਆ। ਉਹ ਝੌਂਪੜੀ ਸਾਫ ਕਰਨ ਲੱਗ ਪਏ। ਬੱਚਾ ਪਿਛਲੇ ਪਾਸੇ ਬਗੀਚੇ ਵਿਚ ਫੁੱਲਾਂ 'ਤੇ ਮੰਡਰਾਉਂਦੀਆਂ ਤਿਤਲੀਆਂ ਨਾਲ ਖੇਡਣ ਲੱਗ ਪਿਆ।

---

*(ਪਿਛਲੇ ਸਫੇ ਦਾ ਬਾਕੀ)*

ਕਾਲਮ ਵਿਚ, ਉਹ ਨੋਟ ਕਰਦਾ ਹੈ: 'ਡਾਟਾ ਸੈਂਟਰਾਂ ਅਤੇ ਬਿੱਗ ਟੈਕ ਪ੍ਰਤੀ ਵਿਰੋਧ ਇੱਕ ਸੱਭਿਆਚਾਰਕ ਵਰਤਾਰਾ ਹੈ, ਅਤੇ ਐਨਰਜੀ, ਰਾਜਨੀਤੀ ਅਤੇ ਜ਼ਮੀਨ ਦੀ ਵਰਤੋਂ ਨਾਲ ਸੰਬੰਧਿਤ ਲੜਾਈਆਂ ਨੂੰ ਕਵਰ ਕਰਨ ਦੇ ਆਪਣੇ ਚਾਰ ਦਹਾਕਿਆਂ ਦੇ ਸਮੇਂ ਦੌਰਾਨ ਮੈਂ ਇਸ ਵਰਗਾ ਕੁੱਝ ਨਹੀਂ ਦੇਖਿਆ।'

ਬ੍ਰਾਇਸ ਦਾ ਵਿਚਾਰ ਹੈ ਕਿ ਕਿਉਂਕਿ ਲੋਕ ਜਾਣਦੇ ਹਨ ਕਿ ਉਹ ਬਿੱਗ ਟੈਕ (ਵੱਡੀ ਤਕਨੀਕ) ਨਾਲ ਆਨਲਾਈਨ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਲੜ ਸਕਦੇ ਇਸ ਲਈ 'ਉਹ ਇਸ ਨਾਲ ਜ਼ੋਨਿੰਗ ਬੋਰਡਾਂ (ਜ਼ਮੀਨ ਦੀ ਵਰਤੋਂ ਬਾਰੇ ਫੈਸਲਾ ਕਰਨ ਵਾਲੇ ਬੋਰਡਾਂ) ਵਿਚ ਲੜ ਰਹੇ ਹਨ।'

ਕੈਵਿਨ ਓਲੀਅਰੀ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਸ ਕੋਲ 40 ਕਰੋੜ (400 ਮਿਲੀਅਨ) ਡਾਲਰ ਤੋਂ ਵੱਧ ਦੀ ਜਾਇਦਾਦ ਹੈ ਅਤੇ ਉਹ ਅਮਰੀਕਾ ਵਿਚ ਵੀ ਵੱਡੇ ਏ.ਆਈ. ਸੈਂਟਰਾਂ ਦਾ ਸਮਰਥਨ ਕਰ ਰਿਹਾ ਹੈ, ਨੇ ਉੱਥੋਂ ਦੇ ਜ਼ਮੀਨੀ ਪੱਧਰ 'ਤੇ ਵਿਰੋਧ ਕਰਨ ਵਾਲਿਆਂ 'ਤੇ ਦੋਸ਼ ਲਾਇਆ ਸੀ ਕਿ ਉਨ੍ਹਾਂ ਨੂੰ ਚੀਨ ਦੀ ਕਮਿਊਨਿਸਟ ਪਾਰਟੀ ਵਲੋਂ ਹਿਮਾਇਤ ਦਿੱਤੀ ਜਾ ਰਹੀ ਹੈ। ਪਰ ਬਾਅਦ ਵਿਚ ਉਸ ਨੇ ਸਵੀਕਾਰ ਕਰ ਲਿਆ ਕਿ ਇਸ ਬਾਰੇ ਉਸ ਕੋਲ ਕੋਈ ਸਬੂਤ ਨਹੀਂ ਹੈ, ਜਿਸ ਕਾਰਨ ਫੌਕਸ ਨਿਊਜ਼ ਨੇ ਉਸ ਦੇ ਦਾਅਵਿਆਂ ਨੂੰ ਪ੍ਰਸਾਰਿਤ ਕਰਨ ਲਈ ਮੁਆਫੀ ਮੰਗੀ ਸੀ।

ਬ੍ਰਾਇਸ ਦਾ ਕਹਿਣਾ ਹੈ ਕਿ ਨਾਗਰਿਕਾਂ ਵਲੋਂ 'ਨਾ' ਕਹਿਣ ਦੇ ਕਾਰਨ ਬਹੁਤ ਸਰਲ ਹਨ: 'ਮੈਂ ਵਾਰ-ਵਾਰ ਇਹ ਦੇਖਿਆ ਹੈ ਕਿ ਜਦੋਂ ਲੋਕਾਂ ਨੂੰ ਆਪਣੀ ਜੀਵਨ-ਸ਼ੈਲੀ, ਆਪਣੇ ਗੁਆਂਢਾਂ, ਆਪਣੀ ਜਾਇਦਾਦ ਦੇ ਮੁੱਲਾਂ ਅਤੇ ਆਪਣੇ ਦਿਸਹੱਦਿਆਂ ਲਈ ਖ਼ਤਰਾ ਮਹਿਸੂਸ ਹੁੰਦਾ ਹੈ, ਤਾਂ ਉਹ ਇਕੱਠੇ ਹੋ ਜਾਂਦੇ ਹਨ। ਉਹ ਆਪਣੇ ਰਾਜਨੀਤਕ ਅਤੇ ਜਮਾਤੀ ਵਖਰੇਵਿਆਂ ਨੂੰ ਇੱਕ ਪਾਸੇ ਰੱਖ ਕੇ ਉਸ ਚੀਜ਼ ਨਾਲ ਲੜਦੇ ਹਨ ਜਿਸ ਨੂੰ ਉਹ ਸਾਂਝਾ ਖ਼ਤਰਾ ਸਮਝਦੇ ਹਨ। ਇਸ ਮਾਮਲੇ ਵਿਚ, ਜੋ ਵਿਰੋਧ ਮੈਂ ਹਵਾ ਅਤੇ ਸੂਰਜ ਦੀ ਰੋਸ਼ਨੀ ਤੋਂ ਬਿਜਲੀ ਪੈਦਾ ਕਰਨ ਵਾਲੇ ਵੱਡੇ ਪ੍ਰੋਜੈਕਟਾਂ (ਬਿੱਗ ਵਿੰਡ ਐਂਡ ਬਿੱਗ ਸੋਲਰ ਪ੍ਰੋਜੈਕਟਾਂ) ਦੇ ਖ਼ਿਲਾਫ ਦੇਖਿਆ ਹੈ ਉਹ ਬਿਲਕੁਲ ਬਿੱਗ ਟੈੱਕ ਅਤੇ ਡਾਟਾ ਸੈਂਟਰਾਂ ਦੇ ਖ਼ਿਲਾਫ ਵਧ ਰਹੇ ਵਿਰੋਧ ਵਰਗਾ ਹੀ ਹੈ।'

# ਟਾਲ-ਮਟੋਲ: ਮੌਕੇ ਦਸਤਕ ਦਿੰਦੇ ਰਹੇ ਅਸੀਂ ਟਾਲਦੇ ਰਹੇ

ਸਾਡੀ ਜ਼ਿੰਦਗੀ ਵਿਚ ਬਹੁਤ ਸਾਰੇ ਅਜਿਹੇ ਮੌਕੇ ਆਉਂਦੇ ਹਨ ਜਦੋਂ ਅਸੀਂ ਕੁਝ ਬਿਹਤਰ, ਉਸਾਰੂ, ਸਿਹਤਮੰਦ ਤੇ ਆਪਣੇ ਭਵਿੱਖ ਦੇ ਸੁਪਨੇ ਸਿਰਜਣ ਵਰਗਾ ਕਰ ਸਕਦੇ ਹਾਂ। ਪਰ ਘੌਲ਼ ਕਰ ਜਾਂਦੇ ਹਾਂ। ਸਾਨੂੰ ਇਹ ਸਮਝਣਾ ਹੋਵੇਗਾ ਕਿ ਆਪਣੀ ਜ਼ਿੰਦਗੀ ਦੇ ਉਹ ਕਿਹੜੇ ਮੌਕੇ ਹਨ ਜਦੋਂ ਘੌਲ਼ ਤੁਹਾਨੂੰ ਹੁਝਾਂ ਮਾਰਨ ਲੱਗਦੀ ਹੈ। ਜਦੋਂ ਅਜਿਹਾ ਹੁੰਦਾ ਹੈ ਤਾਂ ਅਸੀਂ ਕਿੰਝ ਦਾ ਮਹਿਸੂਸ ਕਰਦੇ ਹਾਂ। ਇਹੋ ਜਿਹਾ ਕੀ ਭਾਣਾ ਵਾਪਰ ਜਾਂਦਾ ਹੈ ਕਿ ਅਸੀਂ ਕੰਮ ਨੂੰ ਟਾਲਣ ਲਈ ਮਜਬੂਰ ਹੋ ਜਾਂਦੇ ਹਾਂ। ਉਂਝ ਮੈਨੂੰ ਲੱਗਦਾ ਹੈ ਕਿ ਹਰ ਬੰਦਾ ਇਕੋ ਤਰ੍ਹਾਂ ਟਾਲਮਟੋਲ ਨਹੀਂ ਕਰਦਾ ਅਤੇ ਨਾ ਹੀ

ਮਲਵਿੰਦਰ
ਫੋਨ: +1 365 994 6744

ਕਾਰਣ ਇੱਕ ਹੁੰਦਾ ਹੈ। ਟਾਲਮਟੋਲ ਕਰਨ ਤੋਂ ਬਾਅਦ ਜਦ ਸਾਨੂੰ ਸੋਝੀ ਆਉਂਦੀ ਹੈ, ਚਿੜੀ ਖੇਤ ਚੁਗ ਚੁੱਕੀ ਹੁੰਦੀ ਹੈ। ਟਾਲਣ ਦੀ ਇਹ ਬਿਮਾਰੀ ਮੈਨੂੰ ਬਚਪਨ ਤੋਂ ਸੀ ਜਾਂ ਮੇਰੇ ਬਜ਼ੁਰਗਾਂ ਨੂੰ ਵੀ ਸੀ ਜਾਂ ਬਜ਼ੁਰਗਾਂ ਦੇ ਬਜ਼ੁਰਗਾਂ ਨੂੰ ਵੀ ਸੀ, ਪਤਾ ਨਹੀਂ। ਪਰ ਹੈ ਇਹ ਬਿਮਾਰੀ ਹੀ। ਸਾਡੇ ਸਮਾਜ ਦਾ ਵੱਡਾ ਵਰਗ ਇਸ ਬਿਮਾਰੀ ਤੋਂ ਪੀੜਤ ਹੈ। ਮੈਨੂੰ ਤਾਂ ਲੱਗਦਾ ਇਹ ਬਿਮਾਰੀ ਜਾਂ ਆਦਤ ਮਨੁੱਖੀ ਜੀਵਨ ਜਿੰਨੀ ਹੀ ਪੁਰਾਣੀ ਹੈ। ਇਹ ਉਹ ਆਦਤ ਹੈ ਜਿਸ ਦੀ ਜਾਣ-ਪਛਾਣ ਦੀ ਲੋੜ ਨਹੀਂ ਪੈਂਦੀ। ਕੁਝ ਨੂੰ ਸਮਝ ਆ ਜਾਂਦੀ ਹੈ ਤੇ ਉਹ ਚਿੜੀ ਤੋਂ ਪਹਿਲਾਂ ਖੇਤ ਸਾਂਭ ਲੈਂਦੇ ਹਨ। ਉਹ ਆਪਣੇ ਮਨ 'ਤੇ ਕਾਬੂ ਪਾਉਣਾ ਸਿੱਖ ਜਾਂਦੇ ਹਨ। ਲੋੜ ਤਾਂ ਫਿਰ ਆਪਣੇ ਮਨ 'ਤੇ ਕਾਬੂ ਪਾਉਣ ਦੀ ਹੀ ਹੈ ਨਾ! ਬਾਕੀ ਡਾਕਟਰ ਤੇ ਵਿਗਿਆਨੀ ਲੋਕ ਇਸ ਦੀ ਵਿਆਖਿਆ ਵੱਖਰੀ ਤਰ੍ਹਾਂ ਕਰ ਸਕਦੇ ਹਨ। ਉਸ ਨੂੰ ਵੀ ਪੜ੍ਹਨ, ਸਮਝਣ ਦੀ ਲੋੜ ਹੈ। ਇਹ ਕਹਾਵਤ ਵੀ ਬੜੀ ਪੁਰਾਣੀ ਹੈ ਕਿ ਅੱਜ ਦਾ ਕੰਮ ਕੱਲ੍ਹ ਜਾਂ ਪਰਸੋਂ 'ਤੇ ਨਾ ਛੱਡੋ। ਕੰਮ ਨੂੰ ਅੱਗੇ ਪਾਉਣਾ, ਟਾਲ਼ੀ ਜਾਣਾ ਯਾਨੀ ਟਾਲ਼-ਮਟੋਲ ਕਰਨਾ ਹੀ ਵੱਡੀ ਸਮੱਸਿਆ ਹੈ। ਅਸੀਂ ਆਪਣਾ ਜ਼ਰੂਰੀ ਕੰਮ ਛੱਡ ਕੇ ਉਸ ਕੰਮ ਨੂੰ ਪਹਿਲ ਦਿੰਦੇ ਹਾਂ ਜਿਸ ਵਿਚ ਲੁਤਫ ਹੋਵੇ। ਇਹ ਟਾਲ-ਮਟੋਲ ਦੀ ਆਦਤ ਸਾਨੂੰ ਨਿਕੰਮੇ ਬਣਾ ਦਿੰਦੀ ਹੈ। ਮੁਫ਼ਤ ਮਿਲਦਾ ਰਾਸ਼ਣ ਸਾਨੂੰ ਕਿਰਤ ਕਰਨ ਦੇ ਬਾਬੇ ਨਾਨਕ ਦੇ ਸਿਧਾਂਤ ਦੀ ਅਵੱਗਿਆ ਕਰਨ ਦੇ ਰਾਹ ਤੋਰਦਾ ਹੈ। ਸੱਚ ਤਾਂ ਇਹ ਹੈ ਕਿ ਸਾਡੇ ਅੰਦਰ ਇਸ ਆਦਤ ਤੋਂ ਬਚਣ ਲਈ ਜ਼ਰੂਰੀ ਆਤਮ-ਵਿਸ਼ਵਾਸ ਹੀ ਨਹੀਂ ਹੈ। ਸਾਡੀ ਮਾਨਵੀ ਤਰਕ-ਸ਼ਕਤੀ ਨੂੰ ਇਹ ਪਤਾ ਹੈ ਕਿ ਟਾਲ-ਮਟੋਲ ਦੀ ਆਦਤ ਮਾੜੀ ਹੈ। ਪ੍ਰੰਤੂ ਸਾਡੀ ਆਵੇਗਸ਼ੀਲਤਾ ਅਕਸਰ ਸਾਡੀ ਤਰਕਸ਼ੀਲਤਾ ਤੋਂ ਜ਼ਿਆਦਾ ਸ਼ਕਤੀਸ਼ਾਲੀ ਹੁੰਦੀ ਹੈ। ਕੋਈ ਵੀ ਕੰਮ ਕਰਨ ਤੋਂ ਪਹਿਲਾਂ ਅਸੀਂ ਸੋਚਣ ਸਮਝਣ ਦੀ ਲੋੜ ਘੱਟ ਹੀ ਸਮਝਦੇ ਹਾਂ। ਜਦ ਇਕੋ ਵੇਲ਼ੇ ਸਾਡੇ ਕੋਲ਼ ਦੋ ਕੰਮ ਕਰਨ ਗੋਚਰੇ ਹੋਣ ਤਾਂ ਅਸੀਂ ਕੰਮ ਦੀ ਲੋੜ ਅਤੇ ਮਹੱਤਤਾ ਨਾਲ਼ੋਂ ਸੌਖਿਆਂ ਹੋ ਜਾਣ ਵਾਲ਼ੇ ਉਸ ਕੰਮ ਦੀ ਚੋਣ ਕਰਦੇ ਹਾਂ ਜਿਸ ਵਿਚ ਸੌਖ ਦੇ ਨਾਲ਼-ਨਾਲ਼ ਮਜ਼ਾ ਵੀ ਹੋਵੇ। ਮਤਲਬ ਜ਼ਰੂਰੀ ਕੰਮ ਨੂੰ ਅਸੀਂ ਟਾਲ਼ ਦਿੰਦੇ ਹਾਂ। ਬੈਂਜਾਮਿਨ ਫ੍ਰੈਂਕਲਿਨ ਦਾ ਕਹਿਣਾ ਹੈ ਕਿ ਅਸੀਂ ਦੇਰੀ ਕਰ ਸਕਦੇ ਹਾਂ, ਵਕਤ ਕਦੀ ਦੇਰ ਨਹੀਂ ਕਰਦਾ।

ਟਾਲ-ਮਟੋਲ ਕਰਨ ਦੀ ਇਸ ਬਿਮਾਰੀ ਤੋਂ ਛੁਟਕਾਰਾ ਪਾਉਣ ਲਈ ਕੁਝ ਤਜਰਬੇ ਕਰ ਸਕਦੇ ਹਾਂ। ਔਖੇ ਲੱਗਦੇ ਕੰਮ ਨੂੰ ਹਿੱਸਿਆਂ ਵਿਚ ਵੰਡ ਲਿਆ ਜਾਵੇ। ਇੱਕ ਛੋਟੇ ਹਿੱਸੇ ਨੂੰ ਸਫਲਤਾਪੂਰਨ ਕਰਨ ਉਪਰੰਤ ਤੁਹਾਡਾ ਆਤਮ-ਵਿਸ਼ਵਾਸ ਵਧੇਗਾ। ਤੁਹਾਨੂੰ ਲੱਗੇਗਾ ਕਿ ਨਹੀਂ ਯਾਰ ਇਹ ਕਿਹੜਾ ਔਖਾ ਕੰਮ ਹੈ, ਮੈਂ ਇਸਨੂੰ ਕਰ ਸਕਦਾ ਹਾਂ। ਕਰ ਸਕਦਾ ਹਾਂ ਦੀ ਭਾਵਨਾ ਅੰਦਰ ਆਉਂਦੇ ਹੀ ਤੁਹਾਨੂੰ ਅਗਾਂਹ ਤੁਰਨ ਲਈ ਰਾਹਾਂ ਦੀ ਸਾਰ ਮਿਲ ਜਾਂਦੀ ਹੈ। ਇੱਕ ਅੰਧਕਾਰ ਵਿਚ ਰੌਸ਼ਨੀ ਪ੍ਰਵੇਸ਼ ਕਰ ਜਾਂਦੀ ਹੈ। ਬਹੁਤ ਸਾਰਾ ਕੁਝ ਪੜ੍ਹਿਆ, ਸੁਣਿਆ, ਵਿਚਾਰਿਆ ਚੇਤਿਆਂ 'ਚ ਤਾਜ਼ਾ ਹੋ ਜਾਂਦਾ ਹੈ। ਉਲਝਣਾਂ ਦੀ ਗੁੰਝਲ ਖੁੱਲ੍ਹ ਜਾਂਦੀ ਹੈ। ਹਿੱਸਿਆਂ ਵਿਚ ਵੰਡਿਆ ਕੰਮ ਕਵਿਤਾ ਦੇ ਵਹਾਅ ਵਾਂਗ ਵਹਿਣ ਲੱਗਦਾ ਹੈ, ਗਜ਼ਲ ਦੇ ਸ਼ਿਅਰਾਂ ਵਾਂਗ ਉਸਰਨ ਲੱਗਦਾ ਹੈ। ਟਾਲਿਆ ਕੰਮ ਨੇਪਰੇ ਚੜ੍ਹਦਿਆਂ ਹੀ ਨਵੇਂ ਕੰਮ ਨੂੰ ਹੱਥ ਪਾ ਲਈਦਾ ਹੈ। ਡਰ ਤੇ ਖਿਝ ਨਾਲ਼ ਭਰਿਆ ਮਨ ਕਿਸੇ ਅੰਤਰੀਵ ਚਾਅ ਨਾਲ਼ ਭਰ ਜਾਂਦਾ ਹੈ। ਟਾਲ-ਮਟੋਲ ਉਹ ਕਬਰ ਹੈ ਜਿੱਥੇ ਮੌਕੇ ਸੁੱਤੇ ਹਨ। ਟਾਲ-ਮਟੋਲ ਕਰਨ ਵਾਲ਼ੇ ਲੋਕਾਂ ਦੀਆਂ ਵੀ ਵੰਨਗੀਆਂ ਹੁੰਦੀਆਂ ਹਨ। ਕੁਝ ਲੋਕ ਕੰਮ ਦੇ ਸ਼ੁਰੂ ਵਿਚ ਕੋਈ ਦਿਲਚਸਪੀ ਨਹੀਂ ਲੈਂਦੇ। ਜਦ ਕੰਮ ਖਤਮ ਹੋਣ ਦੀ ਮਿਥੀ ਸੀਮਾ ਨੇੜੇ ਆ ਜਾਂਦੀ ਹੈ ਤਾਂ ਅਚਾਨਕ ਉਨ੍ਹਾਂ ਦੇ ਅੰਦਰ ਚੁਣੌਤੀਪੂਰਨ ਰੋਮਾਂਚ ਅੰਗੜਾਈ ਲੈਂਦਾ ਹੈ। ਹੁਣ ਕੰਮ ਨੂੰ ਖਤਮ ਕਰਨ ਲਈ ਉਹ ਕੋਈ ਤਣਾਅ ਮਹਿਸੂਸ ਨਹੀਂ ਕਰਦੇ। ਕੰਮ ਨੂੰ ਖਤਮ ਕਰਦਿਆਂ ਉਹ ਕਿਸੇ ਜਿੱਤ ਵੱਲ ਪਹੁੰਚ ਰਹੇ ਹੁੰਦੇ ਹਨ। ਕੁਝ ਲੋਕਾਂ ਨੂੰ ਆਪਣੇ ਕੰਮ ਵਿਚੋਂ ਨਿਕਲਣ ਵਾਲ਼ੇ ਨਤੀਜੇ 'ਤੇ ਸ਼ੰਕਾ ਹੁੰਦੀ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਇਸ ਕੰਮ ਵਿਚੋਂ ਨਿਕਲਣਾ ਕੁਝ ਨਹੀਂ, ਐਵੇਂ ਲੋਕਾਂ ਦੇ ਤਾਅਨੇ ਸੁਣਨ ਨੂੰ ਮਿਲਣਗੇ। ਇਨ੍ਹਾਂ ਤਾਅਨਿਆਂ ਤੋਂ ਬਚਣ ਲਈ ਉਹ ਕੰਮ ਨੂੰ ਟਾਲੀ ਜਾਂਦੇ ਹਨ। ਕੁਝ ਲੋਕ ਫੈਸਲਾ ਹੀ ਨਹੀਂ ਕਰ ਪਾਉਂਦੇ ਕਿ ਇਹ ਕੰਮ ਮੈਨੂੰ ਕਰਨਾ ਚਾਹੀਦਾ ਹੈ ਜਾਂ ਨਹੀਂ। ਕੰਮ ਦੇ ਨਤੀਜੇ ਨੂੰ ਲੈ ਕੇ ਇੱਕ ਡਰ ਉਨ੍ਹਾਂ ਦੇ ਅੰਦਰ ਬੈਠਾ ਰਹਿੰਦਾ ਹੈ। ਕਈ 'ਕੱਠਿਆਂ ਕਈ ਕੁਝ ਕਰਨਾ ਚਾਹੁੰਦੇ ਹਨ। ਉਹ ਬਹੁਤ ਸਾਰੇ ਕੰਮ ਸ਼ੁਰੂ ਕਰ ਲੈਂਦੇ ਹਨ ਪਰ ਨੇਪਰੇ ਕੋਈ ਵੀ ਨਹੀਂ ਚੜ੍ਹਦਾ। ਅੱਗਾ ਦੌੜ ਤੇ ਪਿੱਛਾ ਚੌੜ ਵਾਲ਼ੀ ਗੱਲ ਬਣ ਜਾਂਦੀ ਹੈ। ਜਾਂ ਉਹ ਕੀ ਕਹਿੰਦੇ ਹੁੰਦੇ 'ਜੈਕ ਆਫ਼ ਆਲ ਟਰੇਡਜ਼ ਮਾਸਟਰ ਆਫ਼ ਨਨ'। ਕੁਝ ਲੋਕ ਹਰ ਵੇਲ਼ੇ ਕੰਮ ਵਿਚ ਰੁਝੇ ਹੋਏ ਲੱਗਦੇ ਹਨ ਪਰ ਉਹ ਕਰ ਕੁਝ ਵੀ ਨਹੀਂ ਹੁੰਦੇ ਸਿਰਫ਼ ਟਾਲ-ਮਟੋਲ ਕਰ ਰਹੇ ਹੁੰਦੇ ਹਨ। ਕੁਝ ਬਾਹਰੀ



**ਸਾਡੇ ਵਿਚ ਤੁਰੰਤ ਫੈਸਲੇ ਲੈਣ ਦੀ ਯੋਗਤਾ ਹੋਣੀ ਚਾਹੀਦੀ ਹੈ। ਕਿਸੇ ਵੀ ਕੰਮ ਨੂੰ ਕਰਨ ਦਾ ਫੈਸਲਾ ਟਾਲਦੇ ਰਹਿਣਾ ਸਿਹਤਮੰਦ ਰੁਝਾਨ ਨਹੀਂ ਹੁੰਦਾ। ਇਸ ਟਾਲ-ਮਟੋਲ ਦੇ ਚੱਕਰ ਵਿਚ ਜ਼ਿੰਦਗੀ ਦੇ ਕਈ ਸੁਨਹਿਰੀ ਛਿਣ ਹੱਥਾਂ 'ਚੋਂ ਨਿਕਲ ਜਾਂਦੇ ਹਨ। ਤੁਹਾਡਾ ਆਪਣੇ ਉਪਰ ਵਿਸ਼ਵਾਸ ਵੀ ਖੁਰਦਾ ਹੈ। ਇਸ ਵਰਤਾਰੇ ਦਾ ਤੁਹਾਡੀ ਜ਼ਿੰਦਗੀ ਉਪਰ ਨਕਾਰਾਤਮਿਕ ਅਸਰ ਪੈਂਦਾ ਹੈ।**

ਕਾਰਨ ਅਤੇ ਵਾਤਾਵਰਣ ਦੇ ਨਾਲ਼ ਅੰਦਰੂਨੀ ਮਾਨਸਿਕ ਅਤੇ ਭਾਵਨਾਤਮਕ ਕਾਰਣ ਵੀ ਬੰਦੇ ਨੂੰ ਟਾਲ-ਮਟੋਲ ਕਰਨ ਲਈ ਉਕਸਾਉਂਦੇ ਹਨ। ਕਿਸੇ ਬਹੁਤ ਜ਼ਰੂਰੀ ਕੰਮ ਨੂੰ ਕਰਦਿਆਂ ਬਾਰ-ਬਾਰ ਮੋਬਾਈਲ ਵੱਲ ਆਹੁਲਣਾ ਤੇ ਘੜੀ ਪਹਿਲਾਂ ਪਾਈ ਪੋਸਟ 'ਤੇ ਆਏ ਲਾਈਕ ਤੇ ਟਿੱਪਣੀਆਂ ਗਿਣਨੀਆਂ ਵੀ ਹੱਥਲੇ ਕੰਮ ਨੂੰ ਟਾਲਣ ਵਿਚ ਵੱਡੀ ਭੂਮਿਕਾ ਨਿਭਾਉਂਦੇ ਹਨ। ਅਸਲ ਵਿਚ ਸੋਸ਼ਲ ਮੀਡੀਆ ਨੇ ਪੜ੍ਹਨ-ਲਿਖਣ ਤੇ ਹੋਰ ਸੂਖ਼ਮ ਕਲਾਵਾਂ ਨਾਲ਼ ਸਬੰਧਤ ਕੰਮਾਂ ਨੂੰ ਟਾਲਣ ਜਾਂ ਵਿਸਾਰ ਦੇਣ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਹਰ ਵੇਲ਼ੇ ਮੋਬਾਈਲ ਦੀ ਸਕਰੀਨ ਵਿਚ ਗੁਆਚੇ ਰਹਿਣਾ ਮਾਨਸਿਕ ਵਿਗਾੜ ਪੈਦਾ ਕਰਦਾ ਹੈ। ਇਹ ਵਿਗਾੜ ਤੁਹਾਨੂੰ ਜ਼ਰੂਰੀ ਕੰਮਾਂ ਨੂੰ ਟਾਲਣ ਦਾ ਕਾਰਣ ਬਣਦੇ ਹਨ। ਫੇਸ-ਬੁੱਕ 'ਤੇ ਪੋਸਟਾਂ ਪਾਉਣੀਆਂ ਅਤੇ ਹੋਰਾਂ ਦੁਆਰਾ ਪਾਈਆਂ ਪੋਸਟਾਂ ਵੇਖਣੀਆਂ, ਪੜ੍ਹਨੀਆਂ ਸਾਡੇ ਲਈ ਸਭ ਤੋਂ ਮਹੱਤਵਪੂਰਨ ਕੰਮ ਹੋ ਗਿਆ ਹੈ। ਦਿਨ ਦਾ ਬਹੁਤਾ ਹਿੱਸਾ ਅਸੀਂ ਮੋਬਾਈਲ ਦੇ ਲੇਖੇ ਲਾ ਦਿੱਤਾ ਹੈ। ਨਿੱਤ ਦਿਨ ਬਦਲ ਰਹੀ ਦੁਨੀਆਂ ਵਿਚ ਇਹ ਸਭ ਤੋਂ ਨਖਿਧ ਬਦਲਾਅ ਹੈ। ਤੁਸੀਂ ਕਿਸੇ ਕੰਮ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਯੋਜਨਾ ਬਣਾਉਣ ਵਿਚ ਕਿੰਨੇ ਦਿਨ, ਹਫ਼ਤੇ, ਜਾਂ ਮਹੀਨੇ ਲਾਏ ਹਨ, ਇਸ ਗੱਲ ਨਾਲ਼ ਕੋਈ ਫ਼ਰਕ ਨਹੀਂ ਪੈਂਦਾ। ਫ਼ਰਕ ਤਾਂ ਇਸ ਗੱਲ ਨਾਲ਼ ਪੈਂਦਾ ਹੈ ਕਿ ਜਦੋਂ ਤੁਸੀਂ ਜਿਹੜਾ ਕੰਮ ਕਰ ਰਹੇ ਹੋ, ਉਹ ਤੁਹਾਡੇ ਲਈ ਕੀ ਅਰਥ ਰੱਖਦਾ ਹੈ। ਕੀ ਤੁਸੀਂ ਇਹ ਕੰਮ ਦਿਲੋਂ ਕਰਨਾ ਚਾਹੁੰਦੇ ਹੋ? ਇੱਕ ਹੋਰ ਮਹੱਤਵਪੂਰਨ ਗੱਲ ਕਰ ਲਈਏ ਕਿ ਕੋਈ ਵੀ ਕੰਮ ਕਰਨ ਤੋਂ ਪਹਿਲਾਂ ਵੇਖ ਲਈਏ ਕਿ ਅਸੀਂ ਭੁੱਖ, ਕ੍ਰੋਧ, ਇਕੱਲਤਾ, ਜਾਂ ਥਕਾਵਟ ਤਾਂ ਨਹੀਂ ਮਹਿਸੂਸ ਕਰ ਰਹੇ। ਇਨ੍ਹਾਂ ਵਿਚੋਂ ਕੋਈ ਇੱਕ ਕਾਰਣ ਵੀ ਤੁਹਾਨੂੰ ਦਿਸ਼ਾਹੀਣ ਕਰ ਸਕਦਾ ਹੈ। ਜਦ ਇਹ ਸਭ ਕੁਝ ਸਹੀ ਹੈ ਤਾਂ ਆਪਣਾ ਪੂਰਾ ਧਿਆਨ ਕੀਤੇ ਜਾਣ ਵਾਲੇ ਕੰਮ ਉਪਰ ਕੇਂਦਰਤ ਕਰਕੇ ਬਾਕੀ ਹਰ ਚੀਜ਼ ਨੂੰ ਪੂਰੀ ਦ੍ਰਿੜਤਾ ਨਾਲ਼ ਅਣਗੌਲਿਆ ਕਰ ਦੇਣਾ ਚਾਹੀਦਾ ਹੈ।

ਸਾਡੇ ਵਿਚ ਤੁਰੰਤ ਫੈਸਲੇ ਲੈਣ ਦੀ ਯੋਗਤਾ ਹੋਣੀ ਚਾਹੀਦੀ ਹੈ। ਕਿਸੇ ਵੀ ਕੰਮ ਨੂੰ ਕਰਨ ਦਾ ਫੈਸਲਾ ਟਾਲਦੇ ਰਹਿਣਾ ਸਿਹਤਮੰਦ ਰੁਝਾਨ ਨਹੀਂ ਹੁੰਦਾ। ਇਸ ਟਾਲ-ਮਟੋਲ ਦੇ ਚੱਕਰ ਵਿਚ ਜ਼ਿੰਦਗੀ ਦੇ ਕਈ ਸੁਨਹਿਰੀ ਛਿਣ ਹੱਥਾਂ 'ਚੋਂ ਨਿਕਲ ਜਾਂਦੇ ਹਨ। ਤੁਹਾਡਾ ਆਪਣੇ ਉਪਰ ਵਿਸ਼ਵਾਸ ਵੀ ਖੁਰਦਾ ਹੈ। ਇਸ ਵਰਤਾਰੇ ਦਾ ਤੁਹਾਡੀ ਜ਼ਿੰਦਗੀ ਉਪਰ ਨਕਾਰਾਤਮਿਕ ਅਸਰ ਪੈਂਦਾ ਹੈ। ਮਨੁੱਖੀ ਇਤਿਹਾਸ ਵਿਚ ਸ਼ਾਇਦ ਇਹ ਟਾਲ-ਮਟੋਲ ਸਾਡਾ, ਖਾਸ ਕਰਕੇ ਸੂਖ਼ਮ ਕਲਾਵਾਂ ਨਾਲ ਜੁੜੇ ਲੋਕਾਂ ਦਾ, ਸਭ ਤੋਂ ਵੱਧ ਨੁਕਸਾਨ ਕਰਦਾ ਹੈ। ਸਾਡੇ ਬਹੁਤ ਸਾਰੇ ਸੁਪਨੇ ਅਧੂਰੇ ਰਹਿ ਜਾਂਦੇ ਹਨ। ਅਸੀਂ ਇਹ ਜਾਣਦੇ ਵੀ ਹਾਂ ਕਿ ਟਾਲ-ਮਟੋਲ ਕੀਤਿਆਂ ਮਸਲੇ ਹੱਲ ਨਹੀਂ ਹੋਣੇ ਸਗੋਂ ਸਮੱਸਿਆਵਾਂ ਵਧਣੀਆਂ ਹਨ। ਕਿਸੇ ਕੰਮ ਨੂੰ ਟਾਲਦਿਆਂ ਸਾਡਾ ਮਨ ਇੱਕ ਬਹਾਨਾ ਵੀ ਘੜ ਰਿਹਾ ਹੁੰਦਾ ਹੈ। ਘਰੋਂ ਨਿਕਲਣ ਵੇਲ਼ੇ ਗੂਗਲ ਕੋਲੋਂ ਮੌਸਮ ਦਾ ਹਾਲ ਪੁੱਛਣਾ ਵੀ ਕੰਮ ਨੂੰ ਟਾਲਣ ਦਾ ਬਹਾਨਾ ਘੜਨ ਵਾਂਗ ਹੁੰਦਾ ਹੈ। ਟਾਲ-ਮਟੋਲ ਯਥਾਸਥਿਤੀ ਨੂੰ ਬਣਾਈ ਰੱਖਣ ਦੀ ਬੁਰੀ ਆਦਤ ਹੈ। ਸਥਗਿਤ ਕਰਦੇ ਰਹਿਣ ਦੀ ਅਕਾਊ ਮਾਨਸਿਕਤਾ। ਪੂਰਨਿਆਂ 'ਤੇ ਲਿਖਣ ਦਾ ਅਭਿਆਸੀ ਬਚਪਨ। ਬਹੁਤ ਸਾਰੀਆਂ ਮਾਨਸਿਕ ਰੋਕਾਂ ਅਤੇ ਸ਼ਰਤਾਂ ਦੇ ਦੁਰ-ਪ੍ਰਭਾਵ ਅਧੀਨ ਅਸੀਂ ਜ਼ਰੂਰੀ ਵਸਤਾਂ, ਵਰਤਾਰਿਆਂ, ਵਿਵਹਾਰਾਂ ਨੂੰ ਟਾਲਦੇ ਰਹਿੰਦੇ ਹਾਂ। ਸਾਡੇ ਟਾਲਣ 'ਚ ਸਮੇਂ ਦੇ ਛਿਣ ਕਿਰਦੇ ਰਹਿੰਦੇ ਹਨ। ਸੁਪਨੇ ਸਾਡੀ ਨੀਂਦ ਨੂੰ ਵੀ ਧੋਖਾ ਦੇ ਜਾਂਦੇ ਹਨ। ਅਸੀਂ ਅਣਛੋਹੇ ਰਹਿ ਗਏ ਕੰਮਾਂ ਦੇ ਦਰਦ ਨਾਲ ਭਰੇ ਰਹਿੰਦੇ ਹਾਂ। ਸਾਡੀ ਜ਼ਿੰਦਗੀ ਦੀ ਤਰਤੀਬ ਲੜਖੜਾ ਜਾਂਦੀ ਹੈ। ਹਰ ਕੰਮ ਸਾਡੇ ਲਈ ਬੋਝ ਬਣ ਜਾਂਦਾ ਹੈ। ਅਸੀਂ ਕੰਮ ਕਰਨ ਨੂੰ ਸਿਆਪਾ ਕਰਨਾ ਕਹਿੰਦੇ ਹਾਂ। ਡਰੇ-ਡਰੇ ਰਹਿਣ ਲੱਗਦੇ ਹਾਂ, ਕੰਮ ਤੋਂ ਅੱਖਾਂ ਚੁਰਾਉਂਦੇ ਹਾਂ। ਕਵਿਤਾ ਉਦਾਸ ਤੇ ਉਪਰਾਮ ਹੋ ਜਾਂਦੀ ਹੈ। ਕਹਾਣੀ ਨੀਰਸ ਹੋ ਜਾਂਦੀ ਹੈ। ਜ਼ਿੰਦਗੀ ਵਿਚਲੇ ਚਾਅ ਮਰ-ਖਪ ਜਾਂਦੇ ਹਨ। ਬਕਾਇਦਗੀ ਨਾਲ ਅਤੇ ਵੇਲੇ ਸਿਰ ਕੀਤੇ ਕੰਮ ਦਾ ਵੱਖਰਾ ਸਰੂਰ ਹੁੰਦਾ ਹੈ। ਕੰਮ ਨੂੰ ਅੱਗੇ ਲਾ ਲੈਣ ਵਾਲੀ ਕਹਾਵਤ ਦੇ ਅਰਥ ਬੜੇ ਗਹਿਰੇ ਹਨ। ਕੁਝ ਲੋਕਾਂ ਦੇ ਹੱਡਾਂ ਵਿਚ ਹਰਾਮ ਆਰਾਮ ਕਰ ਰਿਹਾ ਹੁੰਦਾ ਹੈ। ਉਹ ਕੰਮ ਨੂੰ ਟਾਲਣ ਦੇ ਬਹਾਨੇ ਲੱਭਦੇ ਰਹਿੰਦੇ ਹਨ। ਕੁਝ ਹੋਰ ਜੋ ਮਾਪਿਆਂ ਦੇ ਕੰਮਾਂ ਨੂੰ ਟਾਲਣਾ ਆਮ ਗੱਲ ਸਮਝਦੇ ਹਨ, ਮਤਲਬ ਮਾਪਿਆਂ ਦੀ ਲੋੜ ਨੂੰ ਬਹੁਤਾ ਮਹੱਤਵ ਨਹੀਂ ਦਿੰਦੇ। ਮਾਂ ਕਹਿੰਦੀ ਹੈ 'ਪੁੱਤ ਕਈ ਦਿਨਾਂ ਦੀ ਅੱਖ ਵਿਚ ਰੜਕ ਪੈਂਦੀ ਹੈ। ਤੈਨੂੰ ਕਿੰਨੀ ਵਾਰ ਕਿਹਾ ਦਾਰੂ ਲਿਆਉਣ ਨੂੰ। ਤੂੰ ਕੰਨ ਨਹੀਂ ਧਰਦਾ'। 'ਬੱਸ ਮਾਂ ਘੌਲ਼ ਹੋ ਜਾਂਦੀ ਆ'। ਇਹ ਕੰਮ ਨੂੰ ਟਾਲਣ ਦਾ ਨਿਰਮੋਹਾ ਹੋ ਗਿਆ ਰੂਪ ਹੈ।

ਕਈ ਵਾਰ ਕੰਮ ਨੂੰ ਟਾਲਣਾ ਜ਼ਰੂਰੀ ਵੀ ਹੋ ਜਾਂਦਾ ਹੈ। ਕੋਈ ਨਵਾਂ ਬਣਿਆ ਜਾਂ ਬਣਨ ਦਾ ਭਰਮ ਪਾਲ਼ ਰਿਹਾ ਲੇਖਕ ਤੁਹਾਨੂੰ ਆਪਣੀ ਪੁਸਤਕ ਦੀ ਭੂਮਿਕਾ ਲਿਖਣ ਲਈ ਕਹਿ ਰਿਹਾ ਹੈ। ਤੁਸੀਂ ਲਿਖਣਾ ਨਹੀਂ ਚਾਹੁੰਦੇ। ਟਾਲ-ਮਟੋਲ ਕਰਨਾ ਹੀ ਇਕੋ ਰਾਹ ਬਚਦਾ ਹੈ ਤੁਹਾਡੇ ਕੋਲ਼। ਕਿਤਾਬਾਂ ਦੇ ਸਮਾਗਮਾਂ ਉਪਰ ਇੱਕ ਦਿਨ ਪਹਿਲਾਂ ਪ੍ਰਾਪਤ ਹੋਈ ਕਿਤਾਬ ਬਾਰੇ ਗੱਲ ਕਰਨ ਦੀ ਬੇਨਤੀ ਨੂੰ ਵੀ ਕਈ ਵਾਰ ਟਾਲਣਾ ਪੈਂਦਾ ਹੈ। ਕਦੀ-ਕਦੀ ਆਪਣੇ ਆਪ ਨੂੰ ਧੋਖਾ ਦੇਣਾ ਵੀ ਜ਼ਰੂਰੀ ਹੁੰਦਾ ਹੈ। ਆਪਣੇ ਭਵਿੱਖ ਨੂੰ ਕਿਵੇਂ ਸੁਰੱਖਿਅਤ ਕਰਨਾ ਹੈ, ਇਸ ਬਾਰੇ ਵੀ ਸੋਚਣਾ ਬਣਦਾ ਹੈ। ਇੰਝ ਨਿੱਜ-ਮੂਲਕ ਵਿਚਾਰ ਵੀ ਤੁਹਾਨੂੰ ਟਾਲ-ਮਟੋਲ ਕਰਨ ਲਈ ਮਜਬੂਰ ਕਰਦੇ ਹਨ। ਟਾਲ-ਮਟੋਲ ਨੂੰ ਟਾਲਣਾ ਭਾਵੇਂ ਮੁਸ਼ਕਲ ਕੰਮ ਹੈ ਪਰ ਆਪਣੇ ਪੂਰੇ ਦਿਨ ਦੇ ਰੁਝੇਵੇਂ ਦੀ ਸਮਾਂ-ਸਾਰਣੀ ਬਣਾ ਕੇ ਅਸੀਂ ਟਾਲ-ਮਟੋਲ ਨਾਲ਼ ਲੜਨ ਦਾ ਜੁਗਾੜ ਕਰ ਸਕਦੇ ਹਾਂ। ਪਹਿਲਾ ਕਦਮ ਹੀ ਸਭ ਤੋਂ ਉੱਤਮ ਕਦਮ ਹੁੰਦਾ ਹੈ। ਆਪਣੇ ਹੰਕਾਰ ਨੂੰ ਪਾਲਣ ਦੇ ਸਾਡੇ ਕੋਲ਼ ਬਹੁਤ ਬਹਾਨੇ ਹੁੰਦੇ ਹਨ। ਸਾਨੂੰ ਇਨ੍ਹਾਂ ਬਹਾਨਿਆਂ ਦਾ ਅਹਿਸਾਸ ਹੋਣਾ ਚਾਹੀਦਾ ਹੈ। ਜ਼ਰੂਰੀ ਕੰਮਾਂ ਨੂੰ ਟਾਲਣ ਤੋਂ ਬਚਦਿਆਂ ਸਾਨੂੰ ਸਹੀ ਮੌਕੇ 'ਤੇ ਟਾਲ-ਮਟੋਲ ਕਰਨ ਦਾ ਹੁਨਰ ਵੀ ਸਾਂਭ ਕੇ ਰੱਖਣਾ ਚਾਹੀਦਾ ਹੈ।

# ਜਥੇਦਾਰ ਭੱਠਲ ਅਤੇ ਮਾਤਾ ਜਗੀਰ ਕੌਰ ਭੱਠਲ ਨੂੰ ਚੇਤੇ ਕਰਦਿਆਂ

**ਬਰਸੀ ਉੱਤੇ ਵਿਸ਼ੇਸ਼**

ਉੱਘੇ ਆਜ਼ਾਦੀ ਘੁਲਾਟੀਏ ਮਰਹੂਮ ਹਰਦਿੱਤ ਸਿੰਘ ਭੱਠਲ ਦੇਸ਼ ਦੀ ਆਜ਼ਾਦੀ ਤੋਂ ਪਹਿਲੇ ਸਮੇਂ ਦੇ ਲਾਸਾਨੀ ਯੋਧਿਆਂ ਵਿਚੋਂ ਸਨ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਆਪਸੀ



ਬਰਾਬਰੀ ਉਤੇ ਆਧਾਰਤ ਮਨੁੱਖੀ ਸਮਾਜ ਦੀ ਸਿਰਜਣਾ ਕਰਨ ਦੇ ਲੇਖੇ ਲਾ ਦਿੱਤੀ। ਉਨ੍ਹਾਂ ਦਾ ਜਨਮ ਸੰਨ 1897 ਨੂੰ ਰਾਮ ਸਿੰਘ ਦੇ ਘਰ ਪਿੰਡ ਭੱਠਲ

ਕੁਲਦੀਪ ਸਿੰਘ ਧਨੌਲਾ
ਫੋਨ: 94642-91023

ਤਹਿਸੀਲ ਧਨੌਲਾ ਰਿਆਸਤ ਨਾਭਾ ਵਿਖੇ ਹੋਇਆ ਸੀ। ਉਹ 1919 ਵਿਚ ਜਲ੍ਹਿਆਂ ਵਾਲਾ ਬਾਗ ਦਾ ਸਾਕਾ ਵਾਪਰਨ ਪਿੱਛੋਂ ਪੰਜਾਬ ਦੇ ਦੂਰ-ਦੁਰਾਡੇ ਖਿੱਤਿਆਂ ਦੇ ਸਾਧਾਰਨ ਪੇਂਡੂ ਲੋਕਾਂ ਦੇ ਮਨਾਂ ਅੰਦਰ ਰਾਜਸੀ ਚੇਤਨਾ ਦੇ ਜਾਗਰਿਤ ਹੋਣ ਦੇ ਦੌਰ ਦੌਰਾਨ ਸਰਗਰਮ ਸਮਾਜਕ ਤੇ ਸਿਆਸੀ ਜੀਵਨ ਵਿਚ ਆਏ। ਇਨ੍ਹੀਂ ਦਿਨੀਂ ਸਿੱਖੀ ਦੇ ਪ੍ਰਚਾਰ ਲਈ ਚੀਫ ਖਾਲਸਾ ਦੀਵਾਨ ਅਤੇ ਸਿੰਘ ਸਭਾ ਲਹਿਰ ਦੇ ਹੋਂਦ ਵਿਚ ਆਉਣ ਕਾਰਨ ਧਨੌਲੇ ਦੇ ਇਲਾਕੇ ਵਿਚ ਸ਼ਬਦ ਕੀਰਤਨ ਦੀ ਲਹਿਰ ਸ਼ੁਰੂ ਹੋ ਚੁੱਕੀ ਸੀ। ਜਥੇਦਾਰ ਭੱਠਲ ਇਸ ਲਹਿਰ ਦੇ ਪ੍ਰਭਾਵ ਹੇਠ ਆਏ। 1922 ਵਿਚ ਜਦੋਂ ਗੁਰਦੁਆਰਾ ਸੁਧਾਰ ਲਹਿਰ ਦੇ ਸਿਲਸਿਲੇ ਵਿਚ ਗੁਰੂ ਕੇ ਬਾਗ ਦਾ ਮੋਰਚਾ ਲੱਗਿਆ ਤਾਂ ਸਤਿਆਗ੍ਰਹਿ ਵਿਚ ਸ਼ਾਮਲ ਹੋ ਕੇ ਉਨ੍ਹਾਂ ਗ੍ਰਿਫ਼ਤਾਰੀ ਦਿੱਤੀ। ਇਸ ਸਿਲਸਿਲੇ ਵਿਚ ਉਨ੍ਹਾਂ ਨੂੰ ਇਕ ਸਾਲ ਲਈ ਬਾਮੁਸ਼ੱਕਤ ਮੁਲਤਾਨ ਜੇਲ੍ਹ ਅੰਦਰ ਨਜ਼ਰਬੰਦ ਕਰ ਦਿੱਤਾ ਗਿਆ।

ਜਦੋਂ ਉਹ ਜੇਲ੍ਹੋਂ ਬਾਹਰ ਆਏ ਤਾਂ ਉਸ ਸਮੇਂ ਜੈਤੋ ਦਾ ਮੋਰਚਾ ਸਿਖਰ 'ਤੇ ਸੀ। ਧਨੌਲੇ ਦੇ ਇਲਾਕੇ ਵਿਚ ਰੋਸ ਜਲੂਸ ਕੱਢੇ ਗਏ, ਜਿਸ ਦੀ ਅਗਵਾਈ ਉਹ ਖ਼ੁਦ ਕਰ ਰਹੇ ਸਨ। ਇਸ ਤੋਂ ਬਾਅਦ ਉਨ੍ਹਾਂ ਨੂੰ ਸ੍ਰੀ ਨੰਦ ਸਿੰਘ ਧਨੌਲਾ ਨਾਲ ਹਿਰਾਸਤ ਵਿਚ ਲੈ ਕੇ ਅੰਗਰੇਜ਼ ਹਕੂਮਤ ਨੇ ਇਕ ਸਾਲ ਦੀ ਸਜ਼ਾ ਸੁਣਾ ਦਿੱਤੀ। ਜਾਇਦਾਦ ਜ਼ਬਤ ਕਰ ਲਈ ਅਤੇ ਨਾਲ ਹੀ ਰਿਆਸਤ ਨਾਭਾ ਤੋਂ ਜਲਾਵਤਨ ਕਰਨ ਦੇ ਆਦੇਸ਼ ਵੀ ਦਿੱਤੇ ਗਏ।

1927 ਵਿਚ ਰਿਆਸਤ ਦੇ ਰਾਜਸੀ ਕਾਰਕੁਨਾਂ ਨੇ ਰਿਆਸਤੀ ਪਰਜਾ ਮੰਡਲ ਨਾਂ ਦਾ ਸੰਗਠਨ ਕਾਇਮ ਕਰ ਲਿਆ। ਬਾਅਦ ਵਿਚ ਜੀਂਦ ਰਿਆਸਤ ਨੇ ਕਿਸਾਨਾਂ ਨੂੰ ਜ਼ਮੀਨ ਦੇ ਅਸਲੀ ਮਾਲਕ ਕਰਾਰ ਦੇਣ ਲਈ ਮੋਰਚਾ ਲਾਇਆ ਤਾਂ ਨਾਭਾ ਰਿਆਸਤ ਦੇ ਅਕਾਲੀਆਂ ਨੇ ਜਥੇਦਾਰ ਭੱਠਲ ਦੀ ਅਗਵਾਈ ਹੇਠ ਮੋਰਚੇ ਵਿਚ ਹਿੱਸਾ ਲਿਆ।

ਇਨ੍ਹੀਂ ਦਿਨੀਂ ਹੀ ਕਿਸਾਨਾਂ ਦੀਆਂ ਮੁਸ਼ਕਲਾਂ ਦੇ ਖਾਤਮੇ ਲਈ ਕਿਸਾਨ ਸਭਾ ਕਾਇਮ ਹੋਈ। ਜਥੇਦਾਰ ਭੱਠਲ ਨਾਭਾ ਰਿਆਸਤ ਦੀ ਕਿਸਾਨ ਸਭਾ ਦੇ ਮੀਤ ਪ੍ਰਧਾਨ ਅਤੇ ਇਸ ਤੋਂ ਬਾਅਦ ਪੰਜਾਬ ਕਿਸਾਨ ਸਭਾ ਦੇ ਮੀਤ ਪ੍ਰਧਾਨ ਚੁਣੇ ਗਏ। 1946 ਵਿਚ ਪਰਜਾ ਮੰਡਲ ਨੇ ਰਿਆਸਤ ਨਾਭਾ ਵਿਚ ਕਿਸਾਨੀ ਮੰਗਾਂ ਨੂੰ ਲੈ ਕੇ ਮੋਰਚਾ ਲਾਇਆ ਪ੍ਰੰਤੂ ਮੋਰਚਾ ਅਸਫਲ ਹੁੰਦਾ ਦੇਖ ਕੇ ਪਰਜਾ ਮੰਡਲ ਨੇ




ਕਿਸਾਨ ਸਭਾ ਨਾਲ ਸੰਪਰਕ ਕੀਤਾ। ਕਿਸਾਨ ਸਭਾ ਨੇ 13 ਕਿਸਾਨੀ ਮੰਗਾਂ ਨੂੰ ਲੈ ਕੇ ਮੋਰਚਾ ਲਾਇਆ ਜੋ ਕਾਫੀ ਸਫਲ ਹੋਇਆ। ਜਥੇਦਾਰ ਭੱਠਲ ਦੀ ਅਗਵਾਈ ਹੇਠ ਸਾਰੇ ਗ੍ਰਿਫ਼ਤਾਰ ਸਾਥੀ ਰਿਹਾਅ ਕੀਤੇ ਗਏ। ਜੇਲ੍ਹ ਵਿਚ ਜਥੇਦਾਰ ਭੱਠਲ ਨੇ ਉਮਰ ਕੈਦ 14 ਸਾਲ ਕਰਨ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨਾਂ ਲਈ ਭੁੱਖ ਹੜਤਾਲ ਕੀਤੀ। ਸਰਕਾਰ ਨੂੰ ਉਨ੍ਹਾਂ ਦੇ ਦ੍ਰਿੜ੍ਹ ਇਰਾਦੇ ਅੱਗੇ ਝੁਕਣਾ ਪਿਆ ਤੇ ਕਿਸਾਨਾਂ ਦੀਆਂ ਮੰਗਾਂ ਪ੍ਰਵਾਨ ਹੋਈਆਂ।

ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਵੀ ਉਨ੍ਹਾਂ ਨੇ ਥੋੜ੍ਹ-ਚਿਰੇ ਸੁਖ ਆਰਾਮ ਲਈ ਜਾਂ ਮੁਨਾਫੇ ਦੀ ਪ੍ਰਵਾਹ ਨਾ ਕਰਦਿਆਂ ਕਿਸਾਨ-ਮਜ਼ਦੂਰਾਂ ਦੇ ਹੱਕਾਂ ਦੀ ਬਹਾਲੀ ਲਈ ਸੰਘਰਸ਼ ਜਾਰੀ ਰੱਖਿਆ।

1959 ਵਿਚ ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਸਮੇਂ ਖੁਸ਼-ਹੈਸੀਅਤ ਟੈਕਸ ਵਿਰੁੱਧ ਮੋਰਚੇ ਦੀ ਅਗਵਾਈ ਜਥੇਦਾਰ ਭੱਠਲ ਨੇ ਹੀ ਕੀਤੀ। ਉਨ੍ਹਾਂ ਦੀ ਧਰਮ-ਪਤਨੀ ਮਾਤਾ ਜਗੀਰ ਕੌਰ ਭੱਠਲ ਨੇ ਵੀ ਇਸਤਰੀਆਂ ਦੇ ਜਥੇ ਲਿਜਾ ਕੇ ਗ੍ਰਿਫ਼ਤਾਰੀਆਂ ਦਿੱਤੀਆਂ। ਸਰਕਾਰ ਨੇ ਉਨ੍ਹਾਂ ਦੀ ਸਾਰੀ ਜਾਇਦਾਦ ਕੁਰਕ ਕਰ ਲਈ ਅਤੇ ਘਰ ਢਾਹ ਦਿੱਤਾ। ਪ੍ਰੰਤੂ ਸਰਕਾਰ ਲੋਕਾਂ ਦੇ ਜਥੇਦਾਰ ਭੱਠਲ ਵਿਚਲੇ ਦ੍ਰਿੜ੍ਹ ਵਿਸ਼ਵਾਸ ਨੂੰ ਖਤਮ ਨਾ ਕਰ ਸਕੀ। ਜਥੇਦਾਰ ਭੱਠਲ ਅਡੋਲ, ਸ਼ਾਂਤ-ਚਿੱਤ ਅਤੇ ਦ੍ਰਿੜ੍ਹ ਇਰਾਦੇ ਨਾਲ ਗੁਪਤ ਰਹਿ ਕੇ ਜਥੇ ਭੇਜਦੇ ਰਹੇ ਅਤੇ ਸਰਕਾਰ ਨੂੰ ਝੁਕਣਾ ਪਿਆ। ਇਸ ਮੋਰਚੇ ਤੋਂ ਬਾਅਦ ਲੋਕ ਹਿੱਤਾਂ ਖਾਤਰ 1962 ਤੇ 1965 ਵਿਚ ਆਪ ਨੂੰ ਆਜ਼ਾਦ ਭਾਰਤ ਦੀਆਂ ਜੇਲ੍ਹਾਂ ਵਿਚ ਵੀ ਨਜ਼ਰਬੰਦ ਰਹਿਣਾ ਪਿਆ। ਪਿੰਡ ਭੱਠਲਾਂ ਦੇ ਮੋਦਨ ਸਿੰਘ, ਹਰੀ ਸਿੰਘ, ਜਨਕ ਸਿੰਘ, ਮੈਂਗਲ ਸਿੰਘ ਅਤੇ ਦਾਨਗੜ੍ਹ ਦੇ ਗੰਡਾ ਸਿੰਘ ਸਰਪੰਚ ਆਪ ਦੇ ਸਾਥੀ ਸਨ।

1952 ਤੋਂ ਲਗਪਗ ਦੋ ਦਹਾਕੇ ਤਕ ਉਹ ਪੰਜਾਬ ਅਸੈਂਬਲੀ ਦੇ ਧਨੌਲਾ ਹਲਕੇ ਤੋਂ ਨੁਮਾਇੰਦਗੀ ਕਰਦੇ ਰਹੇ। ਉਹ ਵਿਧਾਨ ਸਭਾ ਵਿਚ ਮਜ਼ਦੂਰਾਂ, ਮੁਲਾਜ਼ਮਾਂ, ਕਿਸਾਨਾਂ ਅਤੇ ਦਰਮਿਆਨੇ ਵਰਗ ਦੇ ਲੋਕਾਂ ਲਈ ਆਵਾਜ਼ ਉਠਾਉਂਦੇ ਰਹੇ। ਅੰਤ ਪੰਜਾਬ ਦੀ ਲੋਕ ਲਹਿਰ ਦਾ ਇਕ ਸਰਗਰਮ ਆਜ਼ਾਦੀ ਘੁਲਾਟੀਆ 20 ਜੁਲਾਈ 1980 ਨੂੰ ਦਿਲ ਦਾ ਦੌਰਾ ਪੈਣ ਕਾਰਨ ਸਾਥੋਂ ਸਦਾ ਲਈ ਵਿਛੜ ਗਿਆ। ਉਨ੍ਹਾਂ ਤੋਂ ਬਾਅਦ 29 ਅਗਸਤ 2007 ਨੂੰ ਮਾਤਾ ਜਗੀਰ ਕੌਰ ਵੀ ਇਸ ਜਹਾਨ ਤੋਂ ਕੂਚ ਕਰ ਗਏ ਸਨ।

ਜਿਥੇ ਲੋਕਾਂ ਨੇ ਆਪਣੇ ਇਸ ਸੱਚੇ-ਸੁੱਚੇ ਆਗੂ ਨੂੰ ਪੂਰਨ ਸਨੇਹ ਦਿੱਤਾ, ਉਥੇ ਮੌਕੇ ਦੀਆਂ ਸਰਕਾਰਾਂ ਨੇ ਹਮੇਸ਼ਾ ਹੀ ਉਨ੍ਹਾਂ ਪ੍ਰਤੀ ਬੇਰੁਖੀ ਵਰਤੀ। 18 ਫਰਵਰੀ 1987 ਨੂੰ ਬਰਨਾਲਾ ਸਰਕਾਰ ਨੂੰ ਉਨ੍ਹਾਂ ਦੀ ਯਾਦ ਵਿਚ ਉਨ੍ਹਾਂ ਦੇ ਪਿੰਡ ਵਿਚ ਹੈਲਥ ਸੈਂਟਰ ਖੋਲ੍ਹਣ ਦੀ ਯਾਦ ਆਈ ਪ੍ਰੰਤੂ ਹੈਰਾਨੀ ਵਾਲੀ ਤੇ ਦਿਲਚਸਪ ਗੱਲ ਇਹ ਹੈ ਜਿਸ ਜੋੜੀ ਨੇ ਆਪਣਾ ਸਾਰਾ ਜੀਵਨ ਦੇਸ਼ ਕੌਮ ਦੇ ਲੇਖੇ ਲਾ ਦਿੱਤਾ ਪਰ ਉਨ੍ਹਾਂ ਦੀ ਯਾਦ ਲਈ ਸਰਕਾਰ ਵੱਲੋਂ ਜ਼ਮੀਨ ਵੀ ਨਹੀਂ ਸਰੀ, ਜਿਸ ਕਾਰਨ ਉਨ੍ਹਾਂ ਦੀ ਯਾਦ 'ਚ ਬਣੇ ਹਸਪਤਾਲ ਲਈ 6 ਕਨਾਲ ਜ਼ਮੀਨ ਜਥੇਦਾਰ ਭੱਠਲ ਦੇ ਪਰਿਵਾਰ ਵੱਲੋਂ ਹੀ ਦਿੱਤੀ ਗਈ।

# ਫ਼ਿਲਮ ਲੋਕ

## ਆਲੀਆ ਭੱਟ ਤੇ ਇਮਤਿਆਜ਼ ਅਲੀ ਦਾ 'ਅਹਿਸਾਨਮੰਦ' ਹਾਂ: ਵੇਦਾਂਗ ਰੈਨਾ

ਪਰਮਜੀਤ ਸਿੰਘ ਨਿੱਕੇ ਘੁੰਮਣ

ਇਮਤਿਆਜ਼ ਅਲੀ ਦੀ ਤਾਜ਼ਾ ਫ਼ਿਲਮ 'ਮੈਂ ਵਾਪਿਸ ਆਊਂਗਾ' ਵਿਚ ਸਿਰਫ਼ ਕੰਮ ਕਰਨ ਦਾ ਹੀ ਨਹੀਂ ਸਗੋਂ ਬਹੁਤ ਕੁਝ ਸਿੱਖਣ ਦਾ ਵੀ ਮੌਕਾ ਮਿਲਿਆ ਹੈ। ਇਸੇ ਤਰ੍ਹਾਂ ਉਹ ਆਪਣੀ ਅਦਾਕਾਰੀ ਵਿਚ ਆਏ ਸੁਧਾਰ ਤੇ ਨਿਖਾਰ ਲਈ ਆਪਣੇ ਆਪ ਨੂੰ ਅਦਾਕਾਰਾ ਆਲੀਆ' ਭੱਟ ਦਾ ਵੀ ਸ਼ੁਕਰਗੁਜ਼ਾਰ ਵੀ ਸਮਝਦਾ ਹੈ ਜਿਸਨੇ ਸੰਨ 2024 ਵਿਚ ਆਈ ਫ਼ਿਲਮ 'ਜਿਗਰਾ' ਵਿਚ ਉਸ ਦੀ ਭੈਣ ਦਾ ਕਿਰਦਾਰ ਅਦਾ ਕੀਤਾ। ਸੀ ਤੇ ਫ਼ਿਲਮ ਦੇ ਨਿਰਮਾਣ ਦੌਰਾਨ ਉਸ ਨੂੰ ਬਿਹਤਰੀਨ ਅਦਾਕਾਰੀ ਦੇ ਕਈ ਗੁਰ ਦੱਸੇ ਸਨ। ਉਹ ਆਖ਼ਦਾ ਹੈ, 'ਮੈਂ ਆਲੀਆ ਭੱਟ ਤੇ ਇਮਤਿਆਜ਼ ਅਲੀ ਦਾ ਅਹਿਸਾਨਮੰਦ ਹਾਂ ਤੇ ਹਮੇਸ਼ਾ ਰਹਾਂਗਾ।'

ਦਿੱਲੀ ਵਿਖੇ ਵੱਸਦੇ ਇਕ ਕਸ਼ਮੀਰੀ ਪਰਿਵਾਰ ਵਿਚ ਅੱਜ ਤੋਂ 26 ਵਰ੍ਹੇ ਪਹਿਲਾਂ ਜਨਮੇ ਵੇਦਾਂਗ ਰੈਨਾ ਦਾ ਪਾਲਣ-ਪੋਸ਼ਣ ਮੁੰਬਈ ਵਿਖੇ ਹੋਇਆ ਹੈ। ਉਸਦੇ ਪਿਤਾ ਆਯੁਸ਼ ਰੈਨਾ ਉਂਜ ਤਾਂ ਪੇਸ਼ੇ ਤੋਂ ਇਕ ਕਾਰੋਬਾਰੀ ਹਨ ਪਰ ਬਤੌਰ ਨਿਰਦੇਸ਼ਕ ਉਹ 'ਹਾਰਰ ਸਟੋਰੀ' ਨਾਮਕ ਫ਼ਿਲਮ ਨਿਰਦੇਸ਼ਿਤ ਕਰ ਚੁੱਕੇ ਹਨ ਜਿਸਦੇ ਲੇਖਕ ਵਿਕਰਮ ਭੱਟ ਸਨ। ਸਕੂਲ ਤੋਂ ਕਾਲਜ ਤੱਕ ਦੇ ਸਫ਼ਰ ਦੌਰਾਨ ਵੇਦਾਂਗ ਨੇ ਪਹਿਲਾਂ ਸੰਗੀਤ 2023 ਵਿਚ ਨੈੱਟ ਫ਼ਿਕਸ 'ਤੇ ਰਿਲੀਜ਼ ਹੋਈ ਸੀ ਤੇ ਇਸ ਫ਼ਿਲਮ ਵਿਚ ਵੇਦਾਂਗ ਦਾ 'ਸਵੈਗ' ਦਰਸ਼ਕਾਂ ਨੇ ਖ਼ੂਬ ਪਸੰਦ ਕੀਤਾ ਸੀ।

ਵੇਦਾਂਗ ਦੀ ਦੂਜੀ ਫ਼ਿਲਮ 'ਜਿਗਰਾ' ਸੀ ਜਿਸ ਵਿਚ ਉਸ ਨੇ ਆਲੀਆ ਭੱਟ ਦੇ ਉਸ ਭਰਾ ਦੀ ਭੂਮਿਕਾ ਨਿਭਾਈ ਸੀ ਜੋ ਕਿ ਦੱਖਣ- ਪੂਰਬੀ ਏਸ਼ੀਆ ਦੀ ਕਿਸੇ ਜੇਲ੍ਹ ਵਿਚ ਕੈਦ ਹੁੰਦਾ ਹੈ। ਆਪਣੀ ਛੋਟੀ ਜਿਹੀ ਭੂਮਿਕਾ ਨੂੰ ਉਸ ਨੇ ਇਸ ਸ਼ਿੱਦਤ ਨਾਲ ਨਿਭਾਇਆ ਕਿ ਹਰ ਪਾਸੇ ਉਸ ਦੀ ਅਦਾਕਾਰੀ ਦੀਆਂ ਗੱਲਾਂ ਤੁਰ ਪਈਆਂ। ਉਸ ਦੀ ਖ਼ੁਸ਼ਕਿਸਮਤੀ ਵੇਖੋ ਕਿ ਉਸ ਦੀ ਅਦਾਕਾਰੀ ਇਮਤਿਆਜ਼ ਅਲੀ ਜਿਹੇ ਸੁਲਝੇ ਹੋਏ ਨਿਰਦੇਸ਼ਕ ਨੂੰ ਐਨੀ ਪਸੰਦ ਆਈ ਕਿ ਉਸਨੇ ਵੇਦਾਂਗ ਨੂੰ ਤੁਰੰਤ ਹੀ 'ਮੈਂ ਵਾਪਿਸ ਆਉਂਗਾ' ਲਈ ਸਾਈਨ ਕਰ ਲਿਆ । ਸੰਨ 1947 ਦੀ ਭਾਰਤ-ਪਾਕਿ ਵੰਡ ਦੌਰਾਨ ਦੋ ਪ੍ਰੇਮੀਆਂ ਦੇ ਵਿਛੜਨ ਦੀ ਜਜ਼ਬਾਤਪੂਰਨ ਕਹਾਣੀ 'ਤੇ ਆਧਾਰਿਤ ਇਸ ਫ਼ਿਲਮ ਵਿਚ ਵੇਦਾਂਗ ਨੇ ਨਸੀਰੂਦੀਨ ਸ਼ਾਹ ਦੁਆਰਾ ਨਿਭਾਏ ਗਏ 'ਈਸ਼ਰ ਸਿੰਘ ਗਰੇਵਾਲ' ਨਾਮਕ ਇਕ ਸਿੱਖ ਦੇ ਜਵਾਨੀ ਦੇ ਦਿਨਾਂ ਵਾਲੇ ਕਿਰਦਾਰ ਨੂੰ ਬਾਖ਼ੂਬੀ ਅਦਾ ਕੀਤਾ ਹੈ। ਵੇਦਾਂਗ ਦੱਸਦਾ ਹੈ ਕਿ ਉਸ ਨੇ ਆਪਣੇ ਕਿਰਦਾਰ ਨਾਲ ਇਨਸਾਫ਼ ਕਰਨ ਲਈ ਬੜੀ ਮਿਹਨਤ ਕੀਤੀ ਹੈ ਤੇ ਉਸ ਜ਼ਮਾਨੇ ਵਿਚਲੇ ਸਿੱਖ ਨੌਜਵਾਨਾਂ ਦੀ ਚਾਲ-ਢਾਲ, ਬੋਲੀ, ਪਹਿਰਾਵੇ ਅਤੇ ਜਜ਼ਬਾਤ ਪ੍ਰਗਟਾਉਣ ਦੇ ਢੰਗ ਆਦਿ ਸਮੇਤ ਕਈ ਹੋਰ ਬਾਰੀਕੀਆਂ ਨੂੰ ਸਮਝਣ ਲਈ ਡੂੰਘੀ ਖੋਜ ਅਤੇ ਅਧਿਐਨ ਵੀ ਕੀਤਾ ਹੈ।



ਵੇਦਾਂਗ ਦਾ ਇਕ ਵੱਡਾ ਤੇ ਪ੍ਰਸੰਸਾਯੋਗ ਗੁਣ ਇਹ ਵੀ ਹੈ ਕਿ ਉਸ ਦੀ ਆਵਾਜ਼ ਬੜੀ ਮਿੱਠੀ ਹੈ ਤੇ ਬਤੌਰ ਅਦਾਕਾਰ ਹੁਣ ਤੱਕ ਉਸ ਨੇ ਜਿਹੜੀਆਂ ਤਿੰਨ ਫ਼ਿਲਮਾਂ ਕੀਤੀਆਂ ਹਨ, ਉਨ੍ਹਾਂ ਵਿਚ ਉਸ ਨੇ ਗੀਤ ਵੀ ਗਾਏ ਹਨ। ਤਾਜ਼ਾ ਰਿਲੀਜ਼ 'ਮੈਂ ਵਾਪਿਸ ਆਉਂਗਾ' ਵਿਚ ਉਸ ਦਾ ਗਾਇਆ 'ਮਸਕਾਰਾ' ਨਾਮਕ ਗੀਤ ਸਰੋਤਿਆਂ ਵਲੋਂ ਖ਼ੂਬ ਪਸੰਦ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਫ਼ਿਲਮ 'ਜਿਗਰਾ' ਦਾ ਟਾਈਟਲ ਗੀਤ ਗਾਉਣ ਤੋਂ ਇਲਾਵਾ ਉਹ ਆਪਣੀ ਪਹਿਲੀ ਹੀ ਫ਼ਿਲਮ 'ਦਿ ਆਰਚੀਜ਼' ਵਿਚ ਦੋ ਗੀਤ 'ਫੂਲੋਂ ਕਾ ਤਾਰੋਂ ਕਾ, ਸਭ ਕਾ ਕਹਿਨਾ ਹੈ' ਅਤੇ 'ਐਵਰੀਥਿੰਗ ਇਜ਼ ਪੌਲੀਟਿਕਸ' ਵੀ 'ਆਪਣੀ ਮਧੁਰ ਆਵਾਜ਼ ਵਿਚ ਗਾ ਚੁੱਕਾ ਹੈ। ਇਸ ਫ਼ਿਲਮ ਵਿਚ ਬਾਕਮਾਲ ਠ ਅਦਾਕਾਰੀ ਵਿਖਾਉਣ ਲਈ ਉਸ ਨੂੰ 'ਸਰਬੋਤਮ ਨਵਾਂ ਕਲਾਕਾਰ' ਸ਼੍ਰੇਣੀ ਵਿਚ ' ਫ਼ਿਲਮਫ਼ੇਅਰ ਓ.ਟੀ.ਟੀ. ਐਵਾਰਡ' ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਫ਼ਿਲਮਕਾਰ ਇਮਤਿਆਜ਼ ਅਲੀ ਅਨੁਸਾਰ 'ਵੇਦਾਂਗ ਇਕ ਸੰਭਾਵਨਾਵਾਂ ਭਰਪੂਰ ਅਦਾਕਾਰ ਹੈ ਤੇ ਪੂਰੀ ਆਸ ਹੈ ਕਿ ਆਉਣ ਵਾਲੇ ਸਮੇਂ ਵਿਚ ਉਹ ਅਦਾਕਾਰੀ ਅਤੇ ਗਾਇਕੀ ਦੋਵਾਂ ਹੀ ਖੇਤਰਾਂ ਵਿਚ ਬੇਮਿਸਾਲ ਪ੍ਰਾਪਤੀਆਂ ਪ੍ਰਾਪਤ ਕਰੇਗਾ।'



## ਫ਼ਿਲਮ 'ਮਾਂ ਬਹਿਨ' ਦੀ 'ਰੇਖਾ' ਮਾਧੁਰੀ ਦੀਕਸ਼ਿਤ

90 ਦੇ ਦਹਾਕੇ ਦੀ ਸੁਪਰ ਸਟਾਰ ਅਦਾਕਾਰਾ ਮਾਧੁਰੀ ਦੀਕਸ਼ਿਤ ਨੇ ਵੈੱਬ ਸੀਰੀਜ਼ 'ਮਿਸਿਜ਼ ਦੇਸ਼ਪਾਂਡੇ' ਵਿਚ ਪਹਿਲੀ ਵਾਰ ਕਮਾਲ ਦਾ ਐਕਸ਼ਨ ਦਿਖਾਉਂਦੇ ਹੋਏ ਪ੍ਰਸ਼ੰਸਕਾਂ ਦੀਆਂ ਬਹੁਤ ਤਾਰੀਫ਼ਾਂ ਲਈਆਂ ਸਨ । ਹਾਲ ਹੀ ਵਿਚ ਨੈੱਟਫਲਿਕਸ 'ਤੇ ਆਨ ਸਟ੍ਰੀਮ ਹੋਈ ਅਬੰਡੈਂਟੀਆ ਐਂਟਰਟੇਨਮੈਂਟ ਅਤੇ ਓਪਨਿੰਗ ਇਮੇਜ ਫ਼ਿਲਮਜ਼ ਵਲੋਂ ਬਣਾਈ ਅਤੇ ਸੁਰੇਸ਼ ਤ੍ਰਿਵੇਨੀ ਵਲੋਂ ਨਿਰਦੇਸ਼ਿਤ ਫ਼ਿਲਮ 'ਮਾਂ ਬਹਿਨ' ਵਿਚ ਮਾਧੁਰੀ ਦੀਕਸ਼ਿਤ ਦੇ ਕੰਮ ਨੂੰ ਬਹੁਤ ਪਸੰਦ ਕੀਤਾ ਜਾ ਰਿਹਾ ਹੈ।

ਇਕ ਅਵਿਵਸਿਥਤ ਮਾਂ-ਬੇਟੀ ਦੀ ਤਿਕੜੀ ਰੇਖਾ, ਜਯਾ ਅਤੇ ਸੁਸ਼ਮਾ ਦੀ ਕਹਾਣੀ 'ਤੇ ਆਧਾਰਿਤ ਫ਼ਿਲਮ ਵਿਚ ਇਸ ਤਿੱਕੜੀ ਦੇ ਜੀਵਨ 'ਚ ਉਸ ਸਮੇਂ ਉਥਲ-ਪੁਥਲ ਮਚ ਜਾਂਦੀ ਹੈ ਜਦੋਂ ਇਕ ਦਿਨ ਅਚਾਨਕ ਉਨ੍ਹਾਂ ਦੀ ਰਸੋਈ ਵਿਚ





ਇਕ ਲਾਸ਼ ਮਿਲਦੀ ਹੈ । ਸੱਚ ਨੂੰ ਲੁਕਾਉਣ ਦੀ ਕੋਸ਼ਿਸ਼ ਵਿਚ ਪੂਰਾ ਪਰਿਵਾਰ ਝੂਠ, ਦਹਿਸ਼ਤ ਅਤੇ ਦਖਲ ਦੇਣ ਵਾਲੇ ਗੁਆਂਢੀਆਂ ਵਿਚਾਲੇ ਉਲਝ ਜਾਂਦਾ ਹੈ। ਫ਼ਿਲਮ ਵਿਚ ਮਾਧੁਰੀ ਦੀਕਸ਼ਿਤ ਰੇਖਾ ਦੀ ਭੂਮਿਕਾ ਵਿਚ ਹੈ ਜਦੋਂ ਕਿ ਤ੍ਰਿਪਤ ਡਿਮਰੀ ਅਤੇ ਧਰਨਾ ਦੁਰਗਾ ਉਸ ਦੀਆਂ ਬੇਟੀਆਂ ਜਯਾ ਅਤੇ ਸੁਸ਼ਮਾ ਦੇ ਰੂਪ ਵਿਚ ਹਨ। ਫ਼ਿਲਮ ਵਿਚ ਰਵੀ ਕਿਸ਼ਨ ਦੀ ਵੀ ਮਹੱਤਵਪੂਰਨ ਭੂਮਿਕਾ ਹੈ। 15 ਮਈ, 1967 ਨੂੰ ਮੁੰਬਈ ਵਿਚ ਇਕ ਮੱਧਵਰਗੀ ਮਰਾਠੀ ਬ੍ਰਾਹਮਣ ਪਰਿਵਾਰ ਵਿਚ ਪੈਦਾ ਹੋਈ ਮਾਧੁਰੀ ਨੇ ਆਪਣੇ ਸਿਨੈ ਕਰੀਅਰ ਦੀ ਸ਼ੁਰੂਆਤ ਰਾਜਸ੍ਰੀ ਪ੍ਰੋਡਕਸ਼ਨ ਦੇ ਬੈਨਰ ਹੇਠ ਬਣੀ ਫ਼ਿਲਮ 'ਅਬੋਧ' ਤੋਂ ਕੀਤੀ ਸੀ। ਹੀਰੇਨ ਨਾਗ ਵਲੋਂ ਨਿਰਦੇਸ਼ਿਤ ਇਹ ਫ਼ਿਲਮ ਟਿਕਟ ਖਿੜਕੀ 'ਤੇ ਫਲਾਪ ਸਾਬਿਤ ਹੋਈ ਸੀ, ਪਰ ਮਾਧੁਰੀ ਨੇ ਕਈ ਫ਼ਿਲਮ ਨਿਰਮਾਤਾਵਾਂ ਦਾ ਧਿਆਨ ਖਿੱਚ ਲਿਆ ਸੀ।

ਮਾਧੁਰੀ ਨੂੰ ਲਗਾਤਾਰ ਫ਼ਿਲਮਾਂ ਦੀਆਂ ਪੇਸ਼ਕਸ਼ਾਂ ਮਿਲਣ ਲੱਗੀਆਂ। ਇਹ ਦੇਖ ਕੇ ਮਾਧੁਰੀ ਨੇ ਕਾਲਜ ਦੀ ਪੜ੍ਹਾਈ ਅਧੂਰੀ ਛੱਡ ਦਿੱਤੀ ਅਤੇ ਫ਼ਿਲਮ ਐਕਟਿੰਗ ਨੂੰ ਕਰੀਅਰ ਦੇ ਤੌਰ 'ਤੇ ਚੁਣ ਲਿਆ। ਫ਼ਿਲਮ 'ਦਇਆਵਾਨ' ਵਿਚ ਕੋ-ਸਟਾਰ ਵਿਨੋਦ ਖੰਨਾ ਨਾਲ ਮਾਧੁਰੀ ਦੇ ਕੁਝ ਦ੍ਰਿਸ਼ ਕਾਫ਼ੀ ਵਿਵਾਦਿਤ ਰਹੇ ਪਰ ਇਸ ਫ਼ਿਲਮ ਤੋਂ ਉਸ ਨੂੰ ਬਹੁਤ ਹਰਮਨਪਿਆਰਤਾ ਮਿਲੀ।

ਮਾਧੁਰੀ ਦੀਕਸ਼ਿਤ ਦੀ ਕਿਸਮਤ ਦਾ ਸਿਤਾਰਾ ਅਨਿਲ ਕਪੂਰ ਨਾਲ ਐਨ. ਚੰਦਰਾ ਦੀ ਫ਼ਿਲਮ 'ਤੇਜ਼ਾਬ' ਨਾਲ ਚਮਕਿਆ। ਫ਼ਿਲਮ ਦੀ ਸਫਲਤਾ ਤੋਂ ਬਾਅਦ ਮਾਧੁਰੀ ਇਸ ਸਨਅਤ ਵਿਚ ਸਥਾਪਿਤ ਹੋ ਗਈ। ਮਾਧੁਰੀ ਦੀਕਸ਼ਿਤ ਅਤੇ ਅਨਿਲ ਕਪੂਰ ਦੀ ਫ਼ਿਲਮ 'ਰਾਮ ਲਖਨ' ਮਾਧੁਰੀ ਦੇ ਕਰੀਅਰ ਦੀ ਦੂਜੀ ਵੱਡੀ ਹਿਟ ਫ਼ਿਲਮ ਸਾਬਿਤ ਹੋਈ। ਇਸ ਤੋਂ ਬਾਅਦ ਆਮਿਰ ਖਾਨ ਨਾਲ ਉਸ ਦੀ ਜੋੜੀ ਵਾਲੀ ਫ਼ਿਲਮ 'ਦਿਲ' ਨੂੰ ਦਰਸ਼ਕਾਂ ਨੇ ਕਾਫ਼ੀ ਪਸੰਦ ਕੀਤਾ ਸੀ। ਫ਼ਿਲਮ 'ਦਿਲ' ਟਿਕਟ ਖਿੜਕੀ 'ਤੇ ਸੁਪਰਹਿੱਟ ਸਾਬਿਤ ਹੋਈ। ਫ਼ਿਲਮ ਵਿਚ ਆਪਣੇ ਦਮਦਾਰ ਅਭਿਨੈ ਲਈ ਮਾਧੁਰੀ ਦੀਕਸ਼ਿਤ ਨੂੰ ਆਪਣੇ ਸਿਨੈ ਕਰੀਅਰ ਦਾ ਪਹਿਲਾ ਫ਼ਿਲਮ ਫੇਅਰ ਪੁਰਸਕਾਰ ਵੀ ਮਿਲਿਆ ਸੀ । 90 ਦਾ ਦਹਾਕਾ ਮਾਧੁਰੀ ਦੇ ਕਰੀਅਰ ਦਾ ਸੁਨਹਿਰੀ ਦੌਰ ਸੀ, ਉਸ ਦੌਰ ਵਿਚ ਉਸ ਨੇ 'ਦਿਲ' ਤੋਂ ਇਲਾਵਾ 'ਸਾਜਨ', 'ਬੇਟਾ', 'ਹਮ ਆਪਕੇ ਹੈਂ ਕੌਨ' ਅਤੇ 'ਦਿਲ ਤੋ ਪਾਗਲ ਹੈ' ਵਰਗੀਆਂ ਕਈ ਬਿਹਤਰੀਨ ਫ਼ਿਲਮਾਂ ਵਿਚ ਕੰਮ ਕਰਦੇ ਹੋਏ ਮਹਿਲਾ ਸੁਪਰ ਸਟਾਰ ਦਾ ਦਰਜਾ ਹਾਸਿਲ ਕੀਤਾ। 'ਬੇਟਾ', 'ਹਮ ਆਪਕੇ ਹੈਂ ਕੌਨ' ਅਤੇ 'ਦਿਲ ਤੋ ਪਾਗਲ ਹੈ' ਫ਼ਿਲਮਾਂ ਲਈ ਮਾਧੁਰੀ ਨੂੰ ਬੈਸਟ ਅਦਾਕਾਰਾ ਕੈਟੇਗਰੀ ਵਿਚ ਲਗਾਤਾਰ ਦੂਜਾ, ਤੀਜਾ ਅਤੇ ਚੌਥਾ ਫ਼ਿਲਮ ਫੇਅਰ ਪੁਰਸਕਾਰ ਮਿਲਿਆ ਸੀ।

## ਹਰ ਪਾਸੇ ਚਰਚਾ 'ਚ ਰਹਿਣ ਵਾਲੀ ਮਾਨੁਸ਼ੀ ਛਿੱਲਰ

ਮਨੋਰੰਜਨ ਉਦਯੋਗ ਵਿਚ ਔਰਤਾਂ ਨੂੰ ਕਾਮਯਾਬੀ ਪ੍ਰਾਪਤ ਕਰਨ ਦੇ ਬਾਵਜੂਦ ਘੱਟ ਕਰਕੇ ਜਾਣੇ ਜਾਣ 'ਤੇ ਅਕਸਰ ਅਭਿਨੇਤਰੀਆਂ ਵਿਰੁੱਧ, ਅਪਮਾਨਜਨਕ ਟਿੱਪਣੀਆਂ ਤੇ ਮਜ਼ਬੂਤ ਸਟੈਂਡ ਲੈਣ ਕਾਰਨ ਮਾਨੁਸ਼ੀ ਛਿੱਲਰ ਦੀ ਚਰਚਾ ਬਾਲੀਵੁੱਡ ਦੀਆਂ ਗਲੀਆਂ ਤੇ ਮੁਹੱਲਿਆਂ 'ਚ ਹੋ ਰਹੀ ਹੈ। ਵੈਸੇ ਉਸ ਦਾ ਚਮਕ-ਦਮਕ ਵਾਲਾ ਰੂਪ ਵੀ ਚਰਚਾ ਵਾਧੂ ਕਰਾਉਂਦਾ ਹੈ। ਮਾਨੁਸ਼ੀ ਆਖਦੀ ਹੈ ਕਿ ਦੁਨੀਆ ਚੰਨ 'ਤੇ ਪਹੁੰਚੀ ਹੈ ਪਰ ਭਾਰਤ 'ਚ ਰੂੜੀਵਾਦੀ ਸੋਚ ਮਹਿਲਾ ਪ੍ਰਤੀ ਡੂੰਘੀ ਜੜ੍ਹ ਜਮਾ ਚੁੱਕੀ ਹੈ। ਔਰਤ ਦੇ ਅਧਿਕਾਰ ਜ਼ਿਆਦਾਤਰ ਕਿਤਾਬਾਂ 'ਚ ਹੀ ਹਨ। ਸਾਬਕਾ 'ਮਿਸ ਵਰਲਡ' ਮਾਨੁਸ਼ੀ ਨੇ ਹੁਣੇ ਜਿਹੇ ਹੀ ਨਵਾਂ ਫੋਟੋ ਸੈਸ਼ਨ ਕਰਵਾਇਆ ਹੈ। ਸਮਰਾਟ ਪ੍ਰਿਥਵੀ ਰਾਜ 'ਬੜੇ ਮੀਆਂ ਛੋਟੇ ਮੀਆਂ', 'ਦਾ ਗਰੇਟ ਇੰਡੀਅਨ ਫੈਮਿਲੀ' ਵਾਲੀ ਮਾਨੁਸ਼ੀ ਹਰਿਆਣਾ ਦੇ ਝੱਜਰ ਜ਼ਿਲ੍ਹੇ ਦੇ ਬਾਮਨੋਲੀ ਪਿੰਡ ਦੀ ਜੰਮਪਲ ਹੈ ਤੇ ਮਾਨੁਸ਼ੀ ਨੇ ਮੈਡੀਕਲ ਦੀ ਪੜ੍ਹਾਈ ਕੀਤੀ ਹੋਈ ਹੈ। 'ਤਹਿਰਾਨ' ਫ਼ਿਲਮ 'ਚ ਕੰਮ ਕਰਕੇ ਉਸ ਨੂੰ ਆਤਮਿਕ ਸਕੂਨ ਮਿਲਿਆ ਤੇ ਉਹ ਵੀਰ ਪਹਾੜੀਆਂ ਨਾਲ ਆਪਣਾ ਨਾਂਅ ਜੋੜੇ ਜਾਣ ਤੋਂ ਮੀਡੀਆ ਨਾਲ ਨਾਰਾਜ਼ ਹੈ। ਮਿਸ ਵਰਲਡ ਮੁਕਾਬਲੇ 'ਚ ਉਸ ਨੂੰ ਆਖਰੀ ਸਵਾਲ ਪੁੱਛਿਆ ਗਿਆ ਸੀ ਕਿ ਦੁਨੀਆ 'ਚ ਕਿਸ ਪੇਸ਼ੇ ਲਈ ਜ਼ਿਆਦਾ ਪੈਸਾ ਮਿਲਣਾ ਚਾਹੀਦਾ ਹੈ ਤਾਂ ਮਾਨਸ਼ੀ ਦਾ ਜਵਾਬ ਸੀ ਕਿ ਮਾਂ ਸਰਬਉੱਚ ਸਨਮਾਨ ਦੀ ਹੱਕਦਾਰ ਹੈ, ਇਸ ਤੋਂ ਵੀ ਅੱਗੇ ਅੰਦਾਜ਼ਾ ਲਾ ਲਵੋ . ਹਰਿਆਣਵੀ ਜਾਟ ਪਰਿਵਾਰ ਦੀ ਇਹ ਜਾਟਣੀ ਧੀ ਅੱਜ ਕੱਲ੍ਹ ਵਿਕਰਾਂਤ ਮੈਸੀ ਨਾਲ ਫ਼ਿਲਮ ਕਰ ਰਹੀ ਹੈ। ਰਾਜਾ, ਰਾਧਾ ਤੇ ਕੌਸ਼ਲਿਆ ਰੈਡੀ ਤੋਂ ਕੁੱਚੀਪੁੜੀ ਨਿਤ ਸਿੱਖਣ ਵਾਲੀ ਹਰਿਆਣਵੀ ਕੁੜੀ ਨੇ ਨੈਸ਼ਨਲ ਸਕੂਲ ਆਫ਼ ਡਰਾਮਾ 'ਚ ਵੀ ਨਾਟਕ ਦੀਆਂ ਜਮਾਤਾਂ ਲਾਈਆਂ ਹਨ, ਤੇ ਹਾਂ ਪਲੱਸ ਟੂ 'ਚ ਸੀ.ਬੀ.ਐਸ.ਈ. ਦੀ ਟਾਪਰ ਰਹੀ ਮਾਨੁਸ਼ੀ ਛਿੱਲਰ ਸੁੰਦਰਤਾ 'ਚ ਮਿਸ ਵਰਲਡ, ਡਾਕਟਰੀ 'ਚ ਟਾਪ ਤੇ ਪੜ੍ਹਾਈ 'ਚ ਅੱਵਲ ਫ਼ਿਲਮ ਸੰਸਾਰ ਲਈ ਪੜ੍ਹੀ-ਲਿਖੀ ਨਾਇਕਾ ਹੈ।




HALF MILE REPAIR
TRUCK & TRAILER SERVICE
HalfMileRepair.com
FULL TIME POSITION
NOW HIRING
• Top Diesel Mechanic Pay
• New or Experienced
Our Services Include:
• Electrical + Rewiring
• Trailer & Truck Bushings
• Transmission Diag & Replacement
• PM Services
• Tire Work
• More...
CONTACT US:
Karaka Singh
414-308-3136
3039 W 6 1/2 MILE RD. CALEDONIA, WI 53108